
ਸਿਰਜਣਾ
ਅਕਤੂਬਰ-ਦਸੰਬਰ 2021
202
50 ਰੁਪਏ

# ਸਿਰਜਣਾ
**202**

**ਅਕਤੂਬਰ-ਦਸੰਬਰ 2021**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਪ੍ਰੀਤ ਨਗਰ ਦੀ ਧਰਤੀ 'ਤੇ/1
ਨਰਿੰਦਰਪਾਲ ਕੌਰ/ਤਿੰਨ ਕਵਿਤਾਵਾਂ/3
ਆਦੇਸ਼ ਅੰਕੁਸ਼/ਚਾਰ ਗ਼ਜ਼ਲਾਂ/5
ਰਵਿੰਦਰ ਰਵੀ/ਪੰਜ ਕਵਿਤਾਵਾਂ/7
ਸਰਘੀ/ਕਹਾਣੀ/ਲਾਂਬੂ/11
ਬਲਬੀਰ ਪਰਵਾਨਾ/ਕਹਾਣੀ/ਇਨਕਾਰ/21
ਅਵਤਾਰ ਸਿੰਘ ਓਠੀ/ਕਹਾਣੀ/ਆਪਣਾ ਆਪਣਾ ਹਿੱਸਾ/34
ਗੁਰਮੀਤ ਪਨਾਗ/ਕਹਾਣੀ/ਸੂਲਾਂ ਵਰਗੇ ਪੱਤੇ/43
ਅਜਮੇਰ ਰੋਡੇ/ਕਹਾਣੀ/ਗਿੱਲੀਆਂ ਅੱਖਾਂ/59
ਜਰਨੈਲ ਸਿੰਘ ਸੇਖਾ/ਯਾਦਾਂ/ਇਕ ਕਰਮਯੋਗੀ ਦੀ ਕਥਾ/63
ਹਰਭਜਨ ਸਿੰਘ ਭਾਟੀਆ/ਲੇਖ/ਨਰਿੰਜਨ ਤਸਨੀਮ: ਨਾਵਲ ਚਿੰਤਨ ਦੇ ਪ੍ਰਤਿਮਾਨ/77
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਬਾਤਾਂ ਦੇਸ਼ ਵਿਦੇਸ਼ ਦੀਆਂ/85
ਜਸਬੀਰ/ਰਿਵਿਊ/ਤਾਮ/87
ਹਰਿੰਦਰ ਸਿੰਘ/ਰਿਵਿਊ/ਜ਼ਰਖ਼ੇਜ਼/90
ਪਰਗਟ ਸਿੰਘ ਬਰਾੜ/ਰਿਵਿਊ/ਕਿਤੇ ਨਾ ਤੇਰੀ ਵਾਟ ਮੁੱਕਣੀ/92/ਓਟ/96
ਜੇ.ਬੀ. ਸੇਖੋਂ/ਰਿਵਿਊ/ਮਣ੍ਹੇ/94
ਰਘਬੀਰ ਸਿੰਘ/ਰਿਵਿਊ/ਮੇਰੇ ਮਿਹਰਬਾਨ/98
ਪੁਸਤਕ ਸੂਚੀ/101

**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ*

# *ਪ੍ਰੀਤ ਨਗਰ ਦੀ ਧਰਤੀ 'ਤੇ*

*'ਸਿਰਜਣਾ' ਦੇ ਅੱਧੀ ਸਦੀ ਤੋਂ ਵੱਧ ਦੇ ਲੰਮੇ ਸਫਰ ਅਤੇ ਇਸਦੇ ਕੁਲ ਪ੍ਰਕਾਸ਼ਤ ਅੰਕਾਂ ਦੀ ਗਿਣਤੀ ਦਾ ਅੰਕੜਾ 200 ਟੱਪ ਜਾਣ ਦਾ ਜਸ਼ਨ ਮਨਾਉਣ ਲਈ ਜੋ ਸਾਹਿਤਕ ਸਮਾਗਮ 19 ਸਤੰਬਰ ਨੂੰ ਰਚਿਆ ਗਿਆ, ਉਸ ਦੇ ਸਥਾਨ ਲਈ ਪ੍ਰੀਤ ਨਗਰ ਦੀ ਚੋਣ ਕੋਈ ਅਚਾਨਕ ਕੀਤਾ ਨਿਰਣਾ ਨਹੀਂ ਸੀ। ਇਹ ਜਾਣਦਿਆਂ ਹੋਇਆਂ ਵੀ, ਕਿ ਸਰਹੱਦੀ ਇਲਾਕੇ ਦੇ ਦੂਰ-ਦੁਰਾਡੇ ਦੇ ਇਸ ਪਿੰਡ ਵਿਚ ਪਹੁੰਚਣਾ ਸਹਿਲ ਨਹੀਂ ਹੋਵੇਗਾ ਅਤੇ ਆਉਣ ਵਾਲਿਆਂ ਨੂੰ ਖਾਸਾ ਤਰੱਦਦ ਕਰਨਾ ਪਏਗਾ, ਫਿਰ ਵੀ ਇਸ ਸਥਾਨ ਦੀ ਚੋਣ ਚੰਗੀ ਤਰ੍ਹਾਂ ਸੋਚੀ ਵਿਚਾਰੀ ਸਮਝ ਦਾ ਸਿੱਟਾ ਸੀ।*

*ਪੰਜਾਬੀ ਸਾਹਿਤ, ਸਾਹਿਤਕ ਪੱਤਰਕਾਰੀ ਅਤੇ ਜੀਵਨ-ਜਾਚ ਦੇ ਮਾਮਲੇ ਵਿਚ ਸਮੇਂ ਦੇ ਮੁਤਾਬਕ ਸੱਜਰੀ ਉਸਾਰੂ ਸੋਚ ਦਾ ਸੰਚਾਰ ਕਰਨ ਵਾਲੇ ਵੱਡੇ ਸੁਪਨਸਾਜ਼ ਸ. ਗੁਰਬਖਸ਼ ਸਿੰਘ ਨੇ 1938 ਵਿਚ ਇਹ ਨਿਵੇਕਲੀ ਕਿਸਮ ਦੀ ਬਸਤੀ ਆਬਾਦ ਕੀਤੀ ਸੀ। ਦੇਸ਼-ਵੰਡ ਨਾਲ ਬਿਲਕੁਲ ਸੀਮਾ 'ਤੇ ਆ ਜਾਣ ਕਾਰਨ ਇਸ ਥਾਂ ਨੂੰ ਸਾਵੀਂ ਸੁਥਰੀ ਜੀਵਨ-ਜਾਚ ਸਹਿਤ ਨਮੂਨੇ ਦੀ ਵਸੇਬ ਵਜੋਂ ਵਿਕਸਤ ਕਰਨ ਦਾ ਸੁਪਨਾ ਭਾਵੇਂ ਬਿਖਰ ਗਿਆ ਸੀ, ਤਦ ਵੀ ਸੰਨ ਸੰਤਾਲੀ ਤੋਂ ਪਹਿਲਾਂ ਅਤੇ ਮਗਰੋਂ ਵੀ ਗੁਰਬਖਸ਼ ਸਿੰਘ ਦੇ ਜੀਵਨ ਕਾਲ ਦੌਰਾਨ ਪ੍ਰੀਤ ਨਗਰ ਸਾਹਿਤ ਅਤੇ ਕਲਾ ਦੇ ਜਗਤ ਤੋਂ ਅਗਾਂਹ ਸਮੁੱਚੇ ਸਮਾਜ ਲਈ ਜ਼ਿੰਦਗੀ ਜਿਉਣ ਦਾ ਨਵਾਂ ਸੰਦੇਸ਼ ਦਿੰਦਾ ਹੋਇਆ ਇਕ ਉੱਘਾ ਸਭਿਆਚਾਰਕ ਵਿਚਾਰਧਾਰਕ ਕੇਂਦਰ ਬਣਿਆ ਰਿਹਾ ਸੀ। ਕਲਾ, ਸਾਹਿਤ, ਰਾਜਨੀਤੀ ਅਤੇ ਸਮਾਜਕ ਸਰਗਰਮੀ ਨਾਲ ਜੁੜੀਆਂ ਨਾਮਣੇ ਵਾਲੀਆਂ ਸ਼ਖ਼ਸੀਅਤਾਂ ਦਾ ਏਥੇ ਆਉਣ ਜਾਣ ਰਿਹਾ। ਕਈ ਦਹਾਕਿਆਂ ਤਕ ਗੁਰਬਖਸ਼ ਸਿੰਘ, 'ਪ੍ਰੀਤਲੜੀ' ਤੇ ਪ੍ਰੀਤਨਗਰ ਚੰਗੇ ਸਾਹਿਤ ਅਤੇ ਸੁਚੱਜੀ ਜੀਵਨ-ਜਾਚ ਲਈ ਪ੍ਰੇਰਨਾ ਸ੍ਰੋਤ ਬਣੇ ਰਹੇ। 'ਸਿਰਜਣਾ' ਸ਼ੁਰੂ ਕਰਨ ਵਾਲੀ ਮਿੱਤਰ ਮੰਡਲੀ ਦੇ ਮੈਂਬਰ ਵੀ ਇਸ ਪ੍ਰਭਾਵ ਖੇਤਰ ਤੋਂ ਬਾਹਰ ਨਹੀਂ ਸਨ।*

*ਸਾਹਿਤ ਸਿਧਾਂਤ ਅਤੇ ਵਿਚਾਰਧਾਰਕ ਮੁੱਦਿਆਂ ਉੱਤੇ ਸੰਵਾਦ, ਅਗਾਂਹਵਧੂ ਸੋਚ ਨਾਲ ਜੁੜੇ ਲੇਖਕਾਂ ਦੇ ਵਿਸ਼ਾਲ ਘੇਰੇ ਤਕ ਰਸਾਈ ਅਤੇ ਨਵੀਂ ਪੀੜ੍ਹੀ ਦੇ ਕਲਮਕਾਰਾਂ ਨੂੰ ਉਤਸ਼ਾਹਤ ਕਰਨ ਆਦਿ ਬਦਲਦੇ ਸਮੇਂ ਦੀਆਂ ਲੋੜਾਂ ਅਤੇ ਨਵੀਆਂ ਚੁਣੌਤੀਆਂ ਦੇ ਸਨਮੁਖ, 'ਸਿਰਜਣਾ' ਦੇ ਉਦੇਸ਼ਾਂ ਤੇ ਸਰੋਕਾਰਾਂ ਦਾ ਘੇਰਾ ਭਾਵੇਂ ਕਾਫੀ ਵੱਖਰਾ ਸੀ, ਪਰ ਇਸਦੇ ਪ੍ਰਕਾਸ਼ਨ ਦੀ ਸ਼ੁਰੂਆਤ ਉਸੇ ਸਾਹਿਤਕ ਤੇ ਵਿਚਾਧਾਰਕ ਲੜੀ ਦਾ ਵਿਸਤਾਰ ਸੀ ਜਿਸਦਾ ਸੰਚਾਰ ਗੁਰਬਖਸ਼ ਸਿੰਘ ਤੇ 'ਪ੍ਰੀਤ ਲੜੀ' ਰਾਹੀਂ ਪ੍ਰੀਤ ਨਗਰ ਦੀ ਧਰਤੀ ਤੋਂ ਹੁੰਦਾ ਰਿਹਾ ਸੀ।*

*ਏਸੇ ਪਿਛੋਕੜ ਵਿਚ ਆਪਣੀ ਖੂਬਸੂਰਤ ਵਿਰਾਸਤ ਨੂੰ ਚੇਤਿਆਂ ਵਿਚ ਮੁੜ ਸਾਕਾਰ ਕਰਨ ਅਤੇ ਇਸ ਨਾਲ ਆਪਣੀ ਤੰਦ ਦੇ ਜੁੜੇ ਹੋਣ ਦਾ ਮੁੜ ਅਹਿਸਾਸ ਜਗਾਉਣ ਦੇ ਮਨੋਰਥ ਨਾਲ 'ਸਿਰਜਣਾ' ਦਾ ਜਸ਼ਨ ਪ੍ਰੀਤ ਨਗਰ ਵਿਚ ਕਰਨ ਬਾਰੇ ਸੋਚਿਆ ਗਿਆ। ਪ੍ਰੀਤ ਨਗਰ ਦੀ ਰਹਿਤਲ ਨਾਲ ਜੁੜਿਆ ਬਹੁਤ ਕੁਝ ਤਾਂ ਅਲੋਪ ਹੋ ਚੁੱਕਿਆ ਹੈ ਪਰ ਗੁਰਬਖਸ਼ ਸਿੰਘ ਦੇ ਆਪਣੇ ਘਰ ਸਮੇਤ ਬੀਤੇ ਦੀ ਬਾਤ ਪਾਉਂਦਾ ਪ੍ਰੀਤ ਨਗਰ ਆਪਣੀ ਥਾਂ 'ਤੇ ਮੌਜੂਦ ਹੈ। ਚੰਗੀ ਗੱਲ ਇਹ ਹੋਈ ਹੈ ਕਿ ਵਿਰਾਸਤ ਨੂੰ ਸੰਭਾਲਣ ਦੀ ਇਕ ਸਾਰਥਕ ਕੋਸ਼ਿਸ਼ ਵਜੋਂ ਗੁਰਬਖਸ਼ ਸਿੰਘ ਨਾਨਕ ਸਿੰਘ ਦੇ ਨਾਉਂ ਉੱਤੇ ਸਥਾਪਤ ਹੋਈ ਫਾਉਂਡੇਸ਼ਨ ਨੇ ਏਥੇ ਇਕ ਨਵਾਂ ਖੂਬਸੂਰਤ ਭਵਨ ਉਸਾਰ ਦਿੱਤਾ ਹੈ।*

*'ਸਿਰਜਣਾ' ਦੇ ਜਸ਼ਨਾਂ ਦੇ ਇਸ ਸਮਾਗਮ ਲਈ ਜਿਸ ਤਰ੍ਹਾਂ ਦਾ ਭਰਵਾਂ ਹੁੰਗਾਰਾ ਮਿਲਿਆ, ਉਸ ਨੂੰ ਵੇਖਦਿਆਂ ਤਾਂ ਜਾਪਦਾ ਹੈ ਕਿ ਸਮਾਗਮ ਵਿਚ ਘੱਟ ਵੱਧ ਸ਼ਮੂਲੀਅਤ ਪੱਖੋਂ ਪਹਿਲਾਂ ਕਿਸੇ*

*ਪ੍ਰਕਾਰ ਦੇ ਤੌਖਲੇ ਦੀ ਉੱਕਾ ਹੀ ਕੋਈ ਗੁੰਜਾਇਸ਼ ਨਹੀਂ ਸੀ। ਦਿੱਲੀ ਤੋਂ ਲੈ ਕੇ ਦੂਰ ਨੇੜਿਉਂ ਪੰਜਾਬ ਦੇ ਹਰ ਕੋਨੇ ਤੋਂ ਟੋਲੀਆਂ ਬਣਾ ਕੇ ਆਉਣ ਵਾਲੇ ਵੱਡੇ ਨਾਂ ਵਾਲੇ ਸਥਾਪਤ ਲੇਖਕਾਂ ਬੁੱਧੀਜੀਵੀਆਂ ਸਣੇ ਨਵੇਂ ਉਭਰਦੇ ਲੇਖਕ ਅਤੇ ਸਾਹਿਤ ਨਾਲ ਜੁੜੇ ਹੋਰ ਸਾਰੇ ਲੋਕ ਅਵੱਸ਼ 'ਸਿਰਜਣਾ' ਤੇ ਇਸਦੇ ਸੰਪਾਦਕ ਨਾਲ ਲਗਾਉ ਤੇ ਮੋਹ ਦੇ ਰਿਸ਼ਤੇ ਸਦਕਾ ਹੀ ਪ੍ਰੀਤ ਨਗਰ ਪਹੁੰਚੇ ਸਨ ਪਰ ਇਸ ਦੇ ਨਾਲ ਹੀ ਪ੍ਰੀਤ ਨਗਰ ਨੂੰ ਦੇਖਣ ਦੀ ਤਾਂਘ ਵੀ ਕੋਈ ਘੱਟ ਕਾਰਜਸ਼ੀਲ ਨਹੀਂ ਸੀ। ਬਹੁਤ ਸਾਰੇ ਲੋਕਾਂ ਨੇ ਪ੍ਰੀਤ ਨਗਰ ਪਹਿਲੀ ਵਾਰੇ ਦੇਖਿਆ ਸੀ, ਅਤੇ ਏਥੇ ਪਹੁੰਚਣਾ ਇਕ ਤਰ੍ਹਾਂ ਦੀ ਜ਼ਿਆਰਤ ਸੀ।*

*ਪੂਰੀ ਤਰ੍ਹਾਂ ਭਰੇ 'ਪ੍ਰੀਤ ਭਵਨ' ਦੇ ਆਡੀਟੋਰੀਅਮ ਵਿਚ ਰਸਮੀ ਸਮਗਮ ਹੋਇਆ ਜਿਸਨੂੰ ਢਾਈ ਘੰਟਿਆਂ ਤਕ ਸਰੋਤਿਆਂ ਦਰਸ਼ਕਾਂ ਨੇ ਮੰਤਰਮੁਗਧ ਹੋ ਕੇ ਸੁਣਿਆ ਤੇ ਮਾਣਿਆ। ਰਸਮੀ ਸਮਾਗਮ ਤੋਂ ਪਹਿਲਾਂ ਤੇ ਮਗਰੋਂ ਦੇ ਸਮੇਂ ਵਿਚ 'ਪ੍ਰੀਤ ਭਵਨ' ਦੇ ਵਿਹੜੇ ਵਿਚ ਜਿੱਥੇ ਮੇਲੇ ਵਰਗਾ ਮਾਹੌਲ ਬਣਿਆ ਰਿਹਾ, ਉੱਥੇ ਰਸਮੀ ਸਮਾਗਮ ਵਿਚ ਪੂਰੀ ਗੰਭੀਰਤਾ ਦਾ ਆਲਮ ਸੀ। ਜ਼ੁਬਾਨ ਤੇ ਕਲਮ ਉੱਤੇ ਇਕੋ ਜਿੰਨੇ ਵਸੀਕਾਰ ਵਾਲੇ ਚੁਸਤ ਫੁਰਤੀਲੇ ਬੁੱਧੀਮਾਨ ਸਤੀਸ਼ ਵਰਮਾ, ਜਿਸਨੇ 25 ਵਰ੍ਹੇ ਪਹਿਲਾਂ ਵੀ ਸਿਰਜਣਾ ਦੇ ਸੌਵੇਂ ਅੰਕ ਦੇ ਪ੍ਰਕਾਸ਼ਨ 'ਤੇ ਪਟਿਆਲੇ ਵਿਚ ਹੋਏ ਸਮਾਗਮ ਦੀ ਸਟੇਜ ਸੰਭਾਲੀ ਸੀ, ਨੇ ਇਸ ਸਮਾਗਮ ਦਾ ਸੰਚਾਲਨ ਕਰਦਿਆਂ ਸ਼ੁਰੂ ਵਿਚ ਹੀ ਆਪਣੀ ਜਾਦੂਮਈ ਬੋਲ ਬਾਣੀ ਅਤੇ ਬੌਧਿਕ ਪ੍ਰਤਿਭਾ ਨਾਲ ਅਜਿਹਾ ਜਾਦੂ ਬਖੇਰਿਆ ਕਿ ਸਮਾਗਮ ਦਾ ਪੂਰਾ ਮਾਹੌਲ ਬੰਨ੍ਹਿਆ ਗਿਆ ਅਤੇ ਸਾਰਾ ਪ੍ਰੋਗਰਾਮ ਐਨ ਉਸੇ ਤਰ੍ਹਾਂ ਚੱਲਿਆ ਜਿਵੇਂ ਵਿਉਂਤਿਆ ਗਿਆ ਸੀ। ਨੱਕੋ ਨੱਕ ਭਰੇ ਆਡੀਟੋਰੀਅਮ ਵਿਚ ਵਾਧੂ ਕੁਰਸੀਆਂ ਲਾਉਣ ਪਿੱਛੋਂ ਵੀ ਸਾਰੇ ਲੋਕ ਸਮਾ ਨਹੀਂ ਸਕੇ ਸਨ ਤੇ ਕੁਝ ਨੂੰ ਕੰਧਾਂ-ਕੌਲਿਆਂ ਨਾਲ ਲੱਗਕੇ ਖਲੋਣਾ ਪਿਆ ਸੀ, ਫਿਰ ਵੀ ਸਮਾਗਮ ਵਿਚ ਕਿਤੇ ਵੀ ਰਤਾ ਕੋਈ ਚੂੰ-ਚਰਾਂ ਨਹੀਂ ਸੀ। ਸਮਾਗਮ ਦੇ ਮੁਖ ਮਹਿਮਾਨ ਡਾ. ਸਵਰਾਜਬੀਰ ਅਤੇ ਪ੍ਰਧਾਨਗੀ ਕਰ ਰਹੇ ਸਭ ਤੋਂ ਸੀਨੀਅਰ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ ਸਮੇਤ ਡਾ. ਹਰਭਜਨ ਸਿੰਘ ਭਾਟੀਆ, ਡਾ ਜਸਵਿੰਦਰ ਸਿੰਘ, ਡਾ. ਚਮਨ ਲਾਲ ਆਦਿ ਸਾਰਿਆਂ ਹੀ ਬੁਲਾਰਿਆਂ ਨੇ 'ਸਿਰਜਣਾ' ਦੇ ਇਤਿਹਾਸ, ਇਸਦੀ ਵਿਲੱਖਣ ਪਛਾਣ ਅਤੇ ਇਸਦੀ ਦੇਣ ਬਾਰੇ ਅਤੇ ਇਸ ਨਾਲ ਆਪਣੇ ਨਿੱਜੀ ਸਬੰਧਾਂ ਬਾਰੇ ਭਾਵਪੂਰਤ ਗੱਲਾਂ ਤਾਂ ਕੀਤੀਆਂ ਹੀ, ਸਭ ਨੇ ਪ੍ਰੀਤ ਨਗਰ ਦੇ ਹਵਾਲੇ ਨਾਲ ਇਸਦੀ ਤੰਦ ਜੋੜਦਿਆਂ ਸ. ਗੁਰਬਖਸ਼ ਸਿੰਘ ਪ੍ਰਤੀ ਅਕੀਦਤ ਦਾ ਇਜ਼ਹਾਰ ਵੀ ਕੀਤਾ। 'ਸਿਰਜਣਾ' ਲਈ ਇਹ ਵੱਡੀ ਖੁਸ਼ੀ ਤੇ ਮਾਣ ਵਾਲੀ ਗੱਲ ਸੀ ਕਿ ਇਸਨੂੰ ਸ਼ੁਰੂ ਕਰਨ ਵਾਲਿਆਂ ਦੀ ਟੋਲੀ ਵਿਚੋਂ ਦੋ, ਸੁਰਿੰਦਰ ਗਿੱਲ ਅਤੇ ਉਮਰ ਦੇ ਨੱਬੇਵਿਆਂ ਦੇ ਲਾਗੇ ਪਹੁੰਚਿਆ ਜਗੀਰ ਸਿੰਘ ਜਗਤਾਰ, ਹਾਜ਼ਰ ਸਨ। ਸਿਹਤ ਦੇ ਨਾਸਾਜ਼ ਹੋਣ ਕਰਕੇ ਇਕੋ ਇਕ ਗ਼ੈਰਹਾਜ਼ਰ, ਮੁੱਢਲੇ ਸਾਥੀ ਹਰਭਜਨ ਸਿੰਘ ਹੁੰਦਲ, ਦਾ ਬੇਟਾ ਹਰਪ੍ਰੀਤ ਸਿੰਘ ਹੁੰਦਲ ਹਾਜ਼ਰ ਸੀ ਜਦਕਿ ਵਿਛੜ ਚੁੱਕੇ ਸਾਥੀ ਸੁਹੇਲ ਸਿੰਘ ਦੀ ਜੀਵਨ ਸਾਥਣ, ਡਾ. ਰਘਬੀਰ ਕੌਰ, ਪੂਰੇ ਚਾਅ ਨਾਲ ਸ਼ਿਰਕਤ ਕਰ ਰਹੀ ਸੀ। ਸਾਰੀ ਉਮਰ ਸਾਹਿਤਕ ਲੋਕ ਲਹਿਰ ਉਸਾਰਨ ਦੇ ਲੇਖੇ ਲਾਉਣ ਵਾਲੇ ਪੁਰਾਣੇ ਸਾਥੀ ਜਗੀਰ ਸਿੰਘ ਜਗਤਾਰ ਦੇ, ਮਾੜੀ ਸਿਹਤ ਦੇ ਬਾਵਜੂਦ, ਦੂਰ ਦੁਰਾਡੇ ਬਰਨਾਲੇ ਤੋਂ ਸਮਾਗਮ ਵਿਚ ਸ਼ਿਰਕਤ ਲਈ ਆਉਣ ਦਾ ਖਾਸ ਮਹੱਤਵ ਸੀ, ਜਿਸ ਦਾ ਵਾਜਬ ਤੌਰ 'ਤੇ ਮਾਣ ਸਨਮਾਨ ਵੀ ਕੀਤਾ ਗਿਆ। ਸਭ ਤੋਂ ਮਹੱਤਵਪੂਰਨ ਸੀ ਪ੍ਰੀਤ ਪਰਿਵਾਰ ਦੇ ਇਸ ਸਮੇਂ ਸਭ ਤੋਂ ਵਡੇਰੇ ਮੈਂਬਰ, ਗੁਰਬਖਸ਼ ਸਿੰਘ ਦੇ ਸਪੁੱਤਰ ਹਿਰਦੇਪਾਲ ਸਿੰਘ ਅਤੇ ਉਸਦੀ ਜੀਵਨ ਸਾਥਣ ਪਰਬੀਨ, ਦਾ ਚਾਈਂ ਚਾਈਂ ਇਸ ਸਭ ਕਾਸੇ ਵਿਚ ਸ਼ਾਮਲ ਹੋਣਾ। ਅਤੇ ਵਡੇਰੇ ਪ੍ਰੀਤ ਪਰਿਵਾਰ ਦੀ ਨਵੀਂ ਪੀੜ੍ਹੀ ਦਾ ਸਭ ਤੋਂ ਜ਼ਹੀਨ ਮੈਂਬਰ, ਸੁਕੀਰਤ, ਤਾਂ ਸਮਾਗਮ ਦੀ ਰੂਹ ਸੀ, ਜਿਸਨੇ ਖੁਸ਼ ਅਸਲੂਬੀ ਨਾਲ ਪ੍ਰਬੰਧਾਂ ਦੀ ਸਾਰੀ ਵਿਉਂਤਬੰਦੀ ਤੇ ਨਿਗਰਾਨੀ ਕੀਤੀ।*

*'ਸਿਰਜਣਾ' ਨੂੰ ਆਪਣੇ ਲੰਮੇ ਸਫਰ ਦਾ ਜਸ਼ਨ ਮਨਾਏ ਜਾਣ ਦੀ ਤਾਂ ਅਵੱਸ਼ ਖੁਸ਼ੀ ਹੈ ਹੀ, ਜਿਸ ਵਿਚ ਸਾਹਿਤਕ ਭਾਈਚਾਰੇ ਨੇ ਭਰਵਾਂ ਹਿੱਸਾ ਲਿਆ। ਇਸਦੇ ਨਾਲ ਹੀ ਇਹ ਸੰਤੁਸ਼ਟੀ ਵੀ ਹੈ ਕਿ ਇਕ ਵਾਰ ਫੇਰ ਪ੍ਰੀਤ ਨਗਰ ਦੀ ਧਰਤੀ ਉੱਤੇ ਸਭਿਆਰਕ ਚਹਿਲ ਪਹਿਲ ਦਾ ਉਹ ਮਾਹੌਲ ਬਣਦਾ ਪ੍ਰਤੀਤ ਹੋਇਆ, ਜੋ ਬੀਤੇ ਵਿਚ ਇਸਦੀ ਪਛਾਣ ਸੀ।*

***-ਰਘਬੀਰ ਸਿੰਘ***

# ਤਿੰਨ ਕਵਿਤਾਵਾਂ: ਨਰਿੰਦਰਪਾਲ ਕੌਰ

## ਮਾਂ

ਮਾਂ ਨੇ ਮੋਮ ਪਿਘਲਾ ਕੇ
ਪਾ ਲਈ ਬਿਆਈਆਂ 'ਚ

ਖੁਲ੍ਹੀਆਂ ਡੂੰਘੀਆਂ ਬਿਆਈਆਂ
ਦੱਸਦੀਆਂ ਨੇ ਮਾਂ ਦੇ ਸਫਰ ਦੇ ਬਿਖੜੇ ਪੈਂਡੇ ਨੂੰ

ਅੱਖਾਂ ਦੀ ਚਮਕ ਦੱਸਦੀ ਹੈ
ਪੈਰਾਂ 'ਚ ਖੁਭੇ
ਸਰ੍ਹੋਂ ਦੇ ਛੱਲਰਿਆਂ ਦੇ ਕਰਚੇ
ਨਹੁੰਆਂ 'ਚ ਟੁੱਟੇ ਕਸੀਰ
ਮਾਂ ਨੂੰ ਹਾਲੇ ਹਰਾ ਨਹੀਂ ਸਕੇ

ਮਾਂ ਅਗਲੇਰੇ ਸਫਰ ਲਈ
ਨੌਂ ਬਰ ਨੌਂ ਹੈ

ਚੁਲ੍ਹੇ ਨੂੰ ਨਸੀਬ ਹੋਵੇਗਾ
ਅੱਗ ਦਾ ਸੇਕ, ਅੰਨ ਦੀ ਮਹਿਕ। 00

## ਬਾਪੂ

ਬਾਪੂ ਨੂੰ
ਪੰਛੀਆਂ ਦਾ ਚਹਿਚਹਾਉਣਾ
ਭੁੱਲ ਗਿਆ ਸ਼ਾਇਦ

ਬਾਪੂ
ਸ਼ਹਿਰ ਦੇ ਲੇਬਰ ਚੌਂਕ 'ਚ ਜਾਂਦਾ
ਸਾਇਕਲ ਦੇ ਪੈਡਲ ਮਾਰਦਾ, ਹਫ ਜਾਂਦਾ

ਟਰੈਕਟਰ ਦੀਆਂ ਕਿਸ਼ਤਾਂ ਤਾਰਦਿਆਂ
ਟਰੈਕਟਰ ਵੀ ਵਿਕ ਗਿਆ
ਤੇ ਭੋਇੰ ਦਾ ਆਖਰੀ ਸਿਆੜ ਵੀ

ਬਾਪੂ ਦੀਆਂ ਅੱਖਾਂ 'ਚ ਨਮੀ ਹੈ

ਉਹ ਖਾਲੀ ਹੱਥ ਪਰਤਦਾ
ਆਪਣੀ ਨਿਗੂਣੀ ਕੀਮਤ ਵਸੂਲ ਕੇ

ਬਾਪੂ ਨੂੰ ਕੁਦਰਤ ਭੁੱਲ ਹੀ ਗਈ

ਇਸ ਵਾਰ, ਫਸਲ ਘਰ ਨਹੀਂ ਆਈ
ਬਾਪੂ ਮੰਡੀ 'ਚੋਂ, ਕਣਕ ਦੀ ਬੋਰੀ ਖਰੀਦ
ਆਖਦਾ ਹੈ
ਪੁੱਤ! ਸੇਰ ਖੰਡ ਕੱਢ ਲੈ ਪਹਿਲਾਂ
ਛੱਤ 'ਤੇ, ਜਨੌਰਾਂ ਨੂੰ ਪਾਉਣ ਲਈ
ਬਾਪੂ ਅਜੇ ਜ਼ਿੰਦਾ ਹੈ
ਉਸ਼ਨੂੰ ਪੰਛੀਆਂ ਦਾ ਗੀਤ
ਅਜੇ ਭੁੱਲਿਆ ਨਹੀਂ। 00

## ਰਿਸ਼ਤੇ

ਚੰਡੋਲ 'ਤੇ ਹਾਂ

ਚੰਡੋਲ ਘੁੰਮਦੀ, ਧਰਤੀ ਤੋਂ ਤੇਜ਼
ਉਪਰ-ਹੇਠਾਂ, ਸੱਜੇ-ਖੱਬੇ

ਲੋਕ ਦੇਖ ਰਹੇ
ਚੰਡੋਲ ਨੂੰ, ਜਾਂ ਮੈਨੂੰ
ਮੇਰੇ ਹੌਸਲੇ ਨੂੰ, ਜਾਂ ਡਰ ਨੂੰ

ਕਾਲ਼ਜੇ ਚੋਭ
ਰੁੱਗ ਭਰੇ ਜਾਂਦੇ

ਚੰਡੋਲ ਤੋਂ ਉਤਰਦੀ ਹਾਂ
ਸਭ ਦੇਖਦੇ ਹਨ
ਘੁੰਮਣਘੇਰੀ ਸੰਗ
ਕਿੰਝ ਡਿੱਗਾਂਗੀ ਧਰਤ 'ਤੇ

ਮੇਰੇ ਡਗਮਗਾਉਂਦੇ ਕਦਮ
ਸੰਭਲਦੇ, ਸਥਿਰ ਹੁੰਦੇ

ਭੀੜ ਖਿੰਡ ਜਾਂਦੀ ਹੈ। 000

***(#578 ਐੱਮ ਆਈ ਜੀ, ਫੇਜ਼ 1, ਅਰਬਨ ਐਸਟੇਟ, ਪਟਿਆਲਾ- 147 001
ਫੋਨ: 84270-88211 ਈਮੇਲ: narinderpaul1975@gmail.com)***

# ਚਾਰ .ਗਜ਼ਲਾਂ: ਆਦੇਸ਼ ਅੰਕੁਸ਼

-1-

ਤੱਕ ਕੇ ਸੁਪਨੇ ਵਿਚ ਬਾਪੂ ਦਾ, ਝੁੰਗ.ਲਮਾਟਾ ਰੋ ਪੈਂਦਾ ਹੈ।
ਅੱਭੜਵਾਹੇ ਉੱਠ ਕੇ ਮਾਂ ਦਾ ਉੱਲੂਬਾਟਾ, ਰੋ ਪੈਂਦਾ ਹੈ।

ਤਪਦੀ ਧਰਤੀ, ਭਖਦਾ ਅੰਬਰ, ਮੁੜ੍ਹਕੇ ਵਿਚ ਨਹਾਈਆਂ ਪਉਣਾਂ,
ਸ਼ਾਇਰ ਜਦ ਵੀ ਤੱਕਦੈ, ਬਣ ਕੇ ਸਉਣ ਛਰਾਟਾ ਰੋ ਪੈਂਦਾ ਹੈ।

ਢਿ.ਲਕੇ ਪੱਟਾਂ ਉੱਤੇ ਬੁੱਢੀਆਂ ਮੋਰਨੀਆਂ ਦਾ ਜ਼ਿਕਰ ਛਿੜੇ ਤਾਂ,
ਪਹਿਲਵਾਨ ਦਾ ਚੌੜਾ ਸੀਨਾ, ਭਰਵਾਂ ਗਾਟਾ ਰੋ ਪੈਂਦਾ ਹੈ।

ਜਿੰਨੀਆਂ ਮਰਜ਼ੀ ਸਹੀਆਂ ਹੋਵਣ, ਭੁੱਖਾ-ਤੇਹਾਂ, ਗਾ.ਲਾ-ਮਾਰਾਂ,
ਫਿਰ ਵੀ ਬਚਪਨ ਚੇਤੇ ਕਰ ਕੇ, ਧੌ.ਲਾ ਝਾਟਾ ਰੋ ਪੈਂਦਾ ਹੈ।

ਦੁਨੀਆਂ ਸਾਹਵੇਂ ਅਕਸਰ ਜਿਹੜਾ, ਅਖਵਾਉਂਦਾ ਹੈ ਜਿਗਰੇ ਵਾ.ਲਾ,
ਉਹ ਵੀ ਕਰ ਕੇ ਅੱਗਾ-ਪਿੱਛਾ, ਵਾਧਾ-ਘਾਟਾ ਰੋ ਪੈਂਦਾ ਹੈ।

ਪੁੱਤਰ ਦੀ ਘੋੜੀ ਦੇ ਅੱਗੇ, ਨੱਚ ਲਈਂਦਾ ਪਿਉ ਕਰਜ਼ੇ-ਬੱਧਾ,
ਧੀ ਦੀ ਡੋ.ਲੀ ਤੋਰਨ ਵੇ.ਲੇ, ਬਿਰਲਾ ਟਾਟਾ ਰੋ ਪੈਂਦਾ ਹੈ।

ਖਾਬਾਂ ਅੰਦਰ ਹੱਸ ਕੇ ਰਖਦੈ, ਕਵਿਤਾ ਭੂਸ਼ਨ ਭਾਅ ਜੀ ਅੱਗੇ,
ਫਿਰ ਤੱਕਦੈ ਜਦ ਅੰਕੁਸ਼ ਉਸ 'ਤੇ ਫਿਰਿਆ ਕਾਟਾ, ਰੋ ਪੈਂਦਾ ਹੈ।

-2-

ਸ਼ਾਇਰੀ ਕੁਝ ਇਸ ਤਰ੍ਹਾਂ ਅਹਿਸਾਸ ਦੀ ਹਾਣੀ ਬਣੀ।
ਭਾਫ ਨੇ ਜਦ ਠੋਸ ਹੋਣਾ ਲੋਚਿਆ, ਪਾਣੀ ਬਣੀ।

ਰੋਣ ਦਾ ਕਾਰਣ ਕੋਈ ਪੁੱਛੇ ਤਾਂ ਫੱਕਰ ਕਹਿ ਦਵੇ,
ਹਾਦਸੇ ਦੀ ਪਹੁੰਚ ਅਕਸਰ, ਹਾਸਿਆਂ ਥਾਣੀਂ ਬਣੀ।

ਉੱਡਦੇ ਰਹਿੰਦੇ ਹਵਾ ਅੰਦਰ ਨੇ ਅਣਸੁਲਝੇ ਸਵਾਲ,
ਹੋਣਗੇ ਸਾਕਾਰ ਜਦ, ਸ਼ਬਦਾਂ ਜਿਉਂ ਢਾਣੀ ਬਣੀ।

ਪੀੜ ਨੂੰ ਰੰਗਾਂ ਅਤੇ ਸ਼ਬਦਾਂ 'ਚ ਉਲਥਾਇਆ ਬੜਾ,
ਮਾਫ ਕਰਨਾ, ਗੱਲ ਨਾ ਕੋਈ ਖਸਮ ਨੂੰ ਖਾਣੀ ਬਣੀ।

ਉਮਰ ਭਰ ਜਿਸ ਜ਼ਿੰਦਗੀ ਨੂੰ, ਆਪਣਾ ਕਰ ਜਾਣਿਆ,
ਅੰਤ ਨੂੰ ਆਦੇਸ਼ ਦੀ ਉਹ ਵੀ ਨਾ ਮਰ ਜਾਣੀ ਬਣੀ।

-3-

ਵਿਵਾਦਾਂ ਵਿਚ, ਮੁਫਾਦਾਂ ਵਿਚ, ਸਵਾਦਾਂ ਵਿਚ ਘਿਰੇ ਬੰਦੇ।
ਮੇਰੀ ਨਗਰੀ ਦਾ ਹਾਸਿਲ ਹੋ ਗਏ ਨੇ, ਸਿਰਫਿਰੇ ਬੰਦੇ।

ਪਰਿੰਦਾ, ਪਿੰਜਰੇ ਨੂੰ ਮਿਹਣਿਆਂ ਤੋਂ ਮੁਕਤ ਕਰ ਦੇਂਦੈ,
ਹੈ ਉੱਡਦੇ ਦੇਖਦੈ ਜਦ ਵੀ ਜ਼ਮੀਰਾਂ ਤੋਂ ਗਿਰੇ ਬੰਦੇ।

ਜ਼ਿਆਦਾਤਰ ਨੇ ਉਲਝਾਉਂਦੇ, ਕੋਈ ਦੱਸਦੇ ਨਾ ਤਣ-ਪੱਤਣ,
ਉਹ ਵਿਰਲੇ ਨੇ ਲਗਾਉਂਦੇ ਨੇ, ਜੋ ਬੇੜੀ ਨੂੰ ਸਿਰੇ ਬੰਦੇ।

ਕਦੇ ਰਹਿਬਰ, ਕਦੇ ਰਾਹਜ਼ਨ, ਕਦੇ ਸੱਜਣ, ਕਦੇ ਦੁਸ਼ਮਣ,
ਬੜਾ ਕੁਝ ਹੋਰ ਵੀ ਬਣ-ਬਣ ਕੇ, ਮੁੱਠੀ 'ਚੋਂ ਕਿਰੇ ਬੰਦੇ।

ਇਹ ਫੜ ਸਕਦੇ ਨੇ, ਸਾਗਰ-ਤਲ ਤੋਂ ਮੰਗਲ ਤੀਕ ਹਰ ਹਲਚਲ,
ਰਹਿਣ ਬੱਸ ਆਪਣੀ ਪਹਿਚਾਣ ਤੋਂ ਹੀ ਵਿਰਵਿਰੇ ਬੰਦੇ।

ਹਮੇਸ਼ਾ ਝਾਕਦੇ ਰਹਿੰਦੇ ਹੋ ਤਖਤੀ ਨਾਂ- ਕੁਨਾਂ ਵਾਲੀ,
ਤੁਸੀਂ ਰਹਿਣਾ ਨਹੀਂ ਚਾਹੁੰਦੇ ਹੋ ਕਿਉਂ ਬਣ ਕੇ ਨਿਰੇ ਬੰਦੇ।

ਡਰੀ ਸਹਿਮੀ ਖੜ੍ਹੀ ਆਦੇਸ਼ ਬਸਤੀ ਬੇਜ਼ੁਬਾਨਾਂ ਦੀ,
ਚੁਫੇਰੇ ਗੇੜੀਆਂ ਕੱਢਦੇ, ਜ਼ੁਬਾਨਾਂ ਤੋਂ ਫਿਰੇ ਬੰਦੇ।

-4-

ਕਿਸਦਾ ਰਾਹ ਵਿੰਹਦਾ ਹੈ ਅੱਜਕੱਲ, ਬੁੱਕਲ ਵਿਚ ਗੁਲਦਸਤੇ ਲੈ ਕੇ।
ਦੰਦਾਂ ਹੇਠਾਂ ਪੀਹ ਸੁੱਟਦਾ ਸੀ, ਜਿਹੜਾ ਸ਼ਖਸ ਨਮਸਤੇ ਲੈ ਕੇ।

ਸਾਰੀ ਉਮਰਾ ਅੱਗੇ-ਪਿੱਛੇ, ਸੱਜੇ-ਖੱਬੇ ਘੁੰਮਦਾ ਰਹਿੰਦੈ,
ਆਖਰ ਤੁਰ ਜਾਂਦੈ ਪਰਛਾਵਾਂ, ਪੈਰਾਂ ਹੇਠੋਂ ਰਸਤੇ ਲੈ ਕੇ।

ਟੁਕੜੇ-ਟੁਕੜੇ ਕਰ ਕੇ ਤੁਰ ਗਏ, ਉਸ ਰੁੱਖ ਨੂੰ ਬੇਦਰਦ ਕੁਹਾੜੇ,
ਜਿਹੜਾ ਟਹਿਲ-ਸਵਾਗਤ ਵਿਚ ਸੀ, ਉਹਨਾਂ ਖਾਤਿਰ ਦਸਤੇ ਲੈ ਕੇ।

ਦੀਪ ਜਗਾ ਕੇ ਓਸੇ ਦੇ ਲਈ, ਖੁਲ੍ਹੇ ਰੱਖੇ ਨੇ ਦਰਵਾਜ਼ੇ,
ਤੁਰਿਆ ਆਉਂਦਾ ਹੈ ਅਹੁ ਜਿਹੜਾ, ਸਾਡੀ ਜਿੰਦ ਨੂੰ ਫਸਤੇ ਲੈ ਕੇ।

ਜਾਗਦਿਆਂ ਲਾਉਂਦਾ ਹੈ ਅੰਕੁਸ਼ ਆਪਣੀ ਹਰ ਖਾਹਸ਼ 'ਤੇ ਬੰਦਾ,
ਬੇਸ਼ੱਕ ਨੀਂਦ ਸਜਾਉਣੀ ਚਾਹੁੰਦੈ, ਸੁਪਨੇ ਮਹਿੰਗੇ-ਸਸਤੇ ਲੈ ਕੇ। 000

***(ਪਿੰਡ ਤੇ ਡਾਕਘਰ ਧਿਆਨਪੁਰ, ਬਰਾਸਤਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ)***

# ਪੰਜ ਕਵਿਤਾਵਾਂ: ਰਵਿੰਦਰ ਰਵੀ

## ਬੁਲ੍ਹਾ ਬਾਤ, ਬੁਝਾਰਤ ਬੁਲ੍ਹਾ

ਬੁਲ੍ਹਿਆ ਤੇਰੀਆਂ ਬਾਤਾਂ ਗੁੱਝੀਆਂ
ਤੂੰ ਹੀ ਪਾਈਆਂ ਤੂੰ ਹੀ ਬੁੱਝੀਆਂ
ਤੂੰ ਹੀ ਖੋਜੀ, ਮੁਰਸ਼ਦ ਤੂੰ ਹੀ
ਸੋਚਾਂ ਤੇਰੀਆਂ ਤੈਨੂੰ ਸੁੱਝੀਆਂ

ਤੂੰ ਹੀ ਅਲਫ ਤੇ ਤੂੰ ਹੀ ਅੱਲਾ
ਦਾਨਾ-ਬੀਨਾ, ਝੱਲ ਵਲੱਲਾ
ਇਹ ਦੁਨੀਆਂ ਹੈ ਮੇਲਾ ਬੁਲ੍ਹਾ
ਹਰ ਕੋਈ ਆਵੇ ਜਾਵੇ ਕੱਲਾ

'ਹੁਣ' ਤਾਂ ਚਾਹੇ ਸੱਚ ਬੀਚਾਰ!
ਚਾਹੇ ਹਰ ਸੂ ਭਰਮ ਖਿਲਾਰ
ਮਾਜ਼ੀ 'ਨ੍ਹੇਰ ਮੁਸਤਕਬਿਲ ਧੁੰਦਲਾ
ਹੁਣ ਦੇ ਛਿਣ ਹੀ ਚਿੰਤਨ ਉੱਜਲਾ

ਸ਼ਬਦ ਵੀ ਤੂੰ ਤੇ ਅਰਥ ਵੀ ਤੂੰ ਹੀ
ਬੋਲੇਂ ਤੂੰ ਸੁਣੇਂ ਵੀ ਤੂੰ ਹੀ
'ਹੁਣ; ਤੋਂ ਤੂੰ ਜਦ ਵਿਦਾਅ ਹੋ ਗਿਆ
ਦੀਨ ਦੁਨੀ ਤੋਂ ਝਾੜਿਆ ਪੱਲਾ

ਤੂੰ ਕੱਲਾ ਅੱਲਾ ਵੀ ਕੱਲਾ
ਦਾਨਾ ਬੀਨਾ ਝੱਲ-ਵਲੱਲਾ
ਹਰ ਕੋਈ ਆਵੇ ਜਾਵੇ ਕੱਲਾ!!
'ਹੁਣ' ਤੋਂ 'ਹੁਣ' ਤਕ ਬੁਲ੍ਹਾ, ਅੱਲਾ!!!

## ਹੁਣ ਦਾ ਦਰਸ਼ਨ

ਹੁਣ ਦੀ ਹੁਣ ਅਸੀਂ ਜੀਣਾ ਸਿੱਖਿਆ
ਕਲ੍ਹ ਭਲਕ ਦਾ ਨਹੀਂ ਜ਼ਮਾਨਾ
ਦਹਿਸ਼ਤਗਰਦ, ਕੋਰੋਨਾ ਸਾਡਾ
ਪਤਾ ਨਹੀਂ ਕਦ ਕਰਨ ਨਿਸ਼ਾਨਾ

ਛਿਣ ਵਿਚ ਯੁੱਗ ਫੈਲਾ ਕੇ ਜੀਵੋ

ਛਿਣ ਛਿਣ ਯੁੱਗ ਬਣਾ ਕੇ ਜੀਵੋ
ਭੂਤ ਭਵਿੱਖ ਅੱਜ ਇਕ ਫੈਂਟਸੀ
ਹੁਣ ਦਾ ਸੁਫਨਾ ਹੁਣ 'ਚੋਂ ਪਾਣਾ

ਦ੍ਰਿਸ਼ਟੀ ਵਿਚ ਦ੍ਰਿਸ਼, ਚਿੰਤਨ, ਦਰਸ਼ਨ
ਮਿੱਥ ਰਹੱਸ ਦਾ ਅਸਲਾ ਉਹਲਾ-
ਆਦਿ ਵੀ 'ਨ੍ਹੇਰਾ, ਅੰਤ ਵੀ 'ਨ੍ਹੇਰਾ
ਹੁਣ ਦਾ ਦਰਸ਼ਨ ਹੁਣ 'ਚੋਂ ਪਾਣਾ!!!

ਲਿਖੀਏ ਸ਼ਬਦ ਤੇ ਬਣੀਏਂ ਅਰਥ
ਕਲਪਨਾ ਵਿਚ ਨਸਲਾਂ ਦਾ ਗੇੜਾ-
ਫੈਲ ਗਏ ਅਸੀਂ ਕਾਲ਼-ਚੱਕਰ ਵਿਚ
ਸਾਥੋਂ ਛੋਟਾ ਹਰ ਜ਼ਮਾਨਾ!!!

ਸੂਰਜ ਪਾਣੀ ਹਵਾ ਤੇ ਧਰਤੀ
ਆਦਮ ਹੱਵਾ ਦੀ ਮਿੱਥ-ਕਥਾ ਵੀ
ਪਿੰਡ ਬ੍ਰਹਿਮੰਡ ਮੇਰੀ ਭਾਸ਼ਾ ਵਿਚ ਨੇ
ਮੈਂ ਅਰਥਾਂ ਦਾ ਤਾਣਾ ਬਾਣਾ!!!

ਹੁਣ ਦੀ ਹੁਣ ਅਸੀਂ ਜੀਣਾ ਸਿੱਖਿਆ
ਕਲ੍ਹ ਭਲਕ ਦਾ ਨਹੀਂ ਜ਼ਮਾਨਾ।

## ਸੁਕਰਾਤ ਦਾ ਗੀਤ

ਤਾਰੇ ਗਿਣ ਗਿਣ, ਬੀਤੇ ਸਾਰੀ ਰਾਤ ਨੀ!
ਸਾਡੀ ਅਜੇ ਵੀ ਨਾ ਮੁੱਕੀ ਸਾਰੀ ਬਾਤ ਨੀ!!!

ਅਸੀਂ ਬਿੰਦੂਆਂ ਤੋਂ ਦਾਇਰੇ ਹੀ, ਬਣਾਉਂਦੇ ਰਹੇ
ਤੇ ਸਮਾਨਾਂਤਰ ਲੀਕਾਂ ਹੀ ਵਾਹੁੰਦੇ ਰਹੇ
ਸਾਡੇ ਦੋਹਾਂ ਵਿਚਕਾਰ, ਸਦਾ ਨਦੀ ਵਗਦੀ
ਦੋ ਕੰਢਿਆਂ ਦੇ ਵਿਚ ਸਾਡੀ ਜ਼ਾਤ ਨੀ।

ਤੈਨੂੰ ਜ਼ਿੰਦਗੀ ਬਣਾ ਕੇ, ਅਸੀਂ ਨਾਲ ਤੋਰਿਆ!
ਤੂੰ ਖੁਦ ਤੋਂ ਤੇ ਸਾਡੇ ਕੋਲ਼ੋਂ ਮੁੱਖ ਮੋੜਿਆ!
ਤੈਨੂੰ ਅੰਦਰੋਂ ਤੇ ਬਾਹਰੋਂ ਅਸੀਂ ਬਹੁਤ ਫੋਲਿਆ!
ਤੂੰ ਸਦਾ ਹੀ ਰਹੀ ਅਗਿਆਤ ਨੀ।

ਅਜੇ ਸਫਰ ਨਾ ਮੁੱਕਾ, ਪੈਂਡਾ 'ਲੱਭ-ਲੱਭ' ਖੇਡੇ....

ਸਾਡੀ ਚੱਕਰਾਂ 'ਚ ਰਾਤ ਪ੍ਰਭਾਤ ਨੀ
ਤੇਰੇ ਉੱਤਰਾਂ 'ਚੋਂ ਜੰਮਦੇ ਸਵਾਲ ਹੀ ਰਹੇ
ਵਿਸ਼ ਪੀਂਦਾ ਰਿਹਾ ਸਦਾ ਸੁਕਰਾਤ ਨੀ।

## ਮੁਹੱਬਤ: ਪਰਿਭਾਸ਼ਾ ਦੀ ਤਲਾਸ਼ ਵਿਚ

ਮੁਹੱਬਤ:
ਬਾਦਾਮ ਤੇ ਗਿਰੀ ਵਰਗੀ ਹੁੰਦੀ ਹੈ
ਬਾਹਰੋਂ ਸਖਤ, ਅੰਦਰੋਂ ਖਰੀ

ਮੁਹੱਬਤ:
ਧੁੱਪ ਵਿਚ ਟਮਾਟਰ ਵਾਂਗ ਹੁੰਦੀ ਹੈ
ਬਾਹਰੋਂ ਨਰਮ ਅੰਦਰੋਂ ਗਰਮ

ਮੁਹੱਬਤ:
ਫੁੱਲ ਵਰਗੀ ਹੁੰਦੀ ਹੈ
ਨਜ਼ਰ ਨੂੰ ਨਿਉਂਦਾ, ਹੋਂਦ ਨੂੰ ਵਾਸ਼ਨਾ

ਮੁਹੱਬਤ:
ਦਰਿਆ ਵਰਗੀ ਹੁੰਦੀ ਹੈ
ਗਲੇਸ਼ੀਅਰ ਤੋਂ ਸਮੁੰਦਰ ਤਕ ਲਗਾਤਾਰ ਫੈਲਦੀ

ਮੁਹੱਬਤ:
ਆਕਾਸ਼ ਵਰਗੀ ਹੁੰਦੀ ਹੈ
ਪਿੰਡ ਵਿਚ ਬ੍ਰਹਿਮੰਡ ਦਾ ਅਹਿਸਾਸ

ਮੁਹੱਬਤ:
'ਮੈਂ' ਵਰਗੀ ਹੁੰਦੀ ਹੈ
'ਤੂੰ' ਦਾ 'ਮੈਂ' ਵਿਚ ਪ੍ਰਕਾਸ਼

ਮੁਹੱਬਤ:
ਸ਼ਬਦ ਤੇ ਅਰਥ ਵਰਗੀ ਹੁੰਦੀ ਹੈ
ਸਮਾਂ ਬਣ ਸਮੇਂ ਨੂੰ ਅੰਕਦੀ

ਮੁਹੱਬਤ:
ਬਾਂਸੁਰੀ ਵੀ ਹੈ ਤੇ ਸੁਰ ਵੀ
ਇਹ ਸਾਹ ਵਿਚ ਸਾਹ ਦੇ ਇਕ ਹੋਣ ਦੀ ਕਥਾ ਹੈ

ਮੁਹੱਬਤ:
'ਏਕੇ' ਵਰਗੀ ਹੁੰਦੀ ਹੈ
ਜਿਸ ਵਿਚੋਂ ਮੈਂ, ਤੂੰ, ਈਸ਼ਵਰ, ਸ੍ਰਿਸ਼ਟੀ
ਕੱਥ ਮਿੱਥ ਸਭ ਨਜ਼ਰ ਆਉਂਦੇ ਹਨ

ਮੁਹੱਬਤ:
ਇਕ ਪਹੇਲੀ ਵਰਗੀ ਹੁੰਦੀ ਹੈ
ਤੂਫਾਨ ਤੋਂ ਬਾਅਦ ਖਾਮੋਸ਼ੀ
ਤੇ ਖਾਮੋਸ਼ੀ ਤੋਂ ਬਾਅਦ ਤੂਫਾਨ ਦੀ

ਮੁਹੱਬਤ:
ਸੁਰ ਵੀ ਹੈ ਤੇ ਸਾਜ਼ ਵੀ
ਮਰਦ, ਔਰਤ: ਬਰਾਬਰ ਦਾ ਆਨੰਦ।

## ਸ਼ਬਦਾਂ ਦਾ ਜਾਦੂਗਰ

ਸਲਤਨਤ ਵਾਂਗ ਸ਼ਾਇਰਾਂ ਦਾ ਵੀ, ਹੁੰਦਾ ਰਿਹਾ ਜ਼ਵਾਲ
ਅੰਬਰ ਛੋਹਣ ਵਾਲੇ ਹੀ ਤਾਂ, ਡਿਗਦੇ ਰਹੇ ਚੌਫਾਲ਼।

ਸ਼ਬਦ ਹੀ ਪਿੰਡ ਬ੍ਰਹਿਮੰਡ ਬਣਿਆ ਸੀ, ਸ਼ਬਦ ਹੀ ਬਣਿਆ ਸ਼ੂਨਯ
ਗਿਣਤੀ ਮਿਣਤੀ ਵਿਚ ਗੁਜ਼ਰ ਗਏ, ਦਿਨ ਮਹੀਨੇ ਸਾਲ।

ਏਕਾਂਕੀ ਹੋ ਜਾਏ ਵਿਵਿਧਤਾ, ਤੋਰ 'ਚ ਆਏ ਠਹਿਰਾਅ
ਫਰੇਮ 'ਚ ਬੰਦ ਪੇਂਟਿੰਗ ਦੇ ਵਾਂਗੂੰ, ਇਕੋ ਦ੍ਰਿਸ਼ ਹਰ ਕਾਲ਼।

ਸੂਰਜ ਤਾਰੇ ਚੰਦ ਕਦੇ ਸਨ, ਪੁਤਲੀਆਂ ਵਾਂਗ ਨਚਾਏ
ਵਰਖਾ ਬੱਦਲ਼ ਸਭ ਉੱਡ ਗਏ ਹੁਣ, ਸੱਤਰੰਗੀਆਂ ਦੇ ਨਾਲ।

ਤੁਰਦੇ ਪੈਰਾਂ ਵਿਚ ਲਟਕਾਅ ਹੈ, ਫਾਸਲਾ ਉਵੇਂ ਦਾ ਉਵੇਂ ਪਿਆ
ਇਕੋ ਘੇਰੇ ਦੇ ਵਿਚ ਘੁੰਮਣ, ਕਲਪਨਾ,ਚਿੰਤਨ, ਖਿਆਲ।

ਆਪਣੇ ਬੋਲ ਬਿਗਾਨੇ ਲੱਗਣ, ਸ਼ੀਸ਼ਾ ਮੂੰਹ ਚਿੜਾਏ
ਅਕਲ ਵਿਗੜਦੀ ਰੁਕ ਜਾਂਦੀ ਹੈ, ਸ਼ਕਲ ਵੀ ਉਸਦੇ ਨਾਲ।

ਰੁੱਤਾਂ ਸ਼ਬਦ ਬਨਾਵਣ ਨਾ, ਪਰ, ਸ਼ਬਦ ਬਨਾਵਣ ਰੁੱਤਾਂ
ਸ਼ਬਦਾਂ ਦਾ ਜੋ ਜਾਦੂਗਰ ਸੀ, ਡਿੱਗਿਆ ਸ਼ਬਦਾਂ ਨਾਲ। 000

***(116-3530, Kalum Street, Terrace, B.C., CANADA V8G 2P2***
***Phone: +1250-635-4455)***

# ਲਾਂਬੂ: ਕਹਾਣੀ: ਸਰਘੀ

ਮੈਂ ਬਹੁਤ ਥੱਕਿਆ ਹੋਇਆ ਸੀ ਤੇ ਪਤਾ ਨਹੀਂ ਕਿਹੜੇ ਵੇਲ਼ੇ ਅੱਖ ਲੱਗ ਗਈ। ਮੀਟੀਆਂ ਅੱਖਾਂ ਨੂੰ ਅੱਗ ਦੇ 'ਲਾਂਬੂ' ਦਿਸਣ ਲੱਗੇ। ਹਰ ਮੁਰਦੇ ਨੂੰ ਉਹਦੇ ਵਾਰਿਸ ਹਫ਼ੜਾ-ਦਫ਼ੜੀ 'ਚ 'ਲਾਂਬੂ' ਲਾ ਰਹੇ ਸਨ। ਪਰ ਮੇਰੇ ਕੋਲ਼ੋਂ ਆਪਣੇ ਬਾਪੂ ਨੂੰ 'ਲਾਂਬੂ' ਨਹੀਂ ਲਾ ਹੋਇਆ। ਕੋਸ਼ਿਸ਼ ਕੀਤੀ ਸੀ, ਪਰ ਨੇਜ਼ਿਆਂ, ਛੁਰੀਆਂ ਤੇ ਤਲਵਾਰਾਂ ਦੇ ਹਜੂਮ ਅੱਗੇ ਮੇਰੀ ਕੋਈ ਪੇਸ਼ ਨਾ ਗਈ। ਫਿਰ ਹਥਿਆਰਾਂ ਦਾ ਹਜੂਮ ਕਿਧਰੇ ਦੂਰ ਰਹਿ ਜਾਂਦਾ ਹੈ। ਆਪਣੀ ਜਾਨ ਬਚਾ ਲੈਂਦਾ ਹਾਂ...ਪਰ ਗੱਡੇ 'ਤੇ ਪਈ ਲਾਸ਼ ਦੀਆਂ ਅੱਖਾਂ ਤੋਂ ਬਚਿਆ ਨਹੀਂ ਜਾਂਦਾ। ਉਹ ਤਾਂ ਅਜੇ ਵੀ ਮੇਰਾ ਪਿੱਛਾ ਕਰ ਰਹੀਆਂ ਹਨ। ਮੈਂ ਬੌਂਦਲ਼ਿਆ ਜਿਹਾ ਉੱਠਦਾ ਹਾਂ...ਪਰ ਮੈਂ ਤਾਂ ਆਪਣੇ ਬਾਪ ਦਾ ਸਸਕਾਰ ਆਪਣੇ ਹੱਥੀਂ ਕੀਤਾ ਸੀ।

ਸਾਹਮਣੇ ਕੰਧ 'ਤੇ ਲੱਗੀ ਫੋਟੋ ਵਿਚਲਾ ਬਾਪੂ ਮੁਸਕਰਾਉਂਦਾ ਹੈ। ਮੈਂ ਬੀਤੇ ਨੂੰ ਹੰਘਾਲਦਾ ਹਾਂ ਤੇ ਫਿਰ ਬਾਪੂ ਬੋਲਣ ਲੱਗ ਪਿਆ ਸੀ- "ਪੁੱਤਰਾ, ਜਦ ਕਦੇ ਜ਼ਮੀਨ-ਜੈਦਾਦ ਵੇਖ ਬਹੁਤਾ ਹੰਕਾਰ ਆ ਜਾਵੇ ਤਾਂ ਚੇਤੇ ਕਰ ਲਿਆ ਕਰੀਂ, ਸੰਤਾਲ਼ੀ ਵੇਲ਼ੇ 'ਭੋਇੰ-ਨਈ' ਦੇ ਮਾਲਕ ਤੇਰੇ ਦਾਦੇ ਨੂੰ ਖੱਫਣ ਵੀ ਨਹੀਂ ਸੀ ਜੁੜਿਆ ਤੇ ਨਾ ਹੀ ਉਹਦੀ ਚਿਖਾ ਨੂੰ ਪੁੱਤ ਦੇ ਹੱਥੋਂ 'ਲਾਂਬੂ' ਲਾ ਹੋਇਆ ਸੀ।

ਸਵੇਰੇ-ਸਵੇਰੇ ਆਇਆ ਇਹ ਸੁਪਨਾ ਮੈਨੂੰ ਬੇਚੈਨੀ ਦੇ ਗਿਆ ਸੀ। ਭਈਏ ਨੂੰ ਨਾਲ ਲੈ ਮੈਂ 'ਚੜ੍ਹਦੀ ਪੱਤੀ' ਦੀਆਂ ਮੜ੍ਹੀਆਂ ਵੱਲ ਲੱਗੇ ਬੂਟਿਆਂ ਨੂੰ ਪਾਣੀ ਦੇਣ ਤੁਰ ਪੈਂਦਾ ਹਾਂ। ਉਂਝ ਤਾਂ 'ਲਹਿੰਦੀ ਪੱਤੀ' ਦੀਆਂ ਮੜ੍ਹੀਆਂ 'ਚ ਵੀ ਫੁੱਲ-ਬੂਟੇ ਮੈਂ ਹੀ ਲਗਵਾਏ ਸੀ, ਪਰ ਪਤਾ ਨਹੀਂ ਕਿਉਂ ਮੈਂ ਉਨ੍ਹਾਂ ਬੂਟਿਆਂ ਨੂੰ ਆਪ ਪਾਣੀ ਦੇਣ ਕਦੇ ਨਹੀਂ ਗਿਆ ਸੀ। ਆਪਣੇ ਹੀ ਪਿੰਡ ਦੀਆਂ ਗਲ਼ੀਆਂ ਮੈਨੂੰ ਓਪਰੀਆਂ ਜਿਹੀਆਂ ਲੱਗੀਆਂ। ਕੰਮ-ਧੰਦਿਆਂ ਦੇ ਦਿਨ ਸੀ। ਕਹਿੰਦੇ ਹੁੰਦੇ ਆ...ਇੰਨ੍ਹਾਂ ਦਿਨਾਂ 'ਚ ਤਾਂ ਜ਼ਿਮੀਂਦਾਰ ਆਪਣੀ ਮਰੀ ਮਾਂ 'ਭੜੋਲੇ' ਪਾ ਛੱਡਦੇ...ਪਰ ਹੁਣ ਤਾਂ ਉਹ ਜਿਉਂਦੇ ਜੀਅ ਆਪ ਹੀ 'ਭੜੋਲੇ' 'ਚ ਪੈ ਗਏ ਸੀ।

ਮੌਸਮ ਬਹਾਰ ਦਾ ਸੀ...ਕਣਕ ਨਿੱਸਰ ਆਈ ਸੀ...ਕੋਇਲ ਦੀ ਕੂ-ਕੂ ਦੂਰ ਤਕ ਸੁਣ ਰਹੀ ਸੀ। ਪਸ਼ੂ, ਪੰਛੀ, ਪਰਿੰਦਿਆਂ 'ਤੇ 'ਚੰਦਰੇ ਵਾਇਰਸ' ਦਾ ਕੋਈ ਅਸਰ ਨਹੀਂ ਸੀ। ਪਰ ਬੰਦੇ ਨੂੰ ਇਸ 'ਕਰੋਨਾ ਵਾਇਰਸ' ਨੇ ਕਾਸੇ ਜੋਗਾ ਨਹੀਂ ਰਹਿਣ ਦਿੱਤਾ ਸੀ। ਗਲ਼ੀ ਦੀ 'ਸੁੰਨ-ਮਸਾਣ' ਵੇਖ ਮੇਰੇ ਅੰਦਰੋਂ ਪੀਲੂ ਬੋਲਣ ਲੱਗ ਪਿਆ..."ਗਲ਼ੀਆਂ ਹੋ ਜਾਣ ਸੁੰਨੀਆਂ...ਵਿਚ ਮਿਰਜ਼ਾ ਯਾਰ ਫਿਰੇ...।" ਤੇ ਇਸ ਵੇਲ਼ੇ ਮੈਨੂੰ ਆਪਣਾ ਆਪ ਮਿਰਜ਼ੇ ਤੋਂ ਘੱਟ ਨਹੀਂ ਲੱਗ ਰਿਹਾ ਸੀ।

ਤਿੰਨ ਮਹੀਨੇ ਪਹਿਲਾਂ ਚੀਨ 'ਚ ਨਵੇਂ ਵਾਇਰਸ ਦੀ ਗੱਲ ਸੁਣੀ ਸੀ। ਉਦੋਂ ਮੈਂ ਮਾੜਾ-ਮੋਟਾ ਅਖ਼ਬਾਰ 'ਚੋਂ ਇਹਦੇ ਬਾਰੇ ਪੜ੍ਹਿਆ ਸੀ। ਪਰ ਬਹੁਤੇ ਪਿੰਡ ਵਾਲੇ ਇਸ ਤੋਂ ਅਣਜਾਣ ਹੀ ਸਨ। ਰੋਜ਼ ਦੀ ਤਰ੍ਹਾਂ ਮੈਂ ਆਪਣੇ ਪੋਤਿਆਂ ਨੂੰ 'ਕਪਾਲ ਭਾਤੀ' ਕਰਵਾ ਰਿਹਾ ਸੀ। ਅਸੀਂ ਸ਼ਾਂਤ-ਚਿੱਤ ਬੈਠੇ ਕਿਰਿਆਵਾਂ ਕਰ ਰਹੇ ਸੀ। ਅੰਦਰੋਂ ਮੇਰਾ ਮੁੰਡਾ ਆਇਆ ਤਾਂ ਮੇਰੇ ਗਲ਼ ਹੀ ਪੈ ਗਿਆ। ਹਲਕਿਆਂ ਵਾਂਗ ਉੱਚੀ ਸਾਰੀ ਬੋਲਦਾ ਕਹਿਣ ਲੱਗਾ-"ਦੁਨੀਆ 'ਚ ਮਹਾਂਮਾਰੀ ਫੈਲੀ ਹੋਈ ਆ ਤੇ ਤੁਸੀਂ ਇਕ-ਦੂਜੇ ਦੇ ਸਾਹਮਣੇ ਬਹਿ ਕੇ ਇਕ-ਦੂਜੇ ਦੇ ਸਾਹਾਂ 'ਚ ਸਾਹ ਕੱਢ-ਪਾ ਰਹੇ ਹੋ। ਡੈਡ! ਥੋੜ੍ਹੀ ਅਕਲ ਕਰ ਲਿਆ ਕਰ...ਤੂੰ ਪੜ੍ਹਿਆ-ਲਿਖਿਆ ਬੰਦਾ...ਦੀਨ ਦੁਨੀਆ ਦੀ ਸੋਝੀ ਰੱਖਣ ਵਾਲਾ...।" ਉਸ ਦਿਨ ਪੁੱਤ ਦੀਆਂ ਕਹੀਆਂ-ਸੁਣੀਆਂ ਨੇ ਮੇਰੇ ਧੁਰ ਅੰਦਰ ਤਕ ਲਾਂਬੂ ਲਾ ਦਿੱਤਾ ਸੀ।

ਮੈਂ 'ਬਲਵੰਤ ਸਿੰਘ ਚੰਦੀ' ਪਿੰਡ ਦਾ ਸਰਪੰਚ, ਜ਼ਮੀਨ ਜਾਇਦਾਦ ਵਾਲਾ ਬੰਦਾ...ਆਲ਼ੇ ਦੁਆਲ਼ੇ ਦੇ ਲੋਕ ਮੇਰੇ ਤੋਂ ਸਲਾਹਾਂ ਲੈ ਕੇ ਆਪਣੇ ਕੰਮ ਕਰਦੇ, ਪਰ ਮੈਂ ਆਪਣੇ ਹੀ ਘਰ ਅੰਦਰ

ਬੇਅਕਲਾ ਹੋ ਗਿਆ ਸਾਂ। ਉਸ ਵੇਲੇ ਜੀਅ 'ਚ ਆਈ, ਆਖਾਂ-ਕੰਜਰਾ...ਮੈਨੂੰ ਅਕਲ ਬਥੇਰੀ ਸੀ, ਪਰ ਤੇਰੇ ਵਰਗੇ ਧੀਆਂ-ਪੁੱਤ ਕਮਲ਼ਾ ਕਰ ਦੇਂਦੇ...ਪਰ ਕਹਿ ਨਾ ਹੋਇਆ...ਸੋਚਿਆ ਛੁੱਟੀ ਕੱਟਣ ਆਇਆ...ਫਿਰ ਇਹਨੇ ਚਲੇ ਹੀ ਜਾਣਾ ਸ਼ਹਿਰ ਵਾਲੇ ਘਰ...ਕਈ ਵਾਰ ਸੋਚੂ ਇਹੋ ਜਿਹੇ ਆਉਣ ਖੁਣੋਂ ਕੀ ਥੁੜਿਆ। ਜੇ ਰੱਬ ਨੇ ਸਾਥ ਖੋਹ 'ਕੱਲਾ ਕਰ ਦਿੱਤਾ ਸੀ ਤੇ ਫਿਰ ਮੈਂ ਆਪਣੇ ਘਰ 'ਕੱਲਾ ਹੀ ਚੰਗਾ। ਮਾਂ ਵਾਂਗੂੰ ਵਹਿਮੀ ਬੜਾ...ਪਤਾ ਨਹੀਂ ਕਿੰਨੀ ਵਾਰ ਕਮਲ਼ਿਆਂ ਵਾਂਗ ਹੱਥ ਈ ਧੋਈ ਜਾਂਦਾ...।

ਇਸ ਬਿਮਾਰੀ ਤੋਂ ਮੈਂ ਕਿਹੜਾ ਅਣਜਾਣ ਸੀ। ਪਰ ਹਾਲੇ ਸਾਡੇ ਦੇਸ਼ 'ਚ ਇਹਦਾ ਕੋਈ 'ਨਾਂ-ਨਿਸ਼ਾਨ' ਨਹੀਂ ਸੀ। ਪਰ ਇਹ ਨਵਾਂ ਕੋੜਮਾ ਸਾਰੀ ਦਿਹਾੜੀ ਲੈਪ-ਟੌਪ ਅੱਗੇ ਬੈਠਾ ਰਹਿੰਦਾ। ਇੰਨ੍ਹਾਂ ਨੂੰ ਸਭ ਪਤਾ ਹੁੰਦਾ।ਤਦ ਤਾਂ ਉਸ ਦਿਨ ਦੀਪ ਇਵੇਂ ਮੱਚ ਉੱਠਿਆ ਸੀ ਜਿਵੇਂ ਸਹੁਰੀ ਦਾ ਕਰੋਨਾ ਬਾਹਰ ਹੀ ਖਲੋਤਾ ਹੋਵੇ।

ਫਿਰ ਬਹੁਤ ਦਿਨ ਕਰੋਨਾ ਬਾਹਰ ਖਲੋਤਾ ਨਹੀਂ ਰਿਹਾ ਸੀ। ਸਾਡੇ ਦੇਸ਼ ਵੀ ਆਣ ਪਹੁੰਚਿਆ ਸੀ। ਪਾੜ੍ਹਿਆਂ ਨੇ ਤਾਂ ਕਦ ਦਾ ਇਸ ਬਿਮਾਰੀ ਦਾ ਕੱਪੜ-ਛਾਣ ਕਰ ਲਿਆ ਸੀ ਤੇ ਹੁਣ ਦੇਸਾਂ-ਪਰਦੇਸਾਂ 'ਚ ਬੈਠੇ ਸਾਰੇ ਧੀਆਂ-ਪੁੱਤ ਫ਼ੋਨ 'ਤੇ ਮਾਂ-ਪਿਉ ਨੂੰ ਨਸੀਹਤਾਂ ਦੇ ਪਹਾੜੇ ਪੜ੍ਹਾਉਣ ਲੱਗ ਪਏ ਸੀ। ਪਰ ਇਨ੍ਹਾਂ ਧੀਆਂ-ਪੁੱਤਾਂ ਨੇ ਸਮਝਾਇਆ ਥੋੜ੍ਹਾ ਤੇ ਡਰਾਇਆ ਬਹੁਤਾ ਸੀ।

0 0 0

ਮੜ੍ਹੀਆਂ ਤੋਂ ਵਾਪਸ ਆਉਂਦਿਆਂ ਮੈਨੂੰ ਫਿਰ ਆਪਣਾ ਬਾਪੂ ਯਾਦ ਆਉਣ ਲੱਗ ਪਿਆ ਸੀ। ਬਾਪੂ ਹਰ 'ਮਰਨੇ-ਪਰਨੇ' 'ਤੇ ਖੱਫਣ ਦੇ ਆਉਂਦਾ ਸੀ। ਲਾਂਬੂ ਲਾਉਣ ਲਈ ਲੱਕੜਾਂ ਵੀ ਸੁੱਟਵਾ ਦੇਂਦਾ ਸੀ। ਜਦ 'ਚੜ੍ਹਦੀ ਪੱਤੀ' ਦੇ ਸਰਦੇ-ਪੁੱਜਦੇ ਘਰ ਉਸਦੀ ਇਸ ਗੱਲ 'ਤੇ ਨੱਕ-ਮੂੰਹ ਵੱਟਣ ਲੱਗੇ ਤਾਂ ਫਿਰ ਉਹਨੇ ਆਪਣੀਆਂ ਮੁਹਾਰਾਂ 'ਲਹਿੰਦੀ ਪੱਤੀ' ਵੱਲ ਮੋੜ ਲਈਆਂ ਸੀ। ਲਾਗੇ-ਬੰਨੇ ਦੀ ਕਿਸੇ ਵੀ ਲਾਵਾਰਿਸ ਲਾਸ਼ ਨੂੰ ਲਾਂਬੂ ਲਾ ਕੇ ਬਾਪੂ ਸ਼ਾਇਦ ਆਪਣੇ ਹੀ ਅੰਦਰ ਮੱਚਦੇ 'ਲਾਂਬੂ' ਨੂੰ ਠੰਡ ਪਾ ਰਿਹਾ ਹੁੰਦਾ। ਬਾਪੂ ਅਕਸਰ ਕਹਿੰਦਾ ਹੁੰਦਾ ਸੀ, "ਪੁੱਤਰਾ, ਕਿਸੇ ਦੇ ਦੁੱਖ ਵੰਡਾਅ...ਬੰਦਾ ਆਪਣੇ-ਆਪ ਨੂੰ ਹੀ ਹੌਲ਼ਾ ਕਰ ਰਿਹਾ ਹੁੰਦਾ।" ਬਾਪੂ ਜਹਾਨੋਂ ਤੁਰ ਗਿਆ ਸੀ...ਤੇ ਲੋਕਾਂ ਦੇ 'ਦੁੱਖ-ਦਰਦ' ਵੰਡਾਉਣ ਦਾ ਜ਼ਿੰਮਾ 'ਚੁੱਪ-ਚੁਪੀਤੇ' ਮੈਂ ਲੈ ਲਿਆ ਸੀ ਤੇ ਬਾਪੂ ਦੇ ਅੰਦਰ ਮੱਚਦਾ 'ਲਾਂਬੂ' ਕਦ ਮੇਰੇ ਅੰਦਰ ਧੁਖਣ ਲੱਗਾ, ਮੈਨੂੰ ਪਤਾ ਹੀ ਨਾ ਲੱਗਿਆ।

ਪਰ ਮੇਰੇ ਆਪਣੇ ਪੁੱਤ ਦੇ ਅੜਬ ਜਿਹੇ ਬੋਲ ਮੈਨੂੰ ਧੁਰ ਅੰਦਰ ਤਕ ਦੁੱਖ ਦੇਂਦੇ ਸਨ...ਪਰ ਇਸ ਦੁੱਖ ਨੂੰ ਵੰਡਾਉਣ ਵਾਲਾ ਮੇਰੇ ਕੋਲ਼ ਕੋਈ ਨਹੀਂ ਸੀ...ਪਰ ਹੋਰਨਾਂ ਦਾਦਿਆਂ ਵਾਂਗ ਮੈਨੂੰ ਵੀ 'ਮੂਲ਼ ਨਾਲੋਂ ਵਿਆਜ' ਪਿਆਰਾ ਸੀ...ਸ਼ਾਇਦ ਇਸੇ ਲਈ ਪੁੱਤ ਦੀਆਂ ਕਹੀਆਂ-ਸੁਣੀਆਂ ਨੂੰ ਲਾਂਭੇ ਕਰ ਇਕ ਦਿਨ ਸ਼ਹਿਰ ਵਾਲੇ ਘਰ ਤੁਰ ਪਿਆ ਸੀ। ਘਰ ਦੀ ਬੈੱਲ ਮਾਰ-ਮਾਰ ਹੰਭ ਗਿਆ ਸੀ, ਪਰ ਦਰਵਾਜ਼ਾ ਨਹੀਂ ਖੁੱਲ੍ਹਿਆ ਸੀ। ਥੱਕ-ਹਾਰ ਕੇ ਮੁੰਡੇ ਨੂੰ ਫ਼ੋਨ ਕੀਤਾ ਤਾਂ ਉਸ ਕਿਹੜੀ 'ਸਤਿ-ਕੁਸਤਿ' ਬੁਲਾਈ ਸੀ, ਭਬਕ ਕੇ ਪੈ ਗਿਆ ਸੀ, "ਕਰੋਨਾ ਬੁਰੀ ਤਰ੍ਹਾਂ ਫੈਲ ਰਿਹਾ ਹੈ ਤੇ ਤੁਹਾਨੂੰ ਮਿਲਣੇ ਸੁੱਝਣ ਡਏ ਆ...। ਜੇ ਕੱਲ੍ਹ ਨੂੰ ਕੁਝ ਹੋ ਗਿਆ ਤਾਂ ਮੇਰੇ ਤੋਂ ਕੋਈ ਆਸ ਨਾ ਰੱਖਿਉ।"

"ਤੇਰੇ ਵਰਗੀ ਔਲਾਦ ਤੋਂ ਮੈਨੂੰ ਕੀ ਆਸ ਹੋ ਸਕਦੀ ਭਲਾ।" ਮੇਰੀ ਗੱਲ ਸੁਣ ਉਸ ਫੋਨ ਕੱਟ ਦਿੱਤਾ ਸੀ ਤੇ ਮੈਂ ਆਪਣੇ ਅੰਦਰ ਧੁਖਦੇ ਲਾਂਬੂ ਸਮੇਤ ਪਿੰਡ ਵਾਪਸ ਆ ਗਿਆ ਸੀ।

0 0 0

ਉਸ ਦਿਨ ਨੂੰ ਯਾਦ ਕਰ ਅੱਜ ਵੀ ਲੂੰਈ-ਕੰਡੇ ਖੜ੍ਹੇ ਹੋ ਜਾਂਦੇ ਆ...। ਮੈਂ ਪਿੱਛੇ ਭਉਂ ਕੇ ਵੇਖਿਆ ਤਾਂ ਭਈਆ ਵਾਹਵਾ ਪਿੱਛੇ ਰਹਿ ਗਿਆ ਸੀ।

"ਉਹ ਛੇਤੀ ਪੈਰ ਪੁੱਟ ਹੁਣ...ਤੂੰ ਤਾਂ ਮਸੀਂ ਤੁਰ ਰਿਹਾਂ।"

"ਸਰਦਾਰ ਜੀ ਪੀਛੇ ਨਾ ਰਹੀ ਹੂੰ ਮੈਂ...ਜਾਣ ਕੇ ਪੀਛੇ ਰਹੀ...'ਸੋਸ਼ਲ ਡੈਸਟਿੰਗ' ਕਰ ਰਹਾਂ ਹੂੰ...ਛੋਟਾ ਸਰਦਾਰ ਬੋਲ ਕਰ ਗਈ ਥੀ ਮੁਝੇ।"

"ਸਹੁਰੀ ਦਿਆ...ਅਬ ਸੇ ਛੋਟਾ ਸਰਦਾਰ ਜੋ ਕਹੇ...ਉਸ ਸੇ ਉਲਟ ਕੀਆ ਕਰ।"

ਮੜ੍ਹੀਆਂ ਤੋਂ ਵਾਪਸ ਆਉਂਦਿਆਂ ਵੀ ਟਿਕਾਅ ਨਹੀਂ ਸੀ। 'ਲਹਿੰਦੀ' ਤੇ 'ਚੜ੍ਹਦੀ' ਪੱਤੀ ਦੇ ਐਨ ਵਿਚਕਾਰ ਕੁਵੇਲ਼ੇ ਤੁਰ ਗਏ ਮੇਰੇ ਜਿਗਰੀ-ਯਾਰ 'ਇੰਦਰ ਨਰ' ਦਾ ਘਰ ਸੀ। ਉਹਦਾ ਪੁੱਤ ਅਮਰੀਕਾ 'ਚ ਸੈੱਟ ਸੀ। ਮੈਨੂੰ ਇਹ ਵੀ ਪਤਾ ਸੀ, ਹੁਣ ਇਸ ਘਰ ਕੋਈ ਨਹੀਂ ਸੀ, ਪਰ ਫਿਰ ਵੀ ਮੈਂ ਆਪਣੇ ਯਾਰ ਦੇ ਘਰ ਦੀਆਂ ਬਰੂਹਾਂ ਟੱਪ ਗਿਆ ਸੀ। 'ਇੰਦਰ ਨਰ' ਦੇ ਪੁਰਖਿਆਂ ਕੋਲ਼ ਥੋੜ੍ਹੀ-ਬਹੁਤ ਜ਼ਮੀਨ ਸੀ। ਪਰ ਜਦ ਉਹ ਤਸੀਲਦਾਰ ਬਣਿਆ ਤਾਂ ਥੋੜ੍ਹੇ ਜਿਹੇ ਸਮੇਂ 'ਚ ਹੀ ਪਿੰਡ ਦਾ ਸਭ ਤੋਂ ਵੱਡਾ ਜ਼ਿਮੀਦਾਰ ਵੀ ਬਣ ਗਿਆ।

ਵਾਕਿਆ ਹੀ ਉਹ 'ਨਰ ਬੰਦਾ' ਸੀ। ਮੇਰੇ ਨਾਲ ਗਲਾਸੀ ਟਕਰਾ ਕੇ ਆਖਦਾ, "ਤੂੰ ਕਰਮ ਤੋਂ ਨਰ...ਮੈਂ ਜਨਮ ਤੋਂ ਨਰ।" ਉਹਦੀ ਗੱਲ ਦਾ ਹੁੰਗਾਰਾ ਭਰਦਿਆਂ, ਮੈਂ ਵੀ ਕਹਿ ਦੇਂਦਾ, "ਆਪਾਂ ਦੋਵੇਂ ਨਰ...ਤੇਰੇ-ਮੇਰੇ ਵਰਗਾ ਹੋਰ ਕੋਈ ਪਿੰਡ 'ਚ ਨਹੀਉਂ।"

"ਉਇ ਨਹੀਂ, ਤੇਰੇ ਵਰਗਾ ਤਾਂ ਫਿਰ ਵੀ ਕੋਈ ਪਿੰਡ 'ਚ ਹੋ ਸਕਦਾ ਪਰ ਮੇਰੇ ਵਰਗਾ ਤਾਂ ਉੱਕਾ ਨਹੀਉਂ।" ਉਹਦਾ ਜਵਾਬ ਸੁਣ ਮੈਂ ਬਸ ਹੱਸ ਛੱਡਦਾ। ਗੱਲ ਭਾਵੇਂ ਕਿਸੇ ਤਰ੍ਹਾਂ ਦੀ ਵੀ ਹੁੰਦੀ ਉਹ 'ਅੰਬੇਦਕਰ' ਦੇ ਸੋਹਿਲੇ ਗਾਉਣੇ ਨਾ ਭੁੱਲਦਾ...ਇਹੋ ਜਿਹੇ ਵੇਲ਼ੇ ਮੈਂ ਵੀ 'ਊਧਮ ਸਿੰਘ' ਨੂੰ ਵਡਿਆਉਂਦਿਆਂ ਉਹਨੂੰ 'ਕੰਬੋਅ' ਸਿੱਧ ਕਰਨ 'ਤੇ ਤੁਲ ਜਾਂਦਾ...ਜਿਹੜਾ ਸਾਰੀ ਉਮਰੇ ਆਪਣੇ ਆਪ ਨੂੰ 'ਰਾਮ ਮੁਹੰਮਦ ਸਿੰਘ ਆਜ਼ਾਦ' ਲਿਖਦਾ ਰਿਹਾ ਸੀ। ਜਦ ਮੈਂ ਉਹਦੇ ਘਰੋਂ ਤੁਰਨ ਲੱਗਿਆ ਤਾਂ ਮੇਰਾ ਹੱਥ ਫੜ ਕਹਿਣ ਲੱਗਾ, "ਐਵੇਂ ਭੁਲੇਖੇ ਨੇ ਜ਼ਿਮੀਦਾਰਾਂ ਦੇ, ਮੁੰਡੇ ਮਾੜੇ ਨਹੀਂ ਚਮਾਰਾਂ ਦੇ...।"

ਵਾਕਿਆ ਹੀ ਉਹ ਮੇਰਾ ਜਿਗਰੀ ਯਾਰ ਸੀ। ਉਸ ਕਦੇ ਮੈਨੂੰ ਪਿੱਠ ਨਹੀਂ ਵਿਖਾਈ ਸੀ। ਜਾਤ-ਬਰਾਦਰੀ ਦੀ ਕਦੇ ਮੈਂ ਪਰਵਾਹ ਨਹੀਂ ਕੀਤੀ ਸੀ...। ਪਰ ਜਦ ਕਦੇ ਉਹ ਅਮਰੀਕਾ 'ਚ' ਆਪਣੇ ਪੁੱਤ ਦੇ 'ਵੱਡੇ ਕਾਰੋਬਾਰ' ਤੇ 'ਵੱਡੇ ਘਰ' ਦੀਆਂ ਗੱਲਾਂ ਕਰਦਾ ਤਾਂ ਮੇਰੇ ਅੰਦਰ ਬੈਠੇ 'ਜ਼ਿਮੀਦਾਰ' ਨੂੰ ਕੁਝ ਹੋਣ ਲੱਗਦਾ।

ਆਪਣੇ ਅਖ਼ੀਰਲੇ ਦਿਨਾਂ 'ਚ ਜਦ ਵੀ ਉਸ ਘੁੱਟ ਪੀਤੀ ਹੁੰਦੀ ਤਾਂ ਮੈਨੂੰ ਅਕਸਰ ਕਹਿੰਦਾ ਹੁੰਦਾ ਸੀ, "ਤੇਰੇ ਯਾਰ ਕੋਲ਼ ਰੜਕ ਆ, ਮੜਕ ਆ, ਪਰ ਬੜ੍ਹਕ ਹੈ ਨੀ...ਚੱਲ ਆਪਣੇ ਯਾਰ ਨੂੰ ਬੜ੍ਹਕ ਮਾਰਨੀ ਸਿਖਾ।"

ਸ਼ਾਇਦ ਇਹ ਮੇਰੀ ਹੀ ਬਦਨੀਤੀ ਸੀ ਜਾਂ ਉਹਦੀ...ਨਾ ਮੇਰੇ ਕੋਲ਼ੋਂ ਬੜ੍ਹਕ ਮਾਰਨੀ ਸਿਖਾਈ ਗਈ ਸੀ ਤੇ ਨਾ ਹੀ ਉਹਦੇ ਕੋਲ਼ੋਂ ਸਿੱਖੀ ਗਈ ਸੀ।

ਇਕ ਰਾਤ 'ਕੱਠੇ ਬੈਠੇ ਸੀ...ਆਪਣੇ ਚੌੜੇ ਸੀਨੇ 'ਤੇ ਹੱਥ ਧਰ ਗੜ੍ਹਕਵੀਂ ਆਵਾਜ਼ 'ਚ ਉਸ ਕਿਹਾ ਸੀ, "ਮੈਂ ਚਮਾਰ, ਮੈਂ ਤਸੀਲਦਾਰ, ਮੈਂ ਪਿੰਡ ਦਾ ਸਭ ਤੋਂ ਵੱਡਾ ਜ਼ਿਮੀਦਾਰ...ਪਰ ਮੇਰੇ ਕੋਲ਼ੋਂ ਬੜ੍ਹਕ ਨਹੀਂ ਵੱਜਦੀ ਉਇ।"

ਮੈਂ ਉਹਦੇ ਬੋਲਾਂ 'ਚੋਂ ਬੜ੍ਹਕ ਪਹਿਚਾਣ ਲਈ ਸੀ...ਪਰ ਉਹਦੇ ਕੋਲ਼ੋਂ ਆਪਣੀ ਹੀ 'ਬੜ੍ਹਕ' ਬੋਚੀ ਨਹੀਂ ਗਈ ਸੀ। ਉਹਦੀ ਉੱਚੀ ਆਵਾਜ਼ ਸੁਣ ਵੱਟ ਜਿਹਾ ਵੀ ਚੜ੍ਹਿਆ ਸੀ...ਪਰ ਫਿਰ ਵੀ ਉਹਨੂੰ ਸਮਝਾਉਂਦਿਆਂ ਕਿਹਾ ਸੀ, "ਮਿੱਤਰਾ, ਸਾਨੂੰ ਗੁੜ੍ਹਤੀ ਦੇਣ ਵੇਲ਼ੇ ਸਿਰਫ਼ ਸ਼ਹਿਦ ਹੀ ਨਹੀਂ ਚਟਾਇਆ ਜਾਂਦਾ...ਸਾਡੇ ਕੰਨਾਂ ਲਾਗੇ ਬੜ੍ਹਕ ਵੀ ਮਾਰੀ ਜਾਂਦੀ ਆ...।"

ਉਸ ਵੇਲ਼ੇ ਬੜਾ ਉਦਾਸ ਜਿਹਾ ਹੋ ਉਸ ਜਵਾਬ ਦਿੱਤਾ ਸੀ, "ਇਹਨਾਂ 'ਮੱਥੇ' 'ਚੋਂ ਨਿਕਲਿਆਂ ਨੇ ਸਾਡੀ ਬੜ੍ਹਕ ਖੋਹ ਲਈ ਤੇ ਤੁਸੀਂ ਪਤਾ ਨਹੀਂ ਕਿੱਥੋਂ ਨਿਕਲੇ...ਸਾਡੇ ਕੋਲ਼ੋਂ ਤਾਂ ਤੁਹਾਡੇ ਸਾਹਮਣੇ

ਵੀ ਬੜ੍ਹਕ ਨਹੀਂ ਵੱਜਦੀ...।" ਉਹਦੀ ਇਸ ਗੱਲ ਦਾ ਜਵਾਬ ਮੇਰੇ ਕੋਲ਼ੋਂ ਵੀ ਨਹੀਂ ਦੇ ਹੋਇਆ ਸੀ।

ਇੰਦਰ ਕਈ ਵਾਰ ਮੈਨੂੰ ਕਹਿੰਦਾ ਹੁੰਦਾ ਸੀ, "ਇਕ ਮੈਂ ਹੀ ਤੇਰਾ 'ਜਿਗਰੀ-ਯਾਰ', ਬਾਕੀ ਸਾਰੇ ਤੇਰੇ 'ਖਾਊ-ਯਾਰ'।" ਇੰਦਰ ਦੀ ਚੇਤੇ ਆਈ ਇਹ ਗੱਲ ਮੈਨੂੰ ਹੋਰ 'ਕੱਲਾ ਕਰ ਗਈ ਸੀ...ਤੇ ਮੈਂ ਆਪਣੀ 'ਕੱਲ ਤੋਂ ਘਬਰਾ ਕੇ ਲਾਗੇ-ਬੰਨੇ ਦੇ 'ਖਾਊ-ਯਾਰਾਂ' ਨੂੰ ਆਪਣੇ ਘਰ ਬੁਲਾ ਲਿਆ ਸੀ। ਅਸੀਂ ਸ਼ਤਰੰਜ ਦੀ ਬਾਜੀ ਲਾਉਣ ਲੱਗ ਪਏ ਸੀ। ਚਿੱਤ ਵੀ ਮੇਰਾ ਪਟ ਵੀ ਮੇਰਾ ਸੀ...ਪਰ ਫਿਰ ਵੀ ਕਹਿ ਹੋ ਗਿਆ ਸੀ, "ਚਾਲ ਨਹੀਂ ਚੱਲੀ ਜਾਂਦੀ ਹੁਣ।"

"ਬੰਦਾ 'ਕੱਲਾ ਹੀ ਹੁੰਦਾ ਬਲਵੰਤ ਸਿਆਂ...ਮੇਰੇ ਕੰਨੀਂ ਝਾਕ...ਦੋ ਪੁੱਤ ਸੀ...ਦੋਵੇਂ ਪਰਦੇਸੀ ਹੋ ਗਏ...ਜਦ ਛੋਟਾ ਘਰੋਂ ਤੁਰਿਆ ਸੀ ਤਾਂ ਮੈਂ ਕਹਿ ਬੈਠਾ...ਤੂੰ ਵੀ ਤੁਰ ਚੱਲਿਉਂ ਪਰਦੇਸ...ਕੋਈ ਤਾਂ ਫੂਕਣ ਵਾਲਾ ਰਹਿ ਜਾਂਦਾ...ਅੱਗੋਂ ਮੈਨੂੰ ਬਣਾ-ਸੰਵਾਰ ਕੇ ਕਹਿਣ ਲੱਗਾ...ਬਾਪੂ ਅਟਕ ਕੇ ਮਰੀਂ...ਐਡੀ ਛੇਤੀ ਲਾਂਬੂ ਲਾਉਣ ਨੀ ਮੁੜਿਆ ਜਾਣਾ। ਗੱਲ ਭਾਵੇਂ ਉਸ ਹਾਸੇ 'ਚ ਕਹੀ ਸੀ ਪਰ ਇਹ ਗੱਲ ਮੇਰੇ ਸੀਨੇ 'ਤੇ ਆਰ ਫੇਰ ਗਈ ਸੀ। ਉਂਝ ਹੁਣ ਮੋਹ ਬਥੇਰਾ ਕਰਦਾ ਮੇਰੇ ਨਾਲ...।"

"ਚੁੱਪ ਈ ਭਲੀ ਆ ਕਰਮ ਸਿਆਂ...ਝੱਗਾ ਚੁੱਕੋ ਤਾਂ ਆਪਣਾ ਹੀ ਢਿੱਡ ਨੰਗਾ ਹੁੰਦਾ।"

ਗੁਲਜ਼ਾਰੀ ਸਭ ਕੁਝ ਸੁਣ ਰਿਹਾ ਸੀ ਤੇ ਉਸ ਨਿਹੋਰੇ ਜਿਹੇ ਨਾਲ ਮੈਨੂੰ ਕਿਹਾ, "ਤੇਰੇ ਮੁੰਡੇ ਨੇ ਸ਼ਹਿਰ ਜਾ ਕੇ ਇਤਲਾਹ ਦਿੱਤੀ ਹੈ ਕਿ ਇਸ ਪਿੰਡ 'ਚ 'ਸੋਸ਼ਲ ਡੈਸਟਿੰਗ' ਨਹੀਂ ਹੁੰਦੀ।"

ਉਹਦੀ ਗੱਲ ਨੂੰ ਟੋਕਦਿਆਂ ਮੈਂ ਕਿਹਾ, "ਉਹ ਅਨਪੜ੍ਹਾ 'ਸੋਸ਼ਲ ਡੈਸਟਿੰਗ' ਨਹੀਂ, 'ਸੋਸ਼ਲ ਡਿਸਟਿੰਸਿੰਗ' ਹੁੰਦੀ ਹੈ।" ਉਹ ਥੋੜ੍ਹਾ ਝੇਪ ਗਿਆ ਤੇ ਫਿਰ ਪੁੱਛਣ ਲੱਗਾ, "ਪੰਜਾਬੀ 'ਚ ਇਹਨੂੰ ਕੀ ਕਹਿੰਦੇ...।"

"ਪੰਜਾਬੀ 'ਚ ਇਹਨੂੰ ਕਹਿੰਦੇ ਆ 'ਪਰੇ-ਪਰੇ ਮਰੇ ਰਹੋ...ਇਕ-ਦੂਜੇ 'ਤੇ ਨਾ ਚੜ੍ਹੇ ਰਹੋ।"

ਖਚਰਾ ਜਿਹਾ ਹਾਸਾ ਹੱਸਦਿਆਂ ਗੁਲਜ਼ਾਰੀ ਬੋਲਿਆ, "ਉਹ ਹੁਣ ਕਿੱਥੇ ਚੜ੍ਹਨ ਜੋਗੇ, ਪਰੇ ਹੀ ਮਰੇ ਰਹੀਦਾ...ਇਸ ਉਮਰੇ ਸੰਦੂਕ ਖ਼ਾਲੀ ਆ।"

ਉਹਦੀ ਗੱਲ ਸੁਣ ਸਾਨੂੰ ਢਿੱਡੀਂ ਪੀੜਾਂ ਪੈ ਗਈਆਂ ਸੀ। ਹੱਸਦਿਆਂ-ਹੱਸਦਿਆਂ ਹੀ ਕਰਮ ਸਿਹੁੰ ਨੇ ਕਿਹਾ, "ਦੁਨੀਆਂ ਨੂੰ ਕਰੋਨਾ ਨੇ ਵਖ਼ਤ ਪਾਇਆ ਤੇ ਤੂੰ ਆਪਣੀ 'ਲੀਲ੍ਹਾ' ਦੱਸਣ ਬਹਿ ਜਾ।"

"ਤੇ ਲੀਲ੍ਹਾ ਵੀ ਉਹ ਜਿਹਦੇ 'ਚ ਕੋਈ ਰਾਸ ਨਹੀਂ।"

ਟਿੱਚਰ-ਮਖ਼ੌਲ ਕਰ ਹੀ ਰਹੇ ਸੀ ਕਿ ਬੌਂਦਲ਼ਿਆ ਜਿਹਾ ਭਈਆ ਅੰਦਰ ਆ ਧਮਕਿਆ, "ਸਰਦਾਰ ਜੀ ਖੇਤ ਮੇਂ ਕਰੋਨਾ ਦੇਖੀ ਮੈਂਨੇ...।"

"ਉਹ ਸਹੁਰੀ ਦਿਆ...ਕਰੋਨਾ ਕੋਈ ਗਾਜਰ ਮੂਲ਼ੀ ਆ...ਜੋ ਖੇਤਾਂ 'ਚ ਉੱਗਦਾ।"

"ਨਾ ਸਰਦਾਰ ਜੀ...ਮੇਰੇ ਸਾਥ ਆਉ...ਜੈਸਾ ਟੀ.ਵੀ. ਮੇਂ ਦਿਖਤੀ ਕਰੋਨਾ...ਵੈਸਾ ਹੀ ਦੇਖੀ ਮੈਂਨੇ...।" ਭਈਏ ਦੇ ਕਹਿਣ 'ਤੇ ਅਸੀਂ ਸਾਰੇ ਖੇਤਾਂ ਵੱਲ ਨੂੰ ਹੋ ਤੁਰੇ...। ਵਾਕਿਆ ਹੀ ਬਿਲਕੁਲ ਕਰੋਨਾ ਹੀ ਤਾਂ ਸੀ। ਕਰਮ ਸਿੰਘ ਜੋ ਹਮੇਸ਼ਾ ਡੱਬ 'ਚ ਪਿਸਤੌਲ ਰੱਖਦਾ ਸੀ, ਗ਼ੁੱਸੇ 'ਚ ਬੋਲਿਆ..."ਲੈ ਸਾਲ਼ੇ ਦਾ ਅੱਜ ਹੀ ਘੋਗਾ ਚਿੱਤ ਕਰ ਦੇਂਦੇ ਆਂ...ਵਖ਼ਤ ਪਾਇਆ ਇਹਨੇ ਸਭ ਨੂੰ...।"

"ਉਹ...ਖੜ੍ਹ ਜਾ...ਖੜ੍ਹ ਜਾ...ਐਵੇਂ ਗੱਲ-ਗੱਲ 'ਤੇ ਪਿਸਤੌਲ ਕੱਢ ਕੇ ਬਹਿ ਜਾਂਦਾ...ਕਰੋਨਾ ਤਾਂ ਬੰਦੇ ਦੇ ਅੰਦਰ ਹੁੰਦਾ...ਖੇਤਾਂ 'ਚ ਨਹੀਂ।" ਸਿਆਣਾ ਜਿਹਾ ਬਣ ਮੈਂ ਫਿਰ ਸਮਝਾਇਆ।

ਕਰਮ ਸਿੰਘ ਨੂੰ ਪਤਾ ਨਹੀਂ...ਕਿਹੜੀ ਖਿਝ ਸੀ...ਉਸ ਫਾਇਰ ਕਰ ਦਿੱਤੇ। ਥਰਮੋਕੋਲ ਦੇ ਫੰਭੇ ਹਵਾ 'ਚ ਉੱਡੇ...ਦੂਰ ਖਲੋਤੇ ਬੱਚੇ ਜੋ ਸਭ ਕਾਸੇ ਨੂੰ ਵੇਖ ਰਹੇ ਸੀ, 'ਅਪ੍ਰੈਲ-ਫੂਲ' ਕਹਿ ਕੇ ਸ਼ੂਟਾਂ ਵੱਟ ਕੇ ਦੌੜ ਗਏ...। ਕਰਮ ਸਿੰਘ ਨੇ ਦੂਰੋਂ ਹੀ ਉਨ੍ਹਾਂ ਨੂੰ ਦਬਕਾਇਆ ਤੇ ਫਿਰ ਬੋਲੀ ਪਾ

ਬਾਘੀਆਂ ਪਾਉਣ ਲੱਗ ਪਿਆ–

ਝੋਨਾ ਝੋਨਾ ਝੋਨਾ
ਤਲਾਵੇ ਵਾਲੇ ਕਰਮ ਸਿਹੁੰ ਨੇ
ਭੁੰਨ ਸੁੱਟਿਆ ਈ ਅੱਜ ਕਰੋਨਾ

ਕਿੰਨੇ ਦਿਨਾਂ ਬਾਅਦ ਖੁੱਲ੍ਹ ਕੇ ਹੱਸੇ ਸੀ। ਖੇਤਾਂ ਤੋਂ ਘਰ ਮੁੜ ਆਏ ਸੀ ਤਾਂ ਕ੍ਰਿਸ਼ਨਾ ਪੁੱਛਣ ਲੱਗਾ, "ਸਰਦਾਰ ਜੀ, ਖਾਣੇ ਕੇ ਸਾਥ ਕੌਣ ਸੀ ਸਬਜ਼ੀ ਬਣਾਉਂ।"

"ਯੇ ਸਾਲਾ ਕਰੋਨਾ ਹੀ ਬਣਾ ਲੇ ਔਰ ਮੁਝੇ ਖਿਲਾ ਦੇ...ਸਾਰਾ ਸਿਆਪਾ ਹੀ ਮੁੱਕ ਜੇ।"

"ਸਰਦਾਰ ਜੀ, ਤੁਮ ਤੋ ਗ਼ੁੱਸਾ ਹੋ ਗੀ।"

"ਕਮਲ਼ਿਆ ਤੇਰੇ ਨਾਲ ਗੁੱਸਾ ਨਹੀਂ ਹੋਣਾ...ਤੂੰ ਹੀ ਤਾਂ ਮੈਨੂੰ ਆਪਣਾ ਲੱਗੇਂ।"

"ਸਰਦਾਰ ਜੀ, ਤੂੰ ਜੀਅ ਛੋਟਾ ਨਾ ਕਰੀਂ...ਮੈਂ ਹੂੰ ਨਾ ਯਹਾਂ...।"

"ਗੱਲ ਸੁਣ...ਛੋਟੇ ਸਰਦਾਰ ਨੂੰ ਨਹੀਂ ਦੱਸਣਾ...ਏਥੇ ਕੌਣ-ਕੌਣ ਆਤਾ।"

"ਮੈਂ ਕਮਲ਼ਾ ਨਹੀਂ...ਛੋਟੇ ਸਰਦਾਰ ਕਾ ਫੋਨ ਆਈ ਥੀ...ਮੈਂ ਝੂਠ ਬੋਲੀ ਉਸ ਸੇ...ਕਿ ਬੜਾ ਸਰਦਾਰ ਕਹੀਂ ਨਹੀਂ ਜਾਤਾ...ਔਰ ਨਾ ਹੀ ਕਿਸੀ ਕੋ ਘਰ ਮੇਂ ਬੁਲਾਤਾ।"

"ਕ੍ਰਿਸ਼ਨਾ ਦੋ ਬਾਤ ਯਾਦ ਰੱਖੀਂ...ਇਕ ਛੋਟੇ ਸਰਦਾਰ ਕੋ ਸੱਚ ਨਹੀਂ ਬਤਾਨਾ...।" ਦੂਜੀ ਗੱਲ ਅਜੇ ਮੇਰੇ ਮੂੰਹ 'ਚ ਹੀ ਸੀ ਕਿ ਕ੍ਰਿਸ਼ਨਾ ਬੋਲਿਆ, "ਜੋ ਭੀ ਛੋਟਾ ਸਰਦਾਰ ਬਾਤ ਕਹੇ...ਉਸ ਸੇ ਉਲਟ ਕਾਮ ਕਰਨਾ।" ਉਸਦੀ ਇਸ ਗੱਲ 'ਤੇ ਮੈਂ ਖਿੜਖਿੜਾ ਕੇ ਹੱਸ ਪਿਆ...।

0 0 0

ਦਿਨ ਲੰਘੀ ਜਾ ਰਹੇ ਸੀ। ਪਰ ਕਰੋਨਾ ਦੀ ਦਹਿਸ਼ਤ ਉਸੇ ਤਰ੍ਹਾਂ ਬਰਕਰਾਰ ਸੀ। ਮਹੀਨੇ ਕੁ ਤਕ ਝੋਨੇ ਦੀ ਲਵਾਈ ਸ਼ੁਰੂ ਹੋ ਗਈ ਸੀ ਪਰ ਦਿਹਾੜੀਏ ਤਾਂ ਭਾਲ਼ਿਆਂ ਨਹੀਂ ਲੱਭਦੇ ਸੀ। 'ਲਹਿੰਦੀ ਪੱਤੀ' ਵਾਲਿਆਂ ਦੇ ਅੱਧਿਉਂ ਜ਼ਿਆਦਾ ਘਰ ਨਰੇਗਾ 'ਤੇ ਲੱਗੇ ਸੀ। ਭਈਏ ਵੀ ਕਰੋਨਾ ਤੋਂ ਡਰਦੇ ਆਪਣੇ ਦੇਸ਼ ਨੂੰ ਹੋ ਤੁਰੇ ਸੀ। ਦਿਹਾੜੀਦਾਰਾਂ ਦਾ ਕਾਲ਼ ਪੈ ਗਿਆ ਸੀ। ਇਕ ਦਿਨ ਕ੍ਰਿਸ਼ਨਾ ਨੂੰ ਮੈਂ ਸੁਭਾਇਕੀ ਪੁੱਛ ਬੈਠਾ, "ਕ੍ਰਿਸ਼ਨਾ, ਆਪਣੇ ਗਾਂਵ ਨਹੀਂ ਜਾਣਾ...।"

"ਸਰਦਾਰ ਜੀ ਮਨ ਤੋ ਹੈ...ਪਰ ਤੂੰ 'ਕੱਲਾ ਹੋ ਜਾਣੀ...।"

ਉਸ ਦਿਨ ਕ੍ਰਿਸ਼ਨਾ 'ਤੇ ਬੜਾ ਮੋਹ ਆਇਆ ਸੀ ਤੇ ਮੈਂ ਕ੍ਰਿਸ਼ਨਾ ਨੂੰ ਨਾਲ ਲੈ ਕੇ ਪਿੰਡ ਦਾ ਗੇੜਾ ਮਾਰਨ ਤੁਰ ਪਿਆ।

'ਲਹਿੰਦੀ ਪੱਤੀ' ਦੇ ਘਰਾਂ ਵੱਲ ਵੇਖ ਮਨ ਨੂੰ ਤਸੱਲੀ ਹੁੰਦੀ ਆ। ਇੰਦਰ ਦੀ 'ਸਰਕਾਰੇ ਦਰਬਾਰੇ' ਪਹੁੰਚ ਸੀ। ਮੇਰਾ ਵੀ ਅਸਰ-ਰਸੂਖ ਚੰਗਾ ਸੀ। ਅਸੀਂ ਦੋਵਾਂ ਨੇ ਮਿਲ ਕੇ ਕਈ ਟੱਬਰਾਂ ਨੂੰ ਘਰ ਛੱਤਣ ਲਈ ਥਾਂ ਅਲਾਟ ਕਰਵਾਏ ਸੀ। ਸਰਪੰਚ ਬਣਨ 'ਤੇ ਮੈਂ ਹੀ 'ਲਹਿੰਦੀ ਪੱਤੀ' ਦੀਆਂ ਸਭ ਗਲ਼ੀਆਂ ਤੇ ਨਾਲ਼ੀਆਂ ਪੱਕੀਆਂ ਕਰਵਾਈਆਂ ਸੀ। ਮੇਰੇ ਕੰਮਾਂ ਨੂੰ ਵੇਖ ਇੰਦਰ ਹਮੇਸ਼ ਮੇਰਾ ਮੋਢਾ ਥਾਪੜਦਾ ਤੇ ਇੰਦਰ ਕਰਕੇ ਹੀ 'ਲਹਿੰਦੀ ਪੱਤੀ' ਵਾਲਿਆਂ ਦੀਆਂ ਸਾਰੀਆਂ ਵੋਟਾਂ ਮੇਰੀਆਂ ਸੀ। ਜਦ ਵਿਹੜੇ ਵਾਲਿਆਂ ਦੀਆਂ ਨੂੰਹਾਂ-ਧੀਆਂ ਮੇਰੇ ਪੈਰੀਂ ਹੱਥ ਲਾਉਂਦੀਆਂ ਤਾਂ ਮੈਂ ਮਾਣ ਨਾਲ ਭਰ ਜਾਂਦਾ। ਜਦ ਦੀ ਸਰਪੰਚੀ ਮਿਲੀ ਸੀ, ਸਹੁਰਿਉਂ ਆਈਆਂ ਕੁੜੀਆਂ ਨੂੰ ਮੈਂ ਸ਼ਗਨ ਦੇਣਾ ਨਾ ਭੁੱਲਦਾ। ਜਦ ਕੋਈ ਬਜ਼ੁਰਗ ਕਹਿੰਦਾ, "ਤੂੰ ਤਾਂ ਭਾਈ ਸਾਡੀ 'ਉੜਾਂ-ਥੁੜਾਂ' 'ਚ ਬਾਂਹ ਫੜਨ ਵਾਲਾ..." ਇਹੋ ਜਿਹੇ ਵੇਲ਼ੇ ਮੈਂ ਆਪਣੇ-ਆਪ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਘੱਟ ਨਾ ਸਮਝਦਾ ਤੇ ਜਦ ਵੀ ਮੈਂ 'ਲਹਿੰਦੀ ਪੱਤੀ' ਵੱਲ ਜਾਂਦਾ...ਪ੍ਰਸਿੰਨੀ ਚਾਚੀ ਦੇ ਘਰ ਜਾਣਾ ਨਾ ਭੁੱਲਦਾ। ਸਾਰੀ ਉਮਰ ਉਸ ਸਾਡੇ ਘਰ ਦੇ ਲੇਖੇ ਲਾ ਦਿੱਤੀ ਸੀ। ਮੇਰੀ ਮਾਂ ਦਾ ਰੋਗ ਅਸਾਧ ਸੀ ਤੇ ਮੈਂ ਉਹਦੇ ਹੀ ਹੱਥਾਂ 'ਚ ਜੰਮ ਪਲ਼ ਕੇ ਜਵਾਨ ਹੋਇਆ ਸੀ। ਉਹਦੇ ਵਿਹੜੇ ਪੈਰ ਪਾਉਂਦਿਆਂ ਹੀ ਮੈਂ

ਪੁੱਛਿਆ..."ਤਗੜੀ ਆਂ ਚਾਚੀ।"

"ਆਹੋ ਪੁੱਤ, ਚੰਗੀ ਭਲੀ ਆਂ...ਪੁੱਤ ਤੂੰ ਵੀ ਗਰਦੌਰੀ ਥੋੜ੍ਹੀ ਘੱਟ ਕਰਿਆ ਕਰ...ਇਹੋ ਜਿਹੇ ਵੇਲ਼ੇ...ਐਵੇਂ ਲੋਕਾਂ ਦੇ ਭਲੇ ਕਰਦਾ ਆਪਣਾ ਨੁਕਸਾਨ ਨਾ ਕਰਵਾ ਲਵੀਂ।"

ਚਾਚੀ ਹਮੇਸ਼ਾ ਮੇਰਾ ਇੰਝ ਹੀ ਫ਼ਿਕਰ ਕਰਦੀ ਸੀ। ਉਹ ਮਾਂ ਨਹੀਂ ਸੀ...ਪਰ ਮਾਂ ਤੋਂ ਘੱਟ ਵੀ ਨਹੀਂ ਸੀ।

"ਲੈ ਚਾਚੀ ਵਰਤ-ਖਰਚ ਲਈਂ...।"

"ਪੁੱਤ ਵੱਡੀਆਂ-ਵੱਡੀਆਂ ਉਮਰਾਂ ਹੋਵਣ...ਪਤਾ ਨਹੀਂ ਕਿਹੜੇ ਜਨਮਾਂ ਦਾ 'ਲੇਖਾ-ਸ੍ਵਾਬ' ਆ ਤੇਰਾ ਤੇ ਮੇਰਾ...।"

"ਚਾਚੀ ਪੁੱਤਾਂ ਨਾਲ ਵੀ ਕੋਈ 'ਲੇਖੇ-ਸ੍ਵਾਬ' ਹੁੰਦੇ। ਮਾਰੀਂ ਕਦੇ ਘਰ ਵੱਲ ਗੇੜਾ।"

"ਆਊਂਗੀ ਪੁੱਤ...ਆਹ ਚੰਦਰੀ ਬਿਮਾਰੀ ਨੇ ਜਾਨ ਲੈਣੀ ਕੀਤੀ ਊ।"

ਵਾਕਿਆ ਈ ਇਸ ਚੰਦਰੀ ਬਿਮਾਰੀ ਨੇ ਸਭ ਨੂੰ ਡਰਾ ਛੱਡਿਆ ਸੀ। ਝੋਨੇ ਦੀ ਲੁਆਈ ਸਿਰ 'ਤੇ ਸੀ ਤੇ ਭਈਏ ਆਪਣੇ ਦੇਸ ਵੱਲ ਨੂੰ ਹੋ ਤੁਰੇ ਸੀ। 'ਚੜ੍ਹਦੀ ਪੱਤੀ' ਵਾਲਿਆਂ ਨੇ 'ਲਹਿੰਦੀ ਪੱਤੀ' ਵੱਲ ਨੂੰ ਰੁਖ ਕੀਤਾ। 'ਲਹਿੰਦੀ ਪੱਤੀ' ਦੇ ਮੋਹਤਬਰਾਂ ਨੇ ਆਪਣੇ ਬੰਦਿਆਂ ਦੀ ਦਿਹਾੜੀ ਦੱਸ ਦਿੱਤੀ ਸੀ। ਪਹਿਲਾਂ ਦੇ ਮੁਕਾਬਲੇ ਦਿਹਾੜੀ ਬਹੁਤ ਜ਼ਿਆਦਾ ਸੀ। ਪਰ੍ਹੇ-ਪੰਚਾਇਤਾਂ 'ਚ ਬੈਠ ਕੇ ਮਸਲੇ ਨੂੰ ਸੁਲਝਾਉਣਾ ਚਾਹਿਆ ਸੀ ਪਰ ਦੋਵੇਂ ਧਿਰਾਂ ਟਸ ਤੋਂ ਮਸ ਨਾ ਹੋਈਆਂ। ਤੇ ਮੈਂ 'ਲਹਿੰਦੀ ਪੱਤੀ' ਦੇ ਮੋਹਤਬਰਾਂ ਨੂੰ ਬਸ ਏਨਾ ਹੀ ਕਿਹਾ ਸੀ, "ਗੱਲ ਸੁਣੋ ਭਰਾਵੋ, ਨਗਰ-ਖੇੜੇ 'ਤੇ ਪਈ ਬਿਪਤਾ ਨੂੰ ਮਿਲ-ਜੁਲ ਕੇ ਨਜਿੱਠ ਲਈਏ।"

"ਉਹ ਆਪਾਂ ਕਿਹੜਾ ਤੁਹਾਡੇ ਤੋਂ ਭੱਜੇ ਆਂ...ਸਰਪੰਚ ਸਾਹਿਬ, ਤੁਸੀਂ ਸਾਡੀ ਮੰਨ ਲਉ...ਅਸੀਂ ਤੁਹਾਡੀ ਮੰਨ ਲੈਂਦੇ ਹਾਂ...।"

ਉਸ ਦਿਨ ਪਹਿਲੀ ਵਾਰ ਆਪਣੇ ਹੀ ਪਿੰਡ ਦੇ ਲੋਕ, ਮੈਨੂੰ ਓਪਰੇ ਜਿਹੇ ਲੱਗੇ ਤੇ ਮੈਂ ਨਿੰਮੋਝੂਣਾ ਜਿਹਾ ਹੋ ਘਰ ਆ ਗਿਆ।

0 0 0

"ਸਰਦਾਰ ਜੀ, ਚੁੱਪ-ਚੁੱਪ ਕਿਉਂ ਬੈਠੀ।"

"ਚੁੱਪ ਨੂੰ ਸਾਲ਼ਿਆ ਹੋਰ ਮੈਂ ਭੰਗੜੇ ਪਾਵਾਂ...ਝੋਨੇ ਦੀ ਲੁਆਈ ਸਿਰ 'ਤੇ ਆ...ਬੰਦਾ ਕੋਈ ਮਿਲ ਨਹੀਂ ਰਿਹਾ...ਤੁਮ ਭੀ ਆਸੇ ਪਾਸੇ ਦੀ ਬਿੜਕ ਰੱਖਾ ਕਰ...ਜੇ ਕਿਸੇ ਪਾਸਿਉਂ ਭਈਉਂ ਕਾ ਇੰਤਜ਼ਾਮ ਹੋ ਜੇ...।"

ਖੇਤਾਂ 'ਚ ਜਾ ਅਜੇ ਮੈਂ ਚਾਰ ਸਿਆੜ ਹੀ ਕੱਢੇ ਸੀ ਤੇ ਮੈਨੂੰ ਸਾਹ ਚੜ੍ਹਨ ਲੱਗ ਪਿਆ ਸੀ।

"ਸਰਦਾਰ ਜੀ ਬੰਦਾ ਕੋਈ ਨੀ ਹੈਗੀ...ਕੰਮ ਬਹੁਤ ਪੈਂਦੀ...ਤੂੰ ਮੈਨੂੰ ਗ਼ੁੱਸੇ ਹੁੰਦੀ ਰਹਿੰਦੀ...।" ਫਿਰ ਦੂਰ ਦਲੀਪੇ ਹੁਰਾਂ ਦੇ ਖੇਤਾਂ ਵੱਲ ਵੇਖ ਕੇ ਕਹਿਣ ਲੱਗਾ, "ਸਰਦਾਰ ਜੀ 'ਭੋਲੇ ਔਰ ਮਧੂ' ਕੋ ਲੈ ਆਊਂ।"

"ਇਹ ਵੀ ਕੋਈ ਪੂਛਨੇ ਵਾਲੀ ਗੱਲ ਹੈ...ਜਲਦੀ ਜਾ ਤੇ ਲੈ ਕੇ ਆ।" ਮੈਂ ਉਸ ਵੇਲ਼ੇ ਉਹਨੂੰ ਭੇਜ ਕੇ ਧਰਤੀ ਮਾਂ ਨੂੰ ਮੱਥਾ ਟੇਕਿਆ ਤੇ ਸ਼ੁਕਰ ਮਨਾਇਆ ਕਿ ਕਾਮੇ ਆ ਗਏ...।

ਕ੍ਰਿਸ਼ਨਾ ਭੱਜ ਕੇ ਬੰਬੀ ਵਾਲੇ ਕਮਰੇ 'ਚ ਗਿਆ ਤੇ ਉਥੋਂ ਈ ਵਾਪਸ ਆ ਗਿਆ। ਮੈਂ ਉੱਚੀ ਆਵਾਜ਼ ਦੇ ਕੇ ਕਿਹਾ, "ਹੁਣ...ਉਨ੍ਹਾਂ ਕੁਝ ਲੱਗਦਿਆਂ ਨੂੰ ਲੈ ਆ...ਰਾਹ ਵਿਚੋਂ ਹੀ ਮੁੜ ਆਇਆ...।" ਕ੍ਰਿਸ਼ਨਾ ਦੂਰੋਂ ਹੀ ਸੈਨਤਾਂ ਜਿਹੀਆਂ ਮਾਰੀ ਜਾਵੇ...ਜਿਹੜੀਆਂ ਮੇਰੇ ਪੱਲੇ ਨਾ ਪਈਆਂ। ਮੇਰੇ ਕੋਲ਼ ਆ ਕੇ ਲਫਾਫੀਆਂ ਜਿਹੀਆਂ ਖੋਲ੍ਹ ਕੇ ਕਹਿਣ ਲੱਗਾ, "ਸਰਦਾਰ ਜੀ...ਯੇਹ ਖਾ ਲੋ...ਜੋ ਹਰ ਦਸ-ਮਿੰਟ ਬਾਅਦ ਵੱਟ ਪੇ ਬੈਠ ਕਰ ਹੌਂਅ-ਹੌਂਅ ਕਰਨ ਲੱਗ ਜਾਏ...ਇਸ ਕੋ ਖਾਣੇ ਸੇ ਬੰਦ ਹੋ ਜਾਏ।"

"ਉਹ ਤੇਰੀ ਭਲੀ ਹੋ ਜੇ...ਮੈਂ ਕੁਝ ਹੋਰ ਸਮਝ ਬੈਠਾ ਤੇ ਤੂੰ ਆਹ 'ਗੰਦ-ਪਿਲ' ਮੇਰੇ ਅੱਗੇ ਲਿਆ ਧਰਿਆ।"

"ਸਰਦਾਰ ਜੀ 'ਗੰਦ-ਪਿਲ' ਮਤ ਬੋਲੋ...'ਮਧੂ ਔਰ ਭੋਲੇ' ਕੋ...ਬੜੀ ਮਸਤ ਚੀਜ਼ ਹੈ...ਅੰਦਰ ਜਾਤੇ ਹੀ ਸਭ ਕੁਝ ਮਸਤ ਕਰ ਦੇਤੀ...।"

ਪਰ ਮੇਰੇ ਕੋਲ਼ੋਂ ਮਸਤ ਨਾ ਹੋਇਆ ਗਿਆ। ਪੁੱਤ ਦੀ ਬੇਰੁਖੀ ਮੈਨੂੰ ਉਦਾਸ ਕਰ ਗਈ ਸੀ ਤੇ ਪਿੰਡ ਵਾਲਿਆਂ ਦੀ ਖਿੱਚੋਤਾਣ ਮੈਨੂੰ ਪ੍ਰੇਸ਼ਾਨ ਕਰ ਗਈ ਸੀ। ਅਗਲੇ ਦਿਨ ਫਿਰ ਪੰਚਾਇਤ ਬੈਠੀ ਸੀ...ਦੋਹਾਂ ਧਿਰਾਂ ਦੀ ਕਾਵਾਂਰੌਲੀ ਨੇ ਗੱਲ ਕਿਸੇ ਤਣ-ਪੱਤਣ ਨਹੀਂ ਲੱਗਣ ਦਿੱਤੀ ਸੀ। ਲਹਿੰਦੀ ਪੱਤੀ ਵਾਲਿਆਂ ਫਿਰ ਗੱਲ ਦੁਹਰਾਈ ਸੀ, "ਆਪਾਂ ਕਿਹੜਾ ਤੁਹਾਡੇ ਤੋਂ ਭੱਜੇ ਆਂ, ਪਰ ਦਿਹਾੜੀ ਸਾਡੀ ਮਰਜ਼ੀ ਦੀ ਹੋਊ...ਇਸ ਵਾਰ।" ਏਨਾ ਆਖ ਉਹ ਉੱਠ ਤੁਰੇ ਸੀ ਤੇ ਪਿੱਛੇ ਰਹਿ ਗਏ 'ਚੜ੍ਹਦੀ ਪੱਤੀ' ਵਾਲੇ ਆਪਣਾ ਗੁੱਭ-ਗੁਲਾਟ ਕੱਢਣ ਬਹਿ ਗਏ।

"ਨਰੇਗਾ ਦੀ ਦਿਹਾੜੀ ਜੂ ਪਾਉਂਦੇ ਹੋਏ...ਵੇਖ ਕਿਵੇਂ ਗੱਲਾਂ ਆਉਂਦੀਆਂ...ਬਰੋਬਰ ਬਹਿ ਕੇ।" ਇਕ ਨੇ ਕਿਹਾ।

"ਆਟਾ...ਦਾਲ਼ ਸਕੀਮ ਨੇ ਚੌੜ ਕਰ ਦਿੱਤਾ ਸਭ ਨੂੰ...ਸ਼ੁਕਰ ਕਰੋ ਭਰਾਵੋ ਸਾਰੇ ਨੀ ਨਰੇਗਾ 'ਤੇ...ਊਂ ਇਹ ਜਾਤ ਭੁੱਖੀ ਮਰਦੀ ਹੀ ਚੰਗੀ।" ਦੂਜੇ ਨੇ ਹਾਮੀ ਭਰੀ।

"ਚਾਰ ਅੱਖਰ ਪੜ੍ਹ ਕੀ ਗਏ...ਅਣਖ ਦੀਆਂ ਗੱਲਾਂ ਕਰਨ ਲੱਗ ਪਈ ਮੁੰਡੀਰ...'ਮਰੀਕਾ' ਵਾਲੇ ਦੇ ਡਾਲਰਾਂ ਨੇ ਮਛਰਾ ਦਿੱਤੇ ਬਹੁਤਾ...ਜਦ ਘਰ ਭੰਗ ਭੁੱਜੀ...ਫਿਰ ਪਤਾ ਲੱਗੂ...।" ਤੀਜੇ ਨੇ ਵੀ ਤੀਲ੍ਹੀ ਲਾਈ।

"ਨਿਆਣੇ ਸਾਰਿਆਂ ਦੇ ਬਾਹਰ ਬੈਠੇ ਆ...ਇਨ੍ਹਾਂ ਬਿਨਾਂ ਆਪਾ ਕਾਸੇ ਜੋਗੇ ਨਈਂ...ਥੋੜ੍ਹੀ ਬਹੁਤ ਦਿਹਾੜੀ ਵਧਾ ਦੇਂਦੇ ਆਂ...। ਐਵੇਂ ਨਿੱਤ ਦਾ ਕਲੇਸ਼ ਚੰਗਾ ਨਹੀਂ ਹੁੰਦਾ...।" ਸਿਆਣੇ ਬੰਦੇ ਨੇ ਸਿਆਣੀ ਸਲਾਹ ਦਿੱਤੀ।

"ਜਾਹ ਚਾਚਾ ਬਹੁਤੀਆਂ ਸਿਆਣਪਾਂ ਨਾ ਘੋਟ...ਫਿਰ ਕੀ ਆ...ਜੇ ਨਿਆਣੇ ਬਾਹਰ ਬੈਠੇ...ਆਪਾਂ ਸਾਰੇ ਰਲ਼-ਮਿਲ ਕੇ ਲਾ ਲਵਾਂਗੇ ਝੋਨਾ...।" ਕਿਸੇ ਅੱਧਖੜ ਨੇ ਸਿਆਣੇ ਬੰਦੇ ਦੀ ਗੱਲ ਰਫ਼ਾ-ਦਫ਼ਾ ਕਰ ਦਿੱਤੀ।

"ਨਾ ਗੱਲ ਸੁਣ ਮੇਰੀ...ਆਹ ਜਿਹੜੀ ਕਵਿੰਟਲ ਦੀ ਗੋਗੜ ਕੱਢੀ ਫਿਰਦਾਂ...ਝੋਨਾ ਲਾਉਣਾ ਤਾਂ ਦੂਰ ਦੀ ਗੱਲ...ਤੇਰੇ ਕੋਲ਼ੋਂ ਪਾਣੀ ਦਾ ਨੱਕਾ ਵੀ ਮੋੜ ਨਹੀਂ ਹੋਣਾ...।" ਸਿਆਣੇ ਬੰਦੇ ਦੀ ਸਿਆਣੀ ਗੱਲ ਸਭ ਨੂੰ ਚੁੱਪ ਕਰਾ ਗਈ ਸੀ। ਪਰ ਉਨ੍ਹਾਂ ਦੀ ਅੜੀ ਨੂੰ ਕਿਸੇ ਪਾਸੇ ਨਾ ਲਾ ਸਕੀ। ਫਿਰ ਮੈਨੂੰ ਆਪਣੇ ਯਾਰ ਦਾ ਅਮਰੀਕਾ ਬੈਠਾ ਪੁੱਤ ਯਾਦ ਆਇਆ ਸੀ। ਇਨ੍ਹਾਂ ਸਭ ਦੀ ਮੱਤ ਨੂੰ ਉਹ ਹੀ ਟਿਕਾਣੇ ਲਿਆ ਸਕਦਾ।"

"ਪਰ ਕੁਝ ਸਿਰਫਿਰਿਆਂ ਦੀ ਮੱਤ ਨੇ 'ਚੜ੍ਹਦੀ ਪੱਤੀ' ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਕਰਾ ਦਿੱਤੀ ਸੀ-"ਸਾਡੇ ਲੱਖ ਬੁਲਾਉਣ 'ਤੇ ਵੀ ਤੁਸੀਂ ਨਹੀਂ ਆਏ। ਅੱਗੇ ਤੋਂ ਤੁਹਾਡਾ ਸਾਡੇ ਖੇਤਾਂ ਵਿਚ ਆਉਣਾ ਬੰਦ...ਤੇ ਨਾ ਹੀ ਸਾਡੇ ਖੇਤਾਂ ਨੂੰ ਆਪਣੇ ਜ਼ਰੂਰੀ ਕੰਮਾਂ ਲਈ ਵਰਤੋਗੇ।"

ਉਸੇ ਸ਼ਾਮ 'ਲਹਿੰਦੀ ਪੱਤੀ' ਵਾਲਿਆਂ ਵੀ ਆਪਣੇ ਗੁਰਦੁਆਰੇ ਤੋਂ ਮੋੜਵਾਂ ਜਵਾਬ ਦਿੱਤਾ, "ਦਿਹਾੜੀ ਕਰਦੇ ਆਂ...ਅਸੀਂ ਕੋਈ ਭੀਖ ਨਹੀਂ ਮੰਗਦੇ...ਜੇ ਤੁਹਾਡੇ ਖੇਤ ਸਾਨੂੰ ਨਹੀਂ ਝੱਲਦੇ ਤਾਂ ਬਾਕੀ ਪਿੰਡਾਂ ਦੇ ਖੇਤ ਸਹੀ। ਜੇ ਤੁਹਾਨੂੰ ਕੋਈ ਲਿਹਾਜ਼ ਨਹੀਂ ਤਾਂ ਸਾਨੂੰ ਵੀ ਤੁਹਾਡਾ ਹੇਜ ਨਹੀਂ।"

ਅਨਾਊਂਸਮੈਂਟ ਸੁਣ ਮੇਰੇ ਅੰਦਰੋਂ ਕੁਝ ਕੜੱਕ ਕਰਕੇ ਟੁੱਟਾ ਸੀ। ਗ਼ੁੱਸਾ ਵੀ ਆਇਆ ਸੀ 'ਲਹਿੰਦੀ ਪੱਤੀ' ਵਾਲਿਆਂ 'ਤੇ। ਪਰ ਅਗਲੇਰੀ ਸਰਪੰਚੀ ਸਿਰ 'ਤੇ ਸੀ...ਤੇ ਮੈਂ ਆਪਣੇ ਗ਼ੁੱਸੇ ਨੂੰ ਜ਼ੀਰਦਿਆਂ 'ਲਹਿੰਦੀ ਪੱਤੀ' ਵਾਲਿਆਂ ਦੇ ਘਰ ਰਾਸ਼ਨ ਭਿਜਵਾ ਦਿੱਤਾ ਸੀ। ਪਰ 'ਲਹਿੰਦੀ ਪੱਤੀ'

ਵਾਲਿਆਂ ਦੇ ਕੁਝ ਪਾੜ੍ਹਿਆਂ ਦੀ 'ਈਗੋ' ਨੂੰ ਸੱਟ ਪਹੁੰਚੀ ਸੀ...ਤੇ ਉਨ੍ਹਾਂ ਰਾਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਤਾਈ ਪ੍ਰਸਿੰਨੀ ਨੇ ਉਹਨੂੰ ਬਾਂਹੋਂ ਫੜ ਲਿਆ, "ਪਾੜ੍ਹਿਆ ਆਹ ਜਿਹੜੀ 'ਇਗੋ-ਇਗੋ' ਕਰਦਾ ਰਹਿੰਦਾ...ਇਹਦੇ ਨਾਲ ਮੱਥਾ ਤਾਂ ਡੰਮ੍ਹਿਆ ਜਾਊ...ਪਰ ਇਹਦੇ ਨਾਲ ਢਿੱਡ ਨਹੀਉਂ ਡੰਮ੍ਹਿਆ ਜਾਣਾ...।"

"ਲੈ ਤਾਈ...ਤੈਨੂੰ ਕੀ ਪਤਾ...ਸਾਡੀ ਵੀ ਅਣਖ ਦਾ ਸਵਾਲ ਆ...।"

"ਜੈ ਵੱਢੀਦਿਆ...ਅਣਖ ਨੂੰ ਟੰਮਣੇ ਚਾੜ੍ਹ ਛੱਡ...ਟੱਬਰ ਭਾਵੇਂ ਘਰ ਭੁੱਖਾ ਮਰ ਜੇ।"

"ਕਿਤੇ ਨੀ ਭੁੱਖੇ ਮਰਦੇ ਤਾਈ...ਲੌਕਡਾਊਨ 'ਚ ਬਥੇਰੇ ਪਾਸਿਉਂ ਦਾਣੇ ਆਏ...ਸਰਪੰਚ ਸਾਹਿਬ...ਹੁਣ ਹਰ ਕੋਠੀ ਦਾਣੇ ਤੇ ਸਾਡੇ ਵਰਗੇ ਮ੍ਹਾਤੜ ਵੀ ਸਿਆਣੇ...।"

ਉਹਦੀ ਗੱਲ ਬੋਚਦਿਆਂ ਮੈਂ ਕਿਹਾ, "ਬਿਲਕੁਲ ਪੁੱਤ...ਸਾਰੀਆਂ ਸਿਆਣਪਾਂ ਤਾਂ 'ਨਵੇਂ ਪੋਚ' ਕੋਲ਼ ਆ ਗਈਆਂ...ਮ੍ਹਾਤੜ ਤਾਂ ਅਸੀਂ ਬੁੱਢੇ-ਠੇਰੇ ਬਣ ਗਏ...ਨਗਰ ਖੇੜੇ 'ਤੇ ਪਈ ਬਿਪਤਾ ਨੂੰ ਸਿਆਣਪ ਨਾਲ ਰਲ਼-ਮਿਲ ਨਜਿੱਠ ਲਈਏ। ਇਕ ਦੂਜੇ ਬਿਨ ਆਪਾਂ ਕਾਹਦੇ ਜੋਗੇ...।" ਉਹ ਸਭ ਚੁੱਪ ਕਰ ਗਏ ਸੀ ਤੇ ਮੈਂ ਭਰਿਆ-ਪੀਤਾ ਉੱਥੋਂ ਤੁਰ ਆਇਆ ਸੀ...। ਆਪਣੇ ਗ਼ੁੱਸੇ 'ਤੇ ਜ਼ਾਬਤਾ ਰੱਖ ਮੈਂ ‘ਚੜ੍ਹਦੀ ਪੱਤੀ’ ਦੇ ਮੋਹਤਬਰ ਬੰਦਿਆਂ ਨੂੰ ਆਪਣੇ ਘਰ ਸੱਦ ਲਿਆ ਸੀ। ਬੜੀ ਹਲੀਮੀ ਨਾਲ ਮੈਂ ਗੱਲ ਸ਼ੁਰੂ ਕੀਤੀ ਸੀ, "ਆਪਣੇ ਪਿੰਡ ਦਾ ਮਸਲਾ...ਘਰ ਦੀ ਗੱਲ...ਘਰ 'ਚ ਹੀ ਨਿਬੇੜ ਲਈਏ।" ਮੈਂ ਬਸ ਏਨਾ ਹੀ ਕਿਹਾ ਸੀ ਤੇ ਉਹ ਸਭ ਝੂਠੀਆਂ-ਸੱਚੀਆਂ ਤੁਹਮਤਾਂ ਮੇਰੇ ਮੱਥੇ ਮੜ੍ਹਨ ਲੱਗੇ...।

"ਗੱਲ ਸੁਣ ਲਾ ਬਲਵੰਤ ਸਿਆਂ...ਜ਼ਮੀਨ ਜੈਦਾਦਾਂ ਵਾਲੇ ਹੋ ਕੇ ਅਸੀਂ 'ਮੱਛਰੀ ਮੁੰਡੀਰ' ਦੇ ਤਲਵੇ ਨਹੀਂ ਚੱਟਣੇ...ਕੱਲ੍ਹ ਦੇ ਛੋਕਰੇ ਅਨਾਊਂਸਮੈਂਟ ਕਰਨ ਬਹਿਗੇ..। ਅਸੀਂ ਤਾਂ ਆਰ-ਪਾਰ ਦੀ ਲੜਾਈ ਲੜਨੀ ਹੁਣ...।"

"ਬਲਵੰਤ ਸਿਆਂ...ਤੂੰ ਚੰਗੀ ਨਹੀਉਂ ਕੀਤੀ...'ਲਹਿੰਦੀ ਪੱਤੀ' ਵਾਲਿਆਂ ਨੂੰ ਰਾਸ਼ਨ ਪਾਣੀ ਵੰਡ ਕੇ...। ਤੂੰ ਸਰਪੰਚੀ 'ਚ ਵੋਟਾਂ ਬਟੋਰਨ ਕਰਕੇ ਸਾਡੀ ਪਿੱਠ ਲੁਆ ਦਿੱਤੀ।"

"ਭਰਾਵੋ...ਤੁਸੀਂ ਜੋ ਮਰਜ਼ੀ ਸਮਝ ਲਵੋ...ਪਰ ਮੈਂ ਆਪਣੇ ਪੁਰਖੇ ਦੀ ਪਿਰਤ ਨੂੰ ਤੋੜ ਨਹੀਂ ਸਕਦਾ। ਬਾਕੀ ਰਹੀ ਗੱਲ ਸਰਪੰਚੀ ਦੀ...ਇਸ ਵਾਰ ਦੀ ਸਰਪੰਚੀ ਗੁਲਜ਼ਾਰ ਸਿਆਂ ਤੇਰੀ।"

ਉਹ ਜਿਹੜਾ ਘੜੀ ਕੁ ਪਹਿਲਾਂ ਉੱਚੀ-ਉੱਚੀ ਫੁੰਕਾਰੇ ਛੱਡ ਰਿਹਾ ਸੀ ਤੇ ਦੂਜਿਆਂ ਨੂੰ ਵੀ ਭੜਕਾ ਰਿਹਾ ਸੀ, ਬੜਾ ਸ਼ਾਂਤ ਜਿਹਾ ਹੋ ਕੇ ਕਹਿਣ ਲੱਗਾ..."ਗੱਲ ਤਾਂ ਤੇਰੀ ਠੀਕ ਆ ਭਾਊ...ਘਰ ਦੀ ਘਰ 'ਚ ਹੀ ਨਿਬੇੜ ਲਈਏ ਤਾਂ ਚੰਗਾ...।"

ਮੈਂ ਆਪਣੀ ਚਾਲ ਚੱਲ ਗਿਆ ਸੀ ਤੇ ਉਸ ਵੇਲ਼ੇ ਸਰਪੰਚੀ ਦੇ ਤਜਰਬੇ ਨੇ ਮੈਨੂੰ ਦੱਸਿਆ ਸੀ...ਕਿ ਹੁਣ ਕਿਹੜੇ ਮੋਹਰੇ ਨਾਲ ਬਾਜੀ ਜਿੱਤੀ ਜਾ ਸਕਦੀ ਹੈ...ਤੇ ਮੈਂ 'ਇੰਦਰ ਨਰ' ਦੇ ਅਮਰੀਕਾ ਬੈਠੇ ਪੁੱਤ ਅਜੈ ਨਰ ਨੂੰ ਫ਼ੋਨ ਲਾ ਦਿੱਤਾ ਸੀ।

"ਚਾਚਾ ਕਿਵੇਂ ਯਾਦ ਆ ਗਈ...ਅੱਜ ਭਤੀਜ ਦੀ।"

"ਤੈਨੂੰ ਪਤਾ ਈ ਆ...ਸਭ।"

"ਆਹੋ ਪਤਾ ਸਭ ਮੈਨੂੰ...'ਗੁਰੂ ਘਰ' 'ਚੋਂ ਕਿਹੜੀਆਂ-ਕਿਹੜੀਆਂ ਅਨਾਊਂਸਮੈਂਟਾਂ ਹੋ ਰਹੀਆਂ...।"

"ਪੁੱਤਰਾ...ਚੜੋਖਤੀ ਦੋਵਾਂ ਧਿਰਾਂ ਵੱਲੋਂ ਹੋਈ।"

"ਪਰ ਪਹਿਲ 'ਤੇਰੇ ਬੰਦਿਆਂ' ਨੇ ਕੀਤੀ...ਹੁਣ ਉਹ ਵੇਲ਼ੇ ਨਹੀਂ ਰਹੇ ਚਾਚਾ...'ਆਪਣੇ ਬੰਦਿਆਂ' ਨੂੰ ਇਹ ਗੱਲ ਸਮਝਾ ਛੱਡ...।"

"ਮੈਨੂੰ ਵੀ ਪਤਾ ਹੁਣ ਉਹ ਵੇਲ਼ੇ ਨਹੀਂ ਰਹੇ...ਪਰ ਹੁਣ ਇਸ ਵੇਲ਼ੇ ਨੂੰ ਰਲ਼-ਮਿਲ ਸਾਂਭ ਲਈਏ...ਪੁੱਤਰਾ, ਤੇਰੀਆਂ ਰਗਾਂ 'ਚ ਮੇਰੇ ਯਾਰ ਦਾ ਖ਼ੂਨ ਆ...ਮੈਨੂੰ ਪਿੱਠ ਨਾ ਦੇਵੀਂ ਹੁਣ...।"

"ਚਾਚਾ ਜੀਅ ਤਾਂ ਕਰਦਾ, ਮੈਂ ਤੈਨੂੰ ਪਿੱਠ ਵਿਖਾ ਈ ਦੇਵਾਂ...ਇਸ ਵਾਰ, ਤੈਨੂੰ ਵੀ ਪਤਾ ਲੱਗੇ, ਕਿਸ ਭਾਅ ਵਿਕਦੀ ਆ।"

"ਪੁੱਤਰਾ, ਮੈਨੂੰ ਤੇਰੇ ਤੋਂ ਇਹ ਆਸ ਨਹੀਂ ਸੀ।" ਨਿਸੱਤੀ ਜਿਹੀ ਆਵਾਜ਼ 'ਚ ਮੇਰੇ ਤੋਂ ਬਸ ਇਹੋ ਆਖ ਹੋਇਆ ਸੀ।

"ਬੜੀ ਛੇਤੀ ਘਬਰਾ ਗਿਆ, ਚਾਚਾ...ਤੂੰ ਮੈਨੂੰ ਪਿਉ ਬਰੋਬਰ ਆਂ...ਨਾ ਪਿੱਠ ਮੈਂ ਤੇਰੀ ਲੱਗਣ ਦੇਣੀ, ਨਾ ਆਪਣੇ ਬੰਦਿਆਂ ਦੀ।"

"ਮੇਰੇ ਮਨੋ...ਤੂੰ ਭਾਰ ਲਾਹ ਦਿੱਤਾ, ਪੁੱਤਰਾ...।"

"ਪੁੱਤ-ਭਤੀਜੇ ਹੋਰ ਕਾਹਦੇ ਲਈ ਹੁੰਦੇ ਚਾਚਾ...ਗਲਾਸੀ ਲਾ ਤੇ ਪੂਰੇ ਪਿੰਡ 'ਚ ਬੜ੍ਹਕ ਮਾਰ ਕੇ ਦੱਸ ਦੇ ਸਭ ਨੂੰ...ਤੇਰੀ ਪਿੱਠ 'ਤੇ ਅਮਰੀਕਾ ਖਲੋਤਾ ਅਮਰੀਕਾ।"

0 0 0

ਦਿਨ ਚੜ੍ਹੇ ਹੀ 'ਲਹਿੰਦੀ ਪੱਤੀ' ਵਾਲੇ ਮੇਰੇ ਘਰ ਦੀਆਂ ਬਰੂਹਾਂ 'ਤੇ ਆ ਖਲੋਤੇ ਸੀ...ਅੰਦਰੋਂ ਮੈਂ ਖ਼ੁਸ਼ ਸੀ...ਪਰ ਫਿਰ ਵੀ 'ਆਪਣੇ ਬੰਦਿਆਂ' ਸਾਹਮਣੇ ਰੋਹਬ ਜਿਹੇ ਨਾਲ ਕਿਹਾ, "ਹਾਂ, ਕਿੰਨੀ ਦਿਹਾੜੀ ਪਾਉਣੀ ਫਿਰ...ਕਰ ਲੈਣੇ ਸੀ 'ਸ੍ਹਾਬ-ਕਿਤਾਬ'...।"

ਉਹ ਸਾਰੇ ਚੁੱਪ ਸਨ। ਪਰ ਉਨ੍ਹਾਂ ਵਿਚੋਂ ਬੀ.ਏ. ਪਾਸ ਉਨ੍ਹਾਂ ਦਾ ਲੀਡਰ ਬੋਲਿਆ, "ਸਰਪੰਚ ਸਾਹਬ ! ਤੁਸੀਂ ਧਰਤ ਦੇ ਮਾਲਕ, ਅਸੀਂ ਧਰਤੀ ਦੇ ਪੁੱਤ...'ਹਿਸਾਬ-ਕਿਤਾਬ' ਮਾਲਕਾਂ ਦਾ ਹੁੰਦਾ ਹੋਊ...ਮਾਂ-ਪੁੱਤਾਂ ਦੇ ਕਾਹਦੇ ਹਿਸਾਬ ਕਿਤਾਬ'...। ਉਹਦੀ ਗੱਲ ਸੁਣ ਮੈਂ ਝੇਪ ਜਿਹਾ ਗਿਆ ਸੀ।

ਕੋਲ਼ ਖਲੋਤੇ ਗੁਲਜ਼ਾਰੀ ਨੇ ਟਿੱਚਰ ਜਿਹੀ 'ਚ ਆਖਿਆ, "ਫਿਰ ਵੀ ਵਾਧੇ-ਘਾਟੇ ਸੋਚ ਲੈਣੇ ਸੀ ਆਪਣੇ...।"

"ਸਰਪੰਚ ਸਾਹਿਬ...'ਆਪਣੇ ਬੰਦਿਆਂ' ਨੂੰ ਸਮਝਾ ਲਵੋ...ਅਸੀਂ ਵਾਧੂ-ਘਾਟੂ ਗੱਲਾਂ ਸੁਣਨ ਨਹੀਂ ਆਏ...'ਆਪਣੇ ਬੰਦੇ' ਦੇ ਕਹਿਣ 'ਤੇ ਮੈਂ ਇਨ੍ਹਾਂ ਨੂੰ ਛੱਡਣ ਆ ਗਿਆ...। ਵਾਪਸ ਚਲੇ ਜਾਂਦੇ ਆਂ...ਫਿਰ ਵੇਖ ਲਿਉ 'ਵਾਧੇ-ਘਾਟੇ' ਕਿੰਨ੍ਹਾਂ ਨੂੰ ਪੈਂਦੇ ਆ...।"

ਇਕ ਪਲ ਮੈਨੂੰ ਲੱਗਾ ਬਣੀ-ਬਣਾਈ ਗੱਲ ਹੱਥੋਂ ਖਿਸਕ ਚੱਲੀ ਆ। ਨਾ ਚਾਹੁੰਦਿਆਂ ਹੋਇਆਂ ਵੀ ਉਸ ਨਵੇਂ-ਨਵੇਂ ਬਣੇ ਮੋਹਤਬਰ ਨੂੰ ਆਪਣੇ ਕਲਾਵੇ 'ਚ ਲੈ ਲਿਆ। ਮੈਂ ਕੁਝ ਕਹਿਣ ਹੀ ਵਾਲਾ ਸੀ ਕਿ ਭੀੜ 'ਚੋਂ ਬਚਨਾ ਅਮਲੀ ਬੋਲ ਪਿਆ, "ਗੁਲਜ਼ਾਰ ਸਿਆਂ...ਸਰਪੰਚ ਦੀ ਪਿੱਠ 'ਤੇ ਵੀ 'ਮਰੀਕਾ' ਤੇ ਸਾਡੀ ਪਿੱਠ 'ਤੇ ਵੀ 'ਮਰੀਕਾ'...ਸਾਡਾ ਦੋਵਾਂ ਦਾ ਇਕੋ ਤਰੀਕਾ ਤੇ ਫਿਰ ਰੌਲ਼ਾ ਕਾਹਦਾ...।"

ਵਾਕਿਆ ਹੀ ਫਿਰ ਕੋਈ ਰੌਲ਼ਾ ਨਹੀਂ ਰਿਹਾ ਸੀ। ਦੋਵਾਂ ਧਿਰਾਂ ਦੀ ਰਜ਼ਾਮੰਦੀ ਨਾਲ ਮੇਰੇ ਸਿਰ ਤੋਂ ਮਣਾਂ-ਮੂੰਹੀਂ ਭਾਰ ਲੱਥ ਗਿਆ ਸੀ। 'ਅਜੈ ਨਰ' ਨੂੰ ਫੋਨ ਕਰ ਕਹਿੰਦਾ ਹਾਂ, "ਪੁੱਤਰਾ...ਪਿਉ ਤੇਰਾ ਜਨਮ ਤੋਂ 'ਨਰ' ਸੀ, ਮੈਂ ਕਰਮ ਤੋਂ 'ਨਰ'...ਪਰ ਤੂੰ ਜਨਮ ਤੋਂ ਵੀ ਨਰ ਤੇ ਕਰਮ ਤੋਂ ਵੀ ਨਰ।"

"ਚਾਚਾ ਤੂੰ ਮੈਨੂੰ ਪਿਉ ਬਰੋਬਰ ਆਂ...ਬਸ ਹੁਕਮ ਕਰਿਆ ਕਰ।"

ਉਹਦੇ ਇਹ ਬੋਲ ਮੈਨੂੰ ਧਰਵਾਸਾ ਦੇ ਗਏ ਸੀ ਤੇ ਇਸ ਧਰਵਾਸੇ 'ਚ ਹੀ ਮੈਂ ਆਪਣੇ ਪੁੱਤ ਨੂੰ ਫੋਨ ਕਰ ਦਿੱਤਾ ਸੀ...ਪਰ ਮਾੜੀ-ਮੋਟੀ ਸਤਿ-ਕੁਸਤਿ ਕਰ, ਉਸ ਫੋਨ ਨਿਆਣਿਆਂ ਦੇ ਕੰਨਾਂ ਨੂੰ ਲਾ ਦਿੱਤਾ ਸੀ। ਦਿਨ ਚੜ੍ਹੇ ਹੀ ਉਹਦੀ ਇਹ ਹਰਕਤ ਮੇਰੇ ਧੁਰ ਅੰਦਰ ਤਕ ਲਾਂਬੂ ਲਾ ਗਈ ਸੀ।

ਪੁੱਤ ਦੇ ਲੱਛਣਾਂ ਨੇ ਮੈਨੂੰ ਲੂਹ ਕੇ ਰੱਖ ਦਿੱਤਾ ਸੀ ਤੇ ਮੈਂ ਸੋਚ ਰਿਹਾ ਸੀ ਇਹ ਕਰੋਨਾ ਤਾਂ ਕਿਸੇ

ਦਿਨ ਖ਼ਤਮ ਹੋ ਜੂ, ਪਰ ਬੰਦੇ ਅੰਦਰ ਪਿਆ ਕਰੋਨਾ ਬਹੁਤ ਜ਼ਹਿਰੀਲਾ...ਇਸ ਪਤੰਦਰ ਕੋਲ਼ ਇਹੋ ਜਿਹੀਆਂ ਕਲਾਬਾਜ਼ੀਆਂ...ਇਹ ਮਰਨ ਵੀ ਨਹੀਂ ਦੇਂਦੀਆਂ...ਪਰ ਜੀਣ ਜੋਗਾ ਵੀ ਨਹੀਂ ਛੱਡਦੀਆਂ...।

ਮਨ ਨੂੰ ਆਹਰੇ ਲਾਉਣ ਲਈ ਟੀ.ਵੀ. ਲਾ ਲੈਂਦਾ ਹਾਂ। ਟੀ.ਵੀ. 'ਤੇ ਚੀਕ ਚਿਹਾੜਾ ਪੈ ਰਿਹਾ ਹੈ-ਘਰ 'ਚ ਰਹਿੰਦੇ ਬਜ਼ੁਰਗ ਜੋੜੇ ਦੀ ਮੌਤ...ਧੀਆਂ-ਪੁੱਤਾਂ ਨੇ ਲਾਸ਼ਾਂ ਲੈਣ ਤੋਂ ਕੀਤਾ ਇਨਕਾਰ। ਮੇਰੀ ਸ਼ੂਗਰ ਘੱਟ ਹੋ ਜਾਂਦੀ ਹੈ...ਹੱਥ-ਪੈਰ ਕੰਬਣ ਲੱਗਦੇ ਆ...ਸਰੀਰ ਠੰਡਾ ਯਖ...ਅੱਖਾਂ ਮਿਚਣ ਲੱਗਦੀਆਂ ਹਨ...ਰੂਹ ਉੱਡ ਜਾਂਦੀ ਹੈ...ਕ੍ਰਿਸ਼ਨਾ ਦਰਵਾਜ਼ਾ ਖੋਲ੍ਹ ਰਿਹਾ ਹੈ...ਗਲੀ-ਗੁਆਂਢ ਨੂੰ ਵਾਜਾਂ ਮਾਰ ਰਿਹਾਂ...ਕੋਈ ਨਹੀਂ ਬਹੁੜਦਾ...ਨੂੰਹ-ਪੁੱਤ ਵੀ ਫੋਨ ਨਹੀਂ ਚੁੱਕ ਰਹੇ...।

ਗੁਰਦੁਆਰੇ 'ਚ ਅਨਾਊਂਸਮੈਂਟ ਹੋ ਰਹੀ ਹੈ, "ਗੁਰੂ ਘਰ ਦੀ ਸਾਜੀ-ਨਿਵਾਜੀ ਸਾਧ ਸੰਗਤ...ਸਾਡੇ ਸਭ ਦੇ ਹਰਦਿਲ ਅਜੀਜ਼ ਬਲਵੰਤ ਸਿੰਘ ਜੀ ਸਵਰਗ ਸਿਧਾਰ ਗਏ ਹਨ...ਮਹਾਮਾਰੀ ਦੇ ਚਲਦਿਆਂ...ਅੰਤਮ ਰਸਮਾਂ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਨੇ ਲਈ ਹੈ। ਪਿੰਡੋਂ ਹਟਵੀਆਂ ਹੋਣ ਕਰਕੇ ਉਨ੍ਹਾਂ ਦਾ ਸਸਕਾਰ 'ਲਹਿੰਦੀ ਪੱਤੀ' ਵਾਲੇ ਸ਼ਮਸ਼ਾਨਘਾਟ 'ਚ ਕੀਤਾ ਜਾਵੇਗਾ। ਸਾਧ ਸੰਗਤ ਨੂੰ ਬੇਨਤੀ ਹੈ ਕਿ ਸਸਕਾਰ ਵੇਲੇ ਬਹੁਤਾ 'ਕੱਠ ਨਾ ਕੀਤਾ ਜਾਵੇ ਜੀ...।"

'ਚੜ੍ਹਦੀ ਪੱਤੀ' 'ਚੋਂ ਕੋਈ ਜੀਅ-ਪਰਿੰਦਾ ਨਹੀਂ ਹਿੱਲਦਾ। 'ਲਹਿੰਦੀ ਪੱਤੀ' ਦੇ ਵਿਹੜੇ 'ਚ ਚਾਚੀ ਪ੍ਰਸਿੰਨੀ ਖਲੋ ਗਈ ਹੈ...ਉਹਦੇ ਦੁਆਲ਼ੇ ਚਿੱਟੀਆਂ ਚੁੰਨੀਆਂ ਦਾ ਝੁਰਮਟ ਹੈ। 'ਦੇਹ' ਨੂੰ ਵੇਖ ਦੂਰੋਂ ਵੈਣ ਪੈਣ ਲੱਗਦੇ ਹਨ-

ਵੇ ਸਾਡੇ ਲਈ...ਤੂੰ ਰਣਜੀਤ ਸਿਹੁੰ ਮਾਰਾਜ
ਵੇ ਉੱਠ ਕੇ ਸਾਡੇ ਕੰਨੀਂ ਝਾਕ
ਵੇ ਆਏ ਤੇਰੇ ਉੜਾਂ-ਥੁੜਾਂ ਦੇ ਸਾਕ।

ਕੋਈ ਅਣਪਛਾਣਿਆ ਚਿਹਰਾ 'ਦੇਹ' ਨੂੰ 'ਲਾਂਬੂ' ਲਾਉਣ ਲੱਗਾ ਹੈ। ਚਾਚੀ ਪ੍ਰਸਿੰਨੀ ਮੇਰੇ ਪੁੱਤ ਨੂੰ ਵਾਜਾਂ ਮਾਰਦੀ ਹੈ...ਪਰ ਉਹ ਨਹੀਂ ਬਹੁੜਦਾ ਤੇ ਫਿਰ ਚਾਚੀ ਪ੍ਰਸਿੰਨੀ 'ਚੜ੍ਹਦੀ ਪੱਤੀ' ਵੱਲ ਵੇਖਦਿਆਂ ਲੇਰ ਮਾਰਦੀ ਹੈ।

ਕੋਈ ਲਾਂਬੂ ਵੀ ਲਾਉਣ ਨਾ ਆਇਆ
ਵੇ ਬਹੁਤੀਆਂ ਜੈਦਾਦਾਂ ਵਾਲਿਆ।

ਮੈਂ ਉੱਠ ਖਲੋਇਆ ਸੀ, ਘਬਰਾਇਆ ਹੋਇਆ ਸੀ...ਅੱਭੜਵਾਹੇ ਮੈਂ ਆਪਣੇ ਸਰੀਰ ਨੂੰ ਟੋਂਹਦਾ ਹਾਂ...ਆਪਣੇ ਦਿਲ 'ਤੇ ਹੱਥ ਧਰਦਾ ਹਾਂ...ਇਹ ਤਾਂ ਅਜੇ ਵੀ ਧੜਕ ਰਿਹਾ ਸੀ। ਬਾਹਰ ਆਉਂਦਾ ਹਾਂ...ਪਰ ਅੱਜ ਮੈਂ ਕ੍ਰਿਸ਼ਨਾ ਨੂੰ ਆਵਾਜ਼ ਨਹੀਂ ਮਾਰਦਾ।

ਤੇ ਅਗਲੇ ਹੀ ਪਲ ਮੈਂ 'ਕੱਲਾ ਹੀ 'ਲਹਿੰਦੀ ਪੱਤੀ' ਦੀਆਂ ਮੜ੍ਹੀਆਂ ਦੇ ਰਾਹੇ ਪੈ ਜਾਂਦਾ ਹਾਂ...ਮੜ੍ਹੀਆਂ 'ਚ ਲੱਗੇ ਬੂਟਿਆਂ ਨੂੰ ਪਾਣੀ ਦੇਂਦਾ ਹਾਂ...ਗਰਮੀ ਨਾਲ 'ਧੁਖੇ ਫੁੱਲਾਂ' 'ਤੇ ਪਾਣੀ ਦਾ ਛਿੜਕਾਅ ਕਰਦਿਆਂ ਆਪਣੇ ਧੁਖਦੇ ਸਰੀਰ ਨੂੰ ਵੀ ਪਾਣੀ ਥੱਲੇ ਕਰ ਦੇਂਦਾ ਹਾਂ...ਮੇਰੇ ਅੰਦਰ ਚਿਰਾਂ ਤੋਂ ਮੱਚ ਰਿਹਾ ਲਾਂਬੂ ਹੌਲ਼ੀ-ਹੌਲ਼ੀ ਮੱਠਾ ਪੈਣ ਲੱਗਦਾ ਹੈ।000

***(ਏ-3, ਨਿਊ ਅੰਮ੍ਰਿਤਸਰ, ਅੰਮ੍ਰਿਤਸਰ- 143 001***
***ਫੋਨ: 99888-54454)***

# ਇਨਕਾਰ: ਕਹਾਣੀ: ਬਲਬੀਰ ਪਰਵਾਨਾ

ਹਰਦੀਪ ਬਹੁਤ ਕੁਝ ਦੱਸ ਗਿਆ ਸੀ। ਸ਼ਾਇਦ ਬਹੁਤ ਕੁਝ ਹੋਰ ਵੀ ਹੋਵੇ, ਜਿਹੜਾ ਉਸਨੇ ਲੁਕਾ ਲਿਆ ਹੋਵੇ ਕਿ ਉਸ ’ਤੇ ਨੌਕਰੀ ਦੇ ਅਨੁਸ਼ਾਸਨ ਦੀ ਇਕ ਸੀਮਾ ਸੀ, ਜਿੱਥੇ ਭਾਵੁਕਤਾ ਲਈ ਕੋਈ ਥਾਂ ਨਹੀਂ ਹੁੰਦੀ। ਉਪਰੋਂ ਆਏ ਹੁਕਮਾਂ ਨੂੰ ਵਜਾਉਣਾ ਹੀ ਹੁੰਦਾ, ਕਾਗ਼ਜ਼ਾਂ ਦਾ ਢਿੱਡ ਭਰਨਾ! ਜੇ ਇਸ ’ਚ ਫਿੱਟ-ਪੁਰਜ਼ਾ ਬਣਕੇ ਨਹੀਂ ਰਹਿ ਸਕਦੇ, ਪ੍ਰਬੰਧ ਦੀ ਮਸ਼ੀਨ ਅਜਿਹੇ ਅਣਫਿੱਟ-ਪੁਰਜ਼ਿਆਂ ਨੂੰ ਬਾਹਰ ਕਰ ਦਿੰਦੀ ਹੈ। ਹਰਦੀਪ ਵੀ ਤਾਂ ਫਿੱਟ-ਪੁਰਜ਼ਾ ਹੀ ਹੈ! ਸਿਪਾਹੀ ਭਰਤੀ ਹੋ ਕੇ ਤਰੱਕੀ ਕਰਦਾ ਇੰਸਪੈਕਟਰ ਤਕ ਪੁੱਜਿਆ ਹੋਇਆ! ਪਰ ਇਹ ਸੂਚਨਾ...! ਸ਼ਾਇਦ ਅਹਿਸਾਨਾਂ ਦਾ ਬਦਲਾ ਚੁਕਾਉਣ ਦਾ ਕੋਈ ਯਤਨ ਸੀ ਜਾਂ ਗੁਰੂ-ਚੇਲਾ ਪਰੰਪਰਾ ਦਾ ਕੁਝ ਰਿਣ ਮੋੜਨ ਦਾ!

ਉਂਝ ਜਦੋਂ ਉਸਨੇ ਦੱਸਿਆ, ਉਸਨੂੰ ਕੋਈ ਬਹੁਤਾ ਅਚੰਭਾ ਨਹੀਂ ਸੀ ਹੋਇਆ। ਅਜਿਹੀਆਂ ਪੁੱਛਗਿੱਛਾਂ ਜਾਂ ਜਾਂਚ-ਪੜਤਾਲਾਂ ਉਸਦੀ ਜ਼ਿੰਦਗੀ ਦਾ ਹਿੱਸਾ ਹੀ ਰਹੀਆਂ ਸਨ, ਜਿਉਂ ਉਹ ਕਾਲਿਜ ਪੜ੍ਹਨ ਲਈ ਪੁੱਜਿਆ। ਫ਼ਰਕ ਸਿਰਫ਼ ਇਹ ਸੀ ਉਦੋਂ ਉਹ ਸਰਗਰਮ ਸੀ, ਉਸਨੂੰ ਪਤਾ ਹੁੰਦਾ ਸੀ। ਪਰ ਪਿੰਡ ਮੁੜਦਿਆਂ ਉਹ ਸਾਰੀ ਸਰਗਰਮੀ ਪਿੱਛੇ ਛੱਡ ਆਇਆ ਸੀ, ‘ਹੁਣ ਤਾਂ ਰਿਟਾਇਰ ਜ਼ਿੰਦਗੀ ਜੀਵਾਂਗਾ, ਸੱਚੀਂ ਦੀ ਰਿਟਾਇਰ ਜ਼ਿੰਦਗੀ!’ ਪਰ ਸਰਕਾਰੀ-ਤੰਤਰ ਦੀਆਂ ਤੰਦਾਂ...? ਉਸ ਅੰਦਰ ਆਪਣੇ ਆਪ ਨਾਲ ਸੰਵਾਦ ਚੱਲ ਪਿਆ ਸੀ ਜਿਵੇਂ ਛੱਪੜ ਦੇ ਪਾਣੀ ’ਚ ਢੀਮ ਮਾਰਨ ਨਾਲ ਲਹਿਰਾਂ ਦਾ ਪਰਵਾਹ ਤੁਰ ਪੈਂਦਾ, ਹਲਚਲ ਜਿਹੀ। ਇੰਝ ਹੀ ਉਸਦੇ ਅੰਦਰ ਬਹੁਤ ਕੁਝ ਉਫ਼ਨਣ ਲੱਗ ਪਿਆ ਸੀ, ‘ਆਖਰ ਸੱਤਾ ਚਾਹੁੰਦੀ ਕੀ ਹੈ? ਕੀ ਲੋਕ ਆਪਣੀ ਜ਼ਿੰਦਗੀ ਬਾਰੇ ਸੋਚਣਾ ਛੱਡ ਦੇਣ!’ ਗ਼ਰੀਬੀ ਹਟਾਉਣ ਦੇ ਨਾਹਰੇ ਹੇਠ ਕੁਰਸੀ ਸਾਂਭੀ ਜਾਂਦੀ ਹੈ ਪਰ ਪੰਜ ਸਾਲ ਬੀਤਦੇ-ਬੀਤਦੇ ਗ਼ਰੀਬੀ ਹੋਰ ਵਧੀ ਹੁੰਦੀ ਹੈ, ਗ਼ਰੀਬੀ-ਅਮੀਰੀ ਦਾ ਪਾੜਾ ਵਧਿਆ ਹੁੰਦਾ! ਉਸਦਾ ਕਸੂਰ ਤਾਂ ਸਿਰਫ਼ ਇਹੀ ਹੈ ਕਿ ਜੋ ਕੁਝ ਗ਼ਲਤ ਲੱਗਦਾ, ਉਸ ਬਾਰੇ ਸੁਆਲ ਖੜ੍ਹੇ ਕਰਦਾ! ਜੋ ਕੁਝ ਸਹੀ ਲੱਗਿਆ, ਜਿਸ ’ਚੋਂ ਸਕੂਨ ਮਿਲਿਆ, ਉਹ ਕੀਤਾ। ਆਪਣੇ ਮਨ ਅਨੁਸਾਰ ਜੀਣਾ, ਜੇ ਇਸ ਨਾਲ ਕਿਸੇ ਹੋਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ ਤਾਂ ਇਸ ’ਤੇ ਕਿਉਂ ਇਤਰਾਜ਼ ਹੋਵੇ! ਫਿਰ ਸਰਕਾਰ ਨੂੰ...? ਉਸ ਕੋਲ ਹੋਰ ਮਸਲੇ ਨਹੀਂ! ‘ਦੇਸ਼ ਕਰੋਨਾ ਦੀ ਮਾਰ ਦੇ ਨਾਲ-ਨਾਲ ਆਰਥਿਕ ਸੰਕਟ ’ਚੋਂ ਵੀ ਗੁਜ਼ਰ ਰਿਹਾ, ਉਸ ਬਾਰੇ ਸਿਰ ਮਾਰਨ ਦੀ ਬਜਾਏ, ਮੇਰੇ ਵਰਗੇ ਫਾਲਤੂ ਬੰਦੇ ਦੀ ਜਸੂਸੀ ਕੀਤੀ ਜਾ ਰਹੀ ਹੈ!’ ਉਸਨੇ ਮੱਥੇ ’ਤੇ ਹੱਥ ਫੇਰ ਘਿਰ ਆਈਆਂ ਪਸੀਨੇ ਦੀਆਂ ਬੂੰਦਾਂ ਨੂੰ ਪੂੰਝਿਆ, ਜਿਹੜੀਆਂ ਅੱਖਾਂ ’ਚ ਪੈਣ ਵੱਲ ਵਧ ਰਹੀਆਂ ਸਨ ਤੇ ਕੱਦੂ ਦੀਆਂ ਵੇਲਾਂ ਵੱਲ ਤੁਰ ਪਿਆ, ਜਿਨ੍ਹਾਂ ਦੇ ਮੁੱਢਾਂ ਦੁਆਲਿਉਂ ਘਾਹ-ਬੂਟ ਸਾਫ਼ ਕਰ, ਖਣਿਆਂ ਦੀਆਂ ਬਟੀਰਾਂ ’ਤੇ ਮਿੱਟੀ ਚਾੜ੍ਹਦਾ, ਹਰਦੀਪ ਨੂੰ ਆਉਂਦਿਆਂ ਤੱਕ ਮੋਟਰ ਵੱਲ ਉੱਠ ਕੇ ਆਖਿਆ ਸੀ। ਉਸਨੇ ਖੇਤ ਨੂੰ ਆਉਂਦੀ ਦੋ ਕਰਮ ਦੀ ਪਹੀ ਕੰਢੇ ਜਦੋਂ ਆਪਣੀ ਬਾਈਕ ਖੜ੍ਹੀ ਕੀਤੀ, ਉਦੋਂ ਹੀ ਦੇਖ ਲਿਆ ਸੀ। ਉੱਥੋਂ ਖੇਤ ਵਿਚੀਂ ਦੋ ਕੁ ਹੱਥ ਚੌੜੀ ਕਰਕੇ ਬੰਨੇ-ਨੁਮਾ ਪਗਡੰਡੀ ਮੋਟਰ ਤਕ ਬਣਾਈ ਹੋਈ ਸੀ, ਜਿਸਦੇ ਆਸੀਂ-ਪਾਸੀਂ ਗੁਲਾਬਾਂ ਦੇ ਬੂਟੇ ਲਾਏ ਹੋਏ ਸਨ। ਉਨ੍ਹਾਂ ’ਤੇ ਖਿੜੇ ਹੋਏ ਕਈ ਰੰਗਾਂ ਦੇ ਫੁੱਲ; ਲਾਲ, ਗੁਲਾਬੀ, ਚਿੱਟੇ, ਪੀਲੇ। ਜਿੱਥੇ ਆ ਕੇ ਪਗਡੰਡੀ ਮੁੱਕਦੀ, ਉੱਥੇ ਚੁਬੱਚੇ ਕੋਲ ਗੁਲਮੋਹਰਾਂ ਦੇ ਦੋ ਬੂਟੇ ਸਨ, ਨੀਲੇ ਗੁਲਮੋਹਰ। ਭਰਪੂਰ ਖਿੜੇ ਹੋਏ। ਉਨ੍ਹਾਂ ਹੇਠਾਂ ਲੱਕੜ ਦੇ ਕੁਝ ਪੁਰਾਣੇ ਮੋਛੇ ਉਪਰੋਂ ਸਾਫ਼ ਕਰਕੇ ਬਹਿਣ ਲਈ ਰੱਖੇ ਹੋਏ ਸਨ। ਉਹ ਬੈਂਚ ਦਾ ਕੰਮ ਵੀ ਦੇਂਦੇ, ਕੁਰਸੀਆਂ ਤੇ ਮੇਜ਼ ਦਾ ਵੀ।

ਹਰਦੀਪ ਪਹਿਲਾਂ ਵੀ ਕਈ ਵਾਰ ਆਇਆ ਸੀ। ਉਸ ਪ੍ਰਤੀ ਆਪਣਾ ਆਭਾਰ ਪ੍ਰਗਟ

ਕਰਦਾ। ਕਦੀ ਯੂਨੀਵਰਸਿਟੀ ਵੇਲ਼ੇ ਦੀਆਂ ਗੱਲਾਂ ਕਰਨ ਲੱਗ ਪੈਂਦਾ ਤੇ ਕਦੀ ਹੁਣ ਦੀਆਂ; ਉਸਦੇ ਪੜ੍ਹਨ-ਲਿਖਣ ਦੀਆਂ। ਉਹ ਤਾਂ ਸਾਧਾਰਨ ਹੀ ਲੈਂਦਾ ਰਿਹਾ ਸੀ ਜਿਵੇਂ ਕਿ ਅਕਸਰ ਹੋਰ ਵੀ ਮਿਲਣ ਵਾਲਿਆਂ ਨੂੰ ਲੈਂਦਾ। ਕੋਈ ਨਾ ਕੋਈ ਤਾਂ ਆਇਆ ਹੀ ਰਹਿੰਦਾ ਸੀ। ਬਹੁਤੇ ਆਮ ਕਰਕੇ ਬਾਅਦ ਦੁਪਹਿਰ ਹੀ ਆਉਂਦੇ, ਜਦੋਂ ਉਹ ਆਪਣੇ ਪੁਰਾਣੇ ਘਰ ਬੈਠਾ ਪੜ੍ਹ ਰਿਹਾ ਹੁੰਦਾ ਜਾਂ ਉਸ ਸਾਹਮਣਲੇ ਪਿੱਪਲ ਵਾਲੇ ਥੜ੍ਹੇ 'ਤੇ ਬੈਠਾ ਲੋਕਾਂ ਨਾਲ ਗੱਲਾਂ ਮਾਰਦਾ। ਹਰਦੀਪ ਵੀ ਆਇਆ ਉਸ ਕੋਲ਼ ਕਿੰਨਾ-ਕਿੰਨਾ ਚਿਰ ਬੈਠਾ ਰਹਿੰਦਾ, ਕਈ ਵਾਰ ਤਾਂ ਹਨੇਰਾ ਪੈਣ ਤਕ ਵੀ।

ਅੱਜ ਸ਼ਾਇਦ ਇਸ ਲਈ ਮੋਟਰ 'ਤੇ ਆਇਆ ਸੀ ਕਿ ਉਸਨੂੰ ਇਕੱਲਿਆ ਮਿਲ ਸਕੇ। ਉਸਨੇ ਉਸਨੂੰ ਦੱਸਣਾ ਜੂ ਸੀ, "ਸਰ ਜੀ, ਮੇਰੀ ਤਾਂ ਡਿਊਟੀ ਲੱਗੀ ਹੋਈ ਸੀ ਤੁਹਾਡੇ ਬਾਰੇ ਜਾਣਕਾਰੀ ਇਕੱਤਰ ਕਰਨ ਦੀ... ਸ'ਾਰੀ ਸਰ, ਮੈਂ ਤੁਹਾਨੂੰ ਪਹਿਲਾਂ ਕੁਝ ਨਾ ਦੱਸਿਆ... ਮੈਂ ਆਪਣੇ ਵੱਲੋਂ ਤਾਂ ਸਹੀ ਰਿਪੋਰਟ ਭੇਜ ਦਿੱਤੀ ਐ... ਮੈਥੋਂ ਬਾਹਰਵਾਰ ਕੋਈ ਹੋਰ ਵੀ ਲਾਇਆ ਹੋ ਸਕਦਾ ਜਾਂ ਰਿਪੋਰਟ ਨੂੰ ਦਰਕਿਨਾਰ ਕਰ ਉਪਰੋਂ ਸਿੱਧੀ ਕਾਰਵਾਈ ਵੀ ਕਰ ਸਕਦੇ ਐ! ਕੁਝ ਕੁ ਚੌਕਸ ਰਹਿਣਾ, ਸਰ...।"

'ਕਿਸ ਗੱਲ ਤੋਂ ਚੌਕਸ ਹੋਵੇ!' ਉਸਨੇ ਮਨ ਹੀ ਮਨ ਸੋਚਿਆ। ਸਹਿਜ ਨਾਲ ਹੀ ਤਾਂ ਜੀਊ ਰਿਹਾ ਹੈ, ਪਰ ਪਤਾ ਨਹੀਂ ਕਿਉਂ ਉਸ ਬਾਰੇ ਸ਼ੰਕੇ ਹੀ ਸ਼ੰਕੇ ਖਿਲਰਦੇ ਰਹੇ ਹਨ। ਯੂਨੀਵਰਸਿਟੀ ਵੇਲ਼ੇ ਵੀ ਕੋਈ ਨਾ ਕੋਈ ਅਜਿਹੀ ਪੁੱਛਗਿਛ ਲਈ ਆ ਧਮਕਦਾ ਸੀ, "ਫੀਸਾਂ 'ਚ ਵਾਧੇ ਨੂੰ ਲੈ ਕੇ ਫਲਾਣੀ ਹੜਤਾਲ ਨੂੰ ਲੀਡ ਕਰਨ ਵਾਲੇ ਬਹੁਤੇ ਤੁਹਾਡੇ ਵਿਦਿਆਰਥੀ ਸਨ। ਕਿਉਂ?"

"ਫਲਾਣੇ ਸੈਮੀਨਾਰ 'ਚ ਬੋਲਣ ਵਾਲਾ ਮੁੱਖ-ਵਕਤਾ ਮਾਓਵਾਦੀ ਬੁੱਧੀਜੀਵੀ ਸੀ। ਤੁਹਾਡਾ ਉਸ ਨਾਲ ਕੀ ਸੰਬੰਧ ਹੈ?" ਵਗੈਰਾ ਵਗੈਰਾ। ਹਾਲਾਂਕਿ ਇਹ ਸੈਮੀਨਾਰ ਖੁੱਲ੍ਹੇ ਹੁੰਦੇ। ਸੱਦਾ-ਪੱਤਰ ਛਪਦੇ, ਅਖ਼ਬਾਰਾਂ 'ਚ ਖ਼ਬਰਾਂ ਲੱਗਦੀਆਂ। ਪਰ ਉਹ ਉਸਦੀ ਜਥੇਬੰਦਕ ਸ਼ਮੂਲੀਅਤ ਬਾਰੇ ਜਾਣਨਾ ਚਾਹੁੰਦੇ,ਜਿਹੜੀ ਕਿ ਸੀ ਨਹੀਂ। ਉਸਨੂੰ ਲਗਦਾ,ਕਿੰਤੂਆਂ-ਪਰੰਤੂਆਂ ਦੇ ਬਾਵਜੂਦ ਜਥੇਬੰਦੀਆਂ ਇਕ ਸੀਮਾ 'ਤੇ ਆ ਕੇ ਜੀਵੰਤ-ਸੰਵਾਦ ਤੋਂ ਪਾਸਾ ਵੱਟ ਲੈਂਦੀਆਂ ਹਨ। ਜਦੋਂ ਉਹ ਪਿੰਡ ਆਇਆ ਤਾਂ ਉਹ ਇਹ ਵੀ ਫੈਸਲਾ ਕਰਕੇ ਆਇਆ ਸੀ, 'ਹੁਣ ਸਿਰਫ਼ ਘਰ ਪਰਿਵਾਰ 'ਚ ਜੀਵਾਂਗਾ... ਰਿਟਾਇਰਮੈਂਟ ਵਾਲੀ ਜ਼ਿੰਦਗੀ।'

"ਸਾਡੇ ਡੀ.ਐੱਸ.ਪੀ. ਨੂੰ ਇਹ ਗੱਲ ਨੀ ਪਚ ਰਹੀ ਕਿ ਕੋਈ ਪ੍ਰੋਫੈਸਰ ਰਿਟਾਇਰ ਹੋ ਕੇ ਪਿੰਡ ਆ ਅਨਪੜ੍ਹ ਲੋਕਾਂ ਵਾਂਗ ਜੀਊਣ ਲੱਗ ਪਵੇ... ਆਪਣੇ ਕਮੈਂਟ ਫਾਰਵਰਡ ਕਰਾਉਣ ਲਈ ਉਸ ਨਾਲ ਬੜਾ ਮੱਥਾ ਮਾਰਨਾ ਪਿਆ...। 'ਨਹੀਂ,ਇਸ ਪਿੱਛੇ ਜ਼ਰੂਰ ਕੋਈ ਗੁਪਤ ਏਜੰਡਾ ਹੋਣਾ, ਜੋ ਤੁਸੀਂ ਫੜ ਨਹੀਂ ਸਕੇ।' ਪਰ ਅੰਦਰੋਂ ਸ਼ਾਇਦ ਉਸਨੂੰ ਵੀ ਮੇਰੀ ਗੱਲ ਸਹੀ ਲਗਦੀ ਸੀ ਕਿ ਉਸਨੇ ਰਿਪੋਰਟ ਫਾਰਵਰਡ ਕਰ ਹੀ ਦਿੱਤੀ...।" ਸਾਹਮਣੇ ਮੋੜ੍ਹੇ ਦੇ ਬਣਾਏ ਸਟੂਲ 'ਤੇ ਬੈਠਾ ਹਰਦੀਪ ਹੋਰ ਵੀ ਕਈ ਕੁਝ ਦੱਸਦਾ ਰਿਹਾ ਸੀ। ਅੰਤ ਉੱਠਣ ਲੱਗਿਆਂ ਉਸਨੇ ਇਕ ਸਲਿਪ 'ਤੇ ਨੰਬਰ ਲਿਖ ਕੇ ਉਸਨੂੰ ਫੜਾਇਆ, "ਇਹ ਡੀ.ਐੱਸ.ਪੀ.ਸਰ ਦਾ ਹੈ... ਮੁਕੇਰੀਆਂ ਤੁਸੀਂ ਆਉਂਦੇ ਜਾਂਦੇ ਹੀ ਰਹਿੰਦੇ ਹੋ। ਕਦੀ ਆਏ ਤਾਂ ਉਨ੍ਹਾਂ ਨੂੰ ਫੋਨ ਕਰਕੇ ਮਿਲ ਲੈਣਾ...ਖੁਸ਼ ਹੋਣਗੇ ਉਹ...।"

ਉਹ ਚਲਾ ਗਿਆ, ਪਰ ਪਿੱਛੇ ਛੱਡ ਗਿਆ ਸੀ ਉਸ ਲਈ ਉਸਲ-ਵੱਟੇ ਲੈਂਦੀਆਂ ਸੋਚਾਂ ਦਾ ਅਮੁੱਕ ਸਿਲਸਿਲਾ, 'ਤਾਂ ਹੁਣ ਸਰਕਾਰਾਂ ਇਸ ਗੱਲ ਦੀ ਵੀ ਖੋਜਬੀਨ ਕਰਨਗੀਆਂ ਕਿ ਕੋਈ ਕਿਵੇਂ ਜੀਊਂਦਾ ਹੈ! ਕੀ ਖਾਂਦਾ ਹੈ ਜਾਂ ਕਿਸ ਨਾਲ ਬਹਿੰਦਾ-ਉੱਠਦਾ ਹੈ। ਸ਼ਾਇਦ ਉਹ ਦੇਸ਼ ਨੂੰ ਮੁਰਗ਼ਿਆਂ ਦੇ ਬਰੋਲਰ-ਫਾਰਮ ਵਾਂਗ ਬਣਾ ਦੇਣਾ ਚਾਹੁੰਦੀਆਂ ਹਨ। ਫੀਡ ਦਾ ਸਮਾਂ ਨਿਸਚਿਤ, ਦੁਆਈਆਂ ਦਾ ਸਮਾਂ। ਮੁਰਗ਼ਿਆਂ ਦਾ ਕੰਮ ਹੈ ਖਾ ਪੀ ਕੇ ਮੋਟੇ ਹੋਣਾ ਤੇ ਵੱਢੇ ਜਾਣ ਦੀ ਉਡੀਕ ਕਰਨੀ। ਜ਼ਿੰਦਗੀ ਦਾ ਮਕਸਦ ਕੀ ਸਿਰਫ਼ ਖਾਣਾ-ਪੀਣਾ ਹੀ ਹੁੰਦਾ ਜਾਂ ਕੰਮ 'ਚ ਲੱਗੇ ਰਹਿਣਾ, ਬਿਨਾਂ ਕੁਝ ਵੀ ਸੋਚਿਆ। ਜੇ ਉਹ ਸਲੀਕਾ ਜ਼ਿੰਦਗੀ ਨੂੰ ਖਾ ਰਿਹਾ ਹੋਵੇ ਤਾਂ ਉਸ ਬਾਰੇ ਸੋਚਣਾ ਜ਼ਰੂਰੀ ਕਿਉਂ ਨਹੀਂ ਬਣਦਾ ਜਾਂ ਆਪਣੀ ਜ਼ਿੰਦਗੀ ਬਾਰੇ! ਕਿਉਂ ਮੁਰਗ਼ੀਖਾਨੇ ਦੇ ਮੁਰਗ਼ਿਆਂ ਵਾਂਗ ਸੀਮਤ ਕੀਤੀ

ਜਾ ਰਹੀ ਉਡਾਣ ਨੂੰ ਸਵੀਕਾਰਿਆ ਜਾਵੇ...? ਜਾਂ ਫਿਰ ਅੰਨ੍ਹੀ-ਬੋਲ਼ੀ ਗੁਫ਼ਾ ਦੀ ਉਡਾਣ...! ਇਕ ਦੂਸਰੇ ਦੀ ਦੇਖਾ-ਦੇਖੀ ਅਜਿਹੀ ਪਾਗਲਪਣ ਦੀ ਦੌੜ 'ਚ ਭੱਜੇ ਰਹਿਣਾ, ਜਿਸਦੇ ਉਦੇਸ਼ ਦਾ ਖ਼ੁਦ ਦੌੜਨ ਵਾਲਿਆਂ ਨੂੰ ਵੀ ਪਤਾ ਨਹੀਂ ਹੁੰਦਾ...

0 0 0

...ਜਦੋਂ ਸਾਮਾਨ ਨਾਲ ਭਰਿਆ ਟਰੱਕ ਪਿੰਡ ਘਰ ਮੂਹਰੇ ਆ ਕੇ ਖੜ੍ਹਾ ਹੋਇਆ, ਹਰ ਇਕ ਨੂੰ ਹੈਰਾਨੀ ਹੋਈ ਸੀ, ਕੁਝ ਕੁ ਨੂੰ ਤਕਲੀਫ਼ ਵੀ। 'ਜਿਹੜਾ ਪਿੰਡ ਆਇਆ ਹੈ, ਖ਼ੈਰ ਨਹੀਂ ਗੁਜ਼ਾਰਨ ਲੱਗਾ!' ਜਿਹੋ ਜਿਹੀ ਉਸਦੀ ਪਿਛਲੀ ਸਾਰੀ ਜ਼ਿੰਦਗੀ ਸੀ, ਉਸ ਤੋਂ ਕਈਆਂ ਨੇ ਅਨੁਮਾਨ ਲਾਉਣੇ ਸ਼ੁਰੂ ਕਰ ਦਿੱਤੇ ਸਨ। ਉਂਝ ਗੱਲ ਸੀ ਵੀ ਉਲਟੇ ਵਹਿਣ ਵਾਲੀ। "ਪਿੰਡੋਂ ਤਾਂ ਸ਼ਹਿਰ ਜਾ ਕੇ ਜਿਹੜਾ ਰਿਕਸ਼ਾ ਵੀ ਵਾਹੁਣ ਲੱਗ ਪੈਂਦਾ, ਉਹ ਵੀ ਨੀ ਮੁੜਦਾ! ਇਹ ਯੂਨੀਵਰਸਿਟੀ 'ਚ ਪੜ੍ਹਾਉਣ ਤੋਂ ਬਾਅਦ ਵੀ ਆ ਗਿਆ...ਕੋਈ ਨਾ ਕੋਈ ਗੜਬੜ ਜ਼ਰੂਰ ਐ ਇਸ ਪਿੱਛੇ!" ਉਸਦੇ ਸ਼ਰੀਕੇ 'ਚੋਂ ਲਗਦੇ ਚਾਚੇ ਲੱਖੇ ਨੇ ਜਿਵੇਂ ਕਈਆਂ ਦੇ ਮਨ ਦੀ ਗੱਲ ਕੀਤੀ।

"ਪੜ੍ਹਦਿਆਂ ਵੀ ਤਾਂ ਇਸ 'ਤੇ ਕਈ ਵਾਰ ਪੁਲੀਸ ਦੇ ਛਾਪੇ ਪੈਂਦੇ ਰਹੇ ਐ! ਕੀ ਪਤਾ ਇਹੋ ਜਿਹੀ ਕੋਈ ਸਿੰਗੜੀ ਉੱਥੇ ਵੀ ਛੇੜੀ ਹੋਵੇ ਤੇ ਉਨ੍ਹਾਂ ਨੇ ਨੌਕਰੀ ਤੋਂ ਕੱਢ ਦਿੱਤਾ।" ਇਕ ਵਾਰ ਗੱਲ ਸ਼ੁਰੂ ਹੁੰਦੀ ਤਾਂ ਫਿਰ ਕਈ ਪਾਸੀਂ ਵਿਸਥਾਰ ਲੈਂਦੀ ਜਾਂਦੀ।

"ਅਗਾਂਹ ਕੁੜੀ ਵੀ ਤਾਂ ਇਹੀ ਕਰਦੀ ਐ! ਪੁਲੀਸ ਵੱਲੋਂ ਫੜਕੇ ਲਿਜਾਂਦੀ ਹੋਈ ਦੀਆਂ ਫੋਟੋਆਂ ਅਖ਼ਬਾਰਾਂ 'ਚ ਛਪਦੀਆਂ!"

ਕੇਵਲ ਪਿੰਡ ਹੀ ਨਹੀਂ, ਹੈਰਾਨੀ/ਸ਼ੱਕ ਤਾਂ ਯੂਨੀਵਰਸਿਟੀ 'ਚ ਉਸਦੇ ਜਾਣਕਾਰਾਂ/ਕੁਲੀਗਜ਼ ਨੂੰ ਵੀ ਸੀ। ਇੰਨੇ ਵਰ੍ਹੇ ਯੂਨੀਵਰਸਿਟੀ ਦੇ ਪੜ੍ਹਨ-ਪੜ੍ਹਾਉਣ ਦੇ ਮਾਹੌਲ 'ਚੋਂ ਨਿਕਲ ਕੇ ਇਕਦਮ ਪਿੰਡ ਚਲੇ ਜਾਣਾ! ਇਸ ਲਈ ਉਸਨੂੰ ਕਈਆਂ ਨੇ ਕੋਈ ਨਾ ਕੋਈ 'ਨੇਕ-ਸਲਾਹ' ਵੀ ਦਿੱਤੀ, "ਇਥੇ ਸ਼ਹਿਰ 'ਚ ਏਨੇ ਕਾਲਿਜ, ਪ੍ਰੋਫੈਸ਼ਨਲ ਸੰਸਥਾਵਾਂ... ਆਸੇ-ਪਾਸੇ ਕਸਬਿਆਂ 'ਚ ਵੀ। ਕਿਤੇ ਨਾ ਕਿਤੇ ਪ੍ਰਿੰਸੀਪਲ ਜਾ ਲੱਗੀਂ...ਅਸੀਂ ਵੀ ਕਰਦੇ ਹਾਂ ਯਤਨ ਕੋਈ ਥਾਂ ਲੱਭਣ ਦਾ।"

"ਮੈਂ ਵਿਭਾਗ ਦੇ ਮੁਖੀ ਵਜੋਂ ਰਿਟਾਇਰ ਹੋ ਕੇ, ਕਿਸੇ ਕਾਲਿਜ 'ਚ ਜਾ ਕੇ ਡੰਮੀ-ਪ੍ਰਿੰਸੀਪਲ ਕਿਉਂ ਬਣਾਂ, ਜਿੱਥੇ ਕਿਸੇ ਅਨਪੜ੍ਹ ਪ੍ਰਧਾਨ ਦੀਆਂ ਬੇਹੂਦਗੀਆਂ ਨੂੰ ਸਹੀ ਸਾਬਤ ਕਰਨ ਲਈ ਦਸਤਖ਼ਤ ਕਰਨੇ ਪੈਣ...ਇਹ ਹੁਣ ਕੋਈ ਲੁਕਿਆ-ਛਿਪਿਆ ਕਿ ਇਹ ਪ੍ਰਾਈਵੇਟ ਸੰਸਥਾਵਾਂ ਲੁੱਟ ਦੇ ਅੱਡੇ ਬਣੀਆਂ ਹੋਈਆਂ!"

"ਆਪਾਂ ਇਸ ਗੱਲ ਤੋਂ ਕੀ ਲੈਣਾ...ਮੁੱਖ ਹੈ ਕਿ ਰੁਝੇਵਾਂ ਬਣਿਆ ਰਹੂ! ਨਾਲੇ ਤੇਰੇ ਤਜਰਬੇ ਤੋਂ ਕੋਈ ਨਾ ਕੋਈ ਲਾਭ ਤਾਂ ਹੋਵੇਗਾ ਹੀ... ਕੁਝ ਨਾ ਕੁਝ ਤਾਂ ਪਾਜ਼ੇਟਿਵ ਕਰੇਂਗਾ ਹੀ ਹੋਰਨਾਂ ਦੇ ਮੁਕਾਬਲੇ!"

"ਇਹ ਖੁੰਬਾਂ ਵਾਂਗ ਉੱਗੇ ਕਾਲਿਜ, ਸੰਸਥਾਵਾਂ ਮਾਲਕਾਂ ਲਈ ਕਮਾਈ ਦੇ ਸਾਧਨ ਐ। ਉਨ੍ਹਾਂ ਦੀ ਪੜ੍ਹਨ-ਪੜ੍ਹਾਉਣ ਜਾਂ ਸਿੱਖਿਆ ਦੇ ਖੇਤਰ 'ਚ ਮੱਲਾਂ ਮਾਰਨ ਦੀ ਕੋਈ ਨੀਤ ਨਹੀਂ ਹੁੰਦੀ! ਦਾਖਲੇ ਵੀ ਇਸੇ ਆਧਾਰ 'ਤੇ ਹੁੰਦੇ ਐ ਕਿ ਮੋਟੀ ਫੀਸ ਦੇਣ ਦੀ ਸਮਰੱਥਾ ਹੋਵੇ। ਫੀਸ ਦਿਓ ਤੇ ਬਸ...।"

"'ਕੱਲਾ ਬੰਦਾ ਇਸ ਰੁਝਾਨ ਨੂੰ ਕਿਵੇਂ ਠੱਲ੍ਹ ਪਾ ਸਕਦਾ?"

"ਖ਼ੁਦ ਰੁੜ੍ਹਣ ਤੋਂ ਇਨਕਾਰ ਤਾਂ ਕੀਤਾ ਹੀ ਜਾ ਸਕਦਾ ਹੈ!"

"ਇਸ ਨਾਲ ਕੀ ਹੋਵੇਗਾ...?... ਇਹ ਤਾਂ ਇੰਝ ਹੀ ਚੱਲੀ ਜਾਣਾ!"

"ਨਹੀਂ...ਬਹੁਤਾ ਚਿਰ ਇੰਝ ਚੱਲ ਨਹੀਂ ਸਕਣਾ! ਜਿਸ ਤੇਜ਼ ਰਫ਼ਤਾਰ ਨਾਲ ਨਿਘਾਰ ਵੱਲ ਰੇੜ੍ਹ ਪਿਆ ਹੋਇਆ, ਆਰਥਿਕ ਪਾੜਾ ਤਿੱਖਾ ਹੋਈ ਜਾ ਰਿਹਾ!"

"ਲੱਗਦਾ ਤਾਂ ਨਹੀਂ ਕੁਝ ਬਦਲਦਾ!"

"ਅਸੀਂ ਪਾਸੇ ਹੋਵਾਂਗੇ ਤਾਂ ਨਵੇਂ ਪੂਰ ਨੂੰ ਆਪਣੀ ਸਮਰੱਥਾ ਦਿਖਾਉਣ ਦਾ ਮੌਕਾ ਮਿਲੇਗਾ...

ਉਹ ਕੁਝ ਕਰਨਗੇ!"

"ਤੁਹਾਨੂੰ ਕਿਹੜਾ ਪਤਾ ਨਈਂ ਅਕਾਦਮਿਕ ਜਗਤ ਦਾ...ਨਵਿਆਂ 'ਚ ਸੁਹਿਰਦਤਾ ਦੀ ਘਾਟ ਹੈ!"

"ਇਹ ਤਾਂ ਫੇਰ ਸਾਡੀ ਹੀ ਫੇਲ੍ਹਅਰ ਹੈ! ਇਨ੍ਹਾਂ ਨੂੰ ਅਸੀਂ ਹੀ ਪੜ੍ਹਾਇਆ...ਸੁਹਿਰਦਤਾ ਦੀ ਸੋਝੀ ਦੇਣੀ ਵੀ ਸਾਡੇ ਹੀ ਜ਼ਿੰਮੇ ਸੀ! ਜੇ ਸੁਹਿਰਦ ਨਹੀਂ ਬਣੇ ਤਾਂ ਵੀ ਸਾਨੂੰ ਜ਼ਰੂਰ ਹੀ ਇਸ ਖੇਤਰ 'ਚੋਂ ਪਾਸੇ ਹੋ ਜਾਣਾ ਚਾਹੀਦਾ ਕਿ ਆਪਣੀ ਪੈੜ 'ਚ ਤੁਰੇ ਹੋਰ ਅਲਗਰਜ਼ ਪੂਰ ਨਾ ਪੈਦਾ ਕਰੀ ਜਾਈਏ...ਖੁਦ ਵੀ ਆਪਣੀ ਜ਼ਿੰਦਗੀ ਦਾ ਲੇਖਾ-ਜੋਖਾ ਕਰੀਏ, ਆਪਣੇ ਅੰਦਰ ਝਾਤੀ ਮਾਰੀਏ ਕਿ ਜੋ ਕੁਝ ਸਾਰੀ ਉਮਰ ਕੀਤਾ, ਉਹ ਠੀਕ ਵੀ ਸੀ ਕਿ ਬਸ...? ਉਂਝ ਮੈਨੂੰ ਨਵੀਂ ਜੈਨਰੇਸ਼ਨ 'ਤੇ ਭਰੋਸਾ ਹੈ...ਉਨ੍ਹਾਂ ਸਾਹਮਣੇ ਪੂਰਾ ਭਵਿੱਖ ਪਿਆ ਹੈ। ਜੀਊਣ ਦਾ ਕੋਈ ਨਾ ਕੋਈ ਰਾਹ ਤਾਂ ਉਨ੍ਹਾਂ ਨੂੰ ਲੱਭਣਾ ਹੀ ਪੈਣਾ...ਜਿਹੜਾ ਵੀ ਰਾਹ ਲੱਭਿਆ, ਗ਼ਲਤ ਹੋਇਆ ਤਾਂ ਆਪੇ ਠੀਕ ਵੀ ਕਰ ਲੈਣਗੇ! ਸਾਡੇ 'ਚ ਤਾਂ ਬੁੱਢੇ ਬਲ਼ਦਾਂ ਵਾਂਗ ਗਾਡੀਰਾਹ 'ਚ ਤੁਰੇ ਰਹਿਣ ਤੋਂ ਬਿਨਾਂ, ਨਾ ਨਵੀਂ ਚੇਤਨਾ ਹੈ ਤੇ ਨਾ ਹਿੰਮਤ ਹੀ!"

ਜਾਣਕਾਰਾਂ ਦੀਆਂ 'ਨੇਕ ਸਲਾਹਾਂ' ਉਸਨੂੰ ਕਾਇਲ ਨਾ ਕਰ ਸਕੀਆਂ। ਉਂਝ ਵੀ ਇਕ ਦੋ ਨੂੰ ਛੱਡ ਕੇ ਬਹੁਤਿਆਂ ਕਹਿਣ ਦਾ ਫਰਜ਼ ਹੀ ਨਿਭਾਇਆ ਸੀ। ਸਗੋਂ ਅੰਦਰੋਂ ਖੁਸ਼ ਵੀ ਸਨ ਉਸਦੇ ਜਾਣ 'ਤੇ, ਕਿ ਉਸਦੇ ਸਾਹਮਣੇ ਸਿਰ ਉੱਚਾ ਕਰਕੇ ਕੋਈ ਦਮਗਜਾ ਮਾਰਨ ਤੋਂ ਉਨ੍ਹਾਂ ਨੂੰ ਸੰਗ ਲੱਗਦੀ ਸੀ!

ਪਿੰਡ ਆ ਕੇ ਉਸਨੇ ਬੜਾ ਸਹਿਜ ਰੂਟੀਨ ਰੱਖਿਆ। ਸਵੇਰੇ ਛੇ, ਸਵਾ ਛੇ ਵਜੇ ਉੱਠਦਾ, ਸਰਦੀਆਂ 'ਚ ਸੱਤ ਕੁ ਵਜੇ। ਉੱਠ ਕੇ ਆਪਣੀ ਮਾਂ ਹਰਬੰਸ ਕੌਰ ਦੇ ਕਮਰੇ 'ਚ ਚਲਾ ਜਾਂਦਾ। ਉੱਥੇ ਹੀ ਕੁਲਵਿੰਦਰ ਚਾਹ ਦੇ ਕੱਪ ਟਰੇਅ 'ਚ ਰੱਖ ਕੇ ਲੈ ਆਉਂਦੀ। ਚਾਹ ਪੀਂਦਿਆਂ ਨਾਲ ਦਿਨ ਭਰ ਦੇ ਰੁਝੇਵਿਆਂ ਬਾਰੇ ਗੱਲਾਂ ਕਰਦੇ ਰਹਿੰਦੇ; ਪਰਿਵਾਰ, ਪਿੰਡ, ਇਲਾਕੇ ਦੀਆਂ ਵੀ ਤੇ ਨਵਨੀਤ ਦੀਆਂ ਵੀ। ਸਾਹ ਦੀ ਤਕਲੀਫ਼ ਦੇ ਨਾਲ-ਨਾਲ ਹਰਬੰਸ ਕੌਰ ਨੂੰ ਗੁਰਦਿਆਂ ਦੀ ਵੀ ਸਮੱਸਿਆ ਸੀ ਤੇ ਗੋਡਿਆਂ ਦੀ ਵੀ। ਨੱਬੇ ਨੂੰ ਢੁੱਕੀ ਉਮਰ। ਡਾਕਟਰਾਂ ਅਨੁਸਾਰ "ਏਨੀ ਮਾੜੀ ਸਿਹਤ 'ਚ ਗੋਡਿਆਂ ਦਾ ਆਪਰੇਸ਼ਨ ਨਹੀਂ ਹੋ ਸਕਦਾ...ਕੋਈ ਫੁੱਲ-ਟਾਈਮ ਸਹਾਇਕ ਰੱਖ ਲਵੋ!" ਉਹ ਸਾਰਾ ਦਿਨ ਬੈੱਡ 'ਤੇ ਹੀ ਰਹਿੰਦੀ। ਰਾਤ ਨੂੰ ਲਾਜੋ ਉਸ ਕੋਲ਼ ਪੈਂਦੀ, ਦਿਨੇ ਉਹ ਖਿਆਲ ਰੱਖਦੇ। ਵਾਸ਼ਰੂਮ ਜਾਣ ਲਈ ਵੀ ਸਹਾਰਾ ਦੇਣਾ ਪੈਂਦਾ ਸੀ।

ਚਾਹ ਪੀ ਕੇ ਕੁਲਵਿੰਦਰ ਲਾਜੋ ਨਾਲ ਨਿੱਤ ਦੇ ਕੰਮਾਂ 'ਚ ਰੁੱਝ ਜਾਂਦੀ ਤਾਂ ਉਹ ਵੀ ਉੱਠ ਪੈਂਦਾ। "ਚੰਗਾ ਮਾਂ, ਮੈਂ ਵੀ ਖੇਤਾਂ ਵੱਲ ਹੋ ਆਵਾਂ!" ਉਹ ਉੱਠਣ ਲੱਗਾ ਜ਼ਰੂਰ ਹੀ ਉਸਨੂੰ ਆਖਦਾ। ਜ਼ਮੀਨ ਭਾਵੇਂ ਠੇਕੇ 'ਤੇ ਸੀ, ਪਰ ਮੋਟਰ ਨਾਲ ਲੱਗਵਾਂ ਕਿੱਲਾ ਉਸਨੇ ਆਪਣੇ ਲਈ ਰੱਖਿਆ ਹੋਇਆ ਸੀ। ਇਹ ਕਿੱਲਾ ਉਹ ਆਪਣੀ ਮਰਜ਼ੀ ਅਨੁਸਾਰ ਬੀਜਦਾ। ਤਿੰਨ ਕੁ ਕਨਾਲਾਂ 'ਚ ਫ਼ਲ਼ਾਂ ਦੇ ਇਕ-ਇਕ, ਦੋ-ਦੋ ਬੂਟੇ ਸਨ ਵਿਰਲੇ-ਵਿਰਲੇ। ਅਮਰੂਦ, ਆੜੂ, ਅਲੂਚੇ, ਅੰਬ, ਕਿੰਨੂੰ, ਅਨਾਰ, ਕੇਲੇ। ਇਕ ਵੇਲ ਅੰਗੂਰਾਂ ਦੀ ਵੀ। ਕੁਝ ਪਪੀਤੇ। ਇਕ ਅੰਬ, ਦੋ ਅਮਰੂਦ ਤੇ ਇਕ ਨਿੰਬੂ ਦਾ ਬੂਟਾ ਪਹਿਲਾਂ ਦੇ ਸਨ, ਉਸਦੇ ਬਾਪ ਦੇ ਲਾਏ ਹੋਏ। ਇਨ੍ਹਾਂ 'ਚ ਵੱਟਾਂ ਬਣਾ ਕੇ ਖਾਣ ਜੋਗੀਆਂ ਸਬਜ਼ੀਆਂ ਲਾਈ ਰੱਖਦਾ। ਪੰਜ ਕਨਾਲਾਂ 'ਚ ਕਣਕ ਤੇ ਬਾਸਮਤੀ, ਬਿਨਾਂ ਰਸਾਇਣੀ ਖਾਦਾਂ ਤੇ ਦੁਆਈਆਂ ਤੋਂ। ਘਰ ਚੱਬਣ ਜੋਗੀ ਮੱਕੀ, ਸਬਜ਼ੀਆਂ 'ਚ ਵਿਰਲੇ-ਵਿਰਲੇ ਦਾਣੇ ਖਿਲਾਰ ਦਿੰਦਾ। ਜੇ ਚੀਜ਼ ਖਾਣ ਤੋਂ ਵਧਦੀ ਹੁੰਦੀ ਤਾਂ ਮਿਲਣ ਆਏ ਕਿਸੇ ਦੋਸਤ/ਰਿਸ਼ਤੇਦਾਰ ਨੂੰ ਚੁਕਾ ਦੇਂਦਾ ਜਾਂ ਕੁਲਵਿੰਦਰ ਆਂਢ-ਗੁਆਂਢ 'ਚ ਦੇ ਦਿੰਦੀ। ਲਾਜੋ ਦੇ ਪਰਿਵਾਰ ਨੂੰ ਤਾਂ ਕੁਝ ਨਾ ਕੁਝ ਭੇਜਦੀ ਹੀ ਰਹਿੰਦੀ। ਸਤਾਰਾਂ ਕੁ ਵਰ੍ਹਿਆਂ ਦੀ ਲਾਜੋ ਉਨ੍ਹਾਂ ਦੇ ਘਰ ਹੀ ਰਹਿੰਦੀ ਸੀ, ਉਨ੍ਹਾਂ ਦੇ ਘਰਦੇ ਜੀਅ ਵਾਂਗ। ਉਸ ਨਾਲ ਸਾਫ਼-ਸਫਾਈ ਕਰਾ ਦਿੰਦੀ, ਰਸੋਈ ਦੇ ਕੰਮਾਂ 'ਚ ਉਸਦੀ ਮਦਦ, ਪਰ ਬਹੁਤਾ ਹਰਬੰਸ ਕੌਰ ਦੀ ਸਾਂਭ-ਸੰਭਾਲ ਤੇ ਉਸਦਾ ਖਿਆਲ ਰੱਖਣਾ ਉਸਦਾ ਕੰਮ ਸੀ...

0 0 0

...ਗੁੱਡਣ ਵਾਲੀ ਥਾਂ ਆ ਕੇ ਉਸਦਾ ਕੰਮ ਲੱਗਣ ਨੂੰ ਜੀਅ ਨਾ ਕੀਤਾ। ਅੰਬ ਦੀ ਛਾਂ ਹੇਠ ਖੜ੍ਹਾ ਹੋ ਕੇ ਉਹ ਬਾਈਕ 'ਤੇ ਜਾਂਦੇ ਹਰਦੀਪ ਵੱਲ ਤੱਕਦਾ ਰਿਹਾ। ਦੋ ਕਰਮ ਦੀ ਪਹੀ ਤੋਂ ਲਿੰਕ ਸੜਕ 'ਤੇ ਚੜ੍ਹ ਉਹ ਕਮਾਦ ਦੇ ਟੱਕ ਉਹਲੇ ਹੋ ਗਿਆ ਤਾਂ ਉਧਰੋਂ ਨਜ਼ਰਾਂ ਮੋੜ ਉਹ ਚੁਫੇਰੇ ਨੂੰ ਘੂਰਨ ਲੱਗਾ। ਅੱਧ ਸਿਤੰਬਰ ਦਾ ਇਹ ਇਕ ਹੁੰਮਸ ਭਰਿਆ ਦਿਨ ਸੀ। ਮੀਂਹ ਪਏ ਨੂੰ ਸੱਤ, ਅੱਠ ਦਿਨ ਹੋ ਗਏ ਹੋਣ ਕਰਕੇ ਜਿਧਰ ਵੀ ਨਜ਼ਰ ਜਾਂਦੀ, ਮੋਟਰਾਂ ਨਸਾਰੇ ਨੇੜੇ ਪੁੱਜੀ ਝੋਨੇ ਦੀ ਫ਼ਸਲ ਨੂੰ ਸਿੰਜ ਰਹੀਆਂ ਸਨ। ਚਾਂਦੀ ਰੰਗੇ ਪਾਣੀ ਦੀਆਂ ਨਿਕਲਦੀਆਂ ਧਾਰਾਂ। ਕਿਤੇ ਕਿਤੇ ਕਮਾਦ ਦੇ ਟੱਕ ਨਜ਼ਰ ਸਾਹਮਣੇ ਆ ਜਾਂਦੇ ਤਾਂ ਪਿੱਛੇ ਸਭ ਕੁਝ ਲੁਕ ਜਿਹਾ ਜਾਂਦਾ। ਇਧਰ ਉਧਰ ਤੱਕਦਿਆਂ ਵੀ ਪਰ ਹਰਦੀਪ ਦੀ ਗੱਲ ਵਾਰ-ਵਾਰ ਜ਼ਿਹਨ 'ਚ ਗੂੰਜ ਰਹੀ ਸੀ, "ਸਰ ਜੀ, ਕੁਝ ਚੌਕਸ ਰਹਿਣਾ... ਤੁਹਾਡੇ ਪਿੰਡ ਮੁੜਨ ਨੂੰ ਮਾਓਵਾਦੀ ਲਹਿਰ ਨਾਲ ਜੋੜ ਕੇ ਦੇਖਿਆ ਜਾ ਰਿਹਾ...ਜੇ. ਐੱਨ.ਯੂ. 'ਚ ਤੁਹਾਡੀ ਬੇਟੀ ਦੀਆਂ ਸਰਗਰਮੀਆਂ ਪਿੱਛੇ ਵੀ ਤੁਹਾਡਾ ਦਿਮਾਗ਼ ਹੀ ਮੰਨਿਆ ਜਾ ਰਿਹਾ!"

"ਹਰਦੀਪ, ਤੂੰ ਘੋਖ ਕਰ ਹੀ ਲਈ ਹੈ, ਜੋ ਮੈਂ ਇੱਥੇ ਕਰ ਰਿਹਾ ਹਾਂ! ਜੋ ਮੇਰੀ ਇੱਥੇ ਸਰਗਰਮੀ ਹੈ!"

"ਸਰ ਜੀ, ਸਰਕਾਰ ਇਹ ਨੀ ਦੇਖਦੀ! ਉਹ ਤਾਂ ਦੇਖਦੀ ਐ ਕਿ ਬੰਦਾ ਸਾਡੇ ਫਿੱਟ ਹੈ ਕਿ ਨਹੀਂ! ਜੇ ਫਿੱਟ ਨਾ ਹੋਵੇ ਤਾਂ ਕਿਤੇ ਇਕ ਨੁਕਤਾ ਲੱਭ ਕੇ ਉਸ ਦੁਆਲ਼ੇ ਪੂਰੇ ਦਾ ਪੂਰਾ ਜਾਲ਼ ਬੁਣ ਦੇਣਗੇ...ਤੁਹਾਡੇ ਕੋਲ਼ ਜਿਹੜੇ ਅੰਗਰੇਜ਼ੀ ਰਸਾਲੇ ਆਉਂਦੇ ਐ, 'ਗੂਗਲ' 'ਤੇ ਜਾ ਕੇ ਜੋ ਕੁਝ 'ਸਰਚ' ਕਰਦੇ ਹੋ...ਤੁਹਾਨੂੰ ਬਾਹਰੋਂ ਕੌਣ-ਕੌਣ ਮਿਲਣ ਆਉਂਦਾ...।"

"ਗੂਗਲ 'ਤੇ ਜਾ ਕੇ ਸਰਚ ਕਰਨ ਜਾਂ ਰਸਾਲਿਆਂ ਨੂੰ ਪੜ੍ਹਨ ਨਾਲ ਕਿਹੜੀ ਬਗਾਵਤ ਹੋ ਗਈ? ਮਿਲਣ ਆਉਣ ਵਾਲਿਆਂ 'ਚੋਂ ਵੀ ਕੋਈ ਲੇਖਕ ਹੋਵੇਗਾ, ਕੋਈ ਪੱਤਰਕਾਰ ਜਾਂ ਪ੍ਰੋਫੈਸਰ... ਉਹ ਤਾਂ ਮੈਂ ਸਾਰਿਆਂ ਨੂੰ ਹੀ ਕਿਹਾ ਹੋਇਆ, ਜਿਹਨੇ ਵੀ ਦੋ ਚਾਰ ਦਿਨ ਛੁੱਟੀਆਂ ਬਿਤਾਉਣੀਆਂ ਹੋਣ, ਮੇਰੇ ਕੋਲ਼ ਆ ਸਕਦਾ...ਆ ਕੇ ਸੈਰ ਕਰੋ, ਘੁੰਮੋ-ਫਿਰੋ ਤੇ ਸ਼ਾਮ ਨੂੰ ਵਿਸਕੀ ਦੇ ਨਾਲ-ਨਾਲ ਵਿਚਾਰ-ਵਟਾਂਦਰਾ..."

"ਪਤਾ ਸਰ ਜੀ, ਮੈਂ ਆਪਣੇ ਵੱਲੋਂ ਇਹੀ ਕਮੈਂਟ ਲਿਖਿਆ...ਇਹ ਤਾਂ ਮੈਂ ਇਹਤਿਆਤ ਵਜੋਂ ਕਹਿ ਰਿਹਾਂ...ਅੱਜਕੱਲ ਅਫ਼ਸਰਾਂ 'ਚ ਤਰੱਕੀਆਂ ਲੈਣ ਲਈ ਜਾਅਲੀ ਕੇਸਾਂ 'ਚ ਉਲਝਾਉਣ ਦੀ ਦੌੜ ਲੱਗੀ ਹੋਈ ਐ...ਕਈ ਵਾਰ ਸੱਚਾਈ ਦਾ ਪਤਾ ਵੀ ਹੁੰਦਾ, ਪਰ ਉਪਰ ਤਕ ਸਭ ਮੱਖੀ 'ਤੇ ਮੱਖੀ ਮਾਰਦੇ ਰਹਿਣਗੇ...ਜੇ ਤੁਹਾਡਾ ਕੇਸ ਨਾ ਹੁੰਦਾ ਤਾਂ ਸ਼ਾਇਦ ਮੈਂ ਵੀ ਇਹੀ ਕਰਦਾ!" ਉਹ ਉਸਦਾ ਵਿਦਿਆਰਥੀ ਰਿਹਾ ਸੀ। ਇਲਾਕੇ 'ਚੋਂ ਯੂਨੀਵਰਸਿਟੀ 'ਚ ਆਇਆ ਮੁੰਡਾ ਜਾਣ ਕੇ ਉਸਨੇ ਕਈ ਵਾਰ ਉਸਦੀ ਵੇਲ਼ੇ-ਕੁਵੇਲ਼ੇ ਮਦਦ ਕੀਤੀ ਸੀ। ਇਕ ਵਾਰ ਵਿਦਿਆਰਥੀਆਂ ਦਾ ਟੂਰ ਉਤਰ-ਪੂਰਬੀ ਭਾਰਤ 'ਚ ਜਾ ਰਿਹਾ ਸੀ ਤਾਂ ਹਰਦੀਪ ਨੇ ਜਾਣ ਤੋਂ ਟਾਲ਼ਾ ਵੱਟਿਆ। ਉਸਨੇ ਪੁੱਛਿਆ ਤਾਂ ਉਸਨੇ ਘਰ ਦੀ ਹਾਲਤ ਬਾਰੇ ਦੱਸ ਦਿੱਤਾ। ਉਸਨੇ ਨਾ ਕੇਵਲ ਉਸਦੇ ਟੂਰ ਵਾਲੇ ਵੀਹ ਹਜ਼ਾਰ ਜਮ੍ਹਾਂ ਕਰਵਾਏ ਸਨ ਸਗੋਂ ਪੰਜ ਹਜ਼ਾਰ ਹੋਰ ਉਸਨੂੰ ਜੇਬ ਖਰਚ ਲਈ ਦੇ ਦਿੱਤੇ, 'ਇਹੋ ਜਿਹਾ ਮੌਕਾ ਵਾਰ-ਵਾਰ ਨੀ ਬਣਦਾ ਹੁੰਦਾ! ਇਸਨੂੰ ਮਿਸ ਨਾ ਕਰ।' ਉਹੀ ਨਹੀਂ, ਕੋਈ ਵੀ ਵਿਦਿਆਰਥੀ ਕਿਸੇ ਸਮੱਸਿਆ 'ਚ ਲੱਗਦਾ, ਉਸਦੀ ਮਦਦ ਕਰਦਿਆਂ ਮਿੰਟ ਨਾ ਲਾਉਂਦਾ। ਕਿਸੇ ਦੀ ਫੀਸ ਟੁੱਟ ਰਹੀ ਹੁੰਦੀ, ਕਿਸੇ ਤੋਂ ਮੈੱਸ ਦਾ ਬਿੱਲ ਨਾ ਭਰਿਆ ਜਾ ਰਿਹਾ ਹੁੰਦਾ, ਕਿਸੇ ਤੋਂ ਦਾਖਲੇ ਦੇ ਪੈਸੇ ਵੇਲ਼ੇ ਸਿਰ ਨਾ ਬਣ ਰਹੇ ਹੁੰਦੇ। ਕਈ ਬਾਅਦ 'ਚ ਮੋੜ ਦਿੰਦੇ, ਕਈਆਂ ਤੋਂ ਹਾਲਤ ਦੇਖ ਕੇ ਉਹ ਲੈਂਦਾ ਵੀ ਨਾ। "ਕਿਸੇ ਹੋਰ ਔਖੀ ਭਾਰੀ ਵੇਲ਼ੇ ਲਈ ਰੱਖ ਲੈ...ਬਸ ਦਿਲ ਲਾ ਕੇ ਪੜ੍ਹ..." ਨਾਲ ਹੀ ਹੱਸ ਕੇ ਜੋੜ ਦਿੰਦਾ, "ਜਦੋਂ ਨੌਕਰੀ 'ਤੇ ਲੱਗ ਗਿਆ ਤਾਂ ਵਿਆਜ ਸਮੇਤ ਮੋੜ ਦੇਈਂ!" ਹਰਦੀਪ ਵੀ ਤਾਂ ਹੁਣ ਇਕ ਤਰ੍ਹਾਂ ਵਿਆਜ ਸਮੇਤ ਹੀ ਮੋੜ ਰਿਹਾ ਸੀ ਇੰਝ ਕਰਕੇ। ਆਪਣੀ ਨੌਕਰੀ ਲਈ ਕੁਝ ਤਾਂ ਖਤਰਾ ਸਹੇੜ ਹੀ ਰਿਹਾ ਸੀ!...

0 0 0

....ਘਰ ਮੁੜ ਕੇ ਉਸਨੇ ਕੋਈ ਸਿੱਧੀ ਰਾਜਨੀਤਕ ਸਰਗਰਮੀ ਨਹੀਂ ਸੀ ਕੀਤੀ। ਇਹ ਨਹੀਂ ਕਿ ਉਸਨੂੰ ਨਾਲ ਤੋਰਨ ਲਈ ਯਤਨ ਨਹੀਂ ਸੀ ਹੋਏ। ਕਾਂਗਰਸ, ਅਕਾਲੀਆਂ ਤੋਂ ਲੈ ਕੇ ਕਮਿਊਨਿਸਟਾਂ ਤਕ, ਸਭ ਨੇ ਉਸ ਤਕ ਪਹੁੰਚ ਕੀਤੀ ਸੀ, "ਤੁਸੀਂ ਕੁਝ ਨੀ ਕਰਨਾ! ਬਸ ਕਦੀ-ਕਦੀ ਸਾਡੀ ਕਿਸੇ ਮੀਟਿੰਗ 'ਚ ਆ ਗਏ...ਉੱਥੇ ਵੀ ਤੁਹਾਡੇ ਸਟੇਟਸ ਅਨੁਸਾਰ ਤੁਹਾਨੂੰ ਪ੍ਰਧਾਨਗੀ ਮੰਡਲ 'ਚ ਹੀ ਬਿਠਾਵਾਂਗੇ।" ਤੇ ਅੱਗੋਂ ਫਿਰ ਆਪਣੇ ਵੱਲੋਂ ਇਲਾਕੇ 'ਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਬਾਰੇ ਗਿਣਾਉਣ ਲੱਗ ਪੈਂਦੇ ਜਾਂ ਉਹ ਯੋਜਨਾਵਾਂ, ਜਿਹੜੀਆਂ ਉਸਦੇ ਆ ਜਾਣ ਨਾਲ ਉਹ ਪੂਰੀਆਂ ਕਰ ਸਕਦੇ ਸਨ। ਕਾਂਗਰਸ ਲਈ ਤਾਂ ਪਿੰਡ ਵਾਲਾ ਸਰਪੰਚ ਹਰਮੇਲ ਸਿੰਘ ਹੀ ਜ਼ੋਰ ਲਾਉਂਦਾ, "ਤੂੰ ਮਾੜਾ ਜਿਹਾ ਪੈਰ ਲਾ...ਲੈਂਡ ਮਾਰਗੇਜ਼ ਬੈਂਕ ਜਾਂ ਬਲਾਕ ਸੰਮਤੀ ਦਾ ਚੇਅਰਮੈਨ ਤਾਂ ਤੈਨੂੰ ਲਾ ਹੀ ਦੇਈਏ!" ਉਸ ਪਿੱਛੇ ਕਾਂਗਰਸੀ ਵਿਧਾਇਕ ਮੋਹਨ ਲਾਲ ਦੀ ਸਿਆਸਤ ਸੀ ਕਿ ਇਲਾਕੇ 'ਚ ਉਸਦਾ ਇਕ ਨਾਂ ਸੀ। ਉਸਦੇ ਜਮਾਤੀ/ਦੋਸਤ ਕਈ ਪਿੰਡਾਂ 'ਚ 'ਮੋਹਤਬਰ ਵਿਅਕਤੀ' ਬਣੇ ਹੋਏ ਸਨ...ਕਈ ਉੱਚ-ਪਦਵੀਆਂ ਤੋਂ ਰਿਟਾਇਰ ਹੋਏ...ਕਈ ਵਿਦਿਆਰਥੀ ਵੀ ਨਾਮਣੇ ਵਾਲੀਆਂ ਥਾਵਾਂ 'ਤੇ ਸਨ। ਪਰ ਉਸਨੇ ਹਰ ਇਕ ਨੂੰ ਨਾਂਹ ਕਰ ਦਿੱਤੀ। ਹੋਰ ਤਾਂ ਹੋਰ, ਆਪਣੇ ਸਿਆਸੀ ਗੁਰੂ ਮਾਸਟਰ ਥੰਮਣ ਸਿੰਘ ਨਾਲ ਵੀ ਨਾ ਤੁਰਿਆ, "ਨਾ ਮਾਸਟਰ ਜੀ, ਹੁਣ ਤਾਂ ਜ਼ਿੰਦਗੀ ਬਾਰੇ, ਗੁਜ਼ਾਰੇ ਗਏ ਵਕਤ ਬਾਰੇ ਸੋਚਣਾ ਬਣਦਾ...ਕੀ ਕੁਝ ਗ਼ਲਤ ਕੀਤਾ ਤੇ ਕੀ ਸਹੀ! ਸਰਗਰਮੀ ਜੋਗੀ ਅਨਰਜੀ ਵੀ ਨਹੀਂ ਬਚੀ...ਢੀਠਤਾਈ ਨਾਲ ਆਪ ਹੀ ਸਰਬ-ਗਿਆਤਾ ਨਹੀਂ ਬਣਿਆ ਰਹਿਣਾ ਚਾਹੁੰਦਾ, ਜਿਵੇਂ ਬਹੁਤੇ ਆਗੂ ਕਰਦੇ ਹਨ...ਤੁਰਿਆ ਜਾਂਦਾ ਨੀ, ਅੱਖਾਂ ਤੋਂ ਮਸਾਂ ਦਿਸਦਾ ਹੁੰਦਾ ਅਖ਼ਬਾਰ ਦੀਆਂ ਸੁਰਖੀਆਂ ਪੜ੍ਹਨ ਜੋਗਾ, ਪਰ ਮਾਹਰ ਸਥਾਨਕ ਤਾਂ ਕੀ ਕੌਮਾਂਤਰੀ ਮਾਮਲਿਆਂ ਤਕ ਦੇ ਬਣਨਗੇ...ਮਰਨ ਤਕ ਆਹੁਦੇ ਨੀ ਛੱਡਦੇ!"

"ਕਰਨ ਇਹ ਗੱਲ ਨੀ! ਕੋਈ ਆਹੁਦੇ ਸਾਂਭਣ ਵਾਲਾ ਵੀ ਹੋਵੇ! ਐਵੇਂ ਖਲਾਅ 'ਚ ਤਾਂ ਜਥੇਬੰਦੀਆਂ/ਪਾਰਟੀਆਂ ਨੂੰ ਛੱਡਿਆ ਨੀ ਜਾ ਸਕਦਾ।"

"ਸਾਂਭਣ ਵਾਲੇ ਅਸੀਂ ਪੈਦਾ ਹੀ ਨਹੀਂ ਹੋਣ ਦਿੱਤੇ! ਕਮੇਟੀਆਂ 'ਚ ਚੁਣ-ਚੁਣ ਕੇ ਆਪਣੇ ਚਮਚੇ ਉਪਰ ਤਕ ਲਿਜਾਂਦੇ ਹਾਂ, ਜਿਹੜੇ ਸਾਡੇ ਤੋਂ ਵੀ ਨਖਿੱਧ ਹੋਣ।"

"ਇਹ ਗੜਬੜੀਆਂ ਅਸੀਂ ਹੀ ਦੂਰ ਕਰਨੀਆਂ...! ਤੂੰ ਅੱਗੇ ਲੱਗ ਕੇ ਤੁਰ, ਮੈਂ ਤੇਰੇ ਨਾਲ ਹੋਵਾਂਗਾ।"

"ਨਹੀਂ ਮਾਸਟਰ ਜੀ...ਕਿਸੇ ਮੁਹਿੰਮ ਲਈ ਬਣਦਾ-ਤਣਦਾ ਫੰਡ ਜਦੋਂ ਮਰਜ਼ੀ ਆ ਕੇ ਲੈ ਲੈਣਾ, ਪਿੰਡ 'ਚੋਂ ਉਗਰਾਹੀ ਕਰਾਉਣ ਲਈ ਵੀ ਨਾਲ ਜਾ ਸਕਦਾਂ, ਪਰ ਬਾਹਰ ਨਹੀਂ।"

ਥੰਮਣ ਉਦੋਂ ਕਾਲਿਜ 'ਚ ਬੀ.ਏ. ਫਾਈਨਲ 'ਚ ਹੁੰਦਾ ਸੀ, ਵਿਦਿਆਰਥੀ ਯੂਨੀਅਨ ਦਾ ਆਗੂ, ਜਦੋਂ ਉਹ ਕਾਲਿਜ 'ਚ ਪੁੱਜਿਆ। ਘਰ 'ਚੋਂ ਮਿਲੀਆਂ ਅਗਾਂਹਵਧੂ ਰਵਾਇਤਾਂ ਦੇ ਪ੍ਰਭਾਵ ਹੇਠ ਉਹ ਜਾਂਦਿਆਂ ਹੀ ਯੂਨੀਅਨ ਦੀਆਂ ਸਰਗਰਮੀਆਂ 'ਚ ਸ਼ਾਮਲ ਹੋ ਗਿਆ। ਇਕ ਵਾਰ ਐਸਾ ਜੁਟਿਆ ਕਿ ਫਿਰ ਅਗਾਂਹ ਤੋਂ ਅਗਾਂਹ ਹੀ ਪਉੜੀਆਂ ਚੜ੍ਹਦਾ ਗਿਆ ਸੀ। ਥੰਮਣ ਬੀ.ਏ. ਕਰਕੇ ਬੀ.ਐੱਡ. ਕਰਨ ਚਲਿਆ ਗਿਆ ਤਾਂ ਕਾਲਿਜ 'ਚ ਯੂਨੀਅਨ ਦੀ ਪ੍ਰਧਾਨਗੀ ਦਾ ਤਾਜ ਉਸਦੇ ਸਿਰ ਸਜ ਗਿਆ। ਉਸਦੀ ਅਗਵਾਈ 'ਚ ਹੀ ਸ਼ਹਿਰ ਦੇ ਧਨੀ-ਕਾਕਿਆਂ ਦੀ ਗੁੰਡਾਗਰਦੀ ਦੇ ਖਿਲਾਫ਼ ਲੜਾਈ ਹੋਈ ਸੀ। ਇਸ ਲੜਾਈ ਨੇ ਇਕ ਤਰ੍ਹਾਂ ਉਸਦੀ ਜ਼ਿੰਦਗੀ ਦੇ ਭਵਿੱਖ ਨੂੰ ਹੀ ਤਹਿ ਕਰ ਦਿੱਤਾ ਸੀ। ਇਹ ਜ਼ਿੰਦਗੀ ਪਲਟਣ ਵਾਲੀ ਘਟਨਾ ਦੀ ਸ਼ੁਰੂਆਤ ਬਸ ਇਕ ਛੋਟੀ ਜਿਹੀ ਗੱਲ ਤੋਂ ਹੋਈ।....

....ਕਾਲਿਜ 'ਚੋਂ ਯੂਨੀਅਨ ਦਾ ਦਬਦਬਾ ਤੋੜਨ ਲਈ ਪ੍ਰਿੰਸੀਪਲ ਨੇ ਕਾਲਿਜ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਦੀ ਸ਼ਹਿ 'ਤੇ, ਸ਼ਹਿਰ ਦੇ ਕੁਝ ਛਟੇ ਹੋਏ ਅਵਾਰਾ 'ਕਾਕਿਆਂ' ਨੂੰ ਦਾਖਲਾ ਦੇ ਦਿੱਤਾ, ਜਿਨ੍ਹਾਂ ਦਾ ਮਕਸਦ ਪੜ੍ਹਨਾ ਉੱਕਾ ਹੀ ਨਹੀਂ ਸੀ। ਘਰਦਿਆਂ ਦੇ ਬਿਜ਼ਨਸ ਸਨ, ਫਾਰਮ

ਹਾਊਸ ਸਨ, ਟਰਾਂਸਪੋਰਟਾਂ...ਤੇ ਆਖਰ ਉਨ੍ਹਾਂ ਨੇ ਉਹੀ ਸੰਭਾਲਣੇ ਸਨ। ਪੜ੍ਹਨ ਵਾਲਾ ਸਮਾਂ ਤਾਂ ਉਨ੍ਹਾਂ ਲਈ ਮੌਜ-ਮਸਤੀ ਦਾ ਸਮਾਂ ਸੀ; ਕੁੜੀਆਂ ਨਾਲ ਜਾਣ-ਪਛਾਣ ਬਣਾਉਣ, ਦੋਸਤੀਆਂ ਕਰਨ ਤੇ ਫਿਰ ਅਗਾਂਹ ਉਨ੍ਹਾਂ ਨਾਲ ਸਰੀਰਕ ਸੰਬੰਧ ਬਣਾਉਣੇ। ਉਨ੍ਹਾਂ ਨਾਲ ਬਾਹਰੋਂ ਆਏ ਅਕਸਰ ਹੜਦੁੰਗ ਮਚਾਈ ਰੱਖਦੇ। ਉਹ ਦੋ ਕੁ ਵਾਰ ਆਪਣੀ ਜਥੇਬੰਦੀ ਵੱਲੋਂ ਬਾਹਰੋਂ ਆਉਣ ਵਾਲੇ ਗ਼ੈਰ-ਵਿਦਿਆਰਥੀਆਂ ਨੂੰ ਕਾਲਿਜ 'ਚ ਆਉਣ ਤੋਂ ਰੋਕਣ ਲਈ ਪ੍ਰਿੰਸੀਪਲ ਨੂੰ ਮਿਲੇ। ਪ੍ਰਿੰਸੀਪਲ ਨੇ 'ਹੂੰ' 'ਹਾਂ' ਤੋਂ ਅਗਾਂਹ ਕੋਈ ਕਾਰਵਾਈ ਨਾ ਕੀਤੀ। ਅੱਖਾਂ ਪੂੰਝਾਉਣ ਲਈ ਮੁੱਖ-ਗੇਟ 'ਤੇ ਇਕ ਸਕਿਊਰਟੀ-ਗਾਰਡ ਬਿਠਾ ਦਿੱਤਾ, ਪਰ ਉਹ ਕਿਸੇ ਨੂੰ ਚੈੱਕ ਨਾ ਕਰਦਾ। ਕੈਂਟੀਨ 'ਚ ਕੁੜੀਆਂ ਦਾ ਜਾਣਾ ਉਨ੍ਹਾਂ ਨੇ ਦੁੱਭਰ ਹੀ ਕਰ ਦਿੱਤਾ ਸੀ।

ਉਸ ਦਿਨ ਉਹ ਹਿਸਟਰੀ ਦਾ ਪੀਰੀਅਡ ਲਾ ਕੇ ਨਿਕਲਿਆ। ਚੌਥਾ ਪੀਰੀਅਡ ਲਾਉਣ ਲਈ ਪੰਜਾਬੀ ਦੀ ਕਲਾਸ ਵੱਲ ਜਾ ਰਿਹਾ ਸੀ ਕਿ ਉਸਨੂੰ ਕੁਲਵਿੰਦਰ ਤੇ ਯੂਨੀਅਨ ਦੀਆਂ ਹਮਦਰਦ ਦੂਸਰੀਆਂ ਕੁੜੀਆਂ ਨੇ ਆ ਕੇ ਦੱਸਿਆ, "ਕਰਨ, ਅੱਜ ਤਾਂ ਹਰੀਸ਼ ਹੋਰਾਂ ਨੇ ਹੱਦ ਹੀ ਕਰ ਦਿੱਤੀ ਐ... ਕੈਂਟੀਨ ਮੋਹਰੇ ਬੈਠੇ ਸ਼ਰਾਬ ਪੀਈ ਜਾਂਦੇ ਐ, ਨਾਲੇ ਗੰਦੇ ਕਮੈਂਟ ਕਰਦੇ!" ਉਹ ਉਵੇਂ ਹੀ ਉਨ੍ਹਾਂ ਨਾਲ ਤੁਰ ਪਿਆ। ਇਕ ਪਲ ਉਸਦਾ ਜੀਅ ਕੀਤਾ, ਅਮਰ ਵਗੈਰਾ ਨੂੰ ਨਾਲ ਲੈ ਲਵੇ, ਪਰ ਫਿਰ ਸੋਚਿਆ ਦੇਖੇ ਤਾਂ ਸਹੀ ਜਾ ਕੇ! ਕੁਲਵਿੰਦਰ ਨੂੰ ਉਸਨੇ ਅਮਰ ਹੋਰਾਂ ਨੂੰ ਦੱਸਣ ਲਈ ਭੇਜ ਦਿੱਤਾ। ਅੱਗੇ ਉਹ ਕੈਂਟੀਨ ਦੇ ਸਾਹਮਣੇ ਪਿੱਪਲ਼ ਵਾਲੇ ਲਾਅਨ 'ਚ ਕੋਕ 'ਚ ਮਿਲਾ ਕੇ ਵਿਸਕੀ ਪੀਂਦੇ ਦਿਸ ਗਏ।

"ਹਰੀਸ਼ ਇਹ ਤੁਸੀਂ ਠੀਕ ਨੀ ਕਰ ਰਹੇ?" ਉਸਨੇ ਸਹਿਜ ਰਹਿਣ ਦਾ ਯਤਨ ਕਰਦਿਆਂ ਕਿਹਾ।

"ਕੀ ਠੀਕ ਨੀ ਕਰ ਰਹੇ? ਅਸੀਂ ਕੋਲਡ-ਡਰਿੰਕਸ ਵੀ ਨੀ ਪੀ ਸਕਦੇ!"

"ਕੋਲਡ-ਡਰਿੰਕਸ ਦੀ ਗੱਲ ਨੀ! ਕੁੜੀਆਂ 'ਤੇ ਕਮੈਂਟ ਕਰਨੇ।" ਉਸਨੇ ਵਿਸਕੀ ਦੀ ਗੱਲ ਜਾਣ-ਬੁੱਝ ਕੇ ਨਾ ਕੀਤੀ।

"ਅਸੀਂ ਕੋਈ ਕਮੈਂਟ ਨੀ ਕੀਤਾ...ਆਪੋ-ਵਿਚੀਂ ਗੱਲਾਂ ਕਰ ਰਹੇ ਹਾਂ।" ਹਰੀਸ਼ ਉਸਦੀ ਕਲਾਸ 'ਚ ਸੀ ਤੇ ਉਸਤੋਂ ਕੁਝ ਕੁ ਦੱਬਦਾ ਵੀ।

"ਆਪੋ-ਵਿਚੀਂ ਵੀ ਇਕ ਸਲੀਕਾ ਹੁੰਦਾ! ਇਹ 'ਹਾਤਾ ਨੀ..."

"ਸਾਲ਼ਾ ਹਾਤੇ ਦਾ।" ਉਨ੍ਹਾਂ ਨਾਲ ਬੈਠੇ ਗੇਜੇ ਨੇ ਚਾਕੂ ਕੱਢਿਆ ਤੇ ਖੋਲ੍ਹ ਕੇ ਸਿੱਧਾ ਉਸ ਵੱਲ ਵਧਿਆ।

ਇਕ ਪਲ ਉਸਦੇ ਮਨ 'ਚ ਖ਼ੌਫ਼ ਆਇਆ ਪਰ ਪਿਛਾਂਹ ਹਟਣ ਦਾ ਮੌਕਾ ਵੀ ਨਹੀਂ ਸੀ ਰਹਿ ਗਿਆ। ਕੁਝ ਉਮਰ ਦਾ ਵੀ ਤਕਾਜ਼ਾ ਸੀ, ਜਦੋਂ ਮੌਤ ਤੋਂ ਵੀ ਬਹੁਤਾ ਡਰ ਨਹੀਂ ਲੱਗਦਾ, ਖਾਸ ਕਰਕੇ ਜਦੋਂ ਤੁਹਾਡਾ ਆਦਰਸ਼, ਤੁਹਾਡਾ ਵਕਾਰ ਦਾਅ 'ਤੇ ਲੱਗਾ ਹੋਵੇ! ਭਰੇ ਪੂਰੇ ਕਾਲਿਜ 'ਚ, ਜਿੱਥੇ ਉਹ ਆਗੂ ਸੀ, ਵਿਦਿਆਰਥੀ ਅਗਵਾਈ ਲਈ ਉਸਦੇ ਮੂੰਹ ਵੱਲ ਤੱਕਦੇ ਸਨ! ਉਸਨੇ ਡਟ ਜਾਣ ਦਾ ਸੋਚ ਲਿਆ। ਉਸਨੂੰ ਇਹ ਵੀ ਸੀ ਅਮਰ ਹੁਰੀਂ ਕਿਸੇ ਵੀ ਪਲ ਆ ਜਾਣਗੇ। ਗੇਜੇ ਨੇ ਸਿੱਧਾ ਵਾਰ ਉਸਦੀ ਹਿੱਕ ਵੱਲ ਕੀਤਾ। ਉਸਨੇ ਬਾਂਹ ਅੱਗੇ ਕਰ ਦਿੱਤੀ। ਬਾਂਹ ਦੀ ਹੱਡੀ ਤਾਂ ਬਚ ਗਈ ਪਰ ਮਾਸ ਨੂੰ ਚੀਰਦਾ ਚਾਕੂ ਉਸ 'ਚ ਡੂੰਘਾ ਜ਼ਖ਼ਮ ਕਰ ਗਿਆ। ਲਹੂ ਦੀ ਧਾਰ ਫੁੱਟ ਪਈ। ਦੂਸਰਾ ਵਾਰ ਉਸਨੇ ਉਸਦੇ ਸਿਰ ਵੱਲ ਸੇਧਿਆ, ਉਸਨੇ ਉਸਨੂੰ ਫੜਨ ਦੀ ਕੋਸ਼ਿਸ਼ ਕੀਤੀ। ਚਾਕੂ ਉਸਦੇ ਹੱਥ ਨੂੰ ਚੀਰ ਦੂਸਰੇ ਪਾਸੇ ਜਾ ਨਿਕਲਿਆ। ਤਦ ਤਕ ਉਸਨੇ ਦੂਸਰੇ ਹੱਥ ਦਾ ਮੁੱਕਾ ਉਸਦੇ ਮੂੰਹ 'ਤੇ ਦੇ ਮਾਰਿਆ। ਗੁੱਥਮਗੁੱਥਾ ਹੁੰਦਿਆਂ ਦੇਖ, ਕੈਂਟੀਨ 'ਚ ਬੈਠੇ ਮੁੰਡੇ ਕੁੜੀਆਂ ਕੁਝ ਤਾਂ ਇਧਰ-ਉਧਰ ਟਿੱਭ ਗਏ, ਪਰ ਕੁਝ ਧਾਹ ਕੇ ਉਨ੍ਹਾਂ ਵੱਲ ਆ ਗਏ। ਉਧਰੋਂ ਅਮਰ ਹੁਰੀਂ ਲਲਕਾਰੇ ਮਾਰਦੇ ਭੱਜੇ ਆਉਂਦੇ ਦੇਖੇ ਤਾਂ ਚਾਕੂ ਉਸਦੇ ਹੱਥ 'ਚ ਹੀ ਆਰ-ਪਾਰ ਹੋਇਆ ਛੱਡ ਗੁੰਡੇ ਭੱਜ ਨਿਕਲੇ। ਇਸ ਇਕ ਘਟਨਾ ਨੇ ਉਸਨੂੰ ਕਾਲਿਜ ਤਾਂ ਕੀ, ਪੰਜਾਬ ਭਰ 'ਚ ਵਿਦਿਆਰਥੀ ਲਹਿਰ

ਦਾ ਨਾਇਕ ਬਣਾ ਦਿੱਤਾ ਸੀ। ਫਿਰ ਜਿੱਥੇ ਵੀ ਉਹ ਗਿਆ, ਇਹ ਘਟਨਾ ਉਸਦੇ ਨਾਲ-ਨਾਲ ਸਫ਼ਰ ਕਰਦੀ ਰਹੀ ਸੀ ਉਸਦੀ ਦਲੇਰੀ ਦੀ ਪਛਾਣ ਵਜੋਂ; ਆਪਣੇ ਅਕੀਦਿਆਂ ਲਈ ਜਾਨ ਦੀ ਵੀ ਪਰਵਾਹ ਨਾ ਕਰਨ ਦੀ ਪਛਾਣ ਵਜੋਂ ਵੀ।

ਐੱਮ.ਏ. ਲਈ ਯੂਨੀਵਰਸਿਟੀ ਗਿਆ ਤਾਂ ਵੀ ਭਖਦੇ ਮਸਲਿਆਂ 'ਤੇ ਸਰਗਰਮੀ ਤੇ ਸ਼ਮੂਲੀਅਤ ਉਸਨੇ ਬਣਾਈ ਰੱਖੀ ਤੇ ਪੀ.ਐੱਚ.ਡੀ. ਕਰਦਿਆਂ ਵੀ। ਤਿੰਨ ਕਾਲਿਜਾਂ 'ਚ, ਸਾਲ-ਸਾਲ, ਦੋ-ਦੋ ਸਾਲ ਐਡਹਾਕ 'ਤੇ ਪੜ੍ਹਾਉਣ ਉਪਰੰਤ, ਉਸਨੂੰ ਯੂਨੀਵਰਸਿਟੀ 'ਚ ਹੀ ਲੈਕਚਰਾਰ ਦੀ ਨੌਕਰੀ ਮਿਲ ਗਈ ਸੀ।

ਯੂਨੀਵਰਸਿਟੀ 'ਚ ਪੁੱਜ ਕੇ ਬਹੁਤ ਮਿਹਨਤ ਨਾਲ ਪੜ੍ਹਾਇਆ। ਪੜ੍ਹਾਇਆ ਤਾਂ ਖ਼ੈਰ ਕਾਲਿਜਾਂ ਵਿਚ ਵੀ ਮਿਹਨਤ ਨਾਲ ਹੀ ਸੀ ਪਰ ਇੱਥੇ ਆ ਕੇ ਤਾਂ ਉਸਤੇ ਜਿਵੇਂ ਜਨੂੰਨ ਸਵਾਰ ਹੋ ਗਿਆ ਹੋਵੇ! ਆਪਣੇ ਸਾਰੇ ਸਿਧਾਂਤ, ਚਿੰਤਨ ਦਾ ਨਿਚੋੜ ਉਸ ਨੇ ਪੜ੍ਹਾਉਣ ਦੀ ਸੁਰ 'ਚ ਸ਼ਾਮਲ ਕਰ ਦਿੱਤਾ। ਪੜ੍ਹਾਉਂਦਾ ਸਲੇਬਸ ਹੀ, ਪਰ ਪੜ੍ਹਾਉਂਦਿਆਂ ਉਸਦਾ ਅੱਗੇ-ਪਿੱਛੇ ਨਾਲ ਇੰਞ ਸੰਬੰਧ ਜੋੜਦਾ ਕਿ ਵਿਦਿਆਰਥੀਆਂ ਨੂੰ ਕੋਈ ਸਾਹਿਤਕ ਕ੍ਰਿਤ ਸਮਾਜ, ਜ਼ਿੰਦਗੀ ਦਾ ਅੰਗ ਦਿਸਣ ਲੱਗ ਪੈਂਦੀ। ਉਹ ਉਸਦਾ ਪੀਰੀਅਡ ਮਿਸ ਨਾ ਕਰਦੇ। ਉਸ ਤੋਂ ਪਹਿਲੇ ਪੀਰੀਅਡ 'ਚ ਕਦੀ ਦਸ ਪੰਦਰਾਂ ਵਿਦਿਆਰਥੀ ਹੀ ਬੈਠੇ ਹੁੰਦੇ ਪਰ ਉਸਦੀ ਕਲਾਸ ਪੈਂਤੀ ਅਠੱਤੀ ਤਕ ਪੁੱਜੀ ਹੁੰਦੀ; ਕਈ ਵਾਰ ਤਾਂ ਪੂਰੀ ਦੀ ਪੂਰੀ ਚਾਲ੍ਹੀਆਂ ਦੀ ਹੀ! ਆ ਰਹੇ ਨਵੇਂ ਵਰਤਾਰਿਆਂ, ਸੱਚ ਨੂੰ ਸਮਝਣ ਲਈ, ਆਪ ਵੀ ਕਲਾਸ ਤੋਂ ਬਾਅਦ ਚਾਰ-ਚਾਰ, ਪੰਜ-ਪੰਜ ਘੰਟੇ ਲਾਇਬਰੇਰੀ ਜਾ ਕੇ ਮੱਥਾ ਮਾਰਦਾ। 'ਇਹ ਭਵਿਖ ਦੇ ਬੁੱਧੀਜੀਵੀ, ਪ੍ਰਸ਼ਾਸਕ, ਰਾਜਨੀਤੀਵਾਨ ਹਨ। ਇਨ੍ਹਾਂ 'ਚ ਕਿਉਂ ਨਾ ਕੈਰੀਅਰ ਦੇ ਨਾਲ-ਨਾਲ ਵਿਸ਼ਵਾਸ ਵੀ ਬੀਜੇ ਜਾਣ ਕਿ ਕਿਤੇ ਵੀ ਜਾਣ, ਆਪਣੇ ਸੁਪਨੇ ਨਾਲ ਲੈ ਕੇ ਜਾਣ, ਆਪਣੀਆਂ ਕਦਰਾਂ-ਕੀਮਤਾਂ। ਸਾਰੇ ਨਾ ਸਹੀ, ਕੁਝ ਤਾਂ ਬਚੇ ਰਹਿਣ ਕਿ ਕਾਰਪੋਰੇਟ ਦੇ ਖਪਤ-ਕਲਚਰ ਦੀ ਹਨੇਰੀ 'ਚ ਬਿਲਕੁਲ ਹੀ ਨਾ ਰੁੜ੍ਹ ਜਾਣ, ਗਰਕ ਜਾਣ ਸਿਰਫ਼ ਤੇ ਸਿਰਫ਼ 'ਨਿੱਜ ਦੇ ਹਿਤ' ਤਕ! ਉਸਨੇ ਅਧਿਆਪਕ ਯੂਨੀਅਨ 'ਚੋਂ ਸਰਗਰਮੀ ਕਾਫ਼ੀ ਘਟਾ ਲਈ ਸੀ; ਇਹ ਵੀ ਨਹੀਂ ਕਿ ਨਾਤਾ ਤੋੜ ਲਿਆ ਹੋਵੇ; ਪਰ ਆਗੂ ਭੂਮਿਕਾ 'ਚੋਂ ਲਾਂਭੇ ਹੋ ਗਿਆ ਕਿ ਉਸਨੂੰ ਇਹ ਲੱਗਣ ਲੱਗ ਪਿਆ ਸੀ; ਕਈ ਲੈਕਚਰਾਰ ਯੂਨੀਅਨ ਦੀ ਛਤਰ-ਛਾਇਆ ਨੂੰ ਆਪਣੀਆਂ ਅਲਗਰਜ਼ੀਆਂ, ਫਰਜ਼ਾਂ ਤੋਂ ਕੋਤਾਹੀ ਲਈ ਢਾਲ਼ ਵਜੋਂ ਵਰਤਦੇ ਹਨ। ਅਕਸਰ ਪੀਰੀਅਡ ਨਾ ਲਾਉਣਾ, ਤਿਆਰੀ ਕਰਕੇ ਨਾ ਜਾਣਾ ਜਾਂ ਇਧਰ-ਉਧਰ ਦੀਆਂ ਮਾਰ ਕੇ ਸਮਾਂ ਪੂਰਾ ਕਰ ਜਾਣਾ। ਕਈ ਤਾਂ ਇਹੋ ਜਿਹੇ ਵੀ ਸਨ ਜਿਨ੍ਹਾਂ ਨੇ ਨੌਕਰੀ 'ਚ ਆਉਣ ਤੋਂ ਬਾਅਦ ਸ਼ਾਇਦ ਹੀ ਕੋਈ ਕਿਤਾਬ ਆਪਣੇ ਗਿਆਨ ਨੂੰ ਉਚਿਆਉਣ ਨੂੰ ਮੁੱਖ ਰੱਖ ਕੇ ਪੜ੍ਹੀ ਹੋਵੇ! ਜ਼ਿਹਨ 'ਚ ਆਪਣੇ ਨਿੱਜੀ ਰੁਝੇਵਿਆਂ ਦਾ ਫਿਕਰ; ਦੂਸਰੀਆਂ ਯੂਨੀਵਰਸਿਟੀਆਂ/ਕਾਲਿਜਾਂ 'ਚ ਹੁੰਦੇ ਸੈਮੀਨਾਰਾਂ/ਕਾਨਫਰੰਸਾਂ 'ਚ ਸ਼ਾਮਲ ਹੋਣ ਦੀਆਂ ਤਿਕੜਮਾਂ। ਉੱਥੇ ਵੀ ਸ਼ਮੂਲੀਅਤ ਕਿਸੇ ਗਿਆਨ 'ਚ ਵਾਧੇ ਲਈ ਨਹੀਂ ਜਾਂ ਆਪਣੀ ਕੋਈ ਗੱਲ ਕਹਿਣੀ ਹੋਵੇ! ਨਹੀਂ, ਬਸ ਬਾਇਓਡਾਟੇ 'ਚ ਵਾਧੇ ਲਈ ਕਿ ਕਿੰਨੇ ਸੈਮੀਨਾਰ ਅਟੈਂਡ ਕੀਤੇ ਜਾਂ ਫਿਰ ਰਾਤ ਨੂੰ ਚੱਲਣ ਵਾਲੀਆਂ ਵਿਸਕੀ ਦੀਆਂ ਮਹਿਫ਼ਲਾਂ; ਜਿਨ੍ਹਾਂ 'ਚ ਆਪਣੇ ਕਿਸੇ ਦੂਰ-ਨੇੜੇ ਦੇ ਰਿਸ਼ਤੇਦਾਰ ਦੀ ਨਿਯੁਕਤੀ ਲਈ ਸੌਦੇਬਾਜ਼ੀ, ਯੂ.ਜੀ.ਸੀ. ਦੇ ਕਿਸੇ ਪ੍ਰੋਜੈਕਟ ਲਈ ਜਾਂ ਐਕਸਟੈਨਸ਼ਨ ਲੈਣ ਲਈ ਘੜੀਆਂ ਜਾਂਦੀਆਂ ਸਕੀਮਾਂ। ਜਿਸ ਕੰਮ ਲਈ ਲੱਖ-ਲੱਖ, ਸਵਾ-ਸਵਾ ਲੱਖ ਤਨਖਾਹ ਦੇ ਮਿਲਦੇ, ਉਹ ਜ਼ਿਹਨ 'ਚ ਕਿਤੇ ਨਾ ਸੁਲਘਦਾ, ਕਿਤੇ ਕੜਵੱਲ ਨਾ ਪੈਂਦੀ! ਸੋਚਦਾ ਤਾਂ ਘਿਣ ਆਉਣ ਲੱਗਦੀ ਉਸਨੂੰ। ਅਜਿਹੇ ਲੈਕਚਰਾਰਾਂ/ਪ੍ਰੋਫੈਸਰਾਂ ਲਾਗੇ ਉਹ ਖੜੋਂਦਾ ਵੀ ਨਾ। ਕੈਂਪਸ 'ਚ ਘਰ ਮਿਲ ਗਿਆ ਹੋਇਆ ਸੀ। ਵਿਭਾਗ, ਘਰ ਜਾਂ ਲਾਇਬਰੇਰੀ; ਵਿਦਿਆਰਥੀਆਂ ਲਈ ਸਦਾ ਹਾਜ਼ਰ ਹੁੰਦਾ, "ਤੁਸੀਂ ਕਿਸੇ ਵੀ ਵੇਲੇ ਮੇਰੇ ਕੋਲ਼ ਆ ਸਕਦੇ ਹੋ, ਫੋਨ ਕਰ ਸਕਦੇ ਹੋ...ਪੜ੍ਹਾਈ ਤੋਂ ਲੈ ਕੇ ਨਿੱਜੀ ਮਸਲਿਆਂ ਤਕ, ਜਿੱਥੇ ਵੀ ਮੇਰੀ ਕਿਸੇ ਗਾਈਡੈਂਸ ਦੀ ਲੋੜ ਹੋਵੇ, ਹਰ ਵੇਲ਼ੇ ਜੀਅ ਆਇਆਂ!" ਉਹ ਆਉਂਦੇ, ਆ ਕੇ ਆਪਣੀਆਂ ਸਮੱਸਿਆਵਾਂ, ਔਕੜਾਂ ਵਿਚਾਰਦੇ; ਖਾਸ ਕਰਕੇ

ਜਿਹੜੇ ਉਸ ਨਾਲ ਰਿਸਰਚ ਕਰ ਰਹੇ ਹੁੰਦੇ। ਉਸਦੀ ਬੀਵੀ ਘਰ ਹੁੰਦੀ ਤਾਂ ਕੁਝ-ਕੁਝ ਸਮੇਂ ਬਾਅਦ ਚਾਹ ਬਣਕੇ ਆਈ ਜਾਂਦੀ; ਨਹੀਂ ਤਾਂ ਆਇਆਂ 'ਚੋਂ ਹੀ ਕੋਈ ਇਹ ਸੇਵਾ ਨਿਭਾ ਲੈਂਦਾ।...

.....ਦੋ ਚਾਰ ਮਹੀਨਿਆਂ ਬਾਅਦ ਪੰਜ-ਸੱਤ ਛੁੱਟੀਆਂ 'ਕੱਠੀਆਂ ਆ ਜਾਂਦੀਆਂ ਤਾਂ ਪਿੰਡ ਆ ਜਾਂਦਾ। ਮਾਂ ਬਾਪ ਨਾਲ ਪਿੰਡ 'ਚ ਖ਼ੂਬ ਸਮਾਂ ਲੰਘਦਾ। ਨਵਨੀਤ ਦਾ ਵੀ ਜੀਅ ਲੱਗਾ ਰਹਿੰਦਾ। ਆਪਣੇ ਵੇਲ਼ੇ ਦੇ ਗਰੈਜੂਏਟ ਬਾਪ ਨਾਲ ਪਰ ਉਸਦਾ ਰਿਸ਼ਤਾ ਸਦਾ ਖੱਟਾ-ਮਿੱਠਾ ਹੀ ਰਿਹਾ। ਬਾਪ ਵੀ ਆਪਣੀ ਜਵਾਨੀ ਵੇਲੇ ਕਮਿਊਨਿਸਟ ਲਹਿਰ 'ਚ ਸਰਗਰਮ ਰਿਹਾ ਸੀ, ਸਗੋਂ ਇਲਾਕੇ ਦੀਆਂ ਆਗੂ ਸਫ਼ਾਂ 'ਚ ਵੀ। ਉਸਨੂੰ ਮੁੱਢਲੀ ਸਮਾਜਕ ਸੂਝ ਦੇਣ 'ਚ ਉਸਨੇ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸਦੀ ਵਿਦਿਆਰਥੀ ਲਹਿਰ 'ਚ ਸਰਗਰਮੀ ਨੂੰ ਵੀ ਹਾਂ-ਪੱਖੀ ਹੀ ਲਿਆ। ਲੜਾਈ ਵੇਲ਼ੇ ਜਦੋਂ ਉਹ ਹਸਪਤਾਲ 'ਚ ਦਾਖਲ ਸੀ ਤਾਂ ਮਿਲਣ ਆਏ ਨੇ ਦਲੇਰੀ ਨਾਲ ਕਿਹਾ ਸੀ, "ਕਿਤੇ ਸਕੂਟਰ ਸਲਿੱਪ ਕਰ ਜਾਵੇ ਤਾਂ ਵੀ ਇਸ ਨਾਲੋਂ ਵੱਧ ਸੱਟਾਂ ਲੱਗ ਜਾਂਦੀਆਂ...ਜੇ ਤੁਰ ਪਿਆ ਹੈਂ ਤਾਂ ਹੁਣ ਘਬਰਾਈਂ ਨਾ...ਚੰਗੇ ਮਾੜੇ ਸਮੇਂ ਆਉਂਦੇ ਹੀ ਰਹਿੰਦੇ ਐ।" ਜਦੋਂ ਉਸਨੇ ਆਪਣੀ ਮਰਜ਼ੀ ਨਾਲ ਕੁਲਵਿੰਦਰ ਨਾਲ ਵਿਆਹ ਕਰਵਾਉਣ ਦਾ ਫੈਸਲਾ ਲਿਆ ਤਾਂ ਵੀ ਉਸਨੇ ਕੋਈ ਨੰਨਾ ਨਹੀਂ ਸੀ ਪਾਇਆ। ਜਿਵੇਂ ਉਸਨੇ ਕਿਹਾ, ਸਾਦਾ ਕੀਤਾ, ਗਿਆਰਾਂ ਬੰਦਿਆਂ ਦੀ ਬਰਾਤ ਖੜ੍ਹੀ। ਪਰ ਛੇਤੀ ਹੀ ਉਨ੍ਹਾਂ ਨਾਲ ਤਕਰਾਰ ਸ਼ੁਰੂ ਹੋ ਗਿਆ ਸੀ, ਜਦੋਂ ਉਸ ਮੀਆਂ-ਬੀਵੀ ਨੇ ਨਵਨੀਤ ਤੋਂ ਬਾਅਦ ਹੋਰ ਬੱਚਾ ਪੈਦਾ ਨਾ ਕਰਨ ਦਾ ਫੈਸਲਾ ਕਰ ਲਿਆ।

"ਕੋਈ ਤਾਂ ਵਾਰਿਸ ਚਾਹੀਦਾ...ਬਗਾਨੇ ਆ ਕੇ ਜ਼ਮੀਨ ਦੇ ਮਾਲਕ ਬਣਨਗੇ।"

"ਨਵਨੀਤ ਵਾਰਿਸ ਕਿਉਂ ਨਹੀਂ? ਉਹ ਸਾਡੀ ਆਪਣੀ ਹੈ। ਉਸਨੂੰ ਚੰਗੀ ਤਰ੍ਹਾਂ ਪੜ੍ਹਾਵਾਂ-ਲਿਖਾਵਾਂਗੇ।"

"ਕੁੜੀਆਂ ਤਾਂ ਬਿਗਾਨਾ ਧਨ ਹੁੰਦੀਆਂ।" ਆਪਣੇ ਅਗਾਂਹਵਧੂ ਖਿਆਲਾਂ ਦੇ ਬਾਵਜੂਦ, ਬਾਪ ਦੇ ਅਵਚੇਤਨ 'ਚ ਕਿਤੇ 'ਜੱਟਵਾਦ' ਫਸਿਆ ਹੋਇਆ ਸੀ।

"ਆਹ ਲੱਖੇ ਦੇ ਤਿੰਨੇ ਮੁੰਡੇ, ਕੋਈ ਕਿਸੇ ਕੇਸ 'ਚ ਫਸਿਆ ਹੁੰਦਾ ਤੇ ਕੋਈ ਕਿਸੇ 'ਚ... ਰੱਜ ਕੇ ਨਸ਼ੇੜੀ...ਜ਼ਮੀਨ ਅੱਧੀਉਂ ਵੱਧ ਵਿਕ ਚੁੱਕੀ ਐ! ਜੇ ਇਹੀ ਹਾਲ ਰਿਹਾ, ਹੋਰ ਪੰਜ-ਸੱਤ ਸਾਲਾਂ 'ਚ ਬਚਦੀ ਬਾਕੀ ਵੀ ਨੀ।" ਲੱਖਾ ਉਸਦਾ ਸ਼ਰੀਕੇ 'ਚੋਂ ਚਾਚਾ ਲੱਗਦਾ ਸੀ। ਉਸਦੇ ਪੜਦਾਦੇ ਸਰਦਾਰ ਹਜ਼ਾਰਾ ਸਿੰਘ ਚੀਮਾ ਦੇ ਸਕੇ ਛੋਟੇ ਭਰਾ ਮਣਸ਼ਾ ਸਿੰਘ ਦੀ ਅੰਸ਼ 'ਚੋਂ। ਉਸਦਾ ਪੜਦਾਦਾ ਅੰਗਰੇਜ਼ਾਂ ਦੇ ਰਾਜ ਵੇਲ਼ੇ ਜ਼ੈਲਦਾਰ ਹੋਇਆ ਕਰਦਾ ਸੀ। ਉਨ੍ਹਾਂ ਦੋਹਾਂ ਭਰਾਵਾਂ ਹਜ਼ਾਰਾ ਸਿੰਘ ਤੇ ਮੁਣਸ਼ਾ ਸਿੰਘ ਦੀ ਪਿੰਡ 'ਚ ਅੱਧ ਦੀ ਜ਼ਮੀਨ ਮਾਲਕੀ ਸੀ ਜਿਹੜੀ ਪੀੜ੍ਹੀਓ-ਪੀੜ੍ਹੀ ਵੰਡ ਹੁੰਦੀ, ਉਸਦੇ ਬਾਪ ਦੀ ਪੀੜ੍ਹੀ ਤਕ ਪੁੱਜਦੀ ਉਨ੍ਹਾਂ ਕੋਲ਼ ਹੁਣ ਵੀਹ ਕਿੱਲੇ ਰਹਿ ਗਈ ਸੀ। ਇਹ ਵੀ ਤਾਂ ਕਿਉਂਕਿ ਉਸਦਾ ਬਾਪ ਵੀ ਇਕਲੌਤੀ ਔਲਾਦ ਸੀ, ਅਗਾਂਹ ਉਹ ਵੀ; ਤੇ ਹੁਣ ਨਵਨੀਤ ਵੀ, ਜਦੋਂ ਕਿ ਸ਼ਰੀਕੇ 'ਚੋਂ ਕਈ ਘਰ ਦੋ-ਦੋ, ਚਾਰ-ਚਾਰ ਕਿਲਿਆਂ ਦੀ ਮਾਲੀ ਤਕ ਸਿਮਟ ਗਏ ਹੋਏ ਸਨ। ਕਈ ਤਾਂ ਵੇਚ ਵੱਟ ਕੇ ਵਿਹਲੇ ਵੀ ਹੋ ਚੁੱਕੇ। ਔਲਾਦ ਕੋਈ ਟਰੱਕ ਡਰਾਈਵਰੀ ਕਰਦੀ, ਕੋਈ ਭੱਠੇ 'ਤੇ ਮੁਨਸ਼ੀਗਿਰੀ, ਕੋਈ ਛੋਟੀ-ਮੋਟੀ ਹੋਰ ਨੌਕਰੀ। ਕੁਝ ਅਰਬ ਮੁਲਕਾਂ 'ਚ ਚਲੇ ਗਏ ਸਨ ਤੇ ਕੁਝ ਕੈਨੇਡਾ ਅਮਰੀਕਾ 'ਚ ਵੀ। ਉਨ੍ਹਾਂ ਦੀ ਵੀ ਜ਼ਮੀਨ ਭਾਵੇਂ ਵੀਹ ਕਿੱਲੇ ਹੀ ਸੀ ਪਰ ਬਾਪ ਦੇ ਮਨ 'ਚ, ਬਾਬੇ ਦੀ ਜ਼ੈਲਦਾਰੀ ਵਾਲਾ ਗਰੂਰ ਭਰਿਆ ਰਹਿੰਦਾ। ਕਮਿਊਨਿਸਟ ਲਹਿਰ 'ਚ ਸਰਗਰਮੀ ਦੇ ਬਾਵਜੂਦ ਉਸ ਅੰਦਰੋਂ ਇਹ ਗਰੂਰ ਨਹੀਂ ਸੀ ਗਿਆ। ਉਂਝ ਇਹ ਗਰੂਰ ਉਨ੍ਹਾਂ ਦੇ ਸਾਰੇ ਸ਼ਰੀਕੇ 'ਚ ਹੀ ਸੀ। ਉਨ੍ਹਾਂ 'ਚ ਵੀ, ਜਿਨ੍ਹਾਂ ਕੋਲ਼ ਮਰਲਾ ਨਹੀਂ ਸੀ ਬਚੀ ਹੋਈ। 'ਕੱਲੀ ਕੁੜੀ ਨੂੰ ਲੈ ਕੇ ਕੁਝ ਸਾਲ ਤਾਂ ਪਿਉ-ਪੁੱਤ 'ਚ ਬੋਲਚਾਲ ਵੀ ਬੰਦ ਰਹੀ। ਹੌਲ਼ੀ-ਹੌਲ਼ੀ ਮਨ-ਮੁਟਾਵ ਘੱਟ ਹੋ ਗਏ, ਪਰ ਫਿਰ ਵੀ ਜਦੋਂ ਕਿਤੇ ਗੁਰਜੰਟ ਸਿੰਘ ਨੇ ਪੈੱਗ ਲਾਇਆ ਹੁੰਦਾ ਤਾਂ ਉਸਦੇ ਅੰਦਰੋਂ ਹਉਕੇ ਵਾਂਗ ਨਿਕਲਦਾ: ਰੱਸੀਆਂ ਭਰ-ਭਰ ਮਿਣਨਗੇ,ਔਂਤਰ ਗਿਆਂ ਦੀ ਥਾਂ।

ਨਵਨੀਤ ਪੜ੍ਹਨ ਨੂੰ ਤੇਜ਼ ਨਿਕਲੀ। ਸ਼ਾਇਦ ਇਸ ਪਿੱਛੇ ਘਰ 'ਚੋਂ ਮਿਲੀ ਉਹ ਸਮਝ ਸੀ

ਕਿ ਜਿਹੜਾ ਕੰਮ ਕਰੋ; ਭਾਵੇਂ ਕੋਈ ਵੀ ਹੋਵੇ, ਉਹ ਜੀਅ-ਜਾਨ ਲਾ ਕੇ ਕਰਨਾ ਚਾਹੀਦਾ, ਪੂਰੀ ਤਰ੍ਹਾਂ ਸਮਰਪਣ ਦੀ ਭਾਵਨਾ ਨਾਲ। ਜਦੋਂ ਕਦੀ ਰਿਸਰਚ ਸਕਾਲਰ ਉਸ ਕੋਲ਼ ਆਏ ਹੁੰਦੇ, ਕਿਸੇ ਮਸਲੇ 'ਤੇ ਚਰਚਾ ਚੱਲ ਰਹੀ ਹੁੰਦੀ ਤਾਂ ਉਹ ਵੀ ਵਿਚ ਆ ਬਹਿੰਦੀ। ਉਹ ਅੰਗਰੇਜ਼ੀ 'ਚ ਐੱਮ.ਏ. ਕਰਨ ਲੱਗੀ ਸੀ ਪਰ ਸਾਹਿਤ-ਸਿਧਾਂਤ ਦੇ ਮੁੱਢਲੇ ਸੁਆਲ ਤਾਂ ਲਗਪਗ ਇਕੋ ਜਿਹੇ ਹੀ ਹੁੰਦੇ ਹਨ। ਫਿਰ ਸਮਾਜਕ ਸਰੋਕਾਰਾਂ ਬਾਰੇ ਸੰਵਾਦ 'ਚ ਤਾਂ ਉਹ ਖੁੱਲ੍ਹ ਕੇ ਹਿੱਸਾ ਲੈਂਦੀ, "ਆਪਣੇ ਢਿੱਡ ਲਈ ਤਾਂ ਸਾਰੇ ਜੀਊਂ ਲੈਂਦੇ ਹਨ, ਪਸ਼ੂ ਵੀ; ਪਰ ਬੰਦੇ ਨੂੰ ਇਸਤੋਂ ਕੁਝ ਵੱਧ ਕਰਨਾ ਚਾਹੀਦਾ। ਕੁਝ ਅਜਿਹਾ ਕਿ ਉਹ ਆਪਣੇ ਆਲ਼ੇ-ਦੁਆਲ਼ੇ ਨੂੰ ਕੁਝ ਵਧੇਰੇ ਸੁਹਣਾ ਬਣਾ ਸਕੇ, ਕੁਝ ਵਧੇਰੇ ਜੀਊਣ-ਯੋਗ,ਜੀਵੰਤ।" ਅੰਗਰੇਜ਼ੀ ਵੀ ਉਸਨੇ ਇਸ ਲਈ ਹੀ ਚੁਣੀ ਸੀ, "ਇਸ 'ਚ ਹੀ ਅੱਜਕਲ ਦੁਨੀਆਂ ਦਾ ਬਹੁਤਾ ਨਵਾਂ ਗਿਆਨ ਆ ਰਿਹਾ...ਇਹ ਕਿੱਤੇ ਦੀ ਭਾਸ਼ਾ ਵੀ ਹੋਵੇ ਤਾਂ ਪੜ੍ਹਨ-ਪੜ੍ਹਾਉਣ ਦਾ ਮੁਹਾਵਰਾ ਬਣਿਆ ਰਹਿੰਦਾ...ਉਚੇਚੀ ਮਿਹਨਤ ਨਹੀਂ ਕਰਨੀ ਪੈਂਦੀ।" ਹਾਲਾਂਕਿ ਗੁਰਜੰਟ ਸਿੰਘ ਚਾਹੁੰਦਾ ਸੀ ਉਹ ਆਈ.ਏ.ਐੱਸ. ਜਾਂ ਪੀ.ਸੀ.ਐੱਸ ਕਰੇ, ਚੰਡੀਗੜ੍ਹ ਜਾਂ ਦਿੱਲੀ ਜਾ ਕੇ ਵਧੀਆ ਕੋਚਿੰਗ ਲਵੇ, "ਟੀਚਿੰਗ ਦਾ ਤਾਂ ਅੱਜਕਲ ਬਹੁਤ ਮਾੜਾ ਹਾਲ ਐ। ਹਜ਼ਾਰਾਂ ਪੀ.ਐੱਚ.ਡੀ. ਪਹਿਲਾਂ ਹੀ ਧੱਕੇ ਖਾਂਦੇ ਫਿਰਦੇ ਐ।"

"ਕੋਈ ਨਾ ਪਾਪਾ, ਉਸਦਾ ਫੈਸਲਾ ਹੈ।"

ਜ਼ਿੰਦਗੀ, ਸਮਾਜ, ਸਮਾਜਕ ਸਰੋਕਾਰ ਤੇ ਬਦਲਾਅ ਜਿਹੇ ਮਸਲਿਆਂ 'ਤੇ ਸੰਵਾਦ 'ਚ ਉਹ ਕਈ ਵਾਰ ਤਾਂ ਕਰਨ ਨੂੰ ਵੀ ਨਿਰੁੱਤਰ ਕਰ ਦਿੰਦੀ। ਉਹ ਵੀ ਆਪਣੀ ਪਿੱਤਰੀ-ਸੋਚ ਦੀ ਆਸਥਾ ਉਸ 'ਤੇ ਠੋਸਣ ਦੀ ਬਜਾਏ ਆਪਣੀ ਸੀਮਾ ਸਵੀਕਾਰ ਕਰ ਲੈਂਦਾ, "ਸਾਡੇ ਸਮੇਂ ਦੀ ਇਕ ਸੀਮਾ ਸੀ। ਅਸੀਂ ਉੱਥੇ ਖੜ੍ਹੇ ਹੋ ਕੇ ਆਪਣੇ ਦਿਸਹੱਦੇ ਸਿਰਜੇ... ਤੁਹਾਡਾ ਸਮਾਂ ਦਿਸਹੱਦਿਆਂ ਦੀ ਨਵੀਂ ਸੀਮਾ ਤਹਿ ਕਰ ਰਿਹਾ ਹੈ।" ਐੱਮ.ਏ. ਤੋਂ ਬਾਅਦ ਯੂ.ਜੀ.ਸੀ. ਕਲੀਅਰ ਕਰਕੇ ਨੌਕਰੀ ਲਈ ਹੱਥ ਪੈਰ ਮਾਰਨ ਦੀ ਥਾਂ, ਉਹ ਜੇ.ਐੱਨ.ਯੂ. 'ਚ ਪੀ.ਐੱਚ.ਡੀ. ਲਈ ਯਤਨ ਕਰਨ ਲ'ਗੀ, ਜਿਸ ਲਈ ਉਸਨੂੰ ਤਿੰਨ ਸਾਲ ਉਡੀਕਣਾ ਪਿਆ। ਵਿਸ਼ਾ ਸੀ: 'ਪੰਜਾਬੀ ਦਲਿਤ ਲਿਟਰੇਚਰ ਐਂਡ ਅਫਰੀਕਨ ਬਲੈਕ ਲਿਟਰੇਚਰ; ਕੰਮਪੈਰੇਟਿਵ ਸਟੱਡੀ'। ਉਸਦਾ ਜੇ.ਐੱਨ.ਯੂ. 'ਚ ਜਾਣਾ ਵੀ ਗੁਰਜੰਟ ਸਿੰਘ ਨੂੰ ਪਸੰਦ ਨਾ ਆਇਆ; "ਉੱਥੇ ਪੜ੍ਹਨ-ਪੜ੍ਹਾਉਣ ਦਾ ਤੈਨੂੰ ਕਿਹੜਾ ਪਤਾ ਨੀ... ਹੜਤਾਲਾਂ, ਰੈਲੀਆਂ, ਪੁਲੀਸ ਕੇਸ... ਕਿਤੇ ਕੁੜੀ ਹੀ ਨਾ ਹੱਥੋਂ ਜਾਂਦੀ ਰਹੇ!" ਅਸਲ 'ਚ ਦੂਰ-ਪਾਰ ਦੀ ਭੁੱਲ-ਭੁਲਾ ਚੁੱਕੀ ਰਿਸ਼ਤੇਦਾਰੀ 'ਚੋਂ ਇਕ ਵਿਧਾਇਕ ਦਾ ਮੁੰਡਾ ਤਹਿਸੀਲਦਾਰ ਲੱਗਾ ਸੀ। ਉਨ੍ਹਾਂ ਨੇ ਰਿਸ਼ਤੇ ਦੀ ਗੱਲ ਤੋਰੀ ਤਾਂ ਗੁਰਜੰਟ ਸਿੰਘ ਫੁੱਲਿਆ ਨਾ ਸਮਾਵੇ। ਸੁਣਕੇ ਉਸਨੇ ਪਰ ਕੋਈ ਖੁਸ਼ੀ ਜ਼ਾਹਰ ਨਾ ਕੀਤੀ, ਸਗੋਂ ਟਾਲ਼ਾ ਵੱਟਿਆ, "ਅਜੇ ਤਾਂ ਚਾਰ ਪੰਜ ਸਾਲ ਉਸਦੀ ਰਿਸਰਚ 'ਚ ਲੱਗ ਜਾਣੇ ਐ।"

"ਪੀ.ਐੱਚ.ਡੀ. ਕਰਕੇ ਵੀ ਪ੍ਰੋਫੈਸਰ ਹੀ ਲੱਗਣਾ! ਇਹ ਉਨ੍ਹਾਂ ਆਪੇ ਹੀ ਲਗਵਾ ਲੈਣਾ! ਪਰਿਵਾਰ ਮੁਖ-ਮੰਤਰੀ ਦੇ ਵੀ ਨੇੜੇ ਐ!" ਉਸਦਾ ਬਾਪ, ਜਿਸਨੇ ਉਸਨੂੰ ਵਿਆਹ ਵੇਲ਼ੇ ਪੂਰੀ ਖੁੱਲ੍ਹ ਦਿੱਤੀ ਸੀ, ਪੋਤਰੀ ਲਈ 'ਇੱਜ਼ਤਦਾਰ ਖਾਨਦਾਨ' 'ਚ ਬਦਲ ਗਿਆ ਸੀ। ਉੱਚੇ ਖਾਨਦਾਨ ਨਾਲ ਜੋੜ-ਤੋੜ 'ਚ ਨਵਨੀਤ ਉਸਦੇ ਜ਼ਿਹਨ 'ਚੋਂ ਮਨਫ਼ੀ ਹੋ ਗਈ ਸੀ। ਜ਼ੈਲਦਾਰੀ ਦੀਆਂ ਜੜ੍ਹਾਂ ਮੁੜ-ਮੁੜ ਹਰੀਆਂ ਹੋ ਪੁੰਗਰ ਪੈਂਦੀਆਂ!

"ਅਜਿਹੇ ਘਰਾਂ 'ਚ ਔਰਤ ਦੀ ਹੋਂਦ ਸਜਾਵਟੀ ਗੁੱਡੀ ਤੋਂ ਵੱਧ ਕੁਝ ਨਹੀਂ ਹੁੰਦੀ! ਨਵਨੀਤ ਜਿਸ ਤਰ੍ਹਾਂ ਪਲ਼ੀ ਹੈ, ਜਿਸ ਤਰ੍ਹਾਂ ਸੋਚਦੀ ਹੈ, ਉਹ ਉਸ ਘਰ 'ਚ ਜਾ ਕੇ ਖੁਸ਼ ਨਹੀਂ ਰਹਿ ਸਕਦੀ!" ਉਸਨੇ ਇਹ ਗੱਲ ਨਵਨੀਤ ਨਾਲ ਕੀਤੀ ਵੀ ਨਾ। ਉਸਨੂੰ ਪਤਾ ਸੀ ਉਹਦੇ ਸੁਪਨਿਆਂ 'ਚ ਅਜੇ ਵਿਆਹ, ਘਰ-ਪਰਿਵਾਰ, ਬੱਚੇ ਨਹੀਂ ਹਨ। ਉਹ ਕਿਸ ਰੂਪ 'ਚ ਆਉਣਗੇ, ਇਹ ਵੀ ਉਸਨੂੰ ਪਤਾ ਨਹੀਂ ਸੀ!

ਉਹ ਦਿੱਲੀ ਚਲੀ ਗਈ ਤਾਂ ਉਸਦੀ ਆਪਣੀ ਨੌਕਰੀ ਦੇ ਦੋ ਕੁ ਸਾਲ ਹੀ ਬਚ ਗਏ ਸਨ।

ਉਸਦੇ ਬਹੁਤੇ ਕੁਲੀਗਜ਼ ਨੇ ਸ਼ਹਿਰ ਦੀਆਂ ਪੋਸ਼-ਕਾਲੋਨੀਆਂ 'ਚ ਘਰ ਬਣਾ ਕੇ ਉਨ੍ਹਾਂ 'ਚ ਰਿਹਾਇਸ਼ ਬਦਲ ਲਈ ਸੀ। ਕਿਸੇ ਨੇ ਪਲਾਟ ਲਿਆ ਹੋਇਆ ਸੀ ਤੇ ਉਸਦੇ ਨਕਸ਼ੇ ਬਣਾਉਣ 'ਚ ਰੁੱਝਾ ਹੋਇਆ। ਕੋਈ ਬਣਿਆ ਬਣਾਇਆ ਖਰੀਦਣ ਦੇ ਚੱਕਰ 'ਚ। ਉਸਦੀ ਪੀੜ੍ਹੀ ਵਾਲੇ, ਰਿਟਾਇਰਮੈਂਟ ਨੇੜੇ ਪੁੱਜੇ ਬਹੁਤੇ ਹੁਣ ਸਲੇਬਸ ਜਾਂ ਪੜ੍ਹਾਉਣ ਦੇ ਮਸਲਿਆਂ ਨਾਲੋਂ ਘਰ-ਉਸਾਰੀ, ਮਿਲਣ ਵਾਲੇ ਫੰਡਾਂ, ਪੈਨਸ਼ਨ ਦੀ ਚਰਚਾ 'ਚ ਵੱਧ ਰੁੱਝੇ ਰਹਿੰਦੇ। ਉਸਤੇ ਵੀ ਜ਼ੋਰ ਪਾਉਂਦੇ, "ਪਲਾਟ ਲੈ ਕੇ ਘਰ ਬਣਾ ਲੈ...ਰਿਟਾਇਰ ਹੋਣ 'ਤੇ ਸਾਮਾਨ ਚੁੱਕ ਕੇ ਉਸ 'ਚ ਰੱਖਣ ਵਾਲਾ ਬਣੇਂਗਾ।" ਤਾਂ ਉਸਦਾ ਸਦਾ ਹੀ ਜੁਆਬ ਹੁੰਦਾ, "ਰਿਟਾਇਰਮੈਂਟ ਵਾਲੀ ਜ਼ਿੰਦਗੀ ਤਾਂ ਪਿੰਡ 'ਚ ਬਿਤਾਵਾਂਗਾ।"

"ਸਾਰਾ ਸਰਕਲ ਇੱਥੇ ਹੀ ਐ, ਸਗੋਂ ਪੇਰੈਂਟਸ ਨੂੰ ਵੀ ਇੱਥੇ ਹੀ ਲੈ ਆ। ਚਾਰ ਦਿਨ ਉਹ ਵੀ ਸੌਖ ਦੇ ਕੱਢ ਲੈਣ!"

"ਸੌਖ ਦੇ ਕਿ ਕੈਦ 'ਚ...ਉਹ ਉੱਥੇ ਦੇ ਕਣ-ਕਣ ਨਾਲ ਜੁੜੇ ਹੋਏ ਐ। ਸਾਰੀ ਉਮਰ ਉਨ੍ਹਾਂ ਉੱਥੇ ਬਿਤਾਈ...ਹੁਣ ਪਚਾਸੀ ਛਿਆਸੀ ਨੂੰ ਪੁੱਜੇ ਹੋਏ ਉਹ ਤਾਂ ਇੱਥੇ ਓਪਰੇਪਣ 'ਚ ਹੀ ਮਰ ਜਾਣਗੇ...ਮੈਨੂੰ ਵੀ ਪਿੰਡ ਚੰਗਾ ਲਗਦਾ।"

"ਇਹ ਐਵੇਂ ਉਪ-ਭਾਵੁਕਤਾ ਹੁੰਦੀ ਐ...ਜਦੋਂ ਜਾ ਕੇ ਰਹਿਣ ਲੱਗੋ, ਫਿਰ ਪਤਾ ਲੱਗਦਾ ਸਮੱਸਿਆਵਾਂ ਦਾ।"

"ਇਹ ਉਪ-ਭਾਵੁਕਤਾ ਨਹੀਂ...ਹੁਣ ਵੀ ਤਾਂ ਅਕਸਰ ਪਿੰਡ ਜਾਂਦਾ ਹੀ ਰਹਿੰਨਾ।"

"ਜਦੋਂ ਬਾਹਰੋਂ ਜਾਂਦੇ ਹੋ ਤਾਂ ਲੋਕ ਹੋਰ ਤਰ੍ਹਾਂ ਬਹੇਵ ਕਰਦੇ ਹਨ...ਅਸਲੀ ਚਿਹਰਾ ਤਾਂ ਵਿਚ ਰਹਿਣ 'ਤੇ ਪਤਾ ਲਗਦਾ!" ਉਨ੍ਹਾਂ ਨੂੰ ਲੱਗਦਾ ਹੀ ਨਹੀਂ ਸੀ ਕਿ ਜੀਊਣ ਦਾ ਕੋਈ ਹੋਰ ਸਲੀਕਾ ਵੀ ਹੋ ਸਕਦਾ; ਜ਼ਿੰਦਗੀ ਦੀ ਸਾਰਥਿਕਤਾ, ਸਕੂਨ ਨੂੰ ਤਲਾਸ਼ਣ ਵਾਲਾ। ਜਿਵੇਂ ਕਿਸੇ ਵੀ ਢੰਗ ਨਾਲ ਆਰਥਿਕਤਾ ਦੀ ਪਉੜੀ 'ਤੇ ਪੌਡਾ-ਪੌਡਾ ਉਤਾਂਹ ਚੜ੍ਹਨਾ ਉਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਸੀ, ਉਵੇਂ ਹੀ ਸੰਬੰਧਾਂ ਦੇ ਮਾਮਲੇ 'ਚ ਵੀ; ਸੱਤਾ ਦੇ ਗਲਿਆਰਿਆਂ ਨੇੜੇ ਪਹੁੰਚਣ ਦੀ ਹਰ ਕੋਸ਼ਿਸ਼ 'ਚ ਰਹਿੰਦੇ। ਇਸ ਲਈ ਉਨ੍ਹਾਂ ਦਾ ਕੋਈ ਅਸੂਲ ਨਹੀਂ ਸੀ, ਨਾ ਕੋਈ ਮਰਿਆਦਾ; ਭਾਵੇਂ ਇਸਦਾ ਵਿਖਾਵਾ ਬਹੁਤਾ ਕਰਦੇ। ਇਸ ਤੋਂ ਕਿਸੇ ਦੀ ਸਫ਼ਲਤਾ/ਅਸਫ਼ਲਤਾ ਨੂੰ ਵੀ ਮਾਪਦੇ ਸਨ।

"ਜੋ ਕੁਝ ਪਿੰਡ, ਉਸਦੀ ਮਿੱਟੀ ਨੇ ਦਿੱਤਾ ਉਹ ਕਰਜ਼ ਮੋੜਨਾ ਵੀ ਤਾਂ ਬਣਦਾ।" ਉਦੋਂ ਹਰ ਇਕ ਨੂੰ ਇਹ ਉਸਦਾ ਵਕਤੀ ਉਬਾਲ਼ ਲੱਗਦਾ ਸੀ, ਪਰ ਹੌਲ਼ੀ-ਹੌਲ਼ੀ ਜਿਵੇਂ ਯਕੀਨ ਹੋਣ ਲੱਗ ਪਿਆ, ਜਦੋਂ ਬਾਪ ਦੀ ਮੌਤ ਹੋ ਜਾਣ 'ਤੇ, ਕੁਲਵਿੰਦਰ ਸਾਲ ਪਹਿਲਾਂ ਰਿਟਾਇਰਮੈਂਟ ਲੈ ਕੇ ਪਿੰਡ ਚਲੀ ਗਈ। "ਮਾਂ ਨੂੰ ਹੁਣ ਸਾਡੀ ਜ਼ਰੂਰਤ ਹੈ...ਉਸਨੂੰ ਸਾਂਭਣਾ।" ਉਹ ਵੀ ਯੂਨੀਵਰਸਿਟੀ 'ਚੋਂ ਆਪਣੀਆਂ ਤੰਦਾਂ ਸਮੇਟਣ ਲੱਗਾ। ਆਖਰੀ ਸਾਲ ਉਸਨੇ ਆਪਣੇ ਨਾਲ ਪੀ.ਐੱਚ.ਡੀ. ਦਾ ਕੋਈ ਸਕਾਲਰ ਵੀ ਰਜਿਸਟਰ ਨਾ ਕਰਵਾਇਆ, "ਮੈਂ ਤਾਂ ਹੁਣ ਪਿੰਡ ਚਲੇ ਜਾਣਾ ਹੈ! ਕਿੱਥੇ ਧੱਕੇ ਖਾਂਦੇ ਫਿਰੋਗੇ...ਹਾਂ, ਜੇ ਕੁਝ ਪੁੱਛਣਾ ਹੋਵੇ, ਕੁਝ ਵਿਚਾਰ-ਵਟਾਂਦਰਾ ਕਰਨਾ, ਦਰਵਾਜ਼ੇ ਸਦਾ ਖੁੱਲ੍ਹੇ ਰਹਿਣਗੇ...ਨਾ ਕੇਵਲ ਇੱਥੇ, ਪਿੰਡ ਚਲਾ ਗਿਆ ਤਾਂ ਵੀ...।"

ਤੇ ਉਸਨੇ ਸੱਚਮੁੱਚ ਦਰਵਾਜ਼ੇ ਖੁੱਲ੍ਹੇ ਰੱਖੇ ਸਨ। ਕੋਈ ਆਉਂਦਾ; ਨਾ ਉਸਨੂੰ ਰੋਟੀ ਪਾਣੀ ਦੀ ਕੋਈ ਸਮੱਸਿਆ ਹੁੰਦੀ, ਨਾ ਰਹਿਣ ਦੀ। ਨਾ ਸਮੇਂ ਦੀ ਕੋਈ ਘਾਟ। ਕੋਈ ਨਾ ਕੋਈ ਦੋਸਤ ਵੀ ਆਇਆ ਰਹਿੰਦਾ। ਦੋਸਤਾਂ ਦੇ ਆਉਣ 'ਤੇ ਹੋਰ ਗੱਲਾਂ ਦੇ ਨਾਲ-ਨਾਲ ਸ਼ਾਮ ਨੂੰ ਵਿਸਕੀ ਦਾ ਦੌਰ ਵੀ ਚੱਲਦਾ। ਕੋਈ ਆਇਆ ਨਾ ਹੁੰਦਾ ਤਾਂ ਲੌਢੇ ਵੇਲੇ ਦੀ ਚਾਹ ਪੀ ਕੇ ਉਹ ਪਿੰਡ 'ਚ ਨਿਕਲ ਜਾਂਦਾ। ਕਦੀ ਪੁਰਾਣੇ ਘਰ 'ਚ ਜਾ ਪੜ੍ਹਨ 'ਚ ਰੁੱਝ ਜਾਂਦਾ ਤੇ ਕਦੀ ਸਾਹਮਣੇ ਬੋਹੜ ਵਾਲੇ ਥੜ੍ਹੇ 'ਤੇ ਬੈਠੇ ਲੋਕਾਂ 'ਚ ਜਾ ਬਹਿੰਦਾ। ਖੁੱਲ੍ਹਾ ਜਿਹਾ ਪਜਾਮਾ ਤੇ ਉਪਰ ਖੁੱਲ੍ਹੀ ਜਿਹੀ ਟੀ-ਸ਼ਰਟ। ਪੈਰੀਂ ਚੱਪਲਾਂ। ਪੋਟਾ-ਪੋਟਾ ਭਰ ਦਾਹੜੀ ਤੇ ਚੱਪਾ-ਚੱਪਾ ਭਰ ਸਿਰ ਦੇ ਵਾਲ਼, ਜਿਹੜੇ ਪਿਛਾਂਹ ਨੂੰ ਵਾਹ ਕੇ ਰੱਖਦਾ। ਉਨ੍ਹਾਂ 'ਚ ਬੈਠਾ ਲੱਗਦਾ ਨਾ ਕਿ ਉਹ ਰਿਟਾਇਰ ਹੋਇਆ ਪ੍ਰੋਫੈਸਰ ਹੈ। ਸਿਰਫ਼ ਕਦੀ-ਕਦੀ ਕਿਸੇ ਗੱਲ ਨੂੰ ਅਜਿਹੀ ਟਵਿਸਟ ਦਿੰਦਾ ਕਿ ਲੋਕਾਂ ਨੂੰ ਸੋਚਣ ਲਾ ਦਿੰਦਾ, 'ਪਤਵੰਤੇ' ਦੁਖੀ ਹੋ

ਉੱਠਦੇ।

ਪਿਛਲੀ ਪੰਚਾਇਤ ਚੋਣ ਵੇਲ਼ੇ ਇਕ ਪਾਸੇ ਸ਼ਰੀਕੇ 'ਚੋਂ ਉਸਦਾ ਭਰਾ ਹਰਮੇਲ ਸਿੰਘ ਖੜ੍ਹਾ ਸੀ ਕਾਂਗਰਸ ਵੱਲੋਂ, ਤੇ ਦੂਸਰੇ ਪਾਸੇ ਅਕਾਲੀਆਂ ਵੱਲੋਂ ਕੁਲਦੀਪ। ਦੋਹਾਂ ਪਿੱਛੇ ਹੀ ਬਦੇਸ਼ 'ਚ ਵਸੇ ਪਰਿਵਾਰਾਂ ਦੇ ਪੈਸਿਆਂ ਦੀ ਤਾਕਤ ਸੀ, ਇਸ ਲਈ ਅੰਨ੍ਹੇ ਖਰਚ ਹੋ ਰਹੇ ਸਨ। ਦਿਨ-ਖੜ੍ਹੇ ਹੀ ਵਿਸਕੀ ਸ਼ੁਰੂ ਹੋ ਜਾਂਦੀ। ਇਕ ਦਿਨ ਥੜ੍ਹੇ 'ਤੇ ਬੈਠਿਆਂ 'ਚ ਸ਼ਰਾਬ ਦੀਆਂ ਗੱਲਾਂ ਚੱਲ ਪਈਆਂ ਤਾਂ ਮੋਹਣ ਸਿੰਘ ਕਹਿੰਦਾ, "ਹਮੇਲੇ ਨੇ ਤਾਂ ਪਤਾ ਨੀ ਰਾਇਲ-ਸਟੈਗ ਦਾ ਟਰੱਕ ਮੰਗਵਾਇਆ ਹੋਇਆ...ਹਰ ਰੋਜ਼ ਰਾਤ ਨੂੰ ਖੁੱਲ੍ਹਾ ਲੰਗਰ ਚੱਲਦਾ, ਕੋਈ ਜਿੰਨੀ ਮਰਜ਼ੀ ਪੀਈ ਜਾਵੇ।"

"ਕੁਲਦੀਪ ਵੀ ਤਾਂ ਓਹੀ ਬਰਾਂਡ ਪਿਆ ਰਿਹਾ।" ਕਾਕੇ ਨੇ ਦੱਸਿਆ ਤਾਂ ਉਸਨੇ ਕਿਹਾ, "ਊਂ ਤਾਂ ਤੁਹਾਡੀ ਮਰਜ਼ੀ...ਪਰ ਇਕ ਵਾਰ ਪੀਣ ਜਾਣ ਤੋਂ ਪਹਿਲਾਂ ਸੋਚਣਾ ਜ਼ਰੂਰ, ਉਨ੍ਹਾਂ ਨੇ ਕਦੀ ਵਿਆਹ-ਸ਼ਾਦੀ ਜਾਂ ਹੋਰ ਕਿਸੇ ਘਰੇਲੂ ਸਮਾਗਮ ਮੌਕੇ ਵੀ ਤੁਹਾਨੂੰ ਇੰਝ ਬਰਾਬਰ ਬਹਾ ਕੇ ਪਿਆਈ ਐ! ਉਹ ਤੁਹਾਨੂੰ ਪਿਆ ਨੀ ਰਹੇ, ਤੁਹਾਨੂੰ ਖਰੀਦ ਰਹੇ ਐ...ਫਿਰ ਅਗਲੀ ਚੋਣ ਤਕ ਨਾ ਤੁਹਾਨੂੰ ਕਿਸੇ ਪੁੱਛਣਾ, ਨਾ ਤੁਸੀਂ ਕਿਸੇ ਮਸਲੇ ਬਾਰੇ ਮਰਜ਼ੀ ਨਾਲ ਗੱਲ ਕਰਨ ਜੋਗੇ...ਮੂੰਹ ਖਾਂਦਾ ਤੇ ਅੱਖਾਂ ਸ਼ਰਮਾਉਣ...ਜੇ ਬਾਕੀ ਪੰਜ ਸਾਲ ਇੰਝ ਹੀ ਕੱਟਣੇ ਐ ਤਾਂ ਇਹ ਦਸ ਪੰਦਰਾਂ ਦਿਨ ਨੀ ਕੱਟ ਸਕਦੇ...ਪੰਜ ਸਾਲ ਧੌਣ ਉੱਚੀ ਕਰਕੇ ਜੀਊਂ ਸਕੋਗੇ, ਬਰਾਬਰ ਦੇ ਬਣਕੇ!" ਉਸਦੀਆਂ ਗੱਲਾਂ ਦਾ ਬਹੁਤਾ ਅਸਰ ਤਾਂ ਨਾ ਹੋਇਆ, ਪਰ ਪੰਜ ਸੱਤ ਜਣੇ ਪੀਣ ਜਾਣੋਂ ਹਟ ਗਏ। ਇਸ ਗੱਲ ਤੋਂ ਦੋਵੇਂ ਧੜੇ ਚਿੰਤਤ ਹੋ ਗਏ ਸਨ। ਵੋਟਾਂ ਨਾਲੋਂ ਬਹੁਤਾ ਡਰ ਦੋਹਾਂ ਨੂੰ ਹੀ ਉਨ੍ਹਾਂ ਦੇ ਹੱਥਾਂ ਹੇਠੋਂ ਖਿਸਕ ਜਾਣ ਦਾ ਸੀ। ਹਰਮੇਲ ਨੇ ਤਾਂ ਵਿਧਾਇਕ ਕੋਲ਼ ਚੁਗਲੀ ਵੀ ਜਾ ਕੀਤੀ, "ਹੈ ਤਾਂ ਮੇਰਾ ਭਰਾ ਹੀ ਲੱਗਦਾ! ਪਰ ਜੇ ਪੰਜ-ਚਾਰ ਸਾਲ ਹੋਰ ਇਸ ਤਰ੍ਹਾਂ ਕਰਦਾ ਰਿਹਾ ਤਾਂ ਆਪਣਾ ਪੱਤਾ ਸਾਫ਼ ਕਰ ਦਊ ਪਿੰਡ 'ਚੋਂ!"

"ਕਿਧਰ...? ਅਕਾਲੀਆਂ ਵੱਲ ਜਾਵੇਗਾ ਕਿ...?" ਵਿਧਾਇਕ ਖੁਦ ਚਿੰਤਤ ਸੀ। ਉਸਨੂੰ ਧੜੇਬੰਦਕ ਵਿਰੋਧੀਆਂ ਨਾਲ ਤਾਂ ਨਿਪਟਣਾ ਆਉਂਦਾ ਸੀ; ਕਿਸੇ ਨੂੰ ਕੋਈ ਅਹੁਦਾ ਦੇ ਦਿੱਤਾ, ਕਿਸੇ ਦੇ ਘਰ ਖੁਸ਼ੀ/ਗ਼ਮੀ ਦੇ ਮੌਕੇ ਐਵੇਂ ਹੀ ਜਾ ਵੜੇ ਜਾਂ ਕਿਸੇ 'ਤੇ ਪੁਲੀਸ ਰੇਡ ਕਰਵਾ ਦਿੱਤੀ। ਵਪਾਰਕ ਵਿਰੋਧੀਆਂ ਨੂੰ ਸੁਰ ਕਰਨ ਦੇ ਨੁਸਖੇ ਵੀ ਸਨ, ਜਿਨ੍ਹਾਂ 'ਚ ਸਭ ਤੋਂ ਵੱਡਾ ਬ੍ਰਹਮ-ਅਸਤਰ ਸੀ ਆਮਦਨ ਕਰ ਵਿਭਾਗ ਦਾ ਛਾਪਾ। ਪਰ ਇਹ...ਕਿਸੇ ਕੰਮ, ਕਿਸੇ 'ਫੇਵਰ' ਲਈ ਆਉਂਦਾ ਹੀ ਨਹੀਂ ਸੀ। ਕਰੇ ਤਾਂ ਕੀ ਕਰੇ?

ਥੜ੍ਹੇ 'ਤੇ ਬੈਠਿਆਂ ਲਈ ਉਸਨੇ ਇਕ ਅਖ਼ਬਾਰ ਵੀ ਲੁਆ ਦਿੱਤੀ ਸੀ। ''ਤੂੰ ਇਸ ਥੜ੍ਹੇ ਦੇ ਬੈਂਚ 'ਤੇ ਰੱਖ ਜਾਣੀ...ਪੈਸੇ ਮੈਥੋਂ ਲੈ ਲੈਣੇ ਹਰ ਮਹੀਨੇ," ਉਸਨੇ ਹਾਕਰ ਨੂੰ ਕਿਹਾ ਸੀ। ਕਦੀ-ਕਦੀ ਸਰਕਾਰੀ ਸਕੂਲੇ ਚਲਾ ਜਾਂਦਾ। ਕਿਸੇ ਬੱਚੇ ਨੂੰ ਪੈਰੋਂ ਨੰਗੇ ਦੇਖਦਾ ਜਾਂ ਕਿਸੇ ਕੋਲ਼ ਕਿਤਾਬਾਂ ਕਾਪੀਆਂ ਨਾ ਹੁੰਦੀਆਂ ਤਾਂ ਲਿਆ ਦਿੰਦਾ। ਜਿੱਥੇ ਵੀ ਉਸਨੂੰ ਲੱਗਦਾ ਮਦਦ ਦੀ ਜ਼ਰੂਰਤ ਹੈ, ਝਿਜਕਦਾ ਨਾ, ਚੁੱਪਚਾਪ। ਇਸ ਤੋਂ ਵੀ 'ਪਤਵੰਤੇ' ਔਖੇ ਸਨ ਕਿ ਉਹ ਉਨ੍ਹਾਂ ਵਰਗਾ ਕਿਉਂ ਨਹੀਂ ਬਣਦਾ! ਉਸਦੇ ਘਰ ਦਾ ਗੇਟ ਸਾਰਾ ਦਿਨ ਬੰਦ ਕਿਉਂ ਨਹੀਂ ਰਹਿੰਦਾ ਕਿ ਬੈੱਲ ਮਾਰ ਕੇ ਆਉਣ ਵਾਲੇ ਨੂੰ ਆਪਣੀ ਆਮਦ ਦੀ ਸੂਚਨਾ ਦੇਣੀ ਪਵੇ! ਪ੍ਰੈੱਸ ਕੀਤੇ ਹੋਏ ਕਪੜੇ ਪਾ ਕੇ ਸੈਰ ਨੂੰ ਕਿਉਂ ਨਹੀਂ ਨਿਕਲਦਾ ਕਿ ਕੰਮੀਂ-ਕਮੀਣਾਂ, ਗ਼ਰੀਬਾਂ 'ਚ 'ਖਾਸ' ਲੱਗੇ, ਉਨ੍ਹਾਂ ਤੋਂ ਵੱਖਰਾ। ਕਿਉਂ ਥੜ੍ਹੇ 'ਤੇ ਜਾ ਕੇ ਬਹਿ ਜਾਂਦਾ ਤੇ ਮੁੰਡਿਆਂ ਨਾਲ ਉਨ੍ਹਾਂ ਦੇ ਕੈਰੀਅਰ, ਭਵਿੱਖ ਬਾਰੇ ਗੱਲਾਂ ਕਰਦਾ ਦੇਸ਼ ਦੀ ਰਾਜਨੀਤਕ ਹਾਲਤ ਨੂੰ ਨਾਲ ਵਲ੍ਹੇਟ ਲੈਂਦਾ: "ਇਹ ਕਿਹੋ ਜਿਹਾ ਦੇਸ਼ ਹੈ ਜਿੱਥੇ ਪ੍ਰਧਾਨ-ਮੰਤਰੀ ਬੜੇ ਮਾਣ ਨਾਲ ਐਲਾਨ ਕਰਦਾ ਕਿ ਆਉਣ ਵਾਲੇ ਹੋਰ ਤਿੰਨ ਮਹੀਨਿਆਂ ਲਈ ਅੱਸੀ ਕਰੋੜ ਲੋਕਾਂ ਨੂੰ ਰਾਸ਼ਨ ਮੁਫ਼ਤ ਵੰਡਿਆ ਜਾਵੇਗਾ! ਇਸਦਾ ਅਰਥ ਇਹ ਵੀ ਬਣਦਾ ਕਿ ਅੱਸੀ ਕਰੋੜ ਵਸੋਂ ਦੀ ਹਾਲਤ ਇੰਨੀ ਬਦਤਰ ਹੈ ਕਿ ਕਿਸੇ ਮੁਸੀਬਤ ਵੇਲ਼ੇ ਦੋ ਚਾਰ ਮਹੀਨੇ ਵੀ ਰੋਟੀ ਨਹੀਂ ਖਾ ਸਕਦੇ! ਇਸੇ ਹਾਲਤ 'ਚ ਅੰਬਾਨੀ ਏਸ਼ੀਆ ਦਾ ਸਭ ਤੋਂ ਅਮੀਰ ਆਦਮੀ ਬਣ ਜਾਂਦਾ! ਇਸ ਤਰੱਕੀ ਦੇ

ਮਾਡਲ 'ਚੋਂ ਤੁਸੀਂ ਤਲਾਸ਼ਣਾ ਹੈ ਆਪਣਾ ਭਵਿੱਖ...।"

ਕਦੀ ਨਵਨੀਤ ਆਉਂਦੀ, ਭਾਵੇਂ ਕਦੀ-ਕਦੀ ਹੀ ਆਉਂਦੀ ਪੰਜ ਚਾਰ ਮਹੀਨਿਆਂ ਬਾਅਦ; ਤਾਂ ਉਨ੍ਹਾਂ ਪਿਉ-ਧੀ 'ਚ ਵੀ ਖੂਬ ਬਹਿਸਾਂ ਹੁੰਦੀਆਂ, "ਕਿਉਂ ਪਾਪਾ, ਹਰ ਗਤੀਵਿਧੀ ਕੇਵਲ ਇਸ ਗੱਲ ਵੱਲ ਹੀ ਸੇਧਿਤ ਹੋਵੇ ਕਿ ਤੁਸੀਂ ਬਾਕੀਆਂ ਤੋਂ ਕਿਵੇਂ ਉਪਰ ਉੱਠ ਸਕਦੇ ਹੋ...? ਉਨ੍ਹਾਂ ਤੋਂ ਉਪਰਲੇ ਪੌਡੇ 'ਤੇ ਪੁੱਜ ਸਕਦੇ ਹੋ?"

"ਆਪਣੀ ਨਿੱਜ ਦੀ ਹੋਂਦ ਲਈ ਫਿਰ ਕੀ ਕਰਨਾ ਚਾਹੀਦਾ?"

"ਜੀਊਣ ਲਈ ਜਾਂ ਹੋਂਦ ਬਚਾਈ ਰੱਖਣ ਲਈ ਤਾਂ ਬਹੁਤ ਘੱਟ ਦੀ ਜ਼ਰੂਰਤ ਹੁੰਦੀ ਐ...ਲੋੜਾਂ ਤੇ ਸਹੂਲਤਾਂ 'ਚ ਫਰਕ ਨੂੰ ਸਮਝਣਾ ਪਵੇਗਾ।" ਉਸਦੀ ਰਾਜਨੀਤਕ-ਤਿੱਖ ਤੋਂ ਕਦੀ-ਕਦੀ ਉਸਨੂੰ ਡਰ ਵੀ ਲੱਗਣ ਲੱਗ ਪੈਂਦਾ। ਕੀਤਾ ਭਾਵੇਂ ਉਸਨੇ ਵੀ ਇਹੀ ਕੁਝ ਸੀ ਸਾਰੀ ਉਮਰ, ਪਰ ਉਹ ਤਾਂ ਪੈਰ-ਪੈਰ 'ਤੇ ਬਦਲ ਤਲਾਸ਼ਦੀ, "ਨਵਾਂ ਜੀਊਣ-ਸਲੀਕਾ ਸਿਰਜੇ ਤੋਂ ਬਿਨਾਂ ਤੁਸੀਂ ਸਮਾਜਕ-ਅਨਿਆਂ ਦੀ ਲੜਾਈ ਮੰਤਕੀ ਸਿੱਟਿਆਂ ਤਕ ਨਹੀਂ ਲਿਜਾ ਸਕਦੇ?" ਉਸ ਨਾਲ ਬਹਿਸਾਂ/ਸੰਵਾਦ ਤੋਂ ਵਿਹਲੀ ਹੁੰਦੀ ਤਾਂ ਮੂਵੀ ਕੈਮਰਾ ਚੁੱਕ ਵਿਹੜਿਆਂ 'ਚ ਚਲੀ ਜਾਂਦੀ। ਉੱਥੇ ਔਰਤਾਂ, ਬੱਚਿਆਂ, ਬਜ਼ੁਰਗਾਂ, ਨੌਜੁਆਨਾਂ ਨਾਲ ਗੱਲਾਂ ਕਰਦੀ, ਉਨ੍ਹਾਂ ਦੀਆਂ ਗੱਲਾਂ ਨੂੰ ਰਿਕਾਰਡ ਕਰਦੀ, ਫੋਟੋਆਂ ਖਿੱਚਦੀ ਰਹਿੰਦੀ। ਪਿੰਡ 'ਚ ਇਸ ਬਾਰੇ ਵੀ ਗੱਲਾਂ ਤੁਰਦੀਆਂ, "ਐਵੇਂ ਕਹਿੰਦੇ ਐ, ਇਹ ਕੋਈ ਬਹੁਤ ਉੱਚੀ ਪੜ੍ਹਾਈ ਕਰ ਰਹੀ ਐ! ਦੇਸੀ ਜਿਹੇ ਕਪੜੇ ਪਾ ਕੇ ਵਿਹੜੇ 'ਚ ਤੁਰੀ ਫਿਰਦੀ ਉਨ੍ਹਾਂ ਵਰਗੀ ਹੀ ਲਗਦੀ ਆ।"

"ਕਦੀ ਉਨ੍ਹਾਂ ਦੀਆਂ ਬੋਲੀਆਂ ਰਿਕਾਰਡ ਕਰਨ ਲੱਗ ਪਊ! ਕਦੀ ਦੱਸਣ ਲੱਗ ਪਊ ਮਹੀਨਾ ਆਉਣ 'ਤੇ ਸਫ਼ਾਈ ਕਿਵੇਂ ਰੱਖਣੀ ਐ!"

"ਇਨ੍ਹਾਂ ਦਾ ਤਾਂ ਟੱਬਰ ਹੀ ਅਜੂਬਾ...ਪਹਿਲਾਂ ਗੁਰਜੰਟ ਸਿੰਘ, ਫਿਰ ਇਹ ਤੇ ਹੁਣ ਕੁੜੀ...।" ਉਸ ਕੋਲ ਘੁੰਮ-ਘੁਮਾ ਕੇ ਗੱਲਾਂ ਪੁੱਜਦੀਆਂ ਤਾਂ ਉਹ ਹੱਸ ਛੱਡਦਾ। ਇਨ੍ਹਾਂ ਬੇਸਮਝ ਲੋਕਾਂ ਨੂੰ ਕੀ ਆਖਿਆ ਜਾ ਸਕਦਾ? ਬਿਲਕੁਲ ਓਹੋ ਜਿਹਾ ਹੀ ਭਾਵ ਹੁਣ ਉਸਦੇ ਮਨ 'ਚ ਉਭਰਿਆ ਪਰ ਹਿਕਾਰਤ ਦੀ ਭਾਵਨਾ ਨਾਲ, ''ਮੈਨੂੰ ਪਤਾ, ਮੈਂ ਠੀਕ ਹਾਂ... ਫਿਰ ਆਪਣੀ ਵਿਆਖਿਆ ਕਿਉਂ ਕਰਦਾ ਫਿਰਾਂ..!" ਸੋਚਦਿਆਂ ਉਸਨੇ ਹੱਥ 'ਚ ਫੜੀ ਡੀ.ਐੱਸ.ਪੀ. ਦੇ ਨੰਬਰ ਵਾਲੀ ਸਲਿੱਪ ਪੁਰਜ਼ਾ-ਪੁਰਜ਼ਾ ਕਰ ਹਵਾ 'ਚ ਉਡਾ ਦਿੱਤੀ।

ਅੰਬ ਦੇ ਜਿਸ ਬੂਟੇ ਦੀ ਛਾਂ ਹੇਠਾਂ ਉਹ ਖੜ੍ਹਾ ਸੀ, ਉਸ ਤੋਂ ਵੀਹ ਬਾਈ ਕਦਮਾਂ ਦੀ ਦੂਰੀ 'ਤੇ ਅਮਰੂਦ ਸੀ, ਜਿਸ ਦੀ ਸਿਖਰ ਦੀਆਂ ਟਾਹਣੀਆਂ 'ਤੇ ਬੈਠੇ ਤੋਤੇ ਕੱਚੇ ਅਮਰੂਦਾਂ ਨੂੰ ਟੁੱਕ-ਟੁੱਕ ਹੇਠਾਂ ਸੁੱਟੀ ਜਾ ਰਹੇ ਸਨ। ਇਕ ਪਲ ਉਸਦਾ ਜੀਅ ਕੀਤਾ, ਢੀਮ ਮਾਰ ਕੇ ਉਨ੍ਹਾਂ ਨੂੰ ਉਡਾ ਦੇਵੇ, ਪਰ ਫਿਰ ਉਸਨੇ ਆਪਣਾ ਮਨ ਬਦਲ ਲਿਆ। ਆਖਰ ਪੰਛੀਆਂ ਨੇ ਵੀ ਤਾਂ ਕੁਝ ਖਾਣਾ! ਤੇ ਉਧਰੋਂ ਧਿਆਨ ਮੋੜ ਰਹਿੰਦੀਆਂ ਵੇਲਾਂ ਦੇ ਮੁੱਢ ਗੁੱਡਣ ਲੱਗ ਪਿਆ। 000

***(95-ਸੀ, ਪੰਜਾਬ ਐਵੇਨਿਊ, ਸੁਭਾਨਾ, ਜਲੰਧਰ-144022***
***ਫੋਨ: 95309-44345)***

# ਆਪਣਾ ਆਪਣਾ ਹਿੱਸਾ: ਕਹਾਣੀ: ਅਵਤਾਰ ਸਿੰਘ ਓਠੀ

ਨਵੇਂ ਗੁਰਦੁਆਰਾ ਸਾਹਿਬ ਦੇ ਸਪੀਕਰ ਤੋਂ ਭਾਈ ਸਾਹਿਬ ਪਿੰਡ ਦੇ ਲੋਕਾਂ ਨੂੰ ਅਰਜੋਈ ਕਰ ਰਿਹਾ ਸੀ, "ਵਾਹਗੁਰ ਜੀ ਕਾ ਖਾਲਸਾ ਵਾਹਗੁਰ ਜੀ ਕੀ ਫਤਿਹ ਜੀ, ਸਭ ਮਾਈ ਭਾਈ ਦੇ ਚਰਨਾਂ 'ਚ ਹੱਥ ਬੰਨ੍ਹ ਕੇ ਬੇਨਤੀ ਆ ਜੀ.. ਆਪ ਗੁਰੂ ਦੀ ਸੰਗਤ ਜੀ, ਜਲਦੀ ਤੋਂ ਜਲਦੀ ਗੁਰਦੁਆਰਾ ਸਾਹਬ ਪਹੁੰਚੋ ਜੀ। ਗੁਰਦੁਆਰਾ ਸਾਹਿਬ 'ਚ ਕੁਝ ਸਿੰਘ ਗੁਰੂ ਮਹਾਂਰਾਜ ਦੀ ਦੇਹ ਚੁੱਕਣ ਲਈ ਆਏ ਨੇ ਜੀ।"

ਗਿਆਨੀ ਅਜੀਤ ਸਿਹੁੰ, ਉਰਫ ਗਿਆਨੀ ਜੀਤਾ, ਉਰਫ ਗਿਆਨੀ ਜੀਤਾ ਮਿਸਤਰੀ, ਗਿਆਨੀ ਜੀਤੇ ਨੂੰ ਸਾਰਾ ਪਿੰਡ ਮਿਸਤਰੀ ਸੱਦਦਾ ਕਿਉਂਕਿ ਉਸ ਦਾ ਬਾਪ ਬੁੱਧ ਸਿਹੁੰ ਤਰਖਾਣਾ ਕੰਮ ਕਰਦਾ ਸੀ, ਉਂਝ ਭਾਵੇਂ ਉਹ ਰੰਗਰੇਟਾ ਮਜਬ੍ਹੀ ਸਿੱਖ ਆ। ਜੀਤੇ ਨੂੰ ਗੁਰਬਾਣੀ ਦਾ ਚੰਗਾ ਗਿਆਨ ਹੋਣ ਕਰਕੇ ਸਾਰੇ ਪਿੰਡ ਵਾਲੇ ਉਸਨੂੰ ਗਿਆਨੀ ਜੀਤਾ ਮਿਸਤਰੀ ਕਹਿ ਬਲਾਉਂਦੇ। ਗਿਆਨੀ ਜੀਤੇ ਨੇ ਵੀ ਭਾਈ ਜੀ ਦੀ ਬੇਨਤੀ ਸੁਣੀ।

"ਗਿਆਨੀ ਤਾਇਆ, ਪੰਜ ਛੇ ਬੰਦੇ ਮਾਹਰਾਜ ਜੀ ਦੀ ਦੇਹ ਚੁੱਕਣ ਲਈ ਆਪਣੇ ਗੁਰਦੁਵਾਰੇ ਆਏ ਨੇ, ਸਾਰੀ ਠੱਠੀ ਇਕੱਠੀ ਹੋਈ ਆ। ਠੱਠੀ ਵਾਲਿਆਂ ਨੇ ਹੱਥਾਂ ਚ ਡਾਂਗਾਂ ਸੋਟੇ ਅਤੇ ਇੱਟਾਂ ਰੋੜੇ ਫੜੇ ਹੋਏ ਆ।" ਸਾਹੋ ਸਾਹੀ ਹੋਏ ਦੌੜ ਕੇ ਆਏ ਮੰਗੇ ਨੇ ਵੀ ਆਣ ਦੱਸਿਆ।

"ਇਹ ਅਦਬੀ ਕਮੇਟੀ ਵਾਲੇ ਹੋਣਗੇ?" ਗਿਆਨੀ ਜੀਤੇ ਨੇ ਅਜੇ ਕੱਲ ਰਾਤੀਂ ਹੀ ਅਦਬੀ ਕਮੇਟੀ ਵਾਲਿਆ ਦੀ ਫੇਸ ਬੁੱਕ ‘ਤੇ ਪਾਈ ਪੋਸਟ ਵੇਖੀ ਸੀ ਜਿਸ ਵਿਚ ਉਹ ਬੁੱਢੇ ਪਾਠੀਆਂ ਦੀ ਬੜੀ ਬੇਰਹਿਮੀ ਨਾਲ ਕੁੱਟ ਮਾਰ ਕਰ ਰਹੇ ਸਨ। ਪਾਠੀਆਂ ਦਾ ਕਸੂਰ ਏਨਾਂ ਸੀ ਕਿ ਉਹ ਕਿਸੇ ਸ਼ਰਧਾਲੂ ਸਿੱਖ ਦੁਆਰਾ ਬਾਬਾ ਫ਼ਰੀਦ ਜੀ ਦੇ ਬਣਾਏ ਗਏ ਦਰਬਾਰ ‘ਤੇ ਰੱਖੇ ਗਏ ਅਖੰਡ ਪਾਠ ਦਾ ਭੋਗ ਪਾਉਣ ਲਈ ਪਾਠ ਕਰ ਰਹੇ ਸਨ।

ਗਿਆਨੀ ਜੀਤਾ ਮਿਸਤਰੀ ਕਾਹਲ਼ੀ ਨਾਲ ਸਿਰ ‘ਤੇ ਪਰਨਾ ਲਪੇਟਦਾ- ਲਪੇਟਦਾ ਨੰਗੇ ਪੈਰੀਂ ਵਾਹਗੁਰੂ ਵਾਹਗੁਰੂ ਕਰਦਾ ਗੁਰਦੁਆਰਾ ਸਾਹਿਬ ਵੱਲ ਤੁਰ ਪਿਆ। ਰਸਤੇ 'ਚ ਤੁਰੇ ਆਉਂਦੇ ਨੂੰ ਗੁਰਦੁਆਰਾ ਸਾਹਿਬ ਦੇ ਸਪੀਕਰ ‘ਚੋਂ ਉੱਚੀ ਉੱਚੀ ਦੋਵਾਂ ਧਿਰਾਂ ਦੇ ਇਕ ਦੂਜੇ ਨਾਲ ਕੀਤੇ ਜਾ ਰਹੇ ਬੋਲ ਕਬੋਲ ਦੀਆਂ ਅਵਾਜ਼ਾਂ ਸੁਣਾਈ ਦੇ ਰਹੀਆਂ ਸਨ। ਮੰਗੇ ਦੇ ਦੱਸੇ ਅਨੁਸਾਰ ਲੋਕ ਡਾਂਗਾਂ-ਸੋਟੇ ਅਤੇ ਇੱਟਾਂ-ਵੱਟੇ ਹੱਥਾਂ 'ਚ ਲਈ ਗੁਰਦੁਆਰੇ ਇਕੱਠੇ ਹੋਏ ਨੇ, ਇਹ ਯਾਦ ਕਰਕੇ ਗਿਆਨੀ ਜੀਤੇ ਮਿਸਤਰੀ ਦਾ ਸਰੀਰ ਉਸ ਦਾ ਸਾਥ ਨਹੀਂ ਦੇ ਰਿਹਾ ਸੀ। ਲੜਾਈ ਝਗੜਾ ਦੇਖ ਕੇ ਉਸ ਦਾ ਦਿਲ ਦਹਿਲ ਜਾਂਦਾ ਸੀ।

ਉੱਨੀ ਸੌ ਚਰਾਸੀ 'ਚ ਦਿੱਲੀ ਵਿਚ ਸਿੱਖਾਂ ਵਿਰੋਧੀ ਹੋਈ ਨਸਲ ਕੁਸ਼ੀ ਦੇ ਕਤਲੇਆਮ ਵਿਚ ਉਸ ਦਾ ਬਾਪ ਬੁੱਧ ਸਿਹੁੰ ਤੇ ਫਤਿਹ ਸਿਹੁੰ ਰਾਮਗੜ੍ਹੀਆ ਦੰਗਾ ਕਰ ਰਹੀ ਭੀੜ ਨਾਲ ਬੜੀ ਬਹਾਦਰੀ ਨਾਲ ਲੜੇ। ਭੀੜ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ ਦੋਵੇਂ ਮਾਰੇ ਗਏ ਅਤੇ ਭੀੜ ਨੇ ਘਰ ਨੂੰ ਅੱਗ ਲਾ ਦਿੱਤੀ ਤੇ ਸਾਰਾ ਘਰ ਸੜ ਕੇ ਸੁਆਹ ਹੋ ਗਿਆ ਸੀ। ਗੁਆਂਢੀ ਹਿੰਦੂਆਂ ਨੇ ਜੀਤੇ ਦਾ ਕੜਾ ਉਤਾਰ ਕੇ ਉਹਦੇ ਕੇਸ ਪਿੱਛੇ ਨੂੰ ਵਾਹ ਕੇ ਉਸਦੀ ਗੁੱਤ ਕਰ ਦਿੱਤੀ ਤੇ ਕੁੜੀਆਂ ਵਾਲੇ ਕਪੜੇ ਪਾ ਦਿੱਤੇ ਸਨ ਅਤੇ ਦੋਹਾਂ ਪਰਿਵਾਰਾਂ ਦੇ ਬਾਕੀ ਜੀਆਂ ਨੂੰ ਆਪਣੇ ਘਰ 'ਚ ਬੰਦ ਕਰ ਕੇ ਭੀੜ ਤੋਂ ਬਚਾਇਆ ਸੀ। ਉਦੋਂ ਜੀਤਾ ਅਜੇ ਮਸਾਂ ਪੰਜ ਛੇ ਸਾਲ ਦਾ ਸੀ। ਜੀਤੇ ਨੇ ਭੀੜ ਵੱਲੋਂ ਸਿੱਖਾਂ ਨੂੰ ਮਾਰਨ ਲਈ ਉਨ੍ਹਾਂ ਦੇ ਗਲ਼ਾਂ 'ਚ ਟਾਇਰ ਪਾ ਕੇ ਅੱਗਾਂ ਲਾ ਕੇ ਸਾੜ ਕੇ ਮਾਰ ਰਹੇ ਲੋਕਾਂ ਨੂੰ

ਆਪਣੀਆਂ ਅੱਖਾਂ ਨਾਲ ਵੇਖਿਆ ਅਤੇ ਮਰ ਰਹੇ ਸਿੱਖਾਂ ਦੀਆਂ ਚੀਖਾਂ ਕੰਨਾਂ ਨਾਲ ਸੁਣੀਆਂ ਸਨ। ਉਸ ਦੇ ਬਾਲ ਮਨ ਵਿਚ ਉਸ ਵੇਲੇ ਦਾ ਖਾਸ ਕਿਸਮ ਦਾ ਡਰ ਬੈਠ ਗਿਆ ਸੀ। ਹਾਂਲਾਕਿ ਵੱਡਾ ਹੋ ਕੇ ਉਹ ਅੰਮ੍ਰਿਤ ਛਕ ਕੇ ਗੁਰੂ ਦਾ ਸਿੰਘ ਸਜ ਗਿਆ ਪਰ ਡਰ ਨੇ ਉਸ ਦਾ ਖਹਿੜਾ ਨਹੀਂ ਛੱਡਿਆ ਸੀ।

ਗਿਆਨੀ ਜੀਤਾ ਤੁਰਿਆ ਜਾਂਦਾ ਕਲਗੀਆਂ ਵਾਲੇ ਦਾ ਆਸਰਾ ਲੈ ਰਿਹਾ ਸੀ, "ਵਾਹਗੁਰੂ ਵਾਹਗੁਰੂ ਸੱਚੇ ਪਾਤਸ਼ਾਹ ਕਲਗੀਆਂ ਵਾਲੇ ਆਪ ਸਭ ਜਾਣੀ ਜਾਣ ਨੇ, ਸਾਡੇ ਕੰਮੀਆਂ ਦੇ ਤਾਂ ਉਹ ਹੀ ਵਾਲੀ ਵਾਰਿਸ ਨੇ। ਕਲਗੀਆਂ ਵਾਲੇ ਨੇ ਸਾਨੂੰ ਤਾਂ ਰੰਘਰੇਟੇ ਗੁਰੂ ਕੇ ਬੇਟੇ ਬਣਾਇਆ ਆ।" ਉਹ ਭਾਈ ਜੈਤਾ ਜੀ ਨੂੰ ਵੀ ਯਾਦ ਕਰ ਰਿਹਾ ਸੀ। "ਕਿੱਥੇ ਭਾਈ ਜੈਤਾ ਕਿੱਥੇ ਮੈਂ ਡਰਪੋਕ?" ਉਹ ਆਪਣੇ ਆਪ ਨੂੰ ਤਕੜਿਆਂ ਕਰ ਕੇ ਤੁਰਿਆ ਜਾ ਰਿਹਾ ਸੀ। ਮਨ ਹੀ ਮਨ ਉਹ ਸੋਚ ਰਿਹਾ ਸੀ, "ਜਗਤ ਗੁਰੂ ਗੁਰੂ ਨਾਨਕ ਜੀ ਦੀ ਦਸਵੀਂ ਜੋਤ ਕਲਗੀਆਂ ਵਾਲੇ ਨੇ ਜਦੋਂ ਵਿਸਾਖੀ ਵਾਲੇ ਦਿਨ ਖਾਲਸਾ ਸਾਜਣ ਸਮੇਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਓਹਨਾਂ ਪੰਜਾਂ ਵਿਚੋਂ ਤਿੰਨ ਨੀਵੀਆਂ ਜਾਤਾਂ ਦੇ ਸਨ, ਇਹਨਾਂ ਜੱਟਾਂ ਦਾ ਤਾਂ ਇਕ ਹੀ ਸੀ। ਫਿਰ ਪਤਾ ਨਹੀਂ ਕਿਉਂ ਇਹ ਜੱਟ ਸਿੱਖੀ 'ਤੇ ਕਬਜ਼ਾ ਕਰੀ ਫਿਰਦੇ ਨੇ," ਉਹ ਜੱਟਾਂ ਨੂੰ ਕੋਸ ਰਿਹਾ ਸੀ। "ਵਾਹਗੁਰੂ ਵਾਹਗੁਰੂ ਮੈਂ ਇਹ ਕੀ ਸੋਚ ਰਿਹਾ ਹਾਂ? ਕਲਗੀਆਂ ਵਾਲੇ ਪਾਤਸ਼ਾਹ ਮੈਨੂੰ ਕਦੀ ਮਾਫ ਨਹੀਂ ਕਰਨਗੇ, ਸੱਚੇ ਪਾਤਸ਼ਾਹ ਨੇ ਤਾਂ ਇਕ ਬਾਟੇ 'ਚ ਅੰਮ੍ਰਿਤ ਛਕਾ ਕੇ ਸਾਨੂੰ ਇਕ ਕੀਤਾ ਸੀ, ਅਸੀਂ ਅਜੇ ਵੀਂ ਵੰਡੀਆਂ ਪਾਈ ਬੈਠੇ ਹਾਂ।"

ਗਿਆਨੀ ਜੀਤਾ ਆਪਣੀ ਗਲ਼ੀ 'ਚੋਂ ਜਦੋਂ ਫਿਰਨੀ 'ਤੇ ਚੜ੍ਹਿਆ ਤਾਂ ਸਾਹਮਣੇ ਛੁੰਮਣ ਸਿਹੁੰ ਰਾਮਗੜ੍ਹੀਏ ਦੇ ਆਰੇ ਦੇ ਘਰੜ ਘਰੜ ਲੱਕੜਾਂ ਚੀਰਨ ਦੀ ਆਵਾਜ਼ ਸੁਣਾਈ ਦਿੱਤੀ। ਗਿਆਨੀ ਜੀਤਾ ਛੁੰਮਣ ਸਿਹੁੰ ਦੇ ਆਰੇ ਅੱਗੋਂ ਲੰਘਦਾ ਹੋਇਆ ਛੁੰਮਣ ਸਿਹੁੰ ਰਾਮਗੜ੍ਹੀਏ ਬਾਰੇ ਸੋਚਣ ਲੱਗਾ ਸੀ।

ਗਿਆਨੀ ਜੀਤੇ ਦਾ ਬਾਪ, ਬੁੱਧ ਸਿਹੁੰ, ਜਾਣੀ ਭਾਊ ਜੀ, ਜਾਣੀ ਬੁੱਧਾ ਨਿੱਕੇ ਹੁੰਦੇ ਤੋਂ ਛੁੰਮਣ ਸਿਹੁੰ ਰਾਮਗੜ੍ਹੀਏ ਕੋਲ਼ ਆਥੜੀ ਕਰਦਾ ਸੀ। ਬੁੱਧੇ ਦੇ ਖਾਣ ਪੀਣ ਦੇ ਵੱਖਰੇ ਭਾਂਡੇ ਘਰ ਤੋਂ ਬਾਹਰ ਬਣੇ ਆਲ਼ੇ ਵਿਚ ਪਏ ਹੁੰਦੇ। ਬੁੱਧੇ ਨੂੰ ਰੋਟੀ ਪਾਣੀ ਘਰ ਦੇ ਬਾਹਰ ਹੀ ਫੜਾਉਂਦੇ। ਛੁੰਮਣ ਸਿਹੁੰ ਰਾਮਗੜ੍ਹੀਏ ਦਾ ਮੁੰਡਾ ਫਤਿਹ ਸਿਹੁੰ, ਬੁੱਧੇ ਦਾ ਹਾਣੀ ਸੀ। ਫਤਿਹ ਸਿਹੁੰ ਨੂੰ ਆਪਣੇ ਮਾਂ ਬਾਪ ਦਾ ਬੁੱਧੇ ਪ੍ਰਤੀ ਇਸ ਤਰ੍ਹਾਂ ਦਾ ਵਤੀਰਾ ਚੰਗਾ ਨਹੀਂ ਲੱਗਦਾ ਸੀ। ਉਹ ਆਪਣੀ ਮਾਂ ਨੂੰ ਕਹਿ ਦੇਂਦਾ, "ਮਾਂ, ਸਿੱਖੀ 'ਚ ਕੋਈ ਉੱਚਾ ਨੀਵਾਂ ਨਹੀਂ, ਸਭ ਬਰਾਬਰ ਨੇ। ਗੁਰੂ ਸਾਹਿਬਾਨ ਨੇ ਤਾਂ ਅਕਬਰ ਨੂੰ ਭੁੰਜੇ ਪੰਗਤ ਬਿਠਾ ਆਮ ਲੋਕਾਂ ਨਾਲ ਲੰਗਰ ਛਕਾਇਆ ਸੀ। ਗੁਰੂ ਨਾਨਕ ਦੇਵ ਜੀ ਨੇ ਤਾਂ ਸਾਰੀ ਉਮਰ ਆਪਣੇ ਨਾਲ ਸਭ ਤੋਂ ਨੀਵੀਂ ਜਾਤ ਦੇ ਮਰਦਾਨੇ ਮਰਾਸੀ ਨੂੰ ਆਪਣਾ ਸੰਗੀ ਸਾਥੀ ਬਣਾ ਕੇ ਰੱਖਿਆ, ਤੁਸੀਂ ਸਿੱਖ ਹੋ ਕੇ ਵੀ ਅਜੇ ਬਾਹਮਣ ਬਣੇ ਫਿਰਦੇ ਹੋ।" ਉਹ ਕਈ ਵਾਰੀ ਆਪਣੀ ਰੋਟੀ ਵਾਲੀ ਥਾਲੀ ਚੁੱਕ ਕੇ ਰੋਟੀ ਖਾਂਦੇ ਬੁੱਧੇ ਨਾਲ ਬੈਠ ਕੇ ਰੋਟੀ ਖਾਂਦਾ। ਬੁੱਧਾ ਆਪਣੇ ਪੱਠੇ ਦੱਥੇ ਦਾ ਕੰਮ ਛੇਤੀ ਨਬੇੜ ਕੇ ਫਤਿਹ ਸਿਹੁੰ ਦੇ ਨਾਲ ਕੰਮ 'ਤੇ ਹੱਥ ਵਟਾਉਣ ਲੱਗ ਜਾਂਦਾ। ਬੁੱਧੇ ਨੇ ਫਤਿਹ ਸਿਹੁੰ ਦੇ ਨਾਲ ਹੀ ਸਾਰਾ ਤਰਖਾਣਾ ਕੰਮ ਸਿੱਖ ਲਿਆ ਸੀ। ਬੁੱਧਾ ਤਰਖਾਣੇ ਕੰਮ ਵਿਚ ਫਤਿਹ ਸਿਹੁੰ ਦਾ ਮੁਕਾਬਲਾ ਕਰਨ ਲੱਗ ਪਿਆ। ਫਤਿਹ ਸਿਹੁੰ ਬੁੱਧੇ ਨੂੰ ਚੁਗਾਠ ਦੀ ਤਿਰਸ਼ੀ ਬਾਹੀ ਨੂੰ ਖੁਰਚੀ-ਰੰਦੇ ਨਾਲ ਗੁਣੀਏ 'ਚ ਕਰਨ ਲਈ ਕਹਿੰਦਾ, ਬੁੱਧਾ ਵੇਂਹਦੇ ਵੇਂਹਦੇ ਬਾਹੀ ਨੂੰ ਗੁਣੀਏ ਕਰ ਲਿਆਉਂਦਾ।

ਛੁੰਮਣ ਸਿਹੁੰ ਰਾਮਗੜ੍ਹੀਏ ਨੂੰ ਪਹਿਲਾਂ ਪਹਿਲ ਤਾਂ ਬੁੱਧੇ ਦਾ ਤਰਖਾਣਾ ਕੰਮ ਸਿੱਖਣਾ ਚੰਗਾ ਨਹੀਂ ਲੱਗਦਾ ਸੀ। ਉਹ ਸੋਚਦਾ ਫਤਿਹ ਪਿੰਡ ਵਿਚ ਆਪਣਾ ਇਕ ਨਵਾਂ ਸ਼ਰੀਕ ਬਣਾ ਰਿਹਾ ਹੈ। ਫਤਿਹ ਕਹਿ ਦੇਂਦਾ, "ਭਾਈਆ ਜੀ, ਹਰ ਕੋਈ ਆਪਣੇ ਕਰਮਾਂ ਦਾ ਖਾਂਦਾ, ਕੌਣ ਕਿਸੇ ਨੂੰ ਰੋਟੀ ਦੇਂਦਾ, ਸਭ ਦਾ ਮਾਲਕ ਇਕੋ ਆ।"

ਬੁੱਧੇ ਦੇ ਸਾਫ ਸੁਥਰੇ ਕੰਮ ਨੂੰ ਵੇਖ ਕੇ ਫੁੰਮਣ ਸਿਹੁੰ ਰਾਮਗੜ੍ਹੀਏ ਤੋਂ ਵੀ ਇਕ ਦਿਨ ਕਹਿਣ ਤੋਂ ਰਿਹਾ ਨਾ ਗਿਆ, "ਬੁੱਧੂ ਤੂੰ ਤਾਂ ਕਿਸੇ ਤਰਖਾਣ ਦੀ ਮਾਰ ਲੱਗਦੈਂ।" ਬੁੱਧਾ ਵੀ ਅੱਗੋਂ ਕਿਹੜਾ ਘੱਟ ਸੀ, "ਚਾਚਾ ਹੋਰ ਕਿਸੇ ਤਰਖਾਣ ਦਾ ਪਤਾ ਨਹੀਂ। ਮੇਰੀ ਬੇਬੇ, ਚਾਚਾ ਤੇਰਾ ਗੋਹਾ ਕੂੜਾ ਜ਼ਰੂਰ ਕਰਦੀ ਰਹੀ ਆ। ਅੱਜ ਜਾ ਕੇ ਪੁੱਛਦਾਂ ਉਸ ਨੂੰ ਮੈਂ ਕਿਤੇ ਚਾਚੇ ਤਰਖਾਣ ਦੀ....ਨਹੀਂ ਹਾਂ।" "ਖਲੋਅ ਜਰਾ ਸੂਰ ਦੀ ਮਾਰ," ਫੁੰਮਣ ਸਿਹੁੰ ਰਾਮਗੜ੍ਹੀਆ ਛਿੱਤਰ ਲੈ ਕੇ ਉਸਦੇ ਮਗਰ ਦੌੜਿਆ। ਬੁੱਧਾ ਚੁੰਗੀਆਂ ਭਰਦਾ ਤੀਰ ਹੋ ਗਿਆ।

ਫੁੰਮਣ ਸਿਹੁੰ ਰਾਮਗੜ੍ਹੀਏ ਦੇ ਰਿਸ਼ਤੇਦਾਰਾਂ ਦਾ ਦਿੱਲੀ ਵਿਚ ਲੱਕੜ ਦੇ ਫਰਨੀਚਰ ਦਾ ਬੜਾ ਵੱਡਾ ਕੰਮ ਸੀ। ਕੰਮ ਜ਼ਿਆਦਾ ਹੋਣ ਕਰਕੇ ਉਹਨਾਂ ਨੇ ਫਤਿਹ ਸਿਹੁੰ ਨੂੰ ਨਵਾਂ ਫਰਨੀਚਰ ਬਣਾਉਣ ਲਈ ਦਿੱਲੀ ਸੱਦ ਲਿਆ। ਦੋ ਕੁ ਮਹੀਨੇ ਬਾਅਦ ਫਤਿਹ ਸਿਹੁੰ ਵਾਪਸ ਪਿੰਡ ਆਇਆ ਅਤੇ ਆਪਣੇ ਪਰਿਵਾਰ ਦੇ ਨਾਲ ਬੁੱਧੇ ਨੂੰ ਪਰਿਵਾਰ ਸਮੇਤ ਦਿੱਲੀ ਲੈ ਗਿਆ ਸੀ। ਫਤਿਹ ਸਿਹੁੰ ਨੇ ਦਿੱਲੀ ਦੀ ਮਾਇਆਪੁਰੀ 'ਚ ਮਕਾਨ ਕਿਰਾਏ ਤੇ ਲੈ ਲਿਆ ਅਤੇ ਉਸਦੀ ਹੇਠਲੀ ਮੰਜ਼ਲ ਵਿਚ ਆਪਣੇ ਟੱਬਰ ਨੂੰ ਤੇ ਉਪਰਲੀ ਮੰਜ਼ਲ ਵਿਚ ਬੁੱਧੇ ਦੇ ਜੀਆਂ ਨੂੰ ਟਿਕਾ ਕੇ ਰਹਿਣਾ ਸ਼ੁਰੂ ਕਰ ਦਿੱਤਾ।

ਚੌਰਾਸੀ ਦੇ ਸਿੱਖਾਂ ਦੇ ਕਤਲੇਆਮ ਦੌਰਾਨ ਬੁੱਧਾ ਤੇ ਫਤਿਹ ਸਿਹੁੰ ਦੀ ਮੌਤ ਤੋਂ ਬਾਅਦ ਫਤਿਹ ਸਿਹੁੰ ਦਾ ਪਰਿਵਾਰ ਤੇ ਗਿਆਨੀ ਜੀਤਾ ਆਪਣੀ ਮਾਂ ਦੇ ਨਾਲ ਮੁੜ ਪਿੰਡ ਆ ਗਏ।

ਫੁੰਮਣ ਸਿਹੁੰ ਰਾਮਗੜ੍ਹੀਏ ਨੂੰ ਚਾਚਾ ਅਖਵਾਉਣ ਦੀ ਆਦਤ ਹੋਣ ਕਰਕੇ ਕੀ ਵੱਡਾ ਕੀ ਛੋਟਾ ਸਾਰੇ ਉਸ ਨੂੰ ਚਾਚਾ ਕਹਿੰਦੇ ਸਨ। ਜੇ ਕੋਈ ਕੰਮ ਕਰਵਾਉਣ ਵਾਲਾ ਆ ਕੇ ਤਾਇਆ ਕਹਿ ਦਿੰਦਾ ਤਾਂ ਉਹ ਉਸ ਦੇ ਕੰਮ ਨੂੰ ਵਗ੍ਹਾ ਮਾਰਦਾ। ਫਿਰ ਉਸ ਤੋਂ ਕੰਮ ਕਰਵਾਉਣਾ ਬੜਾ ਔਖਾ ਹੁੰਦਾ।

ਫੁੰਮਣ ਸਿਹੁੰ ਰਾਮਗੜ੍ਹੀਆ ਗਿਆਨੀ ਜ਼ੈਲ ਸਿੰਘ ਦੇ ਪੰਜਾਬ ਦਾ ਮੁੱਖ ਮੰਤਰੀ, ਦੇਸ਼ ਦਾ ਗ੍ਰਹਿ ਮੰਤਰੀ ਅਤੇ ਫਿਰ ਰਾਸ਼ਟਰਪਤੀ ਬਣਨ ਅਤੇ ਰਾਮਗੜ੍ਹੀਆਂ 'ਤੇ ਫਖਰ ਕਰਦਾ। ਪਰੰਤੂ ਗਿਆਨੀ ਜ਼ੈਲ ਸਿੰਘ ਦੇ ਰਾਸ਼ਟਰਪਤੀ ਹੁੰਦੇ ਦਰਬਾਰ ਸਾਹਿਬ 'ਤੇ ਹੋਏ ਹਮਲੇ ਲਈ ਗਿਆਨੀ ਜ਼ੈਲ ਸਿੰਘ ਨੂੰ ਕੋਸਦਾ, "ਜੇ ਗਿਆਨੀ ਜੀ ਅਸਤੀਫਾ ਦੇ ਦੇਂਦੇ ਤਾਂ ਆਪ ਵੀ ਇਸ ਵੱਡੇ ਕਲੰਕ ਤੋਂ ਬਚ ਜਾਂਦੇ ਤੇ ਰਾਮਗੜ੍ਹੀਆਂ ਦਾ ਸਿਰ ਵੀ ਨੀਵਾਂ ਨਾ ਹੁੰਦਾ।" ਜੱਸਾ ਸਿੰਘ ਰਾਮਗੜ੍ਹੀਏ ਨੂੰ ਉਹ ਆਪਣਾ ਮਹਾਂਰਾਜਾ ਦੱਸਦਾ ਸੀ। ਫੁੰਮਣ ਸਿਹੁੰ ਰਾਮਗੜ੍ਹੀਆ ਭਾਵੇਂ ਨੀਵੀਂ ਜਾਤ 'ਚ ਆਉਂਦਾ, ਪਰ ਸਮਝਦਾ ਆਪਣੇ ਆਪ ਨੂੰ ਉਹ ਉੱਚੀਆਂ ਜਾਤਾਂ ਤੋਂ ਵੀ ਉੱਤੇ ਸੀ। ਉਹ ਆਪਣੇ ਆਪ ਨੂੰ ਰਾਮਗੜ੍ਹੀਆ ਸੱਦਵਾ ਕੇ ਬੜਾ ਫਖ਼ਰ ਮਹਿਸੂਸ ਕਰਦਾ। ਰਾਮਗੜ੍ਹੀਆਂ ਨੂੰ ਕੋਈ ਨੀਵਾਂ ਆਖੇ, ਉਹ ਬਰਦਾਸ਼ਤ ਨਹੀਂ ਕਰ ਸਕਦਾ ਸੀ। ਕਈ ਵਾਰੀ ਗੱਲਾਂ ਦੇ ਰਉਂ 'ਚ ਆਇਆ ਉਹ ਜੱਟਾਂ ਨੂੰ ਕਹਿ ਦਿੰਦਾ, "ਓ ਜੱਟੋ ਅਸੀਂ ਰਾਮਗੜ੍ਹੀਆਂ ਨੇ ਤੁਹਾਡੇ 'ਤੇ ਰਾਜ ਕੀਤਾ ਆ।"

ਦੱਸਦੇ ਆ ਕਿ ਵੱਢ-ਖਾਣੇ ਸੰਧੂਆਂ ਨੇ ਨਵਾਂ ਟ੍ਰੈਕਟਰ ਲਿਆ। ਉਹਨਾਂ ਨੇ ਆਪਦੇ ਸਾਰੇ ਯਾਰਾਂ ਬੇਲੀਆਂ ਨੂੰ, ਸਮੇਤ ਫੁੰਮਣ ਸਿਹੁੰ ਰਾਮਗੜ੍ਹੀਏ ਤੇ ਸਰਦਾਰ ਬੇਅੰਤ ਸਿਹੁੰ ਦੇ, ਟ੍ਰੈਕਟਰ ਦੀ ਪਾਰਟੀ ਕਰਨ ਲਈ ਨਿਉਂਦਾ ਦਿੱਤਾ। ਸਰਦਾਰ ਬੇਅੰਤ ਸਿੰਘ ਹੋਰਾਂ ਦਾ ਸ਼ਰੀਕਾ ਪਿੰਡ ਵਿਚ ਜ਼ਮੀਨ ਦੀ ਵੱਡੀ ਢੇਰੀ ਦਾ ਮਾਲਕ ਸੀ। ਉਸਦੇ ਸ਼ਰੀਕੇ ਦੇ ਘਰ ਮਹਿਲਾਂ ਵਰਗੇ ਨਿੱਕੀਆਂ ਇੱਟਾਂ ਦੇ ਬਣੇ ਹੋਏ ਸਨ। ਸਤਿਕਾਰ ਵਜੋਂ ਪਿੰਡ ਵਾਲੇ ਉਹਨਾਂ ਦੇ ਸ਼ਰੀਕੇ ਵਾਲਿਆ ਨੂੰ ਸਰਦਾਰ ਕਹਿ ਕੇ ਬਲਾਉਂਦੇ, ਭਾਵੇਂ ਕਿ ਬਰਾਦਰੀ ਉਹਨਾਂ ਦੀ ਛੀਂਬੇ ਸੀ।

"ਸੰਧੂ...ਸਾਬ੍ਹ...ਹੁਣ...ਮੈਨੂੰ...ਵੀ...ਟ੍ਰੈਕਟਰ...ਲੈਣਾ...ਹੀ...ਪੈਣਾ...ਆ।" ਸਰਦਾਰ ਬੇਅੰਤ ਸਿਹੁੰ ਨੂੰ ਹਲਕ ਪੈਂਦਾ ਹੋਣ ਕਰਕੇ, ਦਾਰੂ ਪੀਂਦੇ ਪੀਂਦੇ ਉਹ ਥੋੜ੍ਹਾ ਲਮਕਾ ਕੇ ਬੋਲਿਆ ਸੀ।

ਇਸ ਤੋਂ ਪਹਿਲਾਂ ਕਿ ਸੰਧੂ ਸਾਹਬ ਕੋਈ ਜਵਾਬ ਦੇਂਦਾ ਸਰਦਾਰ ਬੇਅੰਤ ਸਿਹੁੰ ਦੀ ਗੱਲ ਸੁਣ ਕੇ ਫੁੰਮਣ ਸਿਹੁੰ ਰਾਮਗੜ੍ਹੀਏ ਤੋਂ ਰਿਹਾ ਨਾ ਗਿਆ। ਉਹ ਬੋਲਿਆ, "ਹਾਂ ਸੰਧੂ ਸਾਬ੍ਹ ਟ੍ਰੈਕਟਰ ਤਾਂ ਮੈਂ

ਵੀ ਲੈ ਲਵਾਂ ਪਰ ਵਹਾਈ ਕਿਹੜੀ ਪੈਲ਼ੀ 'ਚ ਕਰੂੰਗਾ।"

"ਲੈ...ਫੁੰਮਣਾਂ...ਇਹ...ਕੇਹੜੀ...ਗੱਲ...ਈ...ਤੂੰ...ਮੇਰੀ...ਪੈਲ਼ੀ...'ਚ...ਵਾਹ...ਲਈਂ।" ਸਰਦਾਰ ਬੇਅੰਤ ਸਿਹੁੰ ਬੋਲਿਆ।

ਫੁੰਮਣ ਸਿਹੁੰ ਰਾਮਗੜ੍ਹੀਆ ਉੱਭੜਵਾਹੇ ਮੰਜੀ ਤੋਂ ਉੱਠਿਆ ਤੇ ਪਿੱਛੇ ਨੂੰ ਕਾਹਲ਼ੀ ਨਾਲ ਪੈਰ ਪੁੱਟਦਾ ਤਬੇਲੇ ਵੱਲ ਚਲੇ ਗਿਆ। ਉਹ ਝੱਟ ਪੱਟ ਤਬੇਲੇ 'ਚ ਪਈ ਪੰਜਾਲ਼ੀ 'ਚੋਂ ਅਰਲੀ ਕੱਢ ਕੇ ਆਪਣੀ ਚਾਦਰ ਦੀ ਡੱਬ 'ਚ ਪਿਛਲੇ ਪਾਸੇ ਟੰਗ ਲਿਆਇਆ ਤੇ ਵਾਪਸ ਆ ਕੇ ਪਿਛਲੇ ਪਾਸਿਉਂ ਸਰਦਾਰ ਬੇਅੰਤ ਸਿਹੁੰ ਨੂੰ ਢਾਹ ਲਿਆ, "ਖਲੋ ਬੰਤਿਆ...ਕੁੜੀ...ਚੋ...ਧੀ...ਦਿਆ ਯਾਰਾ," ਅਤੇ ਉਸਦੇ ਪੰਜ ਸੱਤ ਅਰਲੀਆਂ ਕੱਢ ਮਾਰੀਆਂ, "ਕੁੜੀ...ਜ੍ਹਾਵਾ...ਕੰਮੀ, ਸਰਦਾਰ ਬਣ ਕੇ ਮੈਨੂੰ ਨੀਵਾਂ ਵਿਖਉਂਦਾ, ਤੂੰ ਪੈਲ਼ੀ ਨਾਲ ਵੱਡਾ ਸਰਦਾਰ ਬਣ ਗਿਆ, ਰਹਿਣਾ ਤੇ ਮੇਰੇ ਵਾਂਗ ਤੂੰ ਵੀ ਕੰਮੀ ਦਾ ਕੰਮੀ ਆ।" ਫੁੰਮਣ ਸਿਹੁੰ ਰਾਮਗੜ੍ਹਏ ਕੋਲੋਂ ਸਰਦਾਰ ਬੇਅੰਤ ਸਿਹੁੰ ਨੂੰ ਦੂਸਰੇ ਸਾਥੀਆਂ ਨੇ ਮਸੀਂ ਛੁਡਾਇਆ ਸੀ।

ਸਰਦਾਰ ਬੇਅੰਤ ਸਿੰਘ ਨੇ ਫੁੰਮਣ ਸਿਹੁੰ ਰਾਮਗੜ੍ਹੀਏ ਨੂੰ ਅੱਗੋਂ ਗਾਲ੍ਹ ਕੱਢ ਕੇ ਕਿਹਾ,"ਕੁੜੀ ਜ੍ਹਾ...ਵਿ...ਆ...ਅਸੀਂ ਜੱਦੀ ਪੁੱਸ਼ਤੀ ਸਰਦਾਰ, ਤੇਰੇ ਵਾਂਗੂ ਕੋਈ ਵੱਢੀ ਟੁੱਕੀ ਜਾਤ ਨਹੀਂ, ਵੇਖ ਲਵਾਂਗਾ ਤੈਨੂੰ ਵੱਡੇ ਸਾਨ੍ਹ ਨੂੰ।"

"ਅਸੀਂ ਨੀਵੀਆਂ ਜਾਤਾਂ ਵਾਲੇ ਵੀ ਆਪਸ ਵਿਚ ਵੰਡੇ ਪਏ ਹਾਂ ਤੇ ਇਕ ਦੂਜੇ ਨੂੰ ਨੀਵਾਂ ਵਿਖਾਉਣ 'ਤੇ ਲੱਗੇ ਹੋਏ ਆਂ, ਤਰਖਾਣ ਛੀਂਬਿਆਂ ਨੂੰ, ਛੀਂਬੇ ਝੀਰਾਂ ਨੂੰ, ਝੀਰ ਨਾਈਆਂ ਨੂੰ ਤੇ ਮਜਬ੍ਹੀ ਰਾਮਦਾਸੀਆਂ ਨੂੰ, ਸੱਚੇ ਪਾਤਸ਼ਾਹ ਨੇ ਤਾਂ ਅੰਮ੍ਰਿਤ ਛਕਾ ਕੇ ਉਚ ਨੀਚ ਨੂੰ ਖਤਮ ਕੀਤਾ ਸੀ ਤੇ ਹਿੰਦੂ ਧਰਮ ਦੀ ਜਾਤੀ ਪ੍ਰਥਾ ਦਾ ਜੂਲ਼ਾ ਸਾਡੇ ਗਲ਼ਾਂ 'ਚੋਂ ਲਾਹਿਆ ਸੀ ਪਰ ਅਸੀਂ ਇਹ ਜੂਲ਼ਾ ਅਜੇ ਵੀ ਪਾਈ ਫਿਰਦੇ ਹਾਂ।" ਗਿਅਨੀ ਜੀਤਾ ਗੁਰਦੁਆਰਾ ਸਾਹਿਬ ਵੱਲ ਨੂੰ ਜਾਂਦੀ ਫਿਰਨੀ ਜਾ ਚੜ੍ਹਿਆ। ਤੁਰਿਆ ਜਾਂਦਾ ਉਹ ਤਿੰਨ ਮਹੀਨੇ ਪਹਿਲਾਂ ਪਿੰਡ ਦੇ ਗੁਰਦੁਆਰੇ 'ਚ ਵਾਪਰੇ ਘਟਨਾ ਕਰਮ ਨੂੰ ਅਦਬੀ ਕਮੇਟੀ ਨਾਲ ਜੋੜ ਕੇ ਵੇਖ ਰਿਹਾ ਸੀ।

ਮਨਰੇਗਾ ਦੇ ਆਉਣ ਕਰਕੇ ਬਿਹਾਰ ਅਤੇ ਯੂ ਪੀ ਦੀ ਲੇਬਰ ਆਪਣੇ ਘਰਾਂ ਨੂੰ ਵਾਪਸ ਚਲੇ ਗਈ, ਜਿਸ ਕਰਕੇ ਲੇਬਰ ਮਿਲ ਨਹੀਂ ਰਹੀ ਸੀ ਅਤੇ ਜ਼ਿਮੀਂਦਾਰਾਂ ਲਈ ਝੋਨੇ ਦੀ ਲੁਆਈ ਸਿਦਰਦੀ ਬਣੀ ਹੋਈ ਸੀ।

"ਸਾਰੇ ਜਿੰਮੀਦਾਰ ਭਰਾਵਾਂ ਨੂੰ ਬੇਨਤੀ ਆ ਕਿ ਹਾੜ੍ਹ ਮਹੀਨਾਂ ਚੜ੍ਹ ਗਿਆ ਹੈ ਤੇ ਝੋਨੇ ਦੀ ਲਵਾਈ ਦੇ ਕੱਦੂ ਹੋਣੇ ਸ਼ੁਰੂ ਹੋ ਗਏ ਨੇ। ਇਸ ਮਸਲੇ 'ਤੇ ਸੋਚ ਵਿਚਾਰ ਕਰਨ ਲਈ ਆਪ ਸਭ ਕੱਲ ਸਵੇਰੇ ਦੱਸ ਵਜੇ ਗੁਰਦਵਾਰਾ ਸਾਹਬ ਇਕੱਠੇ ਹੋਣ ਦੀ ਕਿਰਪਾਲਤਾ ਕਰੋ ਜੀ।" ਪਿੰਡ ਦੇ ਗੁਰਦੁਆਰਾ ਸਾਹਿਬ ਦੇ ਸਪੀਕਰ ਤੋਂ ਵੱਢ-ਖਾਣਿਆਂ ਦਾ ਭਰਪੂਰ ਸਿਹੁੰ ਭੂਰਾ ਬੋਲ ਰਿਹਾ ਸੀ।

ਅਸਲੀਅਤ ਇਹ ਸੀ ਕਿ ਠੱਠੀ ਦੇ ਲਗ ਪਗ ਸਾਰੇ ਘਰਾਂ ਦੇ ਮੁੰਡੇ ਰਾਤ ਨੂੰ ਸ਼ਹਿਰ ਜਾ ਕੇ ਰਿਕਸ਼ਾ ਚਲਾ ਕੇ ਚੰਗੀ ਕਮਾਈ ਕਰ ਲੈਂਦੇ ਤੇ ਲੰਮੀਆਂ ਤਾਣ ਕੇ ਸੌਂਦੇ ਸਨ। ਸ਼ਹਿਰ ਤੋਂ ਸਵੇਰੇ ਪਿੰਡ ਨੂੰ ਮੁੜਦੇ ਵੇਲ਼ੇ ਆਪਣੇ ਡੰਗਰਾਂ ਲਈ ਪੱਠੇ ਅਤੇ ਆਪਣੇ ਬਜ਼ੁਰਗਾਂ ਨੂੰ ਕੰਮ 'ਤੇ ਲਾਉਣ ਲਈ ਸਬਜ਼ੀ ਮੰਡੀ ਤੋਂ ਸਬਜ਼ੀ ਖਰੀਦ ਲਿਆਉਂਦੇ। ਬਜ਼ੁਰਗ ਪੁਰਾਣੇ ਮੋਟਰ ਸਾਇਕਲਾਂ ਦੇ ਨਾਲ ਬਣਾਈਆਂ ਰੇਹੜੀਆਂ 'ਤੇ ਦੂਜੇ ਪਿੰਡਾਂ ਵਿਚ ਸਬਜ਼ੀ ਵੇਚ ਕੇ ਕਮਾਈ ਕਰ ਆਪਣੇ ਘਰ ਚਲਾਉਂਦੇ ਸਨ। ਠੱਠੀ ਦੀਆਂ ਜਨਾਨੀਆਂ ਮਨਰੇਗਾ 'ਚ ਕੰਮ ਕਰਕੇ ਆਪਦੇ ਘਰਾਂ ਨੂੰ ਚਲਾਉਣ ਲਈ ਮਦਦ ਕਰਦੀਆਂ। ਪਿੰਡ 'ਚ ਜ਼ਿਮੀਂਦਾਰਾਂ ਦੀ ਪੁਰਾਣੀ ਪੀੜ੍ਹੀ ਅਜੇ ਵੀ ਠੱਠੀ ਦੇ ਬਾਸ਼ਿੰਦਿਆਂ ਉੱਪਰ ਆਪਣੀ ਪਹਿਲਾਂ ਵਾਲੀ ਧੌਂਸ ਕਇਮ ਰੱਖਣਾ ਚਾਹੁੰਦੀ। ਠੱਠੀ ਦੀ ਨਵੀਂ ਪੀੜ੍ਹੀ ਹੁਣ ਜ਼ਿਮੀਂਦਾਰਾਂ ਦੀ ਕਿਸੇ ਕਿਸਮ ਦੀ ਧੌਂਸ ਨੂੰ ਨਹੀਂ ਮੰਨਦੀ ਸੀ। ਇਸ ਤਰ੍ਹਾਂ ਦੇ ਟਕਰਾਅ ਨੇ ਪਿੰਡ ਵਿਚ ਮਾਹੌਲ

ਤਲਖੀ ਭਰਿਆ ਬਣਾਇਆ ਹੋਇਆ ਸੀ।

ਪੰਜਾਬੀ ਦੀ ਕਹਾਵਤ ਆ ਕਿ ਨਵਾਂ ਬਣਿਆ ਮੁਸਲਮਾਨ ਪੱਕਾ ਪੰਜ ਨਮਾਜੀ ਹੁੰਦਾ ਹੈ। ਗੁਰਦਵਾਰਾ ਜੰਡ ਸਾਹਿਬ ਦੇ ਮੁਖੀ ਬਾਬੇ ਦਿਆਲ ਸਿੰਘ ਨੇ 'ਨਸ਼ੇ ਛੱਡੋ ਸਿੰਘ ਸਜੋ' ਅੰਮ੍ਰਿਤ ਪ੍ਰਚਾਰ ਲਈ ਪਿੰਡ-ਪਿੰਡ ਜਾ ਕੇ ਮੁੰਹਿਮ ਚਲਾਈ। ਜ਼ਿਮੀਂਦਾਰਾਂ ਦੇ ਪੰਜ ਸੱਤ ਮੁੰਡਿਆਂ ਨੇ ਅੰਮ੍ਰਿਤ ਛਕ ਲਿਆ। ਇਹ ਮੁੰਡੇ ਸਵੇਰੇ ਸ਼ਾਮ ਗੁਰਦਵਾਰਾ ਜੰਡ ਸਾਹਿਬ ਹਾਜ਼ਰੀ ਲਵਾਉਣ ਲੱਗੇ।

ਗੁਰਦਵਾਰਾ ਜੰਡ ਸਾਹਿਬ ਦਾ ਮੁਖੀ ਬਾਬਾ ਹਰ ਰੋਜ਼ ਕਥਾ ਕਰਦਾ ਅਤੇ ਨਿੱਤ ਨਵੇਂ ਦਿਨ ਉਹ ਕੋਈ ਨਵੀਂ ਕਥਾ ਸੰਗਤਾਂ ਨੂੰ ਸਰਵਣ ਕਰਵਾਉਂਦਾ। ਇਕ ਦਿਨ ਬਾਬੇ ਨੇ ਨਸ਼ੇ ਛੱਡਣ ਵਾਸਤੇ ਕਥਾ ਕੀਤੀ, " ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਨੀਲੇ ਘੋੜੇ 'ਤੇ ਸਵਾਰ ਹੋ ਕੇ ਕਿਤੇ ਜਾ ਰਹੇ ਸਨ। ਰਸਤੇ ਵਿਚ ਤੰਮਾਕੂ ਦੇ ਖੇਤ ਸਨ। ਘੋੜੇ ਨੇ ਤੰਮਾਕੂ ਦੇ ਖੇਤ 'ਚ ਵੜਨ ਤੋਂ ਨਾਂਹ ਕਰ ਦਿੱਤੀ। ਹੁਣ ਜਣਾ ਖਣਾ ਲੰਡੀ ਬੁੱਚੀ ਮੂੰਹ ਵਿਚ ਤੰਮਾਕੂ ਦੀ ਲਿੱਦ ਭਰ ਕੇ ਗੁਰੂ ਘਰ ਆਣ ਵੜਦਾ ਆ। ਗੁਰੂ ਘਰਾਂ 'ਚ ਇਹਨਾਂ ਲੋਕਾਂ ਦੇ ਵੜਨ ਨਾਲ ਗੁਰੂ ਘਰ ਦੀ ਬੇਅਦਬੀ ਹੁੰਦੀ ਏ। ਗੁਰੂ ਘਰਾਂ 'ਚ ਇਹਨਾਂ ਲੋਕਾਂ ਦਾ ਵੜਨਾ ਬੰਦ ਕਰਨਾ ਚਾਹੀਦਾ ਆ।"

ਬਾਬੇ ਦੇ ਨਵੇਂ ਬਣੇ ਇਨ੍ਹਾਂ ਸੇਵਕ ਮੁੰਡਿਆਂ ਨੇ, "ਤੰਮਾਕੂ ਦੇ ਨਸ਼ੇ ਦਾ ਸੇਵਨ ਕਰਨ ਵਾਲੇ ਨੂੰ ਗੁਰਦਵਾਰਾ ਸਾਹਬ ਦੇ ਅੰਦਰ ਆਉਣ ਦੀ ਸਖਤ ਮਨਾਹੀ ਹੈ" ਲਿਖਕੇ ਵੱਡੇ ਗੁਰਦਵਾਰਾ ਸਾਹਬ ਦੇ ਦਰਵਾਜ਼ੇ ਦੇ ਬਾਹਰ ਤਖਤੀ ਲਟਕਾ ਦਿੱਤੀ ਸੀ।

ਸੰਗਰਾਂਦ ਵਾਲੇ ਦਿਨ ਉਹਨਾਂ ਮੁੰਡਿਆਂ 'ਚੋਂ ਇਕ ਮੁੰਡੇ ਨੇ ਹਰੀ ਸਿੰਹੁ ਰੰਘਰੇਟੇ ਦੇ ਮੁੰਡੇ ਬੀਰੂ ਨੂੰ ਬਾਹੋਂ ਫੜ ਕੇ ਗੁਰਦੁਆਰਾ ਸਾਹਿਬ ਦੇ ਅੰਦਰ ਜਾਣ ਤੋਂ ਰੋਕ ਲਿਆ, "ਤੂੰ ਆਪਣੇ ਬੁੱਲ੍ਹ ਵਿਖਾ ਕੇ ਗੁਰਦਵਾਰਾ ਸਾਹਬ ਦੇ ਅੰਦਰ ਜਾ ਸਕਦਾ ਏਂ।"

ਇਸ ਤੋਂ ਪਹਿਲਾਂ ਉਹ ਮੁੰਡਾ ਕੋਈ ਹੋਰ ਗੱਲ ਕਰਦਾ, ਬੀਰੂ ਬੋਲ ਪਿਆ, "ਵਾਹਗੁਰੂ, ਬਾਬਾ ਨਾਨਕ ਤਾਂ ਹੈ ਹੀ ਸਾਡੇ ਗ਼ਰੀਬ ਲੋਕਾਂ ਦਾ ਆ, ਬਾਬੇ ਨੇ ਤਾਂ ਮਲਕ ਭਾਗੋ ਦਾ ਸ਼ਾਹੀ ਭੋਜ ਛੱਡਕੇ ਭਾਈ ਲਾਲੋ ਦੀ ਕੋਧਰੇ ਦੀ ਮਿੱਸੀ ਖਾਧੀ ਸੀ। ਮੈਂ ਨਹੀਂ ਲਾਉਂਦਾ ਜਰਦਾ, ਜੇ ਲਾਉਂਦਾ ਵੀ ਹੋਵਾਂ ਇਸ ਦਾ ਗੁਨਾਹੀ ਤਾਂ ਮੈਂ ਆਂ। ਤੂੰ ਆਪਣਾ ਖਿਆਲ ਰੱਖ। ਵਾਹਗੁਰੂ ਮੈਂ ਬਾਬੇ ਨਾਨਕ ਦੇ ਦਰ 'ਤੇ ਮੱਥਾਂ ਟੇਕਣ ਆਇਆ ਹਾਂ, ਇਹ ਸਭ ਦਾ ਸਾਂਝਾ ਆ। ਬਾਬੇ ਨਾਨਕ ਦੇ ਘਰ ਆਣੋਂ ਮੈਂ ਕਿਸੇ ਦੇ ਰੋਕੇ ਰੁਕਣਾ ਨਹੀਂ। ਜਿੱਦਣ ਤੁਸੀਂ ਇਸ ਨੂੰ ਜੱਟਾਂ ਦਾ ਗੁਰਦਵਾਰਾ ਬਣਾ ਤਾ ਫੇਰ ਮੈ ਏਧਰ ਮੂੰਹ ਨਹੀਂ ਕਰਨਾ। ਵਾਹਿਗੁਰੂ, ਮੈਨੂ ਤਾਂ ਤੂੰ ਨੀਵੀਂ ਜਾਤ ਦਾ ਹੋਣ ਕਰਕੇ ਬਾਹੋਂ ਫੜ ਲਿਆ ਆ, ਆਪਣੇ ਜੱਟ ਭਰਾਵਾਂ, ਜੋ ਜਰਦਾ ਲਾਉਦੇ ਆ, ਕਿਤੇ ਉਹਨਾਂ ਦੀ ਬਾਂਹ ਫੜੀਂ, ਵਾਹਗੁਰੂ ਫੇਰ ਮੈ ਤੈਨੂੰ ਸੂਰਮਾ ਮੰਨੂੰਗਾ।"

ਲਾ ਜਵਾਬ ਹੋਇਆ ਉਹ ਸਿੰਘ ਬੁੜ ਬੁੜ ਕਰਦਾ ਪਾਸੇ ਨੂੰ ਟਿਭ ਗਿਆ ਸੀ।

"ਇਹ ਸਰਕਾਰ ਨੇ ਭੂਏ ਚੜ੍ਹਾਏ ਨੇ, ਆਟਾ-ਦਾਲ਼ ਮੁੱਖਤ ਦੇ ਭਾਅ ਦੇ ਕੇ। ਇਹਨਾਂ ਦਾ ਘਰ ਚੱਲਦਾ। ਰੋਟੀ ਦਾ ਕੋਈ ਫਿਕਰ ਨਹੀਂ, ਸਰਕਾਰ ਨਿਆਣਿਆ ਦੀ ਪੜ੍ਹਾਈ ਮੁਖਤ ਕਰਵਾਉਂਦੀ ਆ, ਦਾਰੂ ਪੀ ਛੱਡਦੇ ਤੇ ਜ਼ਰਦਾ ਖਾ ਛੱਡਦੇ ਨੇ। ਤਕਾਲਾਂ ਨੂੰ ਕਿਤੇ ਠੱਠੀ ਵਿਚ ਜਾ ਕੇ ਵੇਖੋ ਸਭ ਟੱਲੀ ਹੋਏ ਫਿਰਦੇ ਨੇ।" ਸ਼ੇਰ ਕਿਆਂ ਦਾ ਗਿੰਦਾ ਗੁਰਦਵਾਰਾ ਸਾਹਿਬ ਦੇ ਬਾਹਰ ਉੱਚੀ ਉੱਚੀ ਬੋਲ ਰਿਹਾ ਸੀ।

ਇਕ ਦਿਨ ਤਾਂ ਅੱਤ ਹੋ ਗਈ, ਠੱਠੀ 'ਚ ਹਰੀ ਸਿਹੁੰ ਰੰਘਰੇਟੇ ਉਰਫ ਹਰੀਏ ਦੀ ਕੁੜੀ ਰਾਣੀ ਦਾ ਵਿਆਹ ਸੀ। ਆਨੰਦ ਕਾਰਜ ਕਰਨ ਲਈ ਹਰੀਏ ਹੋਰੀਂ ਗੁਰਦਵਾਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੇਹ ਦੀ ਸਵਾਰੀ ਲੈਣ ਲਈ ਗਏ। ਭਾਈ ਜੀ ਨੇ ਦੋ ਟੁੱਕ ਜਵਾਬ ਦੇ ਦਿੱਤਾ ਕਿ ਗੁਰੂ ਮਹਾਂਰਾਜ ਦੀ ਸਵਾਰੀ ਇਨ੍ਹਾਂ ਦੇ ਘਰ ਨਹੀਂ ਖੜੀ ਜਾ ਸਕਦੀ, ਇਹ ਤੰਮਾਕੂ ਖਾਂਦੇ ਅਤੇ

ਸਿਗਰਟਾਂ ਪੀਂਦੇ ਨੇ, ਓਥੇ ਗੁਰੂ ਦੀ ਬੇਅਦਬੀ ਹੋਵੇਗੀ। ਹਰੀਏ ਹੋਰਾਂ ਦੇ ਮਿੰਨਤਾਂ ਕਰਨ 'ਤੇ ਵੀ ਭਾਈ ਜੀ ਨਹੀਂ ਮੰਨੇ।

ਦਲੀਪ ਸਿਹੁੰ ਸਰਪੰਚ ਨੂੰ ਪਤਾ ਲੱਗਿਆ ਤਾਂ ਉਸ ਨੇ ਵੀ ਭਾਈ ਸਾਹਿਬ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਪਰ ਭਾਈ ਜੀ ਸਾਫ ਮਨ੍ਹਾਂ ਕਰ ਦਿੱਤਾ ਸੀ। ਸਰਪੰਚ ਦਲੀਪ ਸਿਹੁੰ ਨੇ ਆਪਣੀ ਹਤਕ ਮਹਿਸੂਸ ਕੀਤੀ। ਉਸਨੇ ਆਪਣੀ ਗੱਡੀ 'ਤੇ ਲਾਗਲੇ ਪਿੰਡ ਬਾਠਾਂ ਦੇ ਗੁਰਦਵਾਰੇ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਂਰਾਜ ਦੀ ਦੇਹ ਲਿਆ ਕੇ ਰਾਣੀ ਦੀਆਂ ਲਾਵਾਂ ਦਾ ਪਾਠ ਆਪ ਕਰਕੇ ਆਨੰਦ ਕਾਰਜ ਦੀ ਰਸਮ ਪੂਰੀ ਕੀਤੀ।

ਗੁਰਦਵਾਰਾ ਸਾਹਿਬ ਦੇ ਭਾਈ ਜੀ ਦੀ ਇਸ ਬੇਰੁਖੀ ਅਤੇ ਜ਼ਿਮੀਂਦਾਰਾਂ ਵੱਲੋਂ ਕੀਤੇ ਗਏ ਸਲੂਕ ਕਰਕੇ ਰੰਘਰੇਟਿਆਂ ਨੂੰ ਗੁਰਦਵਾਰਾ ਸਾਹਿਬ 'ਚੋਂ ਆਪਣੀ ਬੇਦਖਲੀ ਲੱਗੀ। ਰੰਘਰੇਟੇ ਆਪਣੀ ਬਰਾਦਰੀ ਦਾ ਵੱਖਰਾ ਗੁਰਦਵਾਰਾ ਬਣਾਉਣ ਲਈ ਅਗਲੇ ਦਿਨ ਗਿਆਨੀ ਜੀਤੇ ਦੇ ਘਰ ਇਕੱਠੇ ਹੋਏ।

"ਗਿਆਨੀ ਜੀ ਤੰਮਾਕੂ ਦਾ ਤੇ ਬਹਾਨਾ ਆ, ਅਸਲ 'ਚ ਉਸਨੂੰ ਸਾਡੇ ਤੋਂ ਭਿੱਟ ਚੜਹਦੀ ਆ।" ਇਕੱਠ 'ਚੋਂ ਇਕ ਬੋਲਿਆ।

ਗਿਆਨੀ ਜੀਤਾ ਵੱਖਰਾ ਗੁਰਦਵਾਰਾ ਬਣਾਉਣ ਦੇ ਹੱਕ ਵਿਚ ਨਹੀਂ ਸੀ, "ਗੁਰਦਵਾਰਾ ਤਾਂ ਬਾਬੇ ਨਾਨਕ ਦਾ ਘਰ ਏ ਜੋ ਸਭ ਦਾ ਸਾਂਝਾ ਆ, ਇਹ ਕਿਸੇ ਇਕ ਧਿਰ ਦਾ ਨਹੀਂ ਆ। ਕਲਗ਼ੀਆਂ ਵਾਲੇ ਨੇ ਸਭ ਜਾਤਾਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਇਕ ਕੀਤਾ ਸੀ।" ਗਿਆਨੀ ਜੀਤਾ ਆਪਣੇ ਪੱਖ 'ਤੇ ਕਾਇਮ ਸੀ, ਕਿ ਪਿੰਡ ਵਿਚ ਗੁਰਦਵਾਰਾ ਇਕ ਹੀ ਹੋਣਾ ਚਾਹੀਦਾ ਏ।

ਉਹਨਾਂ 'ਚੋਂ ਪੰਜ ਜਾਣੇ ਉੱਠ ਕੇ ਖੜ੍ਹੇ ਹੋ ਗਏ, ਗ਼ਲਾਂ 'ਚ ਪੱਲੇ ਪਾ ਕੇ ਪੰਜਾਂ ਨੇ ਇਕ ਆਵਾਜ਼ ਵਿਚ ਗਿਆਨੀ ਜੀਤੇ ਨੂੰ ਹੁਕਮ ਕੀਤਾ,"ਤੁਸੀਂ ਅੱਗੇ ਲੱਗ ਕੇ ਰੰਘਰੇਟਿਆਂ ਦਾ ਗੁਰਦਵਾਰਾ ਬਣਾਉਣਾ ਆ।"

ਗਿਆਨੀ ਜੀਤਾ ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਉੱਠਿਆਂ ਅਤੇ ਗ਼ਲ ਵਿਚ ਪੱਲਾ ਪਾ ਕੇ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ, ਸਾਨੂੰ ਰਾਹ ਵਿਖਾਈਂ, ਆਪਣੇ ਸੇਵਕਾਂ ਦੀ ਪੱਤ ਰੱਖੀਂ, ਕਲਗ਼ੀਆਂ ਵਾਲਿਆ ਤੇਰੇ ਪੁੱਤਰਾਂ ਨੇ ਅੱਜ ਤੇਰੇ ਇਸ ਨਿਰਬਲ ਸੇਵਕ ਦੇ ਮੋਢੇ ਵੱਡਾ ਕਾਰਜ ਪਾਇਆ ਆ, ਨਿਮਾਣੇ ਦੀ ਪਿੱਠ 'ਤੇ ਆਪਣਾ ਮੇਹਰ ਭਰਿਆ ਹੱਥ ਰੱਖੀਂ।"

ਗਿਆਨੀ ਜੀਤਾ ਘਰ ਤੋਂ ਬਾਹਰ ਨਿਕਲ ਫਿਰਨੀ ਵੱਲ ਨੂੰ ਤੁਰ ਪਿਆ। ਬਾਕੀ ਦੇ ਰੰਘਰੇਟੇ ਸਿੰਘ ਉਸ ਦੇ ਪਿੱਛੇ ਪਿੱਛੇ ਹੋ ਤੁਰੇ। ਫਿਰਨੀ 'ਤੇ ਥੋੜ੍ਹਾ ਜਾ ਕੇ ਉਹ ਡਾਂਡੇ ਮੀਂਡੇ ਸਿੱਧਾ ਸਰਪੰਚ ਦੇ ਘਰ ਨੂੰ ਹੋ ਤੁਰਿਆ, ਸਰਪੰਚ ਦਾ ਘਰ ਪਿੰਡ ਦੀ ਫਿਰਨੀ ਤੋਂ ਕਿੱਲਾ ਕੁ ਹਟਵਾਂ ਸੀ। ਗਿਆਨੀ ਨੇ ਸਰਪੰਚ ਦੇ ਗੇਟ ਨੂੰ ਜਾ ਖੜਕਾਇਆ। ਕੁਦਰਤੀਂ ਹੀ ਦਲੀਪ ਸਿਹੁੰ ਸਰਪੰਚ ਨੇ ਦਰਵਾਜ਼ਾ ਖੋਲ੍ਹਿਆ, "ਕੀ ਗੱਲ ਗਿਆਨੀ ਜੀ, ਅੱਜ ਸਾਰਾ ਕੋੜਮਾ ਇਕੱਠਾ ਹੋਇਆ ਫਿਰਦਾ, ਸੁੱਖ ਏ?"

ਗਿਆਨੀ ਜੀਤਾ ਬੋਲਿਆ, "ਹਾਂ ਸਰਪੰਚ ਸਾਹਬ, ਸੁਖ ਆ। ਬਸ ਇਕ ਬਿਨਤੀ ਕਰਨ ਤੁਹਾਡੇ ਦਰ 'ਤੇ ਆਏ ਆਂ। ਸਾਨੂੰ ਆਸ ਆ ਕਿ ਅਸੀਂ ਨਿਰਾਸ ਹੋ ਕੇ ਨਹੀਂ ਜਾਵਾਂਗੇ । ਅੱਜ ਸੰਗਤ ਨੇ ਮਤਾ ਕੀਤਾ ਆ, ਰੰਘਰੇਟਿਆ ਦਾ ਪਿੰਡ ਵਿਚ ਵੱਖਰਾ ਗੁਰੂ ਘਰ ਬਣਾਉਣਾ ਆ।"

ਸਰਪੰਚ ਦਲੀਪ ਸਿਹੁੰ ਨੇ ਹਰੀਏ ਦੀ ਬੇਟੀ ਦੇ ਆਨੰਦ ਕਾਰਜ ਸਮੇਂ ਗੁਰਦਵਾਰਾ ਸਾਹਿਬ ਦੇ ਭਾਈ ਜੀ ਅਤੇ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਹਰੀਏ ਨਾਲ ਕੀਤੇ ਗਏ ਵਰਤਾਓ ਕਰਕੇ ਪਿੰਡ ਵਿਚ ਸਾਂਝਾ ਗੁਰਦਵਾਰਾ ਰੱਖਣ ਦੀ ਵਕਾਲਤ ਨਹੀਂ ਕੀਤੀ, "ਗਿਆਨੀ ਜੀ ਹੁਕਮ ਕਰੋ ਦਾਸ ਨੂੰ ਕੀ ਜੁੰਮੇਵਾਰੀ ਲਾਉਂਦੇ ਹੋ?"

"ਅਸੀਂ ਨਮਾਣੇ ਲੋਕ ਹੁਕਮ ਨਹੀਂ ਕਰ ਸਕਦੇ, ਹੁਕਮ ਤਾਂ ਵਾਹਗੁਰੂ ਜੀ ਕਰ ਸਕਦੇ, ਅਸੀਂ ਤਾਂ ਅਰਜੋਈ ਕਰ ਸਕਦੇ ਆਂ। ਸਰਪੰਚ ਜੀ, ਰੰਘਰੇਟਿਆ ਦਾ ਗੁਰਦਵਾਰਾ ਸਾਹਬ ਬਣਾਉਣ ਲਈ ਫਿਰਨੀ ਵਾਲੇ ਪਾਸੇ ਤੋਂ ਸਾਈਂ ਦੀ ਮਜਾਰ 'ਤੇ ਵਾਧੂ ਪਈ ਜ਼ਮੀਨ 'ਚੋਂ ਇਕ ਕਨਾਲ ਜ਼ਮੀਨ ਜਾਂ ਪੰਚਾਇਤ ਦੀ ਇਕ ਕਨਾਲ ਜ਼ਮੀਨ ਬਗ਼ੈਰ ਕਿਸੇ ਮੁੱਲ ਦਿੱਤੀ ਜਾਵੇ।" ਗਿਆਨੀ ਜੀਤੇ ਨੇ ਆਪਣੀ ਮੰਗ ਰੱਖੀ।

ਗਿਆਨੀ ਜੀਤੇ ਦੀ ਰੰਘਰੇਟਿਆਂ ਦਾ ਵੱਖਰਾ ਗੁਰਦਵਾਰਾ ਬਣਾਉਣ ਦੀ ਗੱਲ ਨਾਲ ਸਰਪੰਚ ਦਲੀਪ ਸਿਹੁੰ ਨੂੰ ਪਿੰਡ ਦੀ ਸਰਪੰਚੀ ਆਪਣੇ ਖਾਨਦਾਨ ਲਈ ਪੱਕੀ ਹੁੰਦੀ ਦਿਸਣ ਲੱਗੀ। ਜ਼ਿਮੀਂਦਾਰ ਤੇ ਪਹਿਲਾਂ ਹੀ ਆਪਣੀਆਂ ਕਈ ਤਰ੍ਹਾਂ ਦੀਆਂ ਰੰਜਸ਼ਾਂ ਵਿਚ ਵੰਡੇ ਹੋਏ ਨੇ। ਉਸਨੇ ਦੋਵੇਂ ਵਾਰੀ ਸਰਪੰਚੀ ਦੀ ਚੋਣ ਆਪਣੀ ਜਾਂ ਆਪਣੀ ਘਰਵਾਲੀ ਦੀ ਠੱਠੀ ਅਤੇ ਪਿੰਡ ਦੀਆਂ ਦੂਜੀਆਂ ਛੋਟੀਆਂ ਬਰਾਦਰੀਆਂ ਦੀਆਂ ਵੋਟਾਂ ਨਾਲ ਜਿੱਤੀ ਸੀ। ਬਹੁਤੀਆਂ ਵੋਟਾਂ ਭਾਵੇਂ ਉਸਨੇ ਪੈਸੇ ਦੇ ਕੇ ਖਰੀਦੀਆਂ ਸਨ।

ਪੰਜਾਬ ਦੇ ਪਿੰਡਾਂ ਦੀਆਂ ਪੰਚਾਇਤਾਂ ਤੇ ਸਰਪੰਚਾ ਦੀ ਚੋਣਾਂ ਪਿਛਲੇ ਦਹਾਕਿਆਂ ਤੋਂ ਸਿਆਸੀ ਪਾਰਟੀਆਂ ਨੇ ਆਪਣੇ ਚੋਣ ਨਿਸ਼ਾਨਾਂ 'ਤੇ ਕਰਵਾਉਣੀਆਂ ਸ਼ੁਰੂ ਕੀਤੀਆਂ ਸਨ। ਓਦੋਂ ਤੋਂ ਸਰਪੰਚ ਦਲੀਪ ਸਿਹੁੰ ਨੇ ਆਪਣੀ ਪੱਗ ਦਾ ਰੰਗ ਕਾਂਗਰਸ ਜਾਂ ਅਕਾਲੀਆਂ ਦੀ ਸਰਕਾਰ ਮੁਤਾਬਕ ਬਦਲਿਆ।

ਏਨੇ ਨੂੰ ਸਰਪੰਚਣੀ ਸਾਰਿਆਂ ਲਈ ਚਾਹ ਲੈ ਆਈ। ਚਾਹ ਪੀਂਦੇ ਪੀਂਦੇ ਸਰਪੰਚ ਨੇ ਆਪਣੀ ਗੱਲ ਕਰਨੀ ਸ਼ੁਰੂ ਕੀਤੀ, "ਗਿਆਨੀ ਜੀ, ਪੰਚਾਇਤੀ ਜ਼ਮੀਨ ਤਾਂ ਪਿੰਡ ਤੋਂ ਬਹੁਤ ਦੂਰ ਆ, ਓਥੇ ਸੰਗਤ ਦਾ ਪਹੁੰਚਣਾ ਬੜਾ ਮੁਸ਼ਕਲ ਹੋਵੇਗਾ। ਆਪਾਂ ਸਾਂਈਂ ਦੀ ਮਜ਼ਾਰ 'ਤੇ ਫਿਰਨੀ ਦੇ ਨਾਲ ਇਕ ਕਨਾਲ ਜਗ੍ਹਾ ਖਾਲੀ ਕਰਵਾ ਲੈਂਦੇ ਆਂ। ਇਸ ਲਈ ਪੰਚਾਇਤ 'ਚ ਕੋਈ ਮਤਾ ਪਾਉਣ ਦੀ ਵੀ ਜ਼ਰੂਰਤ ਨਹੀਂ ਪੈਣੀ।"

ਸਰਪੰਚ ਦਲੀਪ ਸਿਹੁੰ ਨੇ ਇਕੱਤੀ ਹਜ਼ਾਰ ਰੁਪਏ ਗਿਆਨੀ ਜੀਤੇ ਨੂੰ ਫੜਾਉਂਦੇ ਹੋਏ ਇਹ ਕਿਹਾ ਕਿ "ਗੁਰਦਵਾਰਾ ਸਾਹਿਬ ਦੀ ਕਾਰ ਸੇਵਾ ਵਿਚ ਇਕ ਸੇਵਕ ਦੀ ਸੇਵਾ ਆ।" ਰੰਘਰੇਟਿਆਂ ਨੇ ਅਗਲੇ ਦਿਨ ਸਰਪੰਚ ਨੂੰ ਨਾਲ ਲੈ ਕੇ ਗੁਰਦਵਾਰਾ ਸਾਹਿਬ ਦੀ ਇਮਾਰਤ ਬਣਾਉਣ ਲਈ ਸਾਂਈਂ ਦੀ ਮਜ਼ਾਰ ਦੇ ਹਾਤੇ ਵਿਚ ਪਈ ਖਾਲੀ ਥਾਂ 'ਚੋਂ ਝਾੜੀਆਂ ਬੂਟੀਆਂ ਨੂੰ ਸਾਫ ਕਰਕੇ ਇਕ ਕਨਾਲ ਜ਼ਮੀਨ ਤਿਆਰ ਕਰ ਲਈ। ਇਸ ਗੱਲ ਦਾ ਜ਼ਿਮੀਂਦਾਰਾਂ ਦੇ ਦੂਜੇ ਧੜੇ ਨੇ ਵੀ ਵੋਟਾਂ ਦੇ ਲਾਲਚ ਨੂੰ ਵਿਰੋਧ ਨਹੀਂ ਕੀਤਾ।

ਗਿਆਨੀ ਜੀਤੇ ਨੇ ਅੱਗੇ ਲੱਗ ਕੇ ਗੁਰਦਵਾਰਾ ਸਾਹਿਬ ਲਈ ਪਿੰਡ 'ਚੋਂ ਉਗਰਾਹੀ ਕੀਤੀ। ਫੁੰਮਣ ਸਿਹੁੰ ਰਾਮਗੜ੍ਹੀਏ ਨੇ ਵਧ ਚੜ੍ਹ ਕੇ ਹਿੱਸਾ ਪਾਇਆ ਅਤੇ ਆਪ ਬੁੱਢੇ ਵਾਰੇ ਵੀ ਗੁਰਦਵਾਰਾ ਸਾਹਿਬ ਦੀ ਇਮਾਰਤ ਬਣਾਉਣ ਲਈ ਰਾਜ ਮਿਸਤਰੀ ਦਾ ਕੰਮ ਕੀਤਾ। ਦਿਨਾਂ ਵਿਚ ਹੀ ਗੁਰਦਵਾਰਾ ਸਾਹਿਬ ਦੇ ਹਾਤੇ ਦੀ ਚਾਰਦਿਵਾਰੀ ਅਤੇ ਇਕ ਕਮਰਾ ਮਹਾਂਰਾਜ ਸਾਹਿਬ ਲਈ ਬਣ ਕੇ ਤਿਆਰ ਹੋ ਗਿਆ ਸੀ। ਕਮਰੇ ਦੇ ਉਪਰ ਹੀ ਨਿਸ਼ਾਨ ਸਾਹਿਬ ਝੁਲਾ ਦਿੱਤਾ ਗਿਆ।

ਕੁਝ ਦਿਨਾਂ ਬਾਅਦ ਗਿਆਨੀ ਜੀਤਾ ਆਪਣੇ ਨਾਲ ਕੁੱਝ ਸਿੰਘਾਂ ਨੂੰ ਲੈ ਕੇ ਹਲਕੇ ਦੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨੂੰ ਮਿਲਿਆ ਅਤੇ ਉਸ ਨੂੰ ਨਵੇਂ ਗੁਰਦਵਾਰਾ ਸਾਹਿਬ ਲਈ ਗੁਰੂ ਗ੍ਰੰਥ ਸਾਹਿਬ ਦੀ ਨਵੀਂ ਬੀੜ ਲੈ ਕੇ ਦੇਣ ਦੀ ਬੇਨਤੀ ਕੀਤੀ। ਮੈਂਬਰ ਸਾਹਿਬ ਨੂੰ ਆਉਂਦੀਆਂ ਐੱਮ.ਐੱਲ.ਏ. ਦੀਆਂ ਚੋਣਾਂ ਸਮੇਂ ਇਸ ਭਾਈਚਾਰੇ ਦੀਆਂ ਵੋਟਾਂ ਪੱਕੀਆਂ ਹੁੰਦੀਆਂ ਦਿਖਾਈ ਦਿੱਤੀਆਂ। ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਉਹ ਆਪਣੇ ਆਪ ਨੂੰ ਆਪਣੀ ਪਾਰਟੀ ਦਾ ਉਮੀਦਵਾਰ ਸਮਝੀ ਬੈਠਾ ਸੀ। ਉਸ ਨੇ ਮਿੰਟ ਨਹੀਂ ਲਾਇਆ ਨਵੇਂ ਗੁਰਦਵਾਰਾ

ਸਾਹਿਬ ਲਈ ਇਕ ਨਵੀਂ ਬੀੜ ਸਾਹਿਬ ਦੇਣ ਲਈ ਸਿਫ਼ਾਰਸ਼ੀ ਚਿੱਠੀ ਲਿੱਖ ਦਿੱਤੀ, ਭਾਵੇਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪ੍ਰਚਾਰ ਇਹ ਕਰਦੀ ਸੀ ਕਿ ਪਿੰਡ ਵਿਚ ਗੁਰਦਵਾਰਾ ਇਕ ਹੀ ਹੋਣਾ ਚਾਹੀਦਾ।

ਅਗਲੇ ਦਿਨ ਸਵੇਰੇ ਸਵੱਖਤੇ ਅੰਮ੍ਰਿਤਸਰ ਜਾ ਕੇ ਗਿਆਨੀ ਜੀਤਾ ਅਤੇ ਚਾਰ ਹੋਰ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਿਰਾਏ 'ਤੇ ਗੱਡੀ ਕਰਕੇ ਪਿੰਡ ਲੈ ਆਏ। ਅਗਲੀ ਸਵੇਰ ਦਸ ਵਜੇ ਸ੍ਰੀ ਅਖੰਡ ਪਾਠ ਰੱਖ ਦਿੱਤਾ ਤੇ ਤੀਜੇ ਦਿਨ ਬੜੀ ਸ਼ਰਧਾ ਨਾਲ ਭੋਗ ਪਾਇਆ। ਭਾਨੇ ਨੇ ਆਪਣਾ ਲਾਊਡ ਸਪੀਕਰ ਗੁਰਦਵਾਰਾ ਸਾਹਿਬ ਅਖੰਡ ਸਾਹਿਬ ਦੇ ਭੋਗ ਪਾਉਣ ਲਈ ਲਾਇਆ ਸੀ ਜੋ ਉਸਨੇ ਗੁਰਦਵਾਰਾ ਸਾਹਿਬ ਨੂੰ ਪਾਠ ਦਾ ਭੋਗ ਪੈਣ 'ਤੇ ਪੱਕਾ ਹੀ ਦਾਨ ਕਰ ਦਿੱਤਾ।

ਗੁਰਦਵਾਰਾ ਸਾਹਿਬ ਦੀ ਸੇਵਾ ਸੰਭਾਲ ਗਿਆਨੀ ਜੀਤੇ ਨੇ ਆਪਣੇ ਜੁੰਮੇ ਲੈ ਲਈ ਸੀ। ਭਾਈ ਸਾਧੂ ਸਿਹੁੰ ਰੰਘਰੇਟੇ ਦਾ ਮੁੰਡਾ ਬਲਧੀਰ ਸਿਹੁੰ ਅੰਮ੍ਰਿਤ ਪਾਣ ਕਰਕੇ ਨਵਾਂ ਨਵਾਂ ਪਾਠੀ ਬਣਿਆ ਸੀ। ਉਸਨੇ ਬਿਨਾਂ ਕਿਸੇ ਮਿਹਨਤਾਨੇ ਦੇ ਸਿਰਫ ਚੜ੍ਹਾਵੇਂ ਦੇ ਇਵਜ਼ ਵਿਚ ਗੁਰਦਵਾਰਾ ਸਾਹਿਬ ਦੇ ਗ੍ਰੰਥੀ ਦੀ ਸੇਵਾ ਸੰਭਾਲ ਲਈ .....।

ਗਿਆਨੀ ਜੀਤੇ ਨੂੰ ਗੁਰਦਵਾਰਾ ਸਾਹਿਬ ਦੇ ਨੇੜੇ ਪਹੁੰਚਣ 'ਤੇ ਅੰਦਰ ਪੈ ਰਹੇ ਰੌਲੇ ਨੇ ਖਿਆਲਾਂ 'ਚੋਂ ਬਾਹਰ ਕੱਢਿਆ। ਗਿਆਨੀ ਜੀਤੇ ਦੇ ਗੁਰਦਵਾਰਾ ਸਾਹਿਬ ਦੇ ਅਹਾਤੇ 'ਚ ਦਾਖਲ ਹੋਣ ਤੋਂ ਪਹਿਲਾਂ ਭੀੜ 'ਚੋਂ ਕੋਈ ਬੋਲਿਆ, "ਗਿਆਨੀ, ਪਤਾ ਨਹੀਂ ਇਹ ਕਿੱਥੋਂ ਦੀਆਂ....ਨੇ? ਆਪਣੇ ਆਪ ਨੂ ਅਦਬੀ ਕਮੇਟੀ ਵਾਲੇ ਦੱਸਦੇ ਨੇ, ਗੁਰੂ ਜੀ ਦਾ ਕਮਰ ਕਸਾ ਕਰਕੇ ਲੈ ਚੱਲੇ ਨੇ।"

ਗਿਆਨੀ ਜੀਤੇ ਨੇ ਲੋਕਾਂ ਨੂੰ ਡਾਂਗਾਂ ਸੋਟੇ ਅਤੇ ਕਿਰਪਾਨਾਂ ਹੱਥਾਂ 'ਚ ਫੜੀ ਖੜ੍ਹੇ ਵੇਖ ਕੇ ਆਪਣੇ ਆਪ ਨੂੰ ਤਕੜਿਆਂ ਕਰਨ ਲਈ ਮਨ ਵਿਚ "ਵਾਹਗੁਰੂ" ਦਾ ਸਿਮਰਨ ਕਰਨਾ ਸ਼ੁਰੂ ਕੀਤਾ। ਉਹ ਮਨ ਹੀ ਮਨ ਵਾਹਗੁਰੂ ਅੱਗੇ ਅਰਜ਼ੋਈ ਕਰ ਰਿਹਾ ਸੀ, "ਵਾਹਗੁਰੂ ਭਲੀ ਕਰੀਂ?"

ਗਿਆਨੀ ਜੀਤਾ ਆਪਣੇ ਆਪ ਨੂੰ ਹੌਂਸਲੇ 'ਚ ਕਰਕੇ ਗੁਰਦਵਾਰਾ ਸਾਹਿਬ ਦੇ ਹਾਤੇ ਦਾ ਬਾਹਰਲਾ ਬੂਹਾ ਖੋਲ੍ਹ ਕੇ ਗੁਰਦਵਾਰਾ ਸਾਹਿਬ ਦੇ ਹਾਤੇ ਦੇ ਅੰਦਰ ਵੜ ਗਿਆ ਅਤੇ ਉਸ ਦੇ ਪਿੱਛੇ ਪਿੱਛੇ ਕਈ ਹੋਰ ਰੰਘਰੇਟੇ ਵੀ ਵੜ ਗਏ।

ਕਿਸੇ ਨੇ ਦਰਬਾਰ ਸਾਹਿਬ ਦੇ ਕਮਰੇ ਦਾ ਦਰਵਾਜ਼ਾ ਅਦਬੀ ਕਮੇਟੀ ਵਾਲਿਆ ਦੇ ਅੰਦਰ ਆਉਣ ਸਮੇਂ ਰੌਲ਼ਾ ਪੈਣ 'ਤੇ ਬਾਹਰੋਂ ਬੰਦ ਕਰ ਦਿੱਤਾ ਸੀ। ਗਿਆਨੀ ਜੀਤੇ ਨੇ ਦਰਬਾਰ ਸਾਹਿਬ ਦੇ ਕਮਰੇ ਦਾ ਦਰਵਾਜ਼ਾ ਬਾਹਰੋਂ ਖੋਲ੍ਹ ਕੇ ਅੰਦਰ ਪੈਰ ਰੱਖਿਆ ਤਾਂ ਭਾਈ ਬਲਧੀਰ ਸਿੰਘ ਦੀ ਜਾਨ ਵਿਚ ਜਾਨ ਆਈ ।

ਭਾਈ ਬਲਧੀਰ ਸਿਹੁੰ ਨੇ ਅਦਬੀ ਕਮੇਟੀ ਵਾਲਿਆ ਨੂੰ ਸੰਬੋਧਨ ਹੋ ਕੇ ਕਿਹਾ, "ਵਾਹਗੁਰੂ, ਇਹ ਭਾਈ ਸਾਹਬ ਗਿਆਨੀ ਅਜੀਤ ਸਿਹੁੰ ਗੁਰਦਵਾਰਾ ਸਾਹਬ ਦੇ ਮੁੱਖ ਸੇਵਾਦਾਰ ਨੇ।"

"ਵਾਹਗੁਰੂ ਜੀ, ਦੱਸੋ ਅਸੀਂ ਤਾਹਡੀ ਕੀ ਸੇਵਾ ਕਰ ਸਕਦੇ ਆਂ।"

ਉਹਨਾਂ ਚੋਂ ਇਕ ਬੋਲਿਆ, "ਸੇਵਾ ਅਸੀਂ ਕਾਹਦੀ ਕਰਵਾਉਣੀ ਆ? ਅਸੀਂ ਤਾਂ ਇਕ ਬੀੜਾ ਚੁੱਕਿਆ ਹੈ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਕਰਵਾਉਣ ਦਾ, ਇਸੇ ਲਈ ਘਰਾਂ ਤੋਂ ਨਿਕਲੇ ਹਾਂ। ਸਾਨੂੰ ਪਤਾ ਲੱਗਾ ਹੈ ਕਿ ਇਸ ਗੁਰਦਵਾਰਾ ਸਾਹਿਬ ਵਿਚ ਆਉਣ ਵਾਲੇ ਬਹੁਤੇ ਸਿਗਰਟਾਂ ਪੀਂਦੇ ਅਤੇ ਤੰਮਾਕੂ ਲਾਉਂਦੇ ਹਨ। ਅਸੀਂ ਗੁਰੂ ਦੀ ਬੇਅਦਬੀ ਨਹੀਂ ਹੋਣ ਦੇਣੀ। ਇਸ ਲਈ ਗੁਰੂ ਮਹਾਂਰਾਜ ਨੂੰ ਇਥੋਂ ਖੜਨਾ ਹੀ ਖੜਨਾ ਹੈ।"

ਉਹ ਪੂਰੀ ਤਿਆਰੀ ਨਾਲ ਆਏ ਸਨ। ਉਹਨਾਂ ਕੋਲ਼ ਇਕ ਮਿੰਨੀ ਬੱਸ ਸੀ ਜਿਸ ਵਿਚ ਪੀੜ੍ਹਾ ਸਾਹਿਬ ਦੇ ਉਪਰ ਚੰਦੋਂਆ ਸਾਹਿਬ ਬੱਧਾ ਹੋਇਆ ਸੀ।

ਗਿਆਨੀ ਜੀਤੇ ਨੇ ਬੜੇ ਧੀਰਜ ਨਾਲ ਉਹਨਾਂ ਦੇ ਸੁਆਲ ਦਾ ਜੁਆਬ ਦਿੱਤਾ, "ਵਾਹਗੁਰੂ

ਜੀ, ਮਹਾਰਾਜ ਤੇ ਸਾਨੂੰ ਗੰਵਾਰਾਂ ਨੂੰ ਸੁਧਾਰਨ ਲਈ ਆ। ਤੁਸੀਂ ਤਾਂ ਪਹਿਲਾਂ ਹੀ ਗੁਣੀ ਗਿਆਨੀ ਹੋ।"

"ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ।।"

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।।ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।। ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।।"

ਗਿਆਨੀ ਜੀਤੇ ਨੇ ਇਨ੍ਹਾਂ ਤੁਕਾਂ ਦੀ ਵਿਆਖਿਆ ਕੀਤੀ, "ਵਾਹਗੁਰੂ, ਸੱਚੇ ਪਾਤਸ਼ਾਹ ਨੇ ਸਾਨੂ ਖੋਟਿਆਂ ਨੂੰ ਸ਼ਬਦ ਨਾਲ ਖਰੇ ਕਰ ਲੈਣਾ ਆ। ਉਹ ਤਾਂ ਸਾਡੇ ਨੀਚਾਂ ਦੇ ਨਾਲ ਰਹਿੰਦਾ ਆ। ਸਾਡੇ ਪਾਤਸ਼ਾਹ ਤੋ ਵੱਡਾ ਕੋਈ ਅਦਬ ਹੋ ਹੀ ਨਹੀਂ ਸਕਦਾ, ਸੱਚੇ ਪਾਤਸ਼ਾਹ ਦੀ ਕੋਈ ਬੇਅਦਬੀ ਕਰ ਨਹੀਂ ਸਕਦਾ।"

ਅਦਬੀ ਕਮੇਟੀ ਵਾਲਿਆਂ ਨੇ ਬਸ ਰਟ ਲਾਈ ਹੋਈ ਸੀ, "ਤੰਮਾਕੂ ਪੀਣ ਵਾਲੇ ਮਹਾਂਰਾਜ ਦੀ ਹਜ਼ੂਰੀ ਵਿਚ ਆਉਂਦੇ ਹਨ। ਜਿਸ ਕਰਕੇ ਮਹਾਂਰਾਜ ਦੀ ਬੇਅਦਬੀ ਹੁੰਦੀ ਹ। ਇਸ ਲਈ ਅਸੀਂ ਮਹਾਂਰਾਜ ਇਥੋਂ ਖੜਨਾ ਹੀ ਖੜਨਾ ਹੈ।"

ਗਿਆਨੀ ਜੀਤੇ ਨੂੰ ਫੇਸ ਬੁੱਕ 'ਤੇ ਅਦਬੀ ਕਮੇਟੀ ਦੁਆਰਾ ਪਾਠੀਆਂ ਦੀ ਕੀਤੀ ਜਾ ਰਹੀ ਮਾਰ ਕੁਟਾਈ ਦੀ ਪਾਈ ਪੋਸਟ ਯਾਦ ਆ ਰਹੀ ਸੀ ਜਿਸ ਨੂੰ ਉਸਨੇ ਅਜੇ ਕੱਲ ਰਾਤ ਹੀ ਵੇਖਿਆ ਸੀ।

ਏਨੇ ਨੂੰ ਸੰਗਤ 'ਚੋਂ ਬੀਰੂ ਬੋਲ ਪਿਆ, "ਗਿਆਨੀ, ਇਹ ਸਾਰੇ ਨਬੀਪੁਰ ਦੇ ਜ਼ਿਮੀਂਦਾਰਾਂ ਦੇ ਮੁੰਡੇ ਆ।"

ਬੀਰੂ ਦੇ ਏਨੀ ਗੱਲ ਕਹਿਣ ਦੀ ਦੇਰ ਸੀ ਕਿ ਮਾਮਲਾ ਉੱਚੀਆਂ ਨੀਵੀਆਂ ਜਾਤਾਂ ਵੱਲ ਹੋ ਤੁਰਿਆ।

ਭੀੜ 'ਚੋਂ ਇਕ ਜਾਣਾ ਬੋਲਿਆ, "ਖਾਲਸਾ ਜੀ, ਮਹਾਰਾਜ ਵਿਚ ਤਾਂ ਭਗਤ ਸਧਨਾ ਕਸਾਈ ਆਪਣੇ ਹੱਥਾਂ ਨੂੰ ਖੂਨ ਨਾਲ ਲਬੇੜ ਕੇ ਅਤੇ ਭਗਤ ਰਵੀ ਦਾਸ ਚਮੜੇ ਦਾ ਕੰਮ ਕਰਕੇ ਆਪਣੀ ਬਾਣੀ ਨਾਲ ਅਤਰ ਫਲੇਰ ਖਲਾਰ ਰਹੇ ਨੇ।"

ਭੀੜ 'ਚੋਂ ਦੂਜਾ ਬੋਲਿਆ, "ਵਾਹਗੁਰ, ਸਾਨੂ ਨੀਚਾਂ ਨੂ ਦੱਸਿਓ ਭਲਾ ਨੌਵੇਂ ਪਾਤਸ਼ਾਹ ਦਾ ਦਿੱਲੀ ਤੋ ਸੀਸ ਲਿਆਉਣ ਵਾਲਾ ਭਾਈ ਜੈਤਾ ਕੌਣ ਆ, ਇਹ ਵੀ ਦੱਸਿਓ ਜਸਪਤ ਰਾਏ ਦਾ ਸਿਰ ਕਲਮ ਕਰਨ ਵਾਲਾ ਨਿਬਾਹੂ ਸਿੰਘ ਕੌਣ ਆ ਤੇ ਇਹ ਵੀ ਦੱਸਿਓ ਮੁਗਲਾਂ ਤੋਂ ਤਵਾਨ ਲੈਣ ਵਾਲਾ ਭਾਈ ਗਰਜਾ ਸਿੰਘ ਕੌਣ ਆ? ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਸਿੰਘਾ 'ਚ ਜੀਵਨ ਸਿੰਘ ਕੌਣ ਆ? ਗੁਰੂ ਜੀ ਨੂੰ ਆਨੰਦਪੁਰ ਸਾਹਬ ਮੁਗਲਾਂ ਦੀ ਫੌਜ 'ਚ ਘਿਰੇ ਨੂੰ ਬੇਦਾਵਾ ਦੇ ਕੇ ਕੌਣ ਆਏ ਸੀ?"

ਇਸ ਤੋਂ ਪਹਿਲਾਂ ਕਿ ਅਦਬੀ ਕਮੇਟੀ ਵਾਲੇ ਕੋਈ ਜੁਆਬ ਦੇਂਦੇ, ਗੱਲ ਤੂੰ ਤੂੰ ਮੈਂ ਮੈਂ ਵੱਲ ਵਧਦੀ ਵੇਖ ਕੇ ਗਿਆਨੀ ਜੀਤੇ ਨੇ ਗੱਲ ਨੂੰ ਮੋੜਾ ਦਿੱਤਾ, "ਵਾਹਗੁਰੂ ਜੀ, ਨੀਚੋਂ ਊਚ ਕਰੇ ਮੇਰਾ ਗੋਬਿੰਦ। ਸਾਡੇ ਨਿਮਾਣਿਆਂ ਲਈ ਬਾਤ ਪਾਉਣ ਵਾਲਿਆਂ ਦਾ ਮਾਹਰਾਜ ਹਿੱਸਾ ਛਡ ਕੇ ਜਿਹੜਾ ਹਿੱਸਾ ਤੁਹਾਡੀ ਗੱਲ ਕਰਦਾ ਉਹ ਲੈ ਜਾਓ।" 000

*(410/4 ਪ੍ਰਗਤੀ ਐਨਕਲੇਵ, ਪਿੱਛੇ ਡੀ ਏ ਵੀ ਕਾਲਿਜ,*
*ਸਿੱਖ ਲਾਈਨ,ਹੁਸ਼ਿਆਰਪੁਰ ਫੋਨ: 99157-05875)*

# ਸੂਲਾਂ ਵਰਗੇ ਪੱਤੇ: ਕਹਾਣੀ: ਗੁਰਮੀਤ ਪਨਾਗ

*ਫਰੌਮ : ਆਈ. ਵੀ. ਐੱਫ਼ ਮਿਰੇਕਲ ਫ਼ੈਸਿਲਿਟੀ*
*ਸਬਜੈਕਟ : ਫਰੋਜ਼ਨ ਐਂਬਰੀਓਜ਼*
*ਡੇਟ : ਮਾਰਚ 19, 2018*
*ਟੂ : ਲੀਨਾਬਾਜਵਾ@ਜੀਮੇਲ.ਕਾਮ*
*ਡੀਅਰ ਕਲਾਇੰਟਸ,*
*ਤੁਹਾਡੇ ਦੋ ਐਂਬਰੀਓਜ਼ ਸਾਡੀ ਕਲਿਨਿਕ 'ਚ ਫਰੀਜ਼ ਕੀਤੇ ਪਏ ਹਨ।*
*ਕਿਰਪਾ ਕਰਕੇ ਫਰੀਜ਼ਿੰਗ ਦੇ ਕਿਰਾਏ ਦਾ ਭੁਗਤਾਨ ਜਲਦੀ ਕੀਤਾ ਜਾਵੇ। ਬਿੱਲ ਦੀ ਅਟੈਚਮੈਂਟ ਖੋਲ੍ਹਣ ਲਈ ਇੱਥੇ ਕਲਿੱਕ ਕਰੋ।*
*ਹੇਠਾਂ ਦਿੱਤੀਆਂ ਔਪਸ਼ਨਾ 'ਚੋਂ ਕਿਸੇ ਇਕ ਨੂੰ ਚੁਣੋ।*

- *ਦੋਹਾਂ ਐਂਬਰੀਓਜ਼ ਨੂੰ ਫਰੀਜ਼ਿੰਗ 'ਚ ਰੱਖਿਆ ਜਾਵੇ।*
- *ਨਸ਼ਟ ਕਰ ਦਿੱਤਾ ਜਾਵੇ।*
- *ਕਿਸੇ ਲੋੜਵੰਦ ਜੋੜੇ ਨੂੰ ਦੇ ਦਿੱਤਾ ਜਾਵੇ।*
- *ਸਟੈੱਮ-ਸੈੱਲ ਰਿਸਰਚ ਲਈ ਦੇ ਦਿੱਤਾ ਜਾਵੇ।*

*ਧੰਨਵਾਦ,*
*ਡਾ. ਮਾਈਕਲ ਮੂਰੇ*
*ਐੱਮ. ਡੀ.*

ਲੀਨਾ ਦੀ ਫੌਰਵਰਡ ਕੀਤੀ ਈਮੇਲ ਨੇ ਮੇਰੇ ਫੋਨ 'ਤੇ ਟਿੰਗ ਕੀਤੀ। ਮੈਂ ਝੱਟ ਉੱਠ ਖੜ੍ਹਾ ਹੋਇਆ। ਘਰ ਦੇ ਸੰਨਾਟੇ 'ਚ ਮਨ ਜਦੋਂ ਡੁੱਬ ਡੁੱਬ ਜਾਂਦਾ ਹੈ ਤਾਂ ਮੈਂ ਰਿਲੈਕਸ ਹੋਣ ਲਈ ਗੁਆਂਢ 'ਚ ਰਹਿੰਦੇ ਪੰਜਾਬੀ ਸਟੂਡੈਂਟਾਂ ਕੋਲ ਆ ਬੈਠਦਾ ਹਾਂ।ਇਹਨਾਂ ਨੂੰ ਮੈਂ ਲਾਡ ਨਾਲ ਜਵਾਕ ਹੀ ਆਖਦਾਂ। ਘਰ 'ਚ ਨਾ ਤਾਂ ਦਿਨ ਬੀਤਦਾ, ਨਾ ਹੀ ਰਾਤ ਮੁੱਕਦੀ ਆ। ਦਿਲ ਨੂੰ ਘੇਰ ਪੈਂਦਾ ਰਹਿੰਦਾ। ਸਾਡੀ ਕੰਪਨੀ ਨੇ 'ਹੋਮ ਰੈਨੋਵੇਸ਼ਨ ਸ਼ੋਅ' ਦੀ ਅਗਲੀ ਸੀਰੀਜ਼ ਟੈਲੀਕਾਸਟ ਕਰਨੀ ਹੈ, ਔਫਿਸ ਤੋਂ ਫੋਨ ਤੇ ਫੋਨ ਆਈ ਜਾਂਦੇ ਨੇ ਪਰ ਮੈਂ ਅੱਜਕੱਲ ਕਾਫੀ ਸੁਸਤ ਜਿਹਾ ਹੋ ਗਿਆ ਹਾਂ। ਕੁਝ ਕਰਨ ਨੂੰ ਦਿਲ ਹੀ ਨਹੀਂ ਕਰਦਾ।

ਇਹਨਾਂ ਜੁਆਕਾਂ ਦਾ ਸਿਰੜ, ਦਲੇਰੀ ਮੈਨੂੰ ਕੁਝ ਊਰਜਾ ਦਿੰਦੀ ਹੈ। ਕਿਵੇਂ ਇਹ ਛੋਟੀ ਉਮਰੇ ਘਰ ਬਾਰ ਛੱਡ ਕੇ ਪੜ੍ਹਾਈ ਦੇ ਨਾਲ ਨਾਲ ਜੌਬਾਂ ਵੀ ਕਰਦੇ ਨੇ।

ਜਦੋਂ ਇਕੱਠੇ ਹੁੰਦੇ ਨੇ ਤਾਂ ਮਖੌਲ, ਛੇੜਖਾਨੀਆਂ ਵੀ ਚਲਦੀਆਂ ਰਹਿੰਦੀਆਂ ਨੇ। ਕਈ ਵਾਰ ਤਾਂ ਇਹ ਚਾਮ੍ਹਲ ਕੇ ਪੁੱਠੇ ਸਿੱਧੇ ਕੰਮ ਵੀ ਕਰ ਬੈਠਦੇ ਨੇ। ਪਰਸੋਂ ਦੀ ਗੱਲ ਐ, ਪੰਜਾਬੀ ਗਰੋਸਰੀ ਸਟੋਰ ਅੱਗੇ ਪਿਆ ਅਖਬਾਰਾਂ ਵਾਲਾ ਲੋਹੇ ਦਾ ਬਕਸਾ ਪੁੱਟ ਕੇ ਚੁੱਕ ਲਿਆਏ, ਕਿਸੇ ਕੰਮ ਨਾ ਕਾਰ ਦਾ। ਹੁਣ ਬੈਕਯਾਰਡ 'ਚ ਸੁੱਟਿਆ ਪਿਐ। ਇਹੋ ਜਿਹੀਆਂ ਹੁੱਲੜਬਾਜ਼ੀਆਂ ਨਾਲ ਇਹ ਬਿਨਾਂ ਮਤਲਬ ਹੀ ਚਰਚਾ 'ਚ ਆ ਜਾਂਦੇ ਨੇ। ਸਾਫ ਸਫਾਈ ਦੇ ਮਾਮਲੇ 'ਚ ਵੀ ਕਾਫੀ ਢਿੱਲੇ ਨੇ, ਵਾਰ ਵਾਰ ਸਮਝਾਉਣ 'ਤੇ ਮਸੀਂ ਗੱਲ ਖਾਨੇ ਪੈਂਦੀ ਐ। ਸਾਡੀ ਗੱਲ ਚੱਲ ਰਹੀ ਸੀ, ਜਸਰਾਜ ਦੀ ਜਮਾਤਣ ਨੂੰ ਰੂਮ ਨਹੀਂ ਮਿਲ ਰਿਹਾ। ਮੈਂ ਕਿਹਾ ਉਸਨੂੰ ਸਾਡੇ ਘਰ ਭੇਜੋ, ਆ ਕੇ ਮਿਲੇ। ਹਾਲੇ ਗੱਲ ਪੂਰੀ ਨਹੀਂ ਸੀ ਹੋਈ ਕਿ ਲੀਨਾ ਦੀ ਈਮੇਲ ਆ ਗਈ। ਮੈਨੂੰ ਘਰ ਜਾਣਾ ਪੈ ਗਿਆ।

ਲੀਨਾ ਬੈੱਡ 'ਤੇ ਬੈਠੀ ਲੈਪਟੌਪ ਦੀ ਸਕਰੀਨ ਨੂੰ ਘੂਰੀ ਜਾ ਰਹੀ ਸੀ। ਫੇਰ ਕਹਿਣ ਲੱਗੀ,

"ਈਮੇਲ 'ਚ ਸਾਫ ਲਿਖਿਐ ਕਲਿਨਿਕ ਦੀ ਪੇਮੈਂਟ ਨਾ ਹੋਈ ਤਾਂ ਉਹ ਐਂਬਰੀਓਜ਼ ਨਹੀਂ ਰੱਖਣਗੇ। ਕਿੱਥੋਂ ਲੱਭਾਂਗੇ ਦੁਬਾਰਾ ਨਵੀਂ ਐੱਗ ਡੋਨਰ...?"

"ਸੇਵਿੰਗ ਅਕਾਊਂਟ 'ਚ ਹਜ਼ਾਰ ਕੁ ਡਾਲਰ ਪਿਐ, ਮੌਰਗੇਜ ਪੇਮੈਂਟ ਵੀ ਸਿਰ 'ਤੇ ਖੜ੍ਹੀ ਐ", ਮੈਂ ਆਖਿਆ।

ਲੀਨਾ ਦੀ ਤਲਖ਼ੀ ਭਰੀ ਆਵਾਜ਼ ਆਈ, "ਠੀਕ ਐ, ਮੌਰਗੇਜ ਦੀ ਪੇਮੈਂਟ ਕਰੋ ਤੁਸੀਂ... ਮੇਰੀ ਟਰੀਟਮੈਂਟ ਹੋਵੇ ਜਾਂ ਨਾ, ਕੀ ਫਰਕ ਪੈਂਦੈ?"

ਦਿਲ ਕਰੇ ਉਹਨੂੰ ਝੰਜੋੜ ਕੇ ਪੁੱਛਾਂ, ਕਿੰਨਾ ਪੈਸਾ ਫੂਕ ਚੁੱਕੇ ਆਂ ? ਜਦੋਂ ਕੋਲ਼ ਹੈ ਈ ਨਹੀਂ ਤਾਂ ਮੈਂ ਕਿੱਥੋਂ ਦੇਵਾਂ ? ਪਹਿਲਾਂ ਹੀ ਓਵਰਟਾਈਮ ਕਰਕੇ ਲੋਨ ਉਤਾਰ ਰਿਹਾਂ। ਮੇਰੀਆਂ ਮੁੱਠੀਆਂ ਮੀਚੀਆਂ ਗਈਆਂ, ਦੰਦ ਕਰੀਚ ਰਿਹਾ ਸਾਂ।

ਫੇਰ ਜਿਵੇਂ ਉਸ ਨੇ ਮੇਰਾ ਮਨ ਪੜ੍ਹ ਲਿਆ ਹੋਵੇ। ਕਹਿਣ ਲੱਗੀ, "ਮੈਂ ਪਹਿਲਾਂ ਹੀ ਐਨਾ ਪੈਸਾ ਖਰਾਬ ਕਰਾ ਤਾ, ਹੈਨਾ ? ਇਟਸ ਮਾਈ ਫ਼ਾਲਟ... ਆਈ ਹੇਟ ਮਾਈਸੈੱਲਫ, ਆਈ ਹੇਟ ਮਾਈ ਬੌਡੀ..." ਰੋਂਦੀ ਕੁਰਲਾਉਂਦੀ ਆਪਣੇ ਆਪ ਨੂੰ ਪਤਾ ਨਹੀਂ ਕਿੰਨੀ ਦੇਰ ਲਾਹਣਤਾਂ ਪਾਉਂਦੀ ਰਹੀ। ਬਥੇਰਾ ਪਤਿਆਉਣ ਦੀ ਕੋਸ਼ਿਸ਼ ਕਰਾਂ ਪਰ ਉਸਦੇ ਹਉਕੇ ਸਿਸਕੀਆਂ ਬੰਦ ਨਹੀਂ ਸਨ ਹੋ ਰਹੇ। ਫੇਰ ਨਿਢਾਲ ਜਿਹੀ ਲੇਟ ਗਈ। ਮੈਂ ਧੌਣ ਸੁੱਟੀਂ ਦੇਰ ਰਾਤ ਤਕ ਉਸ ਦੇ ਸਰ੍ਹਾਣੇ ਬੈਠਾ ਰਿਹਾ। ਕਦੇ ਉਸ ਦੇ ਵਾਲ਼ਾਂ 'ਚ ਪੋਲਾ ਪੋਲਾ ਹੱਥ ਫੇਰਾਂ। ਸੋਚਾਂ, ਕਿੱਥੇ ਗਈ ਉਹ ਲੀਨਾ ਜਿਹੜੀ ਮੇਰਾ ਐਨਾ ਖਿਆਲ ਰੱਖਦੀ, ਹਰ ਮੁਸ਼ਕਿਲ 'ਚ ਨਾਲ ਨਿਭਦੀ ਰਹੀ ਸੀ...

ਵਿਆਹ ਤੋਂ ਬਾਅਦ ਜਦੋਂ ਸੈਰ ਲਈ ਨਿਕਲਦੇ ਤਾਂ ਰਸਤੇ 'ਚ ਮਿਲਦਾ ਹਰ ਬੇਬੀ ਸਟਰੋਲਰ ਲੀਨਾ ਨੇ ਰੋਕ ਲੈਣਾ। ਬੱਚੇ ਨੂੰ ਦੇਖ ਉਹ ਪਲਾਂ 'ਚ ਹੀ ਕਿੰਨੀ ਖੁਸ਼ੀ ਬਟੋਰ ਲੈਂਦੀ। ਮੈਨੂੰ ਆਖਦੀ, "ਕਿਊਟ ਬੇਬੀ ਹੈ ਨਾ ? ਲੁੱਕ ਐਟ ਦਾ ਸਮਾਇਲ !! ਅਡੋਰੇਬਲ...", ਉਹ ਤੋਤਲੇ ਜਿਹੇ ਲਹਿਜੇ 'ਚ ਬੱਚੇ ਨਾਲ ਗੱਲਾਂ ਕਰਨ ਲੱਗ ਜਾਂਦੀ।

ਤਿੰਨ ਸਾਲ ਤਾਂ ਪਤਾ ਹੀ ਨਹੀਂ ਲੱਗਾ ਕਿਵੇਂ ਲੰਘ ਗਏ। ਉਂਞ ਤਾਂ ਲੀਨਾ ਆਪਣੇ ਕੈਫ਼ੇ 'ਚ ਬਿਜ਼ੀ ਰਹਿੰਦੀ, ਹਰ ਵੇਲੇ ਖਿੜੀ ਖਿੜੀ ਪਰ ਪੀਰੀਅਡਜ਼ ਆਉਣ 'ਤੇ ਉਹ ਗੁੰਮ ਸੁੰਮ ਜਿਹੀ ਹੋ ਜਾਂਦੀ। ਮੇਰੀ ਮਾਂ ਨੇ ਕਹਿਣਾ, "ਮੇਰੀ ਇਹ ਸਾਂਵਲੀ ਸਲੋਨੀ ਬੜੀ ਪਿਆਰੀ ਬੇਟੀ ਐ, ਡੌਲ ਹੀ ਲੱਗਦੀ ਐ। ਜੇ ਤੂੰ ਏਨੂੰ ਕੁਸ਼ ਕਿਹਾ, ਦੇਖੀਂ ਫੇਰ ਮੈਂ ਤੇਰੀ ਖਬਰ ਲੈਂਦੀ।"

ਇਕ ਦਿਨ ਲੈਪਟੌਪ 'ਤੇ ਬੈਠੀ ਮੈਨੂੰ ਕਹਿਣ ਲੱਗੀ, "ਆਪਾਂ ਟੈੱਸਟ ਨਾ ਕਰਵਾ ਲਈਏ? ਪਤਾ ਤਾਂ ਲੱਗੇ ਪਰੈਗਨੈਂਸੀ ਕਿਉਂ ਨਹੀਂ ਹੋ ਰਹੀ। ਮੇਰਾ ਬਾਇਓਲੌਜੀਕਲ ਕਲੌਕ ਵੀ ਤਾਂ ਦੌੜਿਆ ਜਾ ਰਿਹੈ। ਬਹੁਤੀ ਦੇਰ ਨਹੀਂ ਕਰਨੀ ਚਾਹੀਦੀ। ਮੈਂ ਇਕ ਕਲਿਨਿਕ ਲੱਭ ਲਈ ਐ", ਉਸ ਨੇ ਵੈੱਬਸਾਈਟ ਕੱਢ ਕੇ ਲੈਪਟੌਪ ਮੇਰੇ ਵੱਲ ਕੀਤਾ।

ਮੈਂ ਸਕਰੀਨ ਨੂੰ ਉੱਪਰ ਹੇਠਾਂ ਸਕਰੋਲ ਕਰਨ ਤੋਂ ਬਾਅਦ ਲੀਨਾ ਨੂੰ ਸਮਝਾਇਆ, ਆਪਾਂ ਨੂੰ ਕੁਝ ਨਹੀਂ ਹੋਇਆ। ਕੁਦਰਤ 'ਤੇ ਛੱਡ ਦਿੰਨੇ ਆਂ। ਇਹ ਤਾਂ ਮੈਨੂੰ ਕਾਫੀ ਮਹਿੰਗਾ ਸੌਦਾ ਲੱਗਦੈ ਪਰ ਮੇਰੀ ਇਕ ਨਾ ਚੱਲੀ। ਅਗਲੇ ਹਫਤੇ ਉਸ ਨੇ ਅਪੋਆਇੰਟਮੈਂਟ ਬਣਾ ਲਈ। ਅਸੀਂ ਫਰਟਿਲਿਟੀ ਕਲਿਨਿਕ ਪਹੁੰਚ ਗਏ।

ਉਸ ਦਿਨ ਤਾਂ ਡਾਕਟਰ ਨਾਲ ਮੀਟਿੰਗ ਸੀ। ਅਗਲੇ ਹਫਤੇ ਜਦੋਂ ਫੇਰ ਗਏ ਤਾਂ ਰਿਸੈਪਸ਼ਨ ਏਰੀਆ 'ਚ ਕਿੰਨੇ ਹੀ ਮਰਦ ਇਕ ਦੂਜੇ ਤੋਂ ਅੱਖ ਚੁਰਾਉਂਦੇ, ਸੁੰਗੜੇ ਜਿਹੇ ਬੈਠੇ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਹੇ ਸਨ। ਸਾਨੂੰ ਵੀ ਫ਼ਾਰਮ ਭਰਨ ਲਈ ਦੇ ਦਿੱਤੇ। ਨਰਸ ਨੇ ਪਲਾਸਟਿਕ ਦਾ ਕੱਪ ਮੈਨੂੰ ਫੜਾਇਆ, ਨਾਲ ਦੇ ਕਮਰੇ 'ਚ ਜਾ ਕੇ ਸੈਂਪਲ ਲਿਆਉਣ ਲਈ ਕਿਹਾ। ਮੈਨੂੰ ਲੱਗਾ ਜਿਵੇਂ ਉਥੇ ਬੈਠੇ ਸਾਰੇ ਸੋਚ ਰਹੇ ਹੋਣ... ਇਸ ਬੰਦੇ 'ਚ ਜ਼ਰੂਰ ਕੋਈ ਕੱਚ ਹੋਣੈ ਜਾਂ ਫੇਰ ਕਿਸੇ ਔਰਤ ਲਈ 'ਦਾਨ' ਕਰਨ ਆਇਆ ਹੋਊ। ਜੇ ਇਹ ਬਾਪ ਬਣਨ ਆਇਐ ਤਾਂ ਇਹ ਤਾਂ ਬੁੱਢਾ ਹੋਜੂ ਜਦੋਂ ਤਕ ਇਹਦੇ ਜੁਆਕਾਂ ਨੇ ਵੱਡੇ ਹੋਣੈ। ਇਹੋ ਜਿਹਾ ਬਹੁਤ ਕੁਝ ਅੰਦਰ ਚੱਲਦਾ ਰਿਹਾ। ਕਮਰੇ 'ਚ ਹਰ ਤਰ੍ਹਾਂ

ਦੇ ਪਲੇਬੋਆਏ ਕਿਸਮ ਦੇ ਮੈਗਜ਼ੀਨ ਰੱਖੇ ਹੋਏ, ਬਲੂ ਫ਼ਿਲਮ ਦਾ ਇੰਤਜ਼ਾਮ ਵੀ ਸੀ। ਜਦੋਂ ਕੱਪ ਵਾਪਸ ਨਰਸ ਨੂੰ ਫੜਾਇਆ ਤਾਂ ਉਹ ਹੱਸਦੀ ਹੋਈ ਆਖਣ ਲੱਗੀ, "ਬਾਏ ਦ ਵੇਅ, ਅਸੀਂ ਤੁਹਾਡਾ ਕੋਈ ਟੀਵੀ ਸ਼ੋਅ ਮਿੱਸ ਨਹੀਂ ਕਰਦੇ।"

ਮੈਂ ਸ਼ਰਮ ਨਾਲ ਹੋਰ ਵੀ ਅੰਦਰ ਨੂੰ ਧਸ ਗਿਆ।

ਸੈਂਪਲ ਦੀ ਰਿਪੋਰਟ ਕੁਝ ਦਿਨਾਂ 'ਚ ਆ ਗਈ। ਮੈਂ ਤਾਂ ਬਰੀ ਹੋ ਗਿਆ। ਲੀਨਾ ਦੀ ਰਿਪੋਰਟ ਵੀ ਠੀਕ ਸੀ ਪਰ ਅਗਲੀ ਅਪੋਆਇੰਟਮੈਂਟ ਤਿੰਨ ਮਹੀਨੇ ਬਾਅਦ ਦੀ ਮਿਲੀ। ਉਸ ਨੇ ਕਿਸੇ ਚੀਨੇ ਨੈਚਰੋਪੈਥ ਤੋਂ ਐਕੂਆਪੰਕਚਰ ਕਰਵਾਉਣਾ ਸ਼ੁਰੂ ਕਰ ਦਿੱਤਾ। ਸੂਈਆਂ ਉਸ ਦੇ ਸਰੀਰ ਨੂੰ ਵਿੰਨ੍ਹ ਛੱਡਦੀਆਂ। ਚੀਨੀ ਹਰਬਲ ਚਾਹ, ਸੁੱਕੀਆਂ ਖੁੰਬਾਂ ਨੂੰ ਜਦੋਂ ਉਬਾਲਦੀ ਤਾਂ ਸਾਰਾ ਘਰ ਅਜੀਬ ਜਿਹੀ ਗੰਧ ਨਾਲ ਭਰ ਜਾਂਦਾ। ਸਾਹ ਲੈਣਾ ਔਖਾ ਹੋ ਜਾਂਦਾ, ਲੀਨਾ ਉਸ ਕਾੜ੍ਹੇ ਨੂੰ ਪੀਂਦੀ। ਯੋਗਾ, ਮੈਡੀਟੇਸ਼ਨ ਦੀਆਂ ਕਲਾਸਾਂ ਵੀ ਉਸ ਨੇ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ।

ਟਰੀਟਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਅਸੀਂ ਲੀਨਾ ਦੇ ਪੇਕੇ ਪਰਿਵਾਰ 'ਚ ਆਏ ਨੰਨ੍ਹੇ ਜੀਆਂ ਨੂੰ ਦੇਖਣ ਜਾਣਾ ਸੀ। ਵੈਨਕੂਵਰ ਜਾਣ ਨੂੰ ਤਿਆਰ ਖੜ੍ਹੇ ਸਾਂ। ਲੀਨਾ ਕਹੇ ਮੇਰਾ ਸਰੀਰ ਡਿਗੂੰ ਡਿਗੂੰ ਕਰਦੈ, ਖੱਟੇ ਡਕਾਰ ਆਈ ਜਾਂਦੇ ਨੇ। ਐਸੀ ਬੈੱਡ 'ਤੇ ਡਿੱਗੀ ਕਿ ਉੱਠਿਆ ਹੀ ਨਾ ਜਾਵੇ। ਥੋੜ੍ਹੀ ਦੇਰ ਬਾਅਦ ਪੇਟ 'ਚ ਤੇਜ਼ ਦਰਦ ਤੇ ਪਿਸ਼ਾਬ ਦਾ ਬੰਨ੍ਹ ਪੈ ਗਿਆ। ਐਂਬੂਲੈਂਸ ਨੂੰ ਕਾਲ ਕੀਤਾ। ਹਸਪਤਾਲ ਪਹੁੰਚਦਿਆਂ ਹੀ 'ਯੂਰਿਨ ਟੈੱਸਟ' ਹੋਇਆ। ਰਿਪੋਰਟ ਹੱਥ 'ਚ ਫੜੀਂ ਡਾਕਟਰ ਬੋਲਿਆ, "ਕੌਂਗਰੈਚੂਲੇਸ਼ਨਜ਼, ਮਿਸਿਜ਼ ਐਂਡ ਮਿਸਟਰ ਬਾਜਵਾ, ਪਰੈਗਨੈਂਸੀ ਟੈੱਸਟ ਇਜ਼ ਪੌਜ਼ੇਟਿਵ!!!"

ਡਾਕਟਰ ਤਾਂ ਕਹਿ ਕੇ ਚਲਾ ਗਿਆ ਪਰ ਦਰਦ ਵਧਦਾ ਗਿਆ। ਅਸੀਂ ਸਾਰੀ ਰਾਤ ਹਸਪਤਾਲ 'ਚ ਕਿਵੇਂ ਕੱਟੀ, ਯਾਦ ਕਰਕੇ ਦਿਲ ਕੰਬ ਉੱਠਦੈ। ਪਰੈਗਨੈਂਸੀ ਤਾਂ ਫੈਲੋਪੀਅਨ ਟਿਊਬ 'ਚ ਹੀ ਠਹਿਰ ਗਈ ਸੀ, ਬੱਚੇਦਾਨੀ ਤਕ ਪਹੁੰਚੀ ਹੀ ਨਹੀਂ। ਦੋ ਮਹੀਨੇ ਦਾ ਭਰੂਣ ਟਿਊਬ 'ਚ ਵਧ ਰਿਹਾ ਸੀ, ਟਿਊਬ ਕਿਸੇ ਸਮੇਂ ਵੀ ਫਟ ਸਕਦੀ ਸੀ। ਡਾਕਟਰ ਇਸ ਨੂੰ ਐਕਟੌਪਿਕ ਪਰੈਗਨੈਂਸੀ ਆਖ ਰਿਹਾ ਸੀ। ਅਸੀਂ ਤਾਂ ਕਦੇ ਸੁਣਿਆ ਵੀ ਨਹੀਂ ਸੀ, ਇਹ ਕੀ ਬਲਾ ਐ। ਸਰਜਰੀ ਕਰਕੇ ਟਿਊਬ ਕੱਢਣੀ ਪਈ। ਦੂਜੀ ਟਿਊਬ ਦੁਆਲੇ ਮਾਸਪੇਸ਼ੀਆਂ ਨੇ ਘੇਰਾ ਘੱਤ ਕੇ ਉਸ ਨੂੰ ਬੰਦ ਕੀਤਾ ਹੋਇਆ ਸੀ...ਇਸ ਨੂੰ ਐਂਡੋਮੀਟੀਰੀਓਸਿਸ ਆਖ ਡਾਕਟਰ ਨੇ ਇਕ ਹੋਰ ਪੱਥਰ ਸਾਡੇ ਸਿਰ 'ਚ ਮਾਰਿਆ।

ਅਗਲੇ ਦਿਨ ਹੋਸ਼ ਆਉਂਦਿਆਂ ਹੀ ਲੀਨਾ ਨੇ ਸੁੱਜੀਆਂ ਅੱਖਾਂ ਨਾਲ ਚਾਰੇ ਪਾਸੇ ਵੇਖਿਆ। ਔਖਾ ਸੌਖਾ ਉਸਨੂੰ ਪਿੱਛੇ ਸਿਰ੍ਹਾਣੇ ਰੱਖ ਕੇ ਬੈਠਾਇਆ। ਬੈੱਡ ਦੇ ਵਿਚਕਾਰ ਖ਼ੂਨ ਨਾਲ ਲੱਥਪੱਥ ਚਾਦਰ 'ਤੇ ਜਦੋਂ ਨਜ਼ਰ ਪਈ ਤਾਂ ਉਸ ਦਾ ਦਿਲ ਬੈਠ ਗਿਆ। "ਵੇਅਰ ਇਜ਼ ਮਾਈ ਬੇਬੀ...?" ਉਸ ਨੂੰ ਡਾਕਟਰ ਦੀ ਰਾਤ ਵਾਲੀ ਗੱਲ ਯਾਦ ਸੀ। ਉਹ ਰੋਂਦੀ ਰੋਂਦੀ ਚੀਕ ਚਿਹਾੜੇ 'ਤੇ ਉੱਤਰ ਆਈ। ਸਟਾਫ ਭੱਜਿਆ ਆਇਆ। ਡਾਕਟਰ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਕੁਝ ਕਹਿਣ ਹੀ ਲੱਗਾ ਸੀ, ਉਹ ਦਹਾੜੀ, "ਡੋਂਟ ਯੂ ਟੱਚ ਮੀ, ਡੋਂਟ ਯੂ ਡੇਅਰ ਫਕਿੰਨ ਟੱਚ ਮੀ...ਯੂ ਕਿੱਲਡ ਮਾਈ ਬੇਬੀ।"

"ਅੱਜ ਔਫਿਸ ਨਹੀਂ ਜਾਣਾ?" ਲੀਨਾ ਦੀ ਧੀਮੀ ਜਿਹੀ ਆਵਾਜ਼ ਨਾਲ ਮੈਂ ਪਿਛਲੀਆਂ ਹੋਈਆਂ ਬੀਤੀਆਂ 'ਚੋਂ ਨਿਕਲਿਆ। ਰਾਤ ਤਾਂ ਬੈਠਿਆਂ ਹੀ ਬੀਤ ਗਈ ਸੀ। ਸਰੀਰ ਆਕੜਿਆ ਪਿਆ ਸੀ। ਮੈਂ ਦੋ ਚਾਰ ਉਬਾਸੀਆਂ ਅੰਗੜਾਈਆਂ ਤੋਂ ਬਾਅਦ ਆਪਣੇ ਆਪ ਨੂੰ ਕਿਚਨ ਵੱਲ ਧੂਹਿਆ। ਚਾਹ ਬਣਾ ਕੇ ਲਿਆਇਆ ਤਾਂ ਲੀਨਾ ਫੋਨ 'ਤੇ ਸੀ।

"ਮੌਮ, ਟਾਈਮ ਨਾਲ ਕਿਵੇਂ ਸਭ ਠੀਕ ਹੋ ਜਾਏਗਾ? ਅੱਜ ਫੇਰ ਡਾਕਟਰ ਦੀ ਈਮੇਲ ਨੇ ਮੈਨੂੰ ਅਪਸੈੱਟ ਕਰਤਾ। ਇਟਸ ਨੌਟ ਇਜ਼ੀ ਮੌਮ...ਨਹੀਂ, ਮੈਨੂੰ ਤੁਹਾਡੇ ਤੋਂ ਪੈਸੇ ਨਹੀਂ ਚਾਹੀਦੇ। ਵੱਅਟ ? ਨੋਅਅਅ, ਮੈਂ ਨਹੀਂ ਆ ਸਕਦੀ। ਸੌਰੀ... ਦੈਟਸ ਗਰੇਟ ਮੌਮ... ਥੈਂਕਸ, ਬਾਏ", ਉਸ ਨੇ ਫੋਨ ਬੰਦ ਕਰਕੇ ਵਗ੍ਹਾ ਮਾਰਿਆ।

ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਬਿਫ਼ਰੀ, "ਤੁਸੀਂ ਮੇਰੀ ਮੌਮ ਨੂੰ ਕਿਉਂ ਨਹੀਂ ਸਮਝਾਉਂਦੇ? ਮੈਨੂੰ ਉਨ੍ਹਾਂ ਦੀਆਂ ਪੋਤੀਆਂ ਦੇਖਣ ਦਾ ਕੋਈ ਸ਼ੌਂਕ ਨਹੀਂ। ਉਪਰੋਂ ਰਵੀ ਚਾਹੁੰਦੈ, ਮੈਂ ਉਨ੍ਹਾਂ ਦੀ ਗੌਡ ਮਦਰ ਬਣਾਂ। ਉਹ ਮੇਰੀ ਹਾਲਤ ਤੇ ਤਰਸ ਕਰਦੈ...ਆਈ ਡੋਂਟ ਵਾਂਟ ਪਿਟੀ, ਲੀਵ ਮੀ ਅਲੋਨ।" ਉਹ ਡੁਸਕਣ ਲੱਗੀ।

"ਸਵੀਟ ਹਾਰਟ, ਉਨ੍ਹਾਂ ਨੂੰ ਬੁਰਾ ਲੱਗੇਗਾ ਜੇ ਆਪਾਂ ਨਾ ਗਏ", ਮੈਂ ਚਾਹ ਦਾ ਕੱਪ ਟਰੇਅ 'ਚੋਂ ਚੁੱਕ ਕੇ ਉਸਦੇ ਅੱਗੇ ਕੀਤਾ।

"ਡੈਮ ਇਟ, ਮੈਂ ਨਹੀਂ ਜਾਣਾ।" ਉਸਦਾ ਹੱਥ ਕੱਪ 'ਤੇ ਵੱਜਿਆ, ਚਾਹ ਦੀਆਂ ਛੱਲਾਂ ਬੈੱਡ 'ਤੇ ਪਈਆਂ। ਮੈਂ ਕੱਪ ਮੁੜ ਟਰੇਅ 'ਚ ਰੱਖ ਦਿੱਤਾ। ਲੀਨਾ ਸ਼ੁਰੂ ਹੋ ਗਈ, ਭਾਬੀ ਦੀ ਮਾਂ ਨੇ ਪੁੱਛੀ ਜਾਣੈ, ਕੁੜੀਏ! ਬੇਬੀ ਕਦੋਂ ਲੈਣਾ? ਸਾਨੂੰ ਨਾਨੀ ਕਦੋਂ ਬਣਾਉਣਾ...ਬਲਾਅ ਬਲਾਅ ਬਲਾਅ। ਜੇ ਮੇਰੇ ਮੂੰਹੋਂ ਨਿਕਲ ਗਿਆ, ਸ਼ੱਟਅਪ! ਇਟਸ ਨੰਨ ਆਫ਼ ਯੋਅਰ ਬਿਜ਼ਨਸ...ਫੇਰ ਸਵਾਦ ਆਊ? ਪਿਛਲੀ ਵਾਰ ਕਹਿ ਰਹੀ ਸੀ, ਜਦੋਂ ਨਿਆਣੇ ਹੋ ਜਾਂਦੇ ਨੇ, ਬੰਦਾ ਵਸਦਿਆਂ ਰਸਦਿਆਂ 'ਚ ਹੋ ਜਾਂਦੈ। ਲੀਨਾ ਦੀ ਸੁਤਾਅ ਤਾਂ ਭਾਈ ਆਪਣੇ ਬਿਜ਼ਨਸ 'ਚ ਲੱਗੀ ਹੋਈ ਆ। ਭਾਬੀ ਵੱਲ ਵੇਖ ਅੱਖਾਂ ਹੀ ਅੱਖਾਂ ਵਿਚ ਹੱਸਦੀ ਸੀ ਉਹ। ਭਾਬੀ ਦੀ ਭੈਣ ਨੇ ਵੀ ਤਾਂ ਬੇਬੀ ਸ਼ਾਵਰ ਮੈਥੋਂ ਚੋਰੀ ਹੀ ਕਰ ਲਿਆ ਸੀ, ਪਤੈ ਕਿਉਂ? ਉਹ ਮੇਰਾ ਉੱਥੇ ਹੋਣਾ ਮਾੜਾ ਸ਼ਗਨ ਮੰਨਦੀ ਹੋਣੀ ਐ।

ਮੈਂ ਚੁੱਪਚਾਪ ਸੁਣਦਾ ਰਿਹਾ। ਲੀਨਾ ਸੱਚ ਹੀ ਤਾਂ ਕਹਿ ਰਹੀ ਸੀ। ਸਾਡੇ ਘਰ ਵੀ ਤਾਂ ਭਾਂਡੇ ਧੋਂਦੀ ਲੀਨਾ ਨੂੰ ਦੀਦੀ ਨੇ ਕੋਈ ਟੋਰ ਲਾਈ ਸੀ। ਲੀਨਾ ਨੇ ਕੱਚ ਦਾ ਗਿਲਾਸ ਐਨੀ ਜ਼ੋਰ ਦੀ ਘੁੱਟਿਆ ਸੀ ਕਿ ਹੱਥ ਲਹੂ ਲੁਹਾਣ ਹੋ ਗਿਆ।

ਹੁਣ ਤਾਂ ਉਸ ਦੀ ਡਿਪਰੈਸ਼ਨ ਹੋਰ ਵੀ ਵਧ ਗਈ। ਉਸ ਦੀ ਜ਼ਿੱਦ ਅੱਗੇ ਅੜਨੇ ਦਾ ਮਤਲਬ ਉਸ ਦੇ ਗੁੱਸੇ ਨੂੰ ਹੋਰ ਭੜਕਾਉਣਾ ਸੀ। ਕਦੇ ਰਿਸ਼ਤਿਆਂ ਦੀ ਬਥੇਰੀ ਕਦਰ ਸੀ ਉਸ ਨੂੰ। ਮੈਨੂੰ ਵੀ ਕਦੇ ਡੋਲਣ ਨਹੀਂ ਸੀ ਦਿੱਤਾ ਪਰ ਹੁਣ ਸਭ ਕੁਝ ਗੜਬੜਾ ਗਿਆ ਸੀ।

ਚਾਹ ਤਾਂ ਕੀਹਨੇ ਪੀਣੀ ਸੀ। ਠੰਡੇ ਠਾਰ ਕੱਪ ਚੁੱਕ ਕੇ ਮੈਂ ਕਿਚਨ 'ਚ ਰੱਖ ਆਇਆ। ਕਿਚਨ ਦੀ ਖਿੜਕੀ 'ਚੋਂ ਬਾਹਰ ਤੱਕਿਆ, ਪਾਰਕ 'ਚ ਬੱਚਾ ਆਪਣੇ ਪਾਪਾ ਨਾਲ ਸੌਕਰ ਖੇਡ ਰਿਹਾ ਸੀ। ਦੋਹਾਂ ਨੇ ਇਕੋ ਜਿਹੀਆਂ ਟੀ-ਸ਼ਰਟਾਂ ਤੇ ਟੋਪੀਆਂ ਪਾਈਆਂ ਹੋਈਆਂ। ਮੇਰੇ ਅੰਦਰ ਕੁਝ ਜਲਣ ਲੱਗ ਪਿਆ, ਦਿਲ ਕਾਹਲਾ ਪੈਣ ਲੱਗਾ। ਮੈਂ ਵੀ ਤਾਂ ਲੀਨਾ ਨੂੰ ਕਿਹਾ ਕਰਦਾ ਸੀ, "ਦੇਖੀਂ, ਬੱਚਿਆਂ ਨੂੰ ਕਿੰਨਾ ਵਧੀਆ ਪਲੇਅਰ ਬਣਾਊਂ...।" ਮੈਂ ਖਿੜਕੀ ਬੰਦ ਕਰਕੇ ਸ਼ਾਵਰ ਲੈਣ ਚਲਾ ਗਿਆ।

ਸੋਚਾਂ ਦੀ ਸੂਈ ਸ਼ਾਵਰ 'ਚ ਵੀ ਲੀਨਾ 'ਤੇ ਹੀ ਅਟਕੀ ਰਹੀ। ਕਿਤੇ ਪਹਿਲਾਂ ਵਾਂਗ ਹੀ ਨਾ ਹੋ ਜਾਵੇ...ਮੇਰਾ ਦਿਲ ਜ਼ੋਰ ਦੀ ਧੜਕਣ ਲੱਗਾ। ਸਰੀਨਾ ਨੇ ਵੀ ਮੈਨੂੰ ਫੋਨ ਕੀਤਾ, ਕਹਿੰਦੀ ਹੁਣ ਫੇਰ ਊਟ ਪਟਾਂਗ ਜਿਹੀਆਂ ਗੱਲਾਂ ਕਰਦੀ ਏ।

**ਦੂਜੀ ਵਾਰ....**

ਜਦੋਂ ਬੰਦ ਪਈ ਫੈਲੋਪੀਅਨ ਟਿਊਬ ਸਰਜਰੀ ਨਾਲ ਵੀ ਨਾ ਖੁੱਲ੍ਹੀ ਤਾਂ ਅਸੀਂ ਇਕ ਦੂਜੇ ਦਾ ਹੱਥ ਫੜੀਂ ਡਾਕਟਰ ਦੇ ਸਾਹਮਣੇ ਬੈਠੇ ਆਪਣੀ ਅਗਲੀ ਔਪਸ਼ਨ ਪੁੱਛ ਰਹੇ ਸਾਂ। ਉਹ ਸਫੇਦ ਕਾਗ਼ਜ਼ 'ਤੇ ਗੋਲ਼ਾ ਜਿਹਾ ਵਾਹ ਕੇ ਪੈੱਨ ਦੀ ਨਿੱਬ ਉਸ 'ਤੇ ਮਾਰਦਾ ਬੋਲਿਆ, "ਸੌਰੀ ਗਾਏਜ਼, ਕੁਦਰਤੀ ਪਰੈਗਨੈਂਸੀ ਦਾ ਜ਼ੀਰੋ ਚਾਂਸ ਐ...ਸਿਰਫ ਆਈ.ਵੀ.ਐਫ ਯਾਨੀ ਕਿ ਟੈੱਸਟ ਟਿਊਬ ਬੇਬੀ ਹੀ ਤੁਹਾਡੀ ਔਪਸ਼ਨ ਰਹਿ ਗਈ ਹੈ।"

ਮੈਂ ਲੀਨਾ ਦਾ ਹੱਥ ਹੋਰ ਵੀ ਘੁੱਟ ਲਿਆ। ਸਾਡੇ ਤਾਂ ਪੈਰਾਂ ਹੇਠੋਂ ਜ਼ਮੀਨ ਹਿੱਲ ਗਈ ਸੀ। ਹੈਰਾਨ ਸਾਂ ਕਿ ਡਾਕਟਰ ਦੇ ਚਿਹਰੇ 'ਤੇ ਹਮਦਰਦੀ ਦਾ ਕੋਈ ਭਾਵ ਨਹੀਂ ਸੀ। ਸਾਰੀ ਸੇਵਿੰਗ ਦਾ

ਹਿਸਾਬ ਕਿਤਾਬ ਮੇਰੇ ਮਨ 'ਚ ਚੱਲਣ ਲੱਗਾ। ਘਰਦਿਆਂ ਤੋਂ ਉਧਾਰ ਫੜਨਾ ਪੈਣਾ ਸੀ।

ਟਰੀਟਮੈਂਟ ਸ਼ੁਰੂ ਹੋ ਗਈ। ਨਰਸ ਨੇ ਸਾਨੂੰ ਸੰਤਰੇ ਦੇ ਛਿਲਕੇ ਨੂੰ ਅੰਗੂਠੇ ਤੇ ਪਹਿਲੀ ਉਂਗਲ ਨਾਲ ਘੁੱਟ ਕੇ ਦਿਖਾਇਆ ਕਿਵੇਂ ਢਿੱਡ ਦੇ ਮਾਸ ਨੂੰ ਫੜਨਾ ਹੈ, ਟੀਕਾ ਲਗਾਉਣਾ ਹੈ। ਟੀਕੇ ਲੀਨਾ ਦੇ ਮੈਨੂੰ ਲਗਾਉਣੇ ਪੈਂਦੇ। ਉਹ ਚੀਸ ਵੱਟਦੀ, ਮੇਰੇ ਵੀ ਰੋਮ ਰੋਮ 'ਚ ਉਸ ਦਾ ਦਰਦ ਧਸ ਜਾਂਦਾ। ਹੌਲ਼ੀ ਹੌਲੀ ਉਸਦਾ ਸਾਰਾ ਪੇਟ ਲਾਲ ਚਟਾਕਾਂ ਨਾਲ ਭਰ ਗਿਆ। ਉਪਰੋਂ ਹਰ ਰੋਜ਼ ਬਲੱਡ ਟੈੱਸਟ ਹੁੰਦਾ। ਉਸਦੀਆਂ ਬਾਹਾਂ ਨਸ਼ੇੜੀਆਂ ਵਾਂਗੂੰ ਨੀਲੀਆਂ ਹੋਣ ਲੱਗੀਆਂ। ਟੀਕਿਆਂ ਨਾਲ ਉਸ ਦੇ ਫੁੱਲੇ ਹੋਏ ਅੰਡਕੋਸ਼ ਅਲਟਰਾਸਾਊਂਡ 'ਚ ਦਿੱਸਦੇ। ਪੇਟ 'ਚ ਦਰਦ ਤੇ ਅਫ਼ਰੇਵਾਂ ਹੋਇਆ ਰਹਿੰਦਾ। ਇਕ ਡਾਕਟਰ ਦੋਸਤ ਨੇ ਸਾਨੂੰ ਇਨ੍ਹਾਂ ਦਵਾਈਆਂ ਤੋਂ ਕੈਂਸਰ, ਹਾਰਮੋਨ ਬਦਲਣ ਨਾਲ ਦਿਮਾਗ਼ ‘ਤੇ ਅਸਰ ਬਾਰੇ ਵੀ ਦੱਸਿਆ। ਲੀਨਾ ਸਭ ਕੁਝ ਸਹਿਣ ਲਈ ਤਿਆਰ ਸੀ।

ਲੀਨਾ ਦੇ ਸੱਤ ਅੰਡਿਆਂ ਨੂੰ ਮੇਰੇ ਸੈਂਪਲ ਨਾਲ ਮਿਲਾਇਆ ਗਿਆ। ਛੱਤੀ ਘੰਟਿਆਂ ਬਾਅਦ ਉਨ੍ਹਾਂ 'ਚੋਂ ਸਿਰਫ ਦੋ ਹੀ ਐਂਬਰੀਓ ਬਣ ਕੇ ਵਧਣ ਲੱਗੇ। ਦੋਹਾਂ ਨੂੰ ਲੀਨਾ ਦੀ ਕੁੱਖ 'ਚ ਰੱਖ ਦਿੱਤਾ ਗਿਆ।

ਦੋ ਕੁ ਹਫਤਿਆਂ ਬਾਅਦ ਅਸੀਂ ਗਰੋਸਰੀ ਲੈਣ ਗਏ, ਲੀਨਾ ਫ਼ਾਰਮੇਸੀ ਵੱਲ ਚਲੀ ਗਈ। ਪਰੈਗਨੈਂਨਸੀ ਕਿੱਟ ਚੁੱਕ ਕੇ ਉਸ ਨੇ ਕਾਰਟ 'ਚ ਸੁੱਟ ਲਈ। ਮੈਂ ਵੀ ਕਿਸੇ ਹੋਰ ਹੀ ਦੁਨੀਆਂ 'ਚ ਗੁਆਚ ਗਿਆ ਸਾਂ। ਬਾਪ ਬਣਨ ਬਾਰੇ ਸੋਚ ਕੇ ਹੀ ਅੰਦਰੋਂ ਲੂਹਰੀਆਂ ਜਿਹੀਆਂ ਉੱਠਣ ਲੱਗੀਆਂ। ਸਭ ਕੁਝ ਚੰਗਾ ਚੰਗਾ ਲੱਗਣ ਲੱਗਾ। ਕਦੇ ਘਰ 'ਚ ਖਿਡੌਣੇ ਖਿੱਲਰੇ ਦਿਸਣ, ਕਦੇ ਕਾਰ 'ਚ ਰੱਖੀ ਬੇਬੀ ਸੀਟ।

ਘਰ ਵੜਦਿਆਂ ਹੀ ਲੀਨਾ ਕਿੱਟ ਲੈ ਕੇ ਸਿੱਧੀ ਵਾਸ਼ਰੂਮ 'ਚ ਗਈ। ਕਿੰਨੀ ਦੇਰ ਬਾਹਰ ਹੀ ਨਾ ਆਈ। ਮੈਂ ਗਰੋਸਰੀ ਫਰਿੱਜ 'ਚ ਟਿਕਾ ਕੇ ਜਦੋਂ ਵਾਸ਼ਰੂਮ 'ਚ ਗਿਆ, ਉਹ ਠੰਡੇ ਫਰਸ਼ ਤੇ ਬੈਠੀ ਹੁਬਕੀਂ ਰੋ ਰਹੀ ਸੀ। ਪੁੱਛਣ ਦੀ ਲੋੜ ਹੀ ਨਹੀਂ ਸੀ ਪਈ, ਕੀ ਹੋਇਆ। ਅਸੀਂ ਕਿੰਨੀ ਦੇਰ ਸੁੰਨ ਪੱਥਰ ਜਿਹੇ ਉੱਥੇ ਬੈਠੇ ਰਹੇ।

ਕਲਿਨਿਕ 'ਚੋਂ ਵੀ ਪਰੈਗਨੈਂਸੀ ਰਿਪੋਰਟ ਨੈਗੇਟਿਵ ਹੀ ਆਈ। ਮਨ ਨੂੰ ਹੋਰ ਥਾਂ ਪਾਉਣ ਲਈ ਅਸੀਂ ਵੈਨਕੂਵਰ ਚਲੇ ਗਏ। ਹੋਈ ਬੀਤੀ ਸੁਣ ਕੇ ਇਕ ਵਾਰ ਤਾਂ ਸਾਰੇ ਅਫਸੋਸ 'ਚ ਡੁੱਬ ਗਏ। ਸ਼ਾਮੀਂ ਰਵੀ ਮੈਨੂੰ ਬਾਰ 'ਚ ਲੈ ਗਿਆ। ਹਾਸੇ ਮਜ਼ਾਕ ਦੀਆਂ ਗੱਲਾਂ ਚੱਲਦੀਆਂ ਰਹੀਆਂ ਪਰ ਮੈਂ ਪੀਂਦਾ ਗਿਆ। ਅੰਦਰ ਕੋਈ ਖਲਾਅ ਸੀ ਜੋ ਭਰ ਹੀ ਨਹੀਂ ਸੀ ਰਿਹਾ। ਜ਼ੁਬਾਨ ਥਥਲਾਉਣ ਲੱਗੀ ਤੇ ਪੈਰ ਜ਼ਮੀਨ ‘ਤੇ ਨਾ ਲੱਗਣ। ਕਦੇ ਰਵੀ ਨੂੰ ਕਹਾਂ, ਚੱਲ ਸਾਹਮਣੇ ਬੈਠੀਆਂ ਕੁੜੀਆਂ ਨਾਲ ਗੱਲ ਕਰੀਏ। ਕਦੇ ਉਹਨਾਂ ਲਈ ਵੇਟਰਾਂ ਹੱਥ 'ਫਰੀ ਡਰਿੰਕ' ਭੇਜਾਂ। ਬਾਰਟੈਂਡਰ ਨੇ ਹੋਰ ਸਰਵ ਕਰਨ ਤੋਂ ਨਾਂਹ ਕਰ ਦਿੱਤੀ। ਮੈਂ ਜ਼ਿੱਦ ਕਰਕੇ ਰਵੀ ਨੂੰ ਦੂਜੀ ਬਾਰ 'ਚ ਲੈ ਗਿਆ। ਅਗਲੇ ਦਿਨ ਹਸਪਤਾਲ 'ਚ ਜਦੋਂ ਹੋਸ਼ ਆਈ ਤਾਂ ਲੀਨਾ ਮੇਰੇ ਸਰ੍ਹਾਣੇ ਬੈਠੀ ਰੋ ਰਹੀ ਸੀ। ਉਹ ਮੇਰੀ ਹਾਲਤ ਲਈ ਵੀ ਆਪਣੇ ਆਪ ਨੂੰ ਦੋਸ਼ ਦਿੰਦੀ ਰਹੀ। ਮੇਰੇ ਸਿਰ ‘ਤੇ ਪੱਟੀ ਬੰਨ੍ਹੀ ਹੋਈ ਸੀ, ਪਿਸ਼ਾਬ ਤੇ ਉਲਟੀਆਂ ਦੀ ਬੋਅ ਨਾਲ ਕਮਰਾ ਭਰਿਆ ਪਿਆ ਸੀ।

ਵਾਪਸ ਟਰਾਂਟੋ ਆਏ ਤਾਂ ਮੇਰਾ ਪਰਿਵਾਰ ਮਿਲਣ ਆ ਗਿਆ। ਉਹ ਵੱਡੇ ਭਰਾ ਦੇ ਬੱਚਿਆਂ ਦੀਆਂ ਸ਼ੇਖੀਆਂ ਮਾਰੀ ਜਾਣ। ਸਾਨੂੰ ਕਹਿਣ, ਫੈਂਸੀ ਟਰੀਟਮੈਂਟਾਂ ਨੂੰ ਛੱਡੋ, ਛੇਤੀ 'ਗੁੱਡ ਨਿਊਜ਼' ਦਿਓ। ਕਦੇ ਕਹਿਣ, ਇਹ ਤਾਂ ਹਾਲੇ ਆਪਣੀ ਜ਼ਿੰਦਗੀ ਇੰਜੋਆਏ ਕਰ ਰਹੇ ਨੇ, ਬੱਚਿਆਂ ਦੇ ਝਮੇਲੇ 'ਚ ਪੈਣਾ ਹੀ ਨਹੀਂ ਚਾਹੁੰਦੇ। ਦੀਦੀ ਨੂੰ ਤਾਂ ਝਿੜਕਣਾ ਪਿਆ ਜਦੋਂ ਉਹ ਕਹਿੰਦੀ, "ਤੂੰ ਤਾਂ ਕਹਿੰਦਾ ਹੁੰਦਾ ਸੀ ਮੇਰੇ ਚਾਰ ਪੰਜ ਜੁਆਕ ਖ਼ੂਬ ਖੌਰੂ ਪਾਇਆ ਕਰਨਗੇ। ਮੇਰੇ ਮੋਢਿਆਂ ‘ਤੇ ਟੱਪਿਆ ਕਰਨਗੇ।"

ਲੀਨਾ ਦੇ ਮੌਮ ਸਾਨੂੰ ਮਿਲਣ ਆ ਗਏ। ਇਕ ਐਤਵਾਰ ਉਹ ਫਲਾਂ ਦਾ ਢਕਿਆ ਥਾਲ਼ ਲੀਨਾ ਨੂੰ ਚੁਕਾ ਕੇ ਗੁਰਦੁਆਰੇ ਲੈ ਗਏ। ਲੀਨਾ ਦੇ ਪੈਰ ਮਹਾਰਾਜ ਦੀ ਬੀੜ ਸਾਹਮਣੇ ਜੰਮ ਗਏ।

ਡਲ੍ਹਕਦੀਆਂ ਅੱਖਾਂ ਨਾਲ ਉਹ ਪਾਲਕੀ ਵੱਲ ਅਡੋਲ ਤੱਕੀ ਜਾ ਰਹੀ ਸੀ। "ਸਾਧ ਸੰਗਤ ਜੀ, ਕਈ ਵਾਰ ਅੱਥਰੂ ਹੀ ਅਰਦਾਸ ਬਣ ਜਾਂਦੇ ਨੇ", ਭਾਈ ਜੀ ਨੇ ਕੀਰਤਨ ਕਰਦਿਆਂ ਵਿਚੋਂ ਹੀ ਆਖਿਆ। ਮੈਂ ਆਪਣੇ ਹੰਝੂ ਕੋਇਆਂ ਵਿਚ ਹੀ ਡੱਕ ਲਏ।

ਕ੍ਰਿਸਮਿਸ ਵੀ ਆ ਗਈ। ਸਾਡਾ ਉੱਕਾ ਹੀ ਦਿਲ ਨਹੀ ਸੀ ਕਰਦਾ ਕੋਈ ਸ਼ੌਪਿੰਗ ਕਰਨ ਨੂੰ। ਲੀਨਾ ਤਾਂ ਬੱਚਿਆਂ ਦੇ ਸਟੋਰ ਅੱਗੋਂ ਲੰਘਦੀ ਵੀ ਤ੍ਰਹਿੰਦੀ ਸੀ। ਦੋਸਤ ਵੀ ਸਾਡੇ ਓਹੀ ਰਹਿ ਗਏ ਜੋ ਸਾਡੇ ਵਰਗੇ ਸਨ, ਉਹਨਾਂ 'ਚ ਬੈਠ ਕੇ ਊਣਤਾ ਦਾ ਅਹਿਸਾਸ ਘਟ ਜਾਂਦਾ।

ਇਸ ਵਾਰ ਲੀਨਾ ਨੇ ਕ੍ਰਿਸਮਿਸ ਟਰੀ ਵੀ ਘਰ ਆਉਣ ਨਾ ਦਿੱਤਾ। ਦੋਹਾਂ ਹੱਥਾਂ 'ਚ ਪੇਟ ਨੂੰ ਘੁੱਟ ਕੇ ਕਹਿੰਦੀ, ਪਾਈਨ ਦੇ ਸੂਲਾਂ ਵਰਗੇ ਪੱਤੇ ਦੇਖ ਕੇ ਟੀਕਿਆਂ ਦਾ ਦਰਦ ਮੁੜ ਖੜ੍ਹਾ ਹੋ ਜਾਂਦੈ... ਅੰਦਰੋਂ ਕਾਂਬਾ ਛਿੜਦੈ। ਕ੍ਰਿਸਮਿਸ ਟਰੀ ‘ਤੇ ਟੰਗੀਆਂ ਲਾਲ ਡੈਕੋਰੇਸ਼ਨਾਂ ਦੇਖ ਕੇ ਲਗਦੈ ਜਿਵੇਂ ਖ਼ੂਨ ਵਹਿ ਤੁਰਿਐ। ਅਸੀਂ ਤਿਓਹਾਰਾਂ ਤੇ ਰੰਗਾਂ 'ਚੋਂ ਖਾਰਜ ਹੁੰਦੇ ਜਾ ਰਹੇ ਸਾਂ, ਪਤਾ ਨਹੀਂ ਤਿਓਹਾਰ ਤੇ ਰੰਗ ਸਾਡੇ 'ਚੋਂ ਖਾਰਜ ਹੁੰਦੇ ਜਾ ਰਹੇ ਸਨ।

**ਤੀਜੀ ਵਾਰ....**

ਸਰੀਨਾ ਤੇ ਜੇਸਨ ਮਿਲਣ ਆਏ। ਉਨ੍ਹਾਂ ਨੇ ਲੀਨਾ ਨੂੰ ਇਕ ਵਾਰ ਫੇਰ ਟਰਾਈ ਕਰਨ ਲਈ ਮਨਾ ਲਿਆ।

ਐਤਕੀ ਡਾਕਟਰ ਸਾਨੂੰ ਦੱਸ ਰਿਹਾ ਸੀ, "ਪੈਂਤੀ ਸਾਲ ਤੋਂ ਉੱਪਰ ਦੀਆਂ ਔਰਤਾਂ ਦੇ ਅੰਡੇ ਬਹੁਤੇ ਵਧੀਆ ਨਹੀਂ ਰਹਿੰਦੇ, ਬੱਚੇ 'ਚ ਨੁਕਸ ਦੇ ਚਾਂਸ ਵਧ ਜਾਂਦੇ ਨੇ। ਤੁਸੀਂ ਕਿਸੇ ਹੋਰ ਔਰਤ ਦੇ ਅੰਡੇ ਵਰਤ ਕੇ ਚਾਂਸ ਲੈ ਸਕਦੇ ਹੋ...ਜਾਂ ਫੇਰ ਅਡੌਪਸ਼ਨ ਬਾਰੇ ਸੋਚੋ।"

ਘਰ ਆ ਕੇ ਅਸੀਂ ਬਹਿਸਣ ਲੱਗ ਪਏ। ਮੈਂ ਆਖਿਆ, "ਅਡੌਪਸ਼ਨ ਵਾਲੇ ਫੈਸਲੇ ਬੜੇ ਔਖੇ ਹੁੰਦੇ ਨੇ। ਜੇ ਬੱਚੇ ਨੂੰ ਕੋਈ ਜੱਦੀ ਬਿਮਾਰੀ ਹੋਵੇ? ਮੈਡੀਕਲ ਹਿਸਟਰੀ ਦਾ ਵੀ ਪੂਰਾ ਪਤਾ ਨਹੀਂ ਹੁੰਦਾ।"

"ਢਿੱਡੋ ਜੰਮਿਆਂ ਨੂੰ ਬਿਮਾਰੀਆਂ ਨਹੀਂ ਹੋ ਸਕਦੀਆਂ?" ਲੀਨਾ ਨੇ ਚੋਭਵੀਂ ਆਵਾਜ਼ 'ਚ ਪੁੱਛਿਆ। ਕੁਝ ਰੁਕ ਕੇ ਫੇਰ ਬੋਲੀ, "ਤੁਹਾਡੇ ਮਾਮਾ ਜੀ ਦੇ ਬੱਚੇ ਠੀਕ ਠਾਕ ਕਿਵੇਂ ਰਹਿ ਗਏ? ਉਹਨਾਂ ਨੂੰ ਤਾਂ ਸਿਜ਼ੋਫਰੇਨੀਆ ਸੀ। ਟਰੀਟਮੈਂਟ ਦੇ ਚੱਕਰਾਂ 'ਚ ਆਪਾਂ ਕੀ ਤੋਂ ਕੀ ਬਣ ਗਏ ਆਂ... ਸਾਡੇ ਵਿਚਕਾਰ ਉਹ ਨਹੀਂ ਰਿਹਾ ਜੋ ਕਦੀ ਸੀ...ਕੋਈ ਗੋਲੂ ਜਿਹਾ ਭੱਜਿਆ ਨੱਸਿਆ ਫਿਰੂ, ਅਸੀਂ ਪਰਚੇ ਰਹਾਂਗੇ।"

"ਠੰਡੇ ਦਿਮਾਗ਼ ਨਾਲ ਬੈਠ ਕੇ ਸੋਚ, ਐਨੀ ਕਾਹਲ਼ੀ ਨਾ ਕਰ", ਮੈਂ ਗੱਲ ਮੁਕਾਈ।

ਸਾਡੇ ਦੋਸਤਾਂ ਨੇ ਕਿਸੇ ਲੈਜ਼ਬੀਅਨ ਜੋੜੀ ਨੂੰ ਲੱਭ ਲਿਆ। ਮੌਲੀ ਸਪੱਰਮ ਡੋਨਰ ਵਰਤ ਕੇ ਮਾਂ ਬਣਨਾ ਚਾਹੁੰਦੀ ਸੀ ਪਰ ਇਸ ਟਰੀਟਮੈਂਟ ਲਈ ਉਸ ਕੋਲ ਪੈਸੇ ਨਹੀਂ ਸਨ। "ਤੁਸੀਂ ਮੌਲੀ ਦੀ ਟਰੀਟਮੈਂਟ ਦਾ ਖਰਚਾ ਚੁੱਕ ਲਵੋ ਤਾਂ ਜਿੰਨੇ ਅੰਡੇ ਹੋਣਗੇ, ਅੱਧੋ ਅੱਧ ਕਰ ਦਿਆਂਗੇ", ਡਾਕਟਰ ਨੇ ਸੁਝਾਅ ਦਿੱਤਾ। ਇਸ ਦਾ ਮਤਲਬ ਸੀ, ਸਾਡੇ ਲਈ ਡਬਲ ਖਰਚਾ ਖੜ੍ਹਾ ਹੋ ਜਾਣਾ। ਡਾਕਟਰਾਂ ਨੇ ਲੀਨਾ ਤੇ ਮੌਲੀ ਦੀਆਂ ਕੁੱਖਾਂ ਨੂੰ ਇਕੋ ਸਮੇਂ ਤਿਆਰ ਕਰਨਾ ਸੀ। ਲੀਨਾ ਦੇ ਮੌਮ ਨੇ ਬਿਨਾਂ ਪੁੱਛੇ ਹੀ ਦਸ ਹਜ਼ਾਰ ਡਾਲਰ ਸਾਡੇ ਅਕਾਊਂਟ 'ਚ ਪਾ ਦਿੱਤੇ। ਬਾਕੀ ਅਸੀਂ ਘਰ ‘ਤੇ ਲੋਨ ਲੈ ਲਿਆ। ਟੀਕਿਆਂ ਦਾ ਦੌਰ ਫੇਰ ਸ਼ੁਰੂ ਹੋ ਗਿਆ। ਸਾਡੇ ਹਿੱਸੇ ਆਏ ਪੰਜ ਅੰਡੇ ਐਂਬਰੀਓਜ਼ ਬਣਨ ਲੱਗੇ। ਤਿੰਨ ਲੀਨਾ ਦੀ ਕੁੱਖ ਵਿੱਚ ਰੱਖ ਦਿੱਤੇ; ਦੋ ਕਲਿਨਿਕ ਨੇ ਫਰੀਜ਼ ਕਰ ਦਿੱਤੇ।

ਆਸ ਦੀਆਂ ਲਹਿਰਾਂ ਸਾਡੇ ਮਨ 'ਚ ਉੱਠਦੀਆਂ ਪਰ ਨਾਲ ਹੀ ਅਜੀਬ ਜਿਹੇ ਡਰ ਨਾਲ ਟਕਰਾ ਕੇ ਚੂਰ ਹੋ ਜਾਂਦੀਆਂ। ਲੀਨਾ ਦੀ ਸਹੇਲੀ ਦਾ ਫੋਨ ਆਇਆ, ਕਹਿੰਦੀ ਮੈਂ ਹਫਤੇ ਲਈ ਰੋਮ ਜਾ ਰਹੀ ਆਂ। ਚਰਚ 'ਚ ਬੈਠ ਕੇ ਤੇਰੇ ਲਈ ਦੁਆ ਕਰਾਂਗੀ। ਦੋਸਤ ਸਾਨੂੰ ਇਸ ਤਰ੍ਹਾਂ ਪੂਰੇ ਹੌਸਲੇ 'ਚ ਰੱਖਦੇ।

ਇਕ ਇਕ ਦਿਨ ਵਰ੍ਹੇ ਵਾਂਗ ਬੀਤ ਰਿਹਾ ਸੀ। ਅਸੀਂ ਡਾਕਟਰ ਤੋਂ ਰਿਪੋਰਟ ਸੁਣਨ ਲਈ ਉਤਾਵਲੇ ਸਾਂ। ਉਸਦੇ ਮੂੰਹੋਂ 'ਪੌਜ਼ਿਟਿਵ' ਸੁਣ ਕੇ ਅਸੀਂ ਕੁਰਸੀ ਤੋਂ ਇਉਂ ਖੜ੍ਹੇ ਹੋਏ ਜਿਵੇਂ ਸਾਡੀ ਟੀਮ ਵਰਲਡ ਕੱਪ ਜਿੱਤ ਗਈ ਹੋਵੇ। ਮੈਂ ਲੀਨਾ ਨੂੰ ਕਦੇ ਬਾਹਾਂ 'ਚ ਘੁੱਟਾਂ, ਕਦੇ ਆਪਣੀਆਂ ਅੱਖਾਂ ਪੂੰਝਾਂ। ਉਹ ਵੀ ਛੱਤ ਵੱਲ ਹੱਥ ਉੱਠਾ ਕੇ ਅੱਖਾਂ ਬੰਦ ਕਰੀ ਖੜ੍ਹੀ ਰਹੀ। "ਵੀ ਆਰ ਵੈਰੀ ਹੈਪੀ ਫੌਰ ਯੂ...", ਨਰਸ ਦੀ ਆਵਾਜ਼ ਨੇ ਸਾਨੂੰ ਮੁੜ ਕਲਿਨਿਕ 'ਚ ਲੈ ਆਂਦਾ। ਸਭ ਦੀਆਂ ਅੱਖਾਂ ਖੁਸ਼ੀ ਨਾਲ ਨਮ ਸਨ।

ਅਸੀਂ ਟਿੰਮ ਹੋਰਟਨ ਚਲੇ ਗਏ। ਲੀਨਾ ਨੇ ਚੌਕਲੇਟ ਮਿਲਕ ਦੀ ਘੁੱਟ ਭਰਦਿਆਂ ਆਖਿਆ, "ਮੈਨੂੰ ਦੁੱਧ ਚੰਗਾ ਨਹੀਂ ਲੱਗਦਾ ਪਰ ਪੀਆਂਗੀ ਜ਼ਰੂਰ...ਨਹੀਂ ਤਾਂ ਬੱਚੇ ਦੀਆਂ ਹੱਡੀਆਂ ਕਿਵੇਂ ਮਜ਼ਬੂਤ ਹੋਣਗੀਆਂ।" ਅਸੀਂ ਮਾਲ 'ਚ ਘੁੰਮਣ ਫਿਰਨ ਚਲੇ ਗਏ। ਖੁਸ਼ੀ ਭਰੇ ਪਲਾਂ ਨੂੰ ਘੁੱਟ ਕੇ ਫੜਨ ਲਈ ਅਸੀਂ ਤਿੰਨ ਜੁੜਵੇਂ ਦਿਲਾਂ ਵਾਲਾ ਲੌਕਟ ਖਰੀਦਿਆ। ਬੱਚਿਆਂ ਦੇ ਸਟੋਰ 'ਚੋਂ ਲੀਨਾ ਨੂੰ ਇਕ ਡੌਲ ਪਸੰਦ ਆ ਗਈ।

ਮੈਨੂੰ ਔਫਿਸ ਤੋਂ ਘਰ ਭੱਜਣ ਦੀ ਕਾਹਲ਼ੀ ਰਹਿੰਦੀ। ਕਦੇ ਅਸੀਂ ਬੱਚਿਆਂ ਦੇ ਨਾਂ ਗੂਗਲ 'ਤੇ ਸਰਚ ਕਰਦੇ, ਕਦੇ ਉਹਨਾਂ ਦੇ ਪਾਲਣ ਪੋਸ਼ਣ ਵਾਲੀਆਂ ਕਿਤਾਬਾਂ ਖਰੀਦਣ ਚਲੇ ਜਾਂਦੇ। ਇਕ ਦੂਜੇ ਨੂੰ ਛੇੜਦੇ...ਬੇਬੀ ਦਾ ਤੇਰੇ ਵਰਗਾ ਨੱਕ, ਮੇਰੇ ਵਰਗੀਆਂ ਅੱਖਾਂ, ਨਹੀਂ ਨਹੀਂ, ਮੇਰੇ ਵਰਗਾ ਨੱਕ, ਤੇਰੇ ਵਰਗੀਆਂ ਅੱਖਾਂ ਹੋਣਗੀਆਂ।

ਦੋਸਤਾਂ ਨੂੰ ਜਦੋਂ ਪਤਾ ਲੱਗਾ, ਕਹਿੰਦੇ 'ਪੌਟਲੱਕ' ਡਿਨਰ ਕਰਦੇ ਹਾਂ। ਉਹ ਆਪਣੇ ਘਰੋਂ ਬਣਾ ਕੇ ਖਾਣ ਪੀਣ ਦਾ ਸਮਾਨ ਲੈ ਆਏ।

"ਟੂ ਦਾ ਨਿਊ ਲਾਈਫ!!!" ਜੇਸਨ ਨੇ ਵਾਈਨ ਦਾ ਗੌਬਲੈੱਟ ਉੱਪਰ ਚੁੱਕਿਆ।

"ਚੀਅਰਜ਼ਜ਼ਜ਼ਜ਼" ਲੀਨਾ ਨੇ ਵੀ ਪਾਣੀ ਦੀ ਬੋਤਲ ਨੂੰ ਉਲਾਰ ਕੇ ਘੁੱਟ ਭਰਿਆ।

"ਅੱਛਾ, ਪਹਿਲਾਂ ਇਹ ਦੱਸੋ ਕਿ ਬੇਬੀ ਦਾ ਕਦੋਂ ਪਤਾ ਲੱਗੂ ਮੁੰਡਾ ਏ ਕਿ ਕੁੜੀ? ਮੈਂ ਬੇਬੀ ਦੇ ਕੱਪੜੇ ਬਲੂਅ ਖਰੀਦਾਂ ਕਿ ਪਿੰਕ...ਛੋਨੇ ਛੋਨੇ ਕਿਊਟ ਬੌਡੀਸੂਟ", ਕਿਸੇ ਨੇ ਸੋਫੇ ਦੀ ਗੱਦੀ ਨੂੰ ਪਲੋਸਦਿਆਂ ਆਖਿਆ।

"ਜੈਂਡਰ ਰਵੀਲ ਪਾਰਟੀ ਸਾਡੇ ਘਰ ਹੋਊ।"

"ਉਸ ਤੋਂ ਬਾਅਦ ਬੇਬੀ ਸ਼ਾਵਰ ਸਾਡੇ ਵੱਲ...!!" ਸਾਰਾ ਗਰੁੱਪ ਖੁਸ਼ੀ ਨਾਲ ਚਹਿਕ ਰਿਹਾ ਸੀ।

"ਕੋਈ ਹੋਰ ਗੱਪਸ਼ੱਪ ਸੁਣਾਓ, ਅਸੀਂ ਤਾਂ ਟਰੀਟਮੈਂਟ ਦੇ ਚੱਕਰਾਂ 'ਚ ਕਿੰਨੀ ਦੇਰ ਤੋਂ ਮਿਲੇ ਵੀ ਨਹੀਂ", ਲੀਨਾ ਨੇ ਫ਼ਲਾਫ਼ਲ ਨੂੰ ਪੀਟਾਬਰੈੱਡ 'ਚ ਵਲ੍ਹੇਟ ਕੇ ਆਖਿਆ।

"ਵੰਨ ਮੋਰ ਗੁੱਡ ਨਿਊਜ਼...ਤੇਰੀ ਡੋਨਰ, ਮੌਲੀ ਦਾ ਪਰੈਗਨੈਂਸੀ ਟੈੱਸਟ ਵੀ ਪੌਜ਼ੇਟਿਵ ਐ... ਪਰ ਉਹਦੀ ਪਾਰਟਨਰ ਛੱਡ ਕੇ ਚਲੀ ਗਈ ਏ" ਸਰੀਨਾ ਨੇ ਦੱਸਿਆ।

ਲੀਨਾ ਨੇ ਇਕ ਲੰਮਾ ਸਾਹ ਖਿੱਚਿਆ ਤੇ ਬੋਲੀ, "ਜ਼ਿੰਦਗੀ ਬਹੁਤ ਸਾਰੀਆਂ ਨਿਹਮਤਾਂ ਦੇ ਕੇ ਬਹੁਤ ਕੁਝ ਖੋਹ ਵੀ ਤਾਂ ਲੈਂਦੀ ਐ...।"

"ਆਪਾਂ ਬੱਸ ਬਲੈਸਿੰਗਜ਼ ਗਿਣੀਏ...ਮਸਾਂ ਖੁਸ਼ੀ 'ਚ ਇਕੱਠੇ ਹੋਏ ਆਂ", ਮੈਂ ਲੀਨਾ ਦਾ ਮੋਢਾ ਘੁੱਟਿਆ।

ਹਨੇਰੀ ਗੁਫ਼ਾ 'ਚ ਸਾਡਾ ਸੁਪਨਾ ਕਿੰਨੀ ਛੇਤੀ ਵਧ ਰਿਹਾ ਸੀ, ਸੋਚ ਕੇ ਖੁਸ਼ੀ ਵੀ ਹੁੰਦੀ ਤੇ ਹੈਰਾਨੀ ਵੀ। ਲੀਨਾ ਦਾ ਖਾਣ ਪੀਣ ਉੱਕਾ ਹੀ ਬਦਲ ਗਿਆ ਸੀ, ਕੌਫ਼ੀ ਦੀ ਸਮੈੱਲ ਤੋਂ ਵੀ ਉਲਟੀਆਂ ਸ਼ੁਰੂ ਹੋ ਜਾਂਦੀਆਂ। ਆਪਣੇ ਆਪ ਨੂੰ ਬਿਜ਼ੀ ਰੱਖਣ ਲਈ ਉਹ ਕੁਝ ਬੁਣਦੀ ਰਹਿੰਦੀ। ਬੈੱਡਰੂਮ 'ਚ ਰੱਖੀ ਡੌਲ ਨੂੰ ਆਉਂਦੀ ਜਾਂਦੀ ਛੂਹ ਕੇ ਜਾਂਦੀ।

ਅਗਲੀ ਅਪੋਆਇੰਟਮੈਂਟ ਅਲਟਰਾਸਾਊਂਡ ਦੀ ਸੀ। ਵੇਟਿੰਗ ਏਰੀਆ 'ਚ ਕਈ ਜੋੜੇ ਨਵਜੰਮੇ ਬੱਚਿਆਂ ਨੂੰ ਗੁਲਾਬੀ ਤੇ ਸਲੇਟੀ ਰੰਗੇ ਕੰਬਲਾਂ 'ਚ ਲਪੇਟੀ ਬੈਠੇ ਸਨ। ਪਹਿਲੀ ਵਾਰ

ਆਪਣਾ ਆਪ ਉਹਨਾਂ ਦੇ ਹਾਣ ਦਾ ਲੱਗਾ।

ਨਰਸ ਨੇ ਲੀਨਾ ਦੇ ਪੇਟ ਤੇ ਠੰਡੀ ਜੈੱਲ ਮਲ਼ੀ। ਉਸ ਨੂੰ ਕੁਤਕਤਾਰੀਆਂ ਜਿਹੀਆਂ ਹੋਈਆਂ, ਹੱਸਣ ਲੱਗੀ। ਟੈਕਨੀਸ਼ੀਅਨ ਨੇ ਆ ਕੇ ਪੇਟ 'ਤੇ 'ਮਾਊਸ' ਫੇਰਦਿਆਂ ਸਾਨੂੰ ਮੌਨੀਟਰ ਵੱਲ ਦੇਖਣ ਲਈ ਕਿਹਾ। ਮੈਨੂੰ ਤਾਂ ਇਕ ਸਿੱਪੀ ਜਿਹੀ ਦਿਸ ਰਹੀ ਸੀ।

"ਬੇਬੀ ਸਿੱਪੀ! ਇਹੀ ਨਾਂ ਰਖਣੈ ਆਪਾਂ", ਮੈਂ ਹੱਸਦਿਆਂ ਆਖਿਆ।

ਟੈਕਨੀਸ਼ੀਅਨ ਨੇ ਨੋਟਪੈਡ 'ਤੇ ਕੁਝ ਲਿਖਿਆ। ਡਾਕਟਰ ਅੰਦਰ ਆਇਆ, ਟੈਕਨੀਸ਼ੀਅਨ ਨੋਟਪੈਡ ਉਸ ਨੂੰ ਫੜਾ ਕੇ ਬਾਹਰ ਚਲਾ ਗਿਆ।

"ਹਾਰਟਬੀਟ ਇਜ਼ ਸਲੋਅ...", ਆਖ ਡਾਕਟਰ ਨੇ ਸਾਨੂੰ ਦੀਵਾਰ ਉੱਤੇ ਟੰਗੇ ਚਾਰਟ ਤੋਂ ਕੁਝ ਸਮਝਾਉਣ ਦੀ ਕੋਸ਼ਿਸ਼ ਕੀਤੀ। ਸਾਡੀਆਂ ਅੱਖਾਂ ਅੱਗੇ ਤਾਂ ਹਨੇਰਾ ਛਾ ਗਿਆ ਸੀ। ਔਖੇ ਸੌਖੇ ਅਸੀਂ ਉੱਥੋਂ ਉੱਠ ਕੇ ਕਾਰ ਤਕ ਪਹੁੰਚੇ।

ਅਗਲੇ ਹਫਤੇ ਫੇਰ ਅਲਟਰਾਸਾਊਂਡ ਸੀ। ਡਾਕਟਰ ਨੇ ਜਦੋਂ ਕਿਹਾ, "ਨੋ ਹਾਰਟਬੀਟ, ਇਟ ਮਾਈਟ ਬੀ ਡੈੱਡ", ਮੇਰਾ ਉੱਪਰਲਾ ਸਾਹ ਉੱਪਰ ਹੇਠਲਾ ਹੇਠਾਂ ਰਹਿ ਗਿਆ। ਲੀਨਾ ਰੋਣਹਾਕੀ ਹੋਈ ਡਾਕਟਰ ਨੂੰ ਝਈਆਂ ਲੈ ਕੇ ਪੈ ਰਹੀ ਸੀ, "ਇਟ ਕੀ ਹੁੰਦੈ? ਮੇਰੇ ਬੱਚੇ ਨੂੰ ਤੁਸੀਂ ਇਟ ਕਿਹਾ? ਯੂ ਆਰ ਨੌਟ ਏ ਡਾਕਟਰ...ਯੂ ਆਰ ਏ ਬੁੱਚੜ।"

ਤੁਰੰਤ ਬਾਅਦ, ਅਬੌਰਸ਼ਨ ਲਈ ਉਹ ਲੀਨਾ ਨੂੰ ਐਨੇਸਥੀਜ਼ੀਆ ਦੇਣ ਲੱਗੇ। ਡਾਕਟਰ ਫਿਕਰਮੰਦ ਸਨ ਕਿ ਅੰਦਰ ਜ਼ਹਿਰ ਨਾ ਫੈਲ ਜਾਵੇ। ਪ੍ਰੋਸੀਜਰ ਤੋਂ ਬਾਅਦ ਮਰੇ ਜਿਹੇ ਕਦਮ ਪੁੱਟਦੇ ਅਸੀਂ ਘਰ ਆ ਵੜੇ, ਬਿਲਕੁਲ ਖਮੋਸ਼। ਘੁੱਟੀ ਜਿਹੀ ਹਵਾ ਧੂੰਏਂ ਵਾਂਗ ਸਾਰੇ ਘਰ 'ਚ ਭਰੀ ਹੋਈ। ਲੀਨਾ ਕੁਝ ਦੇਰ ਸੁੱਤੀ, ਫੇਰ ਉੱਠ ਕੇ ਕਿਚਨ 'ਚ ਗਈ, ਉਸਨੇ ਪਲੇਟ ਚੁੱਕ ਕੇ ਥਾੜ੍ਹ ਕੰਧ 'ਚ ਮਾਰੀ। ਚੀਕਣ ਲੱਗੀ, "ਬੱਚਾ! ਬੱਚਾ! ਬੱਚਾ!...ਨਸਾਂ ਫਟ ਰਹੀਆਂ ਨੇ ਮੇਰੇ ਸਿਰ ਦੀਆਂ।" ਉਦੋਂ ਤਾਂ ਮੈਂ ਉਸਨੂੰ ਸਮਝਾ ਬੁਝਾ ਕੇ ਲਿਟਾ ਦਿੱਤਾ ਪਰ ਉਸਦੀ ਬੇਚੈਨੀ ਵਧਦੀ ਜਾ ਰਹੀ ਸੀ। ਹਫਤਾ ਭਰ ਉਹ ਦਿਨ ਰਾਤ ਜਾਗਦੀ, ਬੁੜਬੜਾਉਂਦੀ ਰਹੀ। ਫੇਰ ਇੰਸਟਾਗ੍ਰਾਮ, ਫੇਸਬੁੱਕ 'ਤੇ ਪੋਸਟਾਂ ਪਾਉਣ ਲੱਗੀ, "ਮੇਰੀ ਭਾਬੀ ਦਾ ਐਕਸੀਡੈਂਟ ਹੋ ਗਿਆ...ਮਰ ਗਈ ਉਹ। ਬੱਚੇ ਮੈਨੂੰ ਦੇ ਦਿਓ... ਪਲੀਜ਼! ਮੇਰਾ ਬੱਚਾ ਤਾਂ ਡਾਕਟਰਾਂ ਨੇ ਅੰਦਰ ਹੀ ਬੋਟੀ ਬੋਟੀ ਕਰਤਾ, ਖ਼ੂਨ 'ਚ ਵਹਿ ਗਿਆ ਮੇਰਾ ਬੱਚਾ, ਹਾਏ ਮੈਂ ਕੀ ਕਰਾਂ।"

ਉਸ ਨੇ ਕਿਸੇ ਲਹੂ ਲੁਹਾਨ ਹੋਈ ਔਰਤ ਦੀ ਫੋਟੋ ਵੀ ਇੰਸਟਾਗ੍ਰਾਮ 'ਤੇ ਪਾਈ ਹੋਈ ਸੀ। ਪੋਸਟ ਦੇਖ ਕੇ ਸਾਡੇ ਦੋਸਤਾਂ 'ਚ ਖਲਬਲੀ ਮੱਚ ਗਈ। ਮੈਂ ਔਫਿਸ ਤੋਂ ਘਰ ਨੂੰ ਦੌੜਿਆ। ਲੀਨਾ ਦੇ ਜੋ ਹੱਥ 'ਚ ਆਇਆ, ਚੁੱਕ ਕੇ ਮੇਰੇ ਵੱਲ ਸੁੱਟਣ ਲੱਗੀ। ਐਂਬੂਲੈਂਸ ਬਲਾਉਣੀ ਪਈ। ਡਾਕਟਰ ਨੇ ਨੀਂਦ ਦੀਆਂ ਗੋਲ਼ੀਆਂ ਤੇ ਐਂਟੀਡਿਪਰੈਸੈਂਟ ਲਿਖ ਦਿੱਤੇ। ਦਵਾਈ ਕਦੇ ਲੈਂਦੀ ਕਦੇ ਨਾ। ਡੌਲ ਨੂੰ ਛਾਤੀ ਨਾਲ ਲਾਈਂ ਫਿਰਦੀ। ਕਦੇ ਸੋਫੇ 'ਤੇ ਲਿਟਾ ਕੇ ਥਾਪੜਨ ਲੱਗ ਜਾਂਦੀ, "ਕਿੱਥੇ ਚਲੀ ਗਈ ਤੂੰ ਮੇਰੀ ਸਿੱਪੀ ਮੇਰੀ ਬੱਚੀ...ਆਪਣੀ ਮਾਂ ਨੂੰ ਛੱਡ ਕੇ", ਉਹ ਧਾਹੀਂ ਰੋਣ ਲੱਗ ਜਾਂਦੀ।

ਸਵੇਰੇ ਮੈਂ ਬੈਕਯਾਰਡ 'ਚ ਕਿਆਰੀਆਂ ਤਿਆਰ ਕਰਕੇ ਜਦੋਂ ਅੰਦਰ ਆਇਆ, ਉਹ ਸਾਰੀਆਂ ਗੋਲ਼ੀਆਂ ਡਾਈਨਿੰਗ ਟੇਬਲ 'ਤੇ ਢੇਰੀ ਕਰੀਂ ਬੈਠੀ। ਔਰੇਂਜ ਜੂਸ ਦਾ ਗਿਲਾਸ ਹੱਥ 'ਚ ਫੜਿਆ ਹੋਇਆ। ਜਦੋਂ ਤਕ ਮੈਂ ਭੱਜ ਕੇ ਖੋਹਣ ਦੀ ਕੋਸ਼ਿਸ਼ ਕੀਤੀ, ਉਸਨੇ ਫੱਕਾ ਮਾਰ ਲਿਆ। ਜਿਸ ਹਾਲ ਉਸਨੂੰ ਹਸਪਤਾਲ ਪਹੁੰਚਾਇਆ, ਮੇਰੀ ਹਿੰਮਤ ਵੀ ਜਵਾਬ ਦੇ ਗਈ ਸੀ।

ਸਾਈਕੀਵਾਰਡ 'ਚ ਪੂਰੀ ਸਕਿਊਰਿਟੀ ਸੀ। ਭਾਰੀ ਭਰਕਮ ਦਰਵਾਜ਼ਿਆਂ ਨੂੰ ਸਟਾਫ ਹੀ ਕੋਡ ਦਬਾ ਕੇ ਖੋਲ੍ਹਦਾ। ਰਿਸੈਪਸ਼ਨ ਦੇ ਨਾਲ ਹੀ ਸ਼ੀਸ਼ੇ ਦੀ ਦੀਵਾਰ ਪਿੱਛੇ ਫਿਰਦੇ ਮਰੀਜ਼ਾਂ 'ਚੋਂ ਕੋਈ ਕੱਪੜਾ ਜਿਹਾ ਚੁੱਕੀ ਬਿਜਲੀ ਦੀਆਂ ਸਵਿੱਚਾਂ ਨੂੰ ਪੂੰਝੀ ਜਾਵੇ। ਉਲਝੇ ਵਾਲਾਂ ਵਾਲੀ ਇਕ ਔਰਤ ਸ਼ੀਸ਼ੇ ਦੀ ਦੀਵਾਰ ਨਾਲ ਮੂੰਹ ਜੋੜ ਕੇ ਕਦੇ ਹੱਸੇ ਕਦੇ ਰੋਵੇ।

ਲੀਨਾ ਕਿਤੇ ਇਹੋ ਜਿਹੀ ਨਾ ਹੋ ਜਾਵੇ...ਸੋਚ ਕੇ ਮਨ ਗੋਤੇ ਖਾਣ ਲੱਗਾ। ਮੈਂ ਨਰਸ ਨੂੰ

ਪੁੱਛਿਆ, "ਅੱਜ ਤਾਂ ਤਿੰਨ ਦਿਨ ਹੋ ਗਏ ਨੇ, ਮੈਂ ਲੀਨਾ ਨੂੰ ਮਿਲ ਸਕਦਾਂ?"

"ਬਿਲਕੁਲ ਨਹੀਂ...ਤੁਸੀਂ ਘਰ ਜਾਓ, ਸਾਨੂੰ ਆਪਣਾ ਕੰਮ ਕਰ ਲੈਣ ਦਿਓ। ਜਦੋਂ ਐਂਬੂਲੈਂਸ ਇਹਨੂੰ ਲੈ ਕੇ ਆਈ, ਪਹਿਲਾਂ ਤਾਂ ਵੇਟਿੰਗ ਏਰੀਆ 'ਚ ਇਹਨੇ ਕਿਸੇ ਨਿਆਣੇ ਤੋਂ ਡੌਲ ਖੋਹੀ। ਫੇਰ ਸਕਿਊਰਿਟੀ ਨੂੰ ਪੂਰੀ ਬਿਪਤਾ ਪਾਈ।"

ਨਰਸ ਦੀਆਂ ਗੱਲਾਂ ਸਿੱਧੀਆਂ ਮੇਰੇ ਕਲੇਜੇ 'ਚ ਵੱਜ ਰਹੀਆਂ ਸਨ। ਉਹ ਬੋਲੀ ਜਾ ਰਹੀ ਸੀ, "ਜਦੋਂ ਕੋਈ ਮਰੀਜ਼ ਇਸ ਹਾਲਤ 'ਚ ਹੋਵੇ, ਅਸੀਂ ਕਿਸੇ ਨੂੰ ਨਹੀਂ ਮਿਲਣ ਦਿੰਦੇ।"

"ਪਲੀਜ਼, ਲੈੱਟ ਮੀ ਸੇਅ 'ਬਾਏ'...", ਮੈਂ ਤਰਲਾ ਕੀਤਾ।

ਨਰਸ ਮੈਨੂੰ ਅਣਸੁਣਿਆ ਕਰਕੇ ਦੀਵਾਰ ਦੇ ਪਾਰ ਚਲੀ ਗਈ। ਮੈਂ ਦੋਹਾਂ ਹੱਥਾਂ ਨਾਲ ਸ਼ੀਸ਼ਾ ਥਪਥਪਾਵਾਂ ਪਰ ਕੀਹਨੇ ਸੁਣਨਾ ਸੀ। ਲੀਨਾ ਨੂੰ ਵੀ ਤਾਂ ਮੈਂ ਆਪਣੇ ਹੱਥੀਂ ਸ਼ੀਸ਼ੇ ਪਾਰ ਦੀ ਦੁਨੀਆਂ 'ਚ ਤੋਰਿਆ ਸੀ। ਉਹ ਦੁਨੀਆ ਜਿਹੜੀ ਮੇਰੀ ਪਕੜ ਤੋਂ ਬਿਲਕੁਲ ਬਾਹਰ ਸੀ। ਲੀਨਾ ਸੁੰਨੀਆਂ ਅੱਖਾਂ ਨਾਲ ਇੱਧਰ ਉੱਧਰ ਝਾਕਦੀ ਦਿਖਾਈ ਦਿੱਤੀ। ਛਾਤੀ ਨਾਲ ਡੌਲ ਘੁੱਟ ਕੇ ਲਾਈ ਹੋਈ। ਦੋ ਹਫ਼ਤੇ ਵਾਰਡ 'ਚ ਰਹਿਣ ਤੋਂ ਬਾਅਦ ਉਹ ਘਰ ਆ ਗਈ, ਬਿਲਕੁਲ ਚੁੱਪ ਗੜੁੱਪ। ਸਾਈਕੋਥੈਰੇਪੀ ਸ਼ੁਰੂ ਹੋ ਗਈ।

ਦਰਵਾਜ਼ੇ ‘ਤੇ ਦਸਤਕ ਹੋਈ। ਜਾ ਕੇ ਖੋਲ੍ਹਿਆ ਤਾਂ ਸਾਹਮਣੇ ਕੁੜੀਆਂ ਖੜ੍ਹੀਆਂ ਸਨ। ਮੈਂ ਸਮਝ ਗਿਆ, ਕਮਰਾ ਦੇਖਣ ਆਈਆਂ ਹੋਣਗੀਆਂ। ਉਹਨਾਂ ਨੂੰ ਲਿਵਿੰਗ ਰੂਮ 'ਚ ਲੈ ਆਇਆ। ਥੋੜੀ ਦੇਰ ਬਾਅਦ ਲੀਨਾ ਵੀ ਆ ਗਈ। ਮੈਂ ਕੁੜੀਆਂ ਨੂੰ ਉਸ ਨਾਲ ਮਿਲਾਇਆ, ਉਹ ਕੁਝ ਨਾ ਬੋਲੀ। ਕੁੜੀਆਂ ਨੂੰ ਕਮਰਾ ਦਿਖਾਉਣ ਤੋਂ ਬਾਅਦ ਮੈਂ ਵਾਪਸ ਲਿਵਿੰਗ ਰੂਮ 'ਚ ਲੈ ਆਇਆ।

"ਭਾਅ ਜੀ...ਮੈਂ ਚਾਰ ਸੌ ਡਾਲਰ ਤੋਂ ਵੱਧ ਕਿਰਾਇਆ ਨਹੀਂ ਦੇ ਸਕਦੀ। ਜੇ ਠੀਕ ਲੱਗੇ ਤਾਂ ਦੱਸ ਦਿਓ। ਮੇਰਾ ਫੋਨ ਨੰਬਰ ਲੈ ਲਓ", ਨਵਜੋਤ ਬੋਲੀ।

ਲੀਨਾ ਨੇ ਸਾਈਡ ਟੇਬਲ ‘ਤੇ ਪਏ ਨੋਟਪੈਡ ‘ਤੇ ਨੰਬਰ ਨੋਟ ਕਰ ਲਿਆ।

"ਇਹਦੀਆਂ ਤਾਂ ਕਈ ਕਲਾਸਾਂ ਵੀ ਮਿੱਸ ਹੋ ਗਈਆਂ। ਅਸੀਂ ਪਹਿਲਾਂ ਹੀ ਅੱਠ ਜਣੀਆਂ ਰਹਿੰਨੀਆਂ, ਨਹੀਂ ਤਾਂ ਸਾਡੇ ਕੋਲ ਰਹਿ ਲੈਂਦੀ", ਦੂਜੀ ਕੁੜੀ ਬੋਲੀ।

"ਸਾਡੇ ਵੱਲੋਂ ਤਾਂ ਹਾਂ ਸਮਝੋ...", ਮੈਂ ਆਖਿਆ। ਕੁੜੀਆਂ ਦਰਵਾਜ਼ੇ ਵੱਲ ਨੂੰ ਜਾਣ ਲੱਗੀਆਂ। ਮੈਂ ਵੀ ਕੰਮ ‘ਤੇ ਜਾਣ ਲਈ ਤਿਆਰ ਹੋਣ ਲੱਗਾ। ਹੈੱਡ ਕੈਮਰਾਮੈਨ ਦਾ ਫੋਨ ਆ ਚੁੱਕਾ ਸੀ ਕਿ ਸ਼ੂਟਿੰਗ ਹੋਰ ਅੱਗੇ ਨਹੀਂ ਕਰ ਸਕਦੇ। ਲੀਨਾ ਲਈ ਸੈਂਡਵਿੱਚ ਬਣਾ ਕੇ ਆਪਣਾ ਲੰਚ ਵੀ ਪੈਕ ਕਰ ਲਿਆ। ਡਰਾਈਵੇਅ 'ਚ ਜਵਾਕ ਮੇਰਾ ਹੀ ਇੰਤਜ਼ਾਰ ਕਰ ਰਹੇ ਸੀ।

"ਭਾਅ ਜੀ, ਕੋਈ ਕੰਮ ਸ਼ੰਮ ਦਿਓ, ਪੈਸਿਆਂ ਦੀ ਲੋੜ ਸੀ", ਜਸਰਾਜ ਬੋਲਿਆ।

ਮੈਂ ਕਾਹਲ਼ੀ 'ਚ ਸਾਂ। ਫਟਾਫਟ ਜੇਬ 'ਚੋਂ ਕੈਸ਼ ਕੱਢ ਉਹਨਾਂ ਨੂੰ ਫੜਾਉਂਦਿਆਂ ਆਖਿਆ, "ਪਨੀਰੀ ਲੈ ਆਇਓ। ਪਿੱਛੇ ਫੈਂਸ ਵਾਲਾ ਦਰਵਾਜ਼ਾ ਖੁੱਲ੍ਹਾ ਪਿਐ। ਅੱਜ ਸਬਜ਼ੀਆਂ ਲਗਾਉਣ ਦਾ ਕੰਮ ਖ਼ਤਮ ਕਰ ਦਿਓ।"

ਸ਼ਾਮੀਂ ਘਰ ਆਇਆ ਤਾਂ ਕੁੜੀ ਨੂੰ ਕਮਰੇ ਲਈ ਹਾਂ ਕਰਨ ‘ਤੇ ਓਹ ਤੂਫ਼ਾਨ ਆਇਆ, ਪੁੱਛੋ ਨਾ।

"ਮੈਨੂੰ ਬਿਨਾਂ ਪੁੱਛੇ ਹੀ ਹਾਂ ਕਰ ਦਿੱਤੀ ? ਮੈਨੂੰ ਹੁਣੇ ਮਰੀ ਸਮਝ ਲਿਆ?" ਲੀਨਾ ਦਾ ਮੂੰਹ ਗ਼ੁੱਸੇ ਨਾਲ ਲਾਲ ਹੋ ਗਿਆ।

"ਤੈਨੂੰ ਮਰਨ ਤੋਂ ਬਚਾਉਣ ਲਈ ਹਾਂ ਕੀਤੀ ਐ...ਡਾਕਟਰ ਕਹੀ ਜਾਂਦੇ ਨੇ ਇਕੱਲੀ ਨੀ ਛੱਡਣਾ। ਘਰ 'ਚ ਖਿਲਾਰਾ ਪਿਆ ਹੋਇਐ...ਤੈਨੂੰ ਹੈਲਪ ਦੀ ਲੋੜ ਐ। ਮੇਰਾ ਕਿਹੜਾ ਹੌਂਸਲਾ ਪੈਂਦੈ...ਕੰਮ ‘ਤੇ ਕਿਵੇਂ ਜਾਵਾਂ? ਕਿਸੇ ਨੇ ਤਾਂ ਬਿੱਲ ਪੇਅ ਕਰਨੇ ਐਂ...", ਮੈਂ ਖਿਝ ਕੇ ਆਖਿਆ। ਥੋੜ੍ਹਾ ਰੁਕ ਕੇ ਮੈਂ ਫੇਰ ਕਿਹਾ, "ਮੈਨੂੰ ਕੋਈ ਸ਼ੌਕ ਨਹੀਂ ਕਿਸੇ ਕੁੜੀ ਨੂੰ ਰੱਖਣ ਦਾ। ਮੁੰਡੇ ਵੀ ਤਾਂ ਭਾਅ ਜੀ ਭਾਅ ਜੀ ਕਰਦੇ ਫਿਰਦੇ ਨੇ। ਤੇਰੇ ਕਰਕੇ ਕੁੜੀ ਰੱਖੀ ਐ। ਜੇ ਸਭ ਠੀਕ ਠਾਕ ਰਹਿੰਦਾ,

ਅੱਜ ਆਪਣੇ ਬੱਚੇ ਉਸ ਤੋਂ ਥੋੜ੍ਹੇ ਹੀ ਛੋਟੇ ਹੁੰਦੇ।"

ਲੀਨਾ ਕੜਕੀ, "ਆ ਗਈ ਮਿਹਣੇ ਦੇਣ ਦੀ ਨੌਬਤ? ਕੌਣ ਐ ਏਥੇ ਖਿਲਾਰਾ ਪਾਉਣ ਵਾਲਾ?"

ਮੈਂ ਉਸ ਨੂੰ ਮੋਢਿਆਂ ਤੋਂ ਫੜ ਕੇ ਹਲੂਣਿਆ, "ਤੈਨੂੰ ਮੇਰੇ 'ਤੇ ਵਿਸ਼ਵਾਸ ਨਹੀਂ?"

"ਤੁਸੀਂ ਲਿਆਓ ਉਹਨੂੰ ਘਰ, ਮੈਂ ਗੱਲ ਹੀ ਨਹੀਂ ਕਰਨੀ", ਮੇਰੀਆਂ ਬਾਹਾਂ ਪਰੇ ਕਰ ਕੇ ਉਹ ਫਾਇਰ ਪਲੇਸ ਵਾਲੇ ਰੂਮ 'ਚ ਚਲੀ ਗਈ।

ਹਸਪਤਾਲ ਦੀ ਕੰਟੀਨ 'ਚ ਮਿਲੀ ਔਰਤ ਵਾਲੀ ਗੱਲ ਮੈਂ ਅੰਦਰ ਹੀ ਦੱਬ ਲਈ ਸੀ। ਕਈ ਵਾਰ ਸੋਚਿਆ, ਜਦੋਂ ਲੀਨਾ ਬਿਲਕੁਲ ਠੀਕ ਹੋ ਜਾਵੇ ਤਾਂ ਦੱਸਾਂਗਾ ਜ਼ਰੂਰ। ਹਸਪਤਾਲ ਦੇ ਚੱਕਰਾਂ 'ਚ ਮੈਂ ਕੰਟੀਨ ਤੋਂ ਹੀ ਖਾ ਪੀ ਕੇ ਘਰ ਆਉਂਦਾ। ਉੱਥੇ ਕੰਮ ਕਰਦੀ ਵੇਟਰ ਔਰਤ ਨਾਲ ਮੇਰੀ ਨੇੜਤਾ ਹੋ ਗਈ। ਉਹ ਮੇਰੀ ਹਾਲਤ ਸਮਝਦੀ ਸੀ। ਉਸ ਨਾਲ ਕਈ ਵਾਰ ਬਾਹਰ ਵੀ ਜਾ ਆਇਆ ਸਾਂ। ਉਹ ਤਾਂ ਸਾਡੇ ਐਂਬਰੀਓਜ਼ ਲਈ ਸਰੋਗੇਟ ਮਦਰ ਬਣਨ ਨੂੰ ਵੀ ਤਿਆਰ ਸੀ। ਹੌਲ਼ੀ ਹੌਲ਼ੀ ਉਹ ਮੈਨੂੰ ਆਪਣੇ ਨਾਲ ਰਹਿਣ ਲਈ ਜ਼ੋਰ ਪਾਉਣ ਲੱਗੀ, ਮੈਂ ਰਾਜ਼ੀ ਨਾ ਹੋਇਆ।

ਲੀਨਾ ਨੇ ਫਾਇਰ ਪਲੇਸ ਵਾਲੇ ਰੂਮ ਨੂੰ ਬੱਚਿਆਂ ਦਾ ਪਲੇਅ ਰੂਮ ਬਣਾਉਣਾ ਸੀ। ਉਹ ਕਿਹਾ ਕਰਦੀ ਸੀ ਕਿ ਜਦੋਂ ਬੱਚੇ ਯੂਨੀਵਰਸਿਟੀ ਚਲੇ ਗਏ ਤਾਂ ਆਪਾਂ ਇਹਨੂੰ ਰੀਡਿੰਗ ਰੂਮ ਬਣਾ ਲੈਣਾ। ਜਸਟ ਦਾ ਟੂ ਔਫ ਅੱਸ...

ਲੀਨਾ ਦੀ ਗੱਲ ਸੱਚ ਹੋ ਗਈ, ਅਸੀਂ ਦੋਨੋਂ ਹੀ ਤਾਂ ਸਾਂ। ਸਾਇਕੈਟਰਿਸਟ ਵੀ ਕਹਿੰਦੀ ਸੀ, ਸੁਨਾਮੀ ਬਾਰੇ ਸੋਚੋ। ਲੋਕ ਬੀਚ 'ਤੇ ਬੈਠੇ ਜਸ਼ਨ ਮਨਾ ਰਹੇ ਹੋਣ, ਅਚਾਨਕ ਸਮੁੰਦਰ ਖੌਲਦਾ ਹੋਇਆ ਉਹਨਾਂ ਉੱਪਰ ਚੜ੍ਹ ਆਵੇ, ਸਭ ਕੁਝ ਰੋੜ੍ਹ ਕੇ ਲੈ ਜਾਵੇ। ਉਨ੍ਹਾਂ 'ਚੋਂ ਕੋਈ ਦਰੱਖਤ ਨੂੰ ਚਿੰਬੜ ਕੇ ਫੇਰ ਵੀ ਬਚ ਜਾਵੇ, ਕੁਝ ਇਸ ਤਰ੍ਹਾਂ ਹੀ ਬਚੇ ਹੋਏ ਹੋ ਤੁਸੀਂ।

ਕੁਝ ਦਿਨਾਂ ਬਾਅਦ ਹੀ ਲੀਨਾ ਦੇ ਮਨ 'ਚ ਪਤਾ ਨਹੀਂ ਕੀ ਆਇਆ, ਉਹ ਨਵਜੋਤ ਨੂੰ ਮਿਲਣ ਚਲੀ ਗਈ। ਉਸ ਨੂੰ ਗਰੋਸਰੀ ਵੀ ਕਰਵਾ ਲਿਆਈ। ਦੱਸ ਰਹੀ ਸੀ, "ਕਿੰਨਾ ਸੋਚ ਸਮਝ ਕੇ ਖਰਚ ਕਰਦੇ ਨੇ ਇਹ ਸਟੂਡੈਂਟ, ਨਵਜੋਤ ਨੇ ਤਾਂ ਮੈਨੂੰ ਗਰੋਸਰੀ ਦਾ ਪੇਅ ਵੀ ਨਈਂ ਕਰਨ ਦਿੱਤਾ।"

ਨਵਜੋਤ ਆਪਣੇ ਵੱਡੇ ਅਟੈਚੀਆਂ ਸਮੇਤ ਸਾਡੇ ਘਰ ਆ ਗਈ। ਉਸ ਦਿਨ ਲੀਨਾ ਫੇਰ ਗੁੱਛਾ ਮੁੱਛਾ ਹੋਈ ਪਈ। ਰੂਮ 'ਚ ਘੁੱਪ ਹਨੇਰਾ, ਸਾਰਾ ਘਰ ਅਸਤ ਵਿਅਸਤ। ਨਵਜੋਤ ਉਸ ਦੇ ਕੋਲ ਬੈਠੀ ਰਹੀ। ਜਦੋਂ ਉਸਨੇ ਉੱਠ ਕੇ ਥੋੜ੍ਹੇ ਜਿਹੇ ਪਰਦੇ ਖੋਲ੍ਹੇ, ਲੀਨਾ ਭੱਜ ਕੇ ਪਈ, "ਸਟੌਪ ਇਟ, ਮੈਨੂੰ ਚਾਨਣ ਨਈਂ ਚਾਹੀਦਾ", ਨਵਜੋਤ ਆਪਣੇ ਕੰਨਾਂ ਨੂੰ ਹੱਥ ਲਗਾ ਕੇ ਸੌਰੀ ਆਖ ਰਹੀ ਸੀ।

ਮੈਂ ਨਵਜੋਤ ਦੇ ਰੂਮ 'ਚ ਡੈਸਕ, ਟੇਬਲ ਲੈਂਪ 'ਤੇ ਟੀਵੀ ਰੱਖ ਦਿੱਤਾ। ਉਹ ਕੰਮ ਕਾਰ ਖਤਮ ਕਰ ਕੇ ਆਪਣੇ ਕਮਰੇ 'ਚ ਹੀ ਬੈਠੀ ਰਹਿੰਦੀ। ਉਸਦੀ ਕੋਈ ਚੀਜ਼ ਵੀ ਇੱਧਰ ਉੱਧਰ ਖਿੱਲਰੀ ਨਾ ਦਿੱਸਦੀ। ਹੌਲ਼ੀ ਹੌਲ਼ੀ ਉਹ ਲੀਨਾ ਦੀ 'ਘੜੀ 'ਚ ਤੋਲ਼ਾ ਘੜੀ 'ਚ ਮਾਸਾ' ਵਾਲੀ ਹਾਲਤ ਨੂੰ ਸਮਝਣ ਲੱਗ ਪਈ।

ਉਹ ਲੀਨਾ ਦਾ ਸਿਰ ਦਬਾਉਂਦੀ ਕਹਿ ਰਹੀ ਸੀ, "ਦੀਦੀ! ਤੁਸੀਂ ਮੈਨੂੰ ਓਪਰਾ ਨਾ ਸਮਝੋ... ਮੈਨੂੰ ਹਾਲੇ ਐਥੋਂ ਦੇ ਤੌਰ ਤਰੀਕੇ ਪੂਰੀ ਤਰ੍ਹਾਂ ਨਹੀਂ ਆਉਂਦੇ ਪਰ ਤੁਹਾਡੀ ਕੇਅਰ ਤਾਂ ਕਰ ਸਕਦੀ ਆਂ। ਤੁਸੀਂ ਮੈਨੂੰ ਨਵੀ ਕਿਹਾ ਕਰੋ। ਮੇਰੀ ਚਾਚੀ ਕਹਿੰਦੀ ਹੁੰਦੀ ਐ, ਦੁੱਖ ਤਾਂ ਵੰਡਿਆਂ ਈ ਘਟਦੈ। ਸਾਡੀ ਜੁਆਇੰਟ ਫੈਮਿਲੀ ਐ ਦੀਦੀ, ਅਸੀਂ ਨੀ ਕਿਸੇ ਜੀਅ ਨੂੰ ਦੁੱਖ 'ਚ ਇਕੱਲਾ ਛੱਡਦੇ"

"ਯੂ ਡੋਂਟ ਹੈਵ ਟੂ... ਆਈ ਆਮ ਫਾਈਨ" ਲੀਨਾ ਨੇ ਉਸਦੀ ਬਾਂਹ ਘੁੱਟ ਕੇ ਆਖਿਆ।

"ਯੇਹ ਤੋਂ ਹਮਾਰੀ ਮੁਹੱਬਤ ਹੈ ਦੀਦੀ", ਉਹ ਹੁਲਾਸ 'ਚ ਬੋਲੀ।

ਨਵੀ ਦੀਆਂ ਗੱਲਾਂ ਮੇਰਾ ਬੜਾ ਧੀਰ ਬੰਨ੍ਹਾਉਂਦੀਆਂ। ਨਿੱਕੀ ਜਿਹੀ, ਗੋਲ਼ ਮਟੋਲ ਕੁੜੀ ਦਾਦੀ

ਵਾਂਗ ਗੱਲਾਂ ਮਾਰਦੀ, ਲੀਨਾ ਦੀ ਪਰਕਰਮਾ ਕਰਦੀ ਰਹਿੰਦੀ। ਲੀਨਾ ਦੀ ਵੀ ਰੂਹ ਜਿਹੀ ਰਮ ਗਈ ਸੀ ਉਸ ਨਾਲ। ਇਕ ਵਾਰ ਨਵੀ ਨੂੰ ਫੋਨ ‘ਤੇ ਕਹਿੰਦੇ ਸੁਣਿਆ, "ਮੰਮੀ, ਮੈਨੂੰ ਲਗਦੈ ਦੀਦੀ ਹੁਣ ਠੀਕ ਹੋ ਰਹੇ ਨੇ, ਮੇਰੇ ਨਾਲ ਦੁਖ ਸੁਖ ਵੀ ਕਰ ਲੈਂਦੇ ਨੇ।"

ਅਸੀਂ ਇਕੱਠੇ ਡਿਨਰ ਕਰਦੇ। ਨਵੀ ਨੂੰ ਪਾਸਤਾ, ਪੀਜ਼ਾ ਬਣਾਉਣਾ ਸਿਖਾਉਂਦੇ। ਉਹ ਸਾਡੇ ਲਈ ਦਾਲ਼ਾਂ ਸਬਜ਼ੀਆਂ ਬਣਾਉਂਦੀ। ਉਸ ਨੂੰ ਪੌਕਟ ਮਨੀ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਨਹੀਂ ਲਈ। ਕਹਿੰਦੀ, ਤੁਸੀਂ ਕਿਰਾਇਆ ਨਹੀਂ ਲੈਂਦੇ, ਹਿਸਾਬ ਬਰਾਬਰ।

ਇਕ ਸ਼ਾਮ ਅਸੀਂ ਬੈਠੇ ਗਰੀਨ ਟੀਅ ਪੀ ਰਹੇ ਸਾਂ। ਮੈਂ ਨਵੀ ਨੂੰ ਪੁੱਛਿਆ, "ਹੁਣ ਤਕ ਦਾ ਕੈਨੇਡਾ ਦਾ ਐਕਸਪੀਰੀਐਂਸ ਕਿਵੇਂ ਰਿਹਾ?"

ਨਵੀ ਨੇ ਲੰਮਾ ਸਾਹ ਖਿੱਚਿਆ। ਦੱਸਣ ਲੱਗੀ, ਬਰੈਂਪਟਨ ਮੈਂ ਜਿਹੜੇ ਪਰਿਵਾਰ ਕੋਲ਼ ਆਈ ਸੀ ਉਹ ਸਾਡੇ ਦੂਰ ਦੇ ਰਿਸ਼ਤੇਦਾਰ ਨੇ। ਬਹੁਤਾ ਖੁਸ਼ ਨਹੀਂ ਸਨ ਉਹ ਮੇਰੇ ਆਉਣ ‘ਤੇ ਪਰ ਮੈਂ ਕਈ ਜ਼ਿੰਮੇਵਾਰੀਆਂ ਆਉਂਦੇ ਹੀ ਆਪਣੇ ਉੱਪਰ ਲੈ ਲਈਆਂ। ਬੱਚਿਆਂ ਦੀ ਸਾਂਭ ਸੰਭਾਲ, ਹੋਮਵਰਕ, ਖਾਣਾ ਖੁਆਉਣ ਦਾ ਕੰਮ। ਟਰੱਕਾਂ ਦਾ ਕੰਮ ਐ ਉਨ੍ਹਾਂ ਦਾ, ਹਫਤੇ ਭਰ ਦਾ ਖਾਣਾ ਨਾਲ ਲੈ ਕੇ ਜਾਂਦੇ, ਮੈਂ ਬਣਾ ਕੇ ਦਿੰਦੀ। ਉਹ ਬੱਚਿਆਂ ਸਾਹਮਣੇ ਹੀ ਝਿੜਕਾਂ ਮਾਰਨ ਲੱਗ ਜਾਂਦੇ ਜੇ ਮੇਰੇ ਕੋਲ਼ੋਂ ਕੋਈ ਲਾਈਟ ਵੀ ਔਨ ਰਹਿ ਜਾਂਦੀ। ਲੱਗਦਾ ਸੀ ਜਿਵੇਂ ਦੂਰ ਦੇ ਰਿਸ਼ਤੇਦਾਰ ਹੋਰ ਵੀ ਦੂਰ ਦੇ ਹੋ ਗਏ ਹੋਣ", ਉਸਦੇ ਬੋਲ ਥਿੜਕਦੇ ਜਾ ਰਹੇ ਸਨ। ਥੋੜ੍ਹਾ ਸੰਭਲ ਕੇ ਫੇਰ ਘੱਗੀ ਜਿਹੀ ਆਵਾਜ਼ 'ਚ ਬੋਲੀ, "ਤੁਸੀਂ ਯਕੀਨ ਨਹੀਂ ਕਰਨਾ, ਬੱਚੇ ਵੀ ਮੇਰੇ ਨਾਲ ਉਸੇ ਤਰ੍ਹਾਂ ਬੀਹੇਵ ਕਰਨ ਲੱਗੇ। ਉਹ ਬਰੱਸ਼ ਕਰਦੇ ਕਰਦੇ ਮੇਰੇ ਉੱਪਰ ਥੁੱਕ ਦਿੰਦੇ ਤੇ ਉੱਪਰੋਂ ਹੱਸਦੇ।"

ਲੀਨਾ ਨੇ ਉੱਠ ਕੇ ਉਸਦੀਆਂ ਅੱਖਾਂ ਪੂੰਝੀਆਂ।

"ਤੁਹਾਡੇ ਕਾਲਿਜ ਨੇ ਦੀਵਾਲੀ ਦਾ 'ਡਿਨਰ ਐਂਡ ਡਾਂਸ' ਰੱਖਿਆ ਹੋਇਐ, ਸਾਡੇ ਕਰੂਅ ਨੇ ਰਿਕਾਰਡਿੰਗ ਲਈ ਆਉਣੈ", ਮੈਂ ਗੱਲ ਦਾ ਵਿਸ਼ਾ ਬਦਲਦਿਆਂ ਆਖਿਆ।

"ਹਾਏ, ਸੱਚੀਂ ਭਾਅ ਜੀ? ਤੁਸੀਂ ਆਓਗੇ? ਮੇਰੀ ਤਾਂ ਟੌਹਰ ਬਣ ਜੂ।" ਉਹ ਖਿੜ ਗਈ।

ਲੀਨਾ ਦੀਆਂ ਸਹੇਲੀਆਂ ਨਵੀ ਲਈ ਕੋਈ ਨਾ ਕੋਈ ਗਿਫਟ ਜ਼ਰੂਰ ਲਿਆਉਂਦੀਆਂ। ਮੈਂ ਵੀ ਜਦੋਂ ਘਰ ਆਉਂਦਾ ਤਾਂ ਦੋਨੋਂ ਜਣੀਆਂ ਜਾਂ ਤਾਂ ਸੈਰ ਲਈ ਗਈਆਂ ਹੁੰਦੀਆਂ ਜਾਂ ਕਿਚਨ 'ਚ ਹੁੰਦੀਆਂ। ਗੈਰਾਜ ਵਿਚ ਦੋਹਾਂ ਨੇ ਕੁਕਿੰਗ ਰੇਂਜ ਤੇ ਬੇਕਿੰਗ ਦਾ ਸੰਦਸੰਦੇੜਾ ਇਕੱਠਾ ਕਰ ਲਿਆ ਸੀ। ਕੈਰੇਟ ਕੇਕ ਤੇ ਪੇਸਟਰੀਆਂ ਬਣਨ ਲੱਗੀਆਂ। ਅੱਜ ਤਾਂ ਮੇਰੀ ਫੇਵਰਟ 'ਰੁਬਾਰਬ ਪਾਈ' ਬਣਾਈਂ ਬੈਠੀਆਂ ਸਨ।

"ਅਸੀਂ ਤਾਂ ਤੁਹਾਨੂੰ ਸਰਪਰਾਈਜ਼ ਦੇਣਾ ਸੀ...ਤੁਸੀਂ ਛੇਤੀ ਆ ਗਏ", ਲੀਨਾ ਬੋਲੀ।

"ਤੂੰ ਆਰਾਮ ਵੀ ਕਰ ਲਿਆ ਕਰ...ਹੁਣ ਤਾਂ ਥੋੜ੍ਹਾ ਠੀਕ ਹੋਣ ਲੱਗੀ ਏਂ।"

"ਮੈਨੂੰ ਤਾਂ ਕੋਈ ਕੰਮ ਕਰਨ ਹੀ ਨਹੀਂ ਦਿੰਦੀ ਇਹ ਕੁੜੀ... "

ਲੀਨਾ ਨੇ 'ਪਾਈ' ਦਾ ਪੀਸ ਤੇ ਭਾਫਾਂ ਛੱਡਦੀ ਚਾਹ ਮੇਰੇ ਅੱਗੇ ਰੱਖਦਿਆਂ ਫੇਰ ਆਖਿਆ, "ਫਾਰਮਰਜ਼ ਮਾਰਕੀਟ ਤੋਂ ਬੇਕਰੀ ਦੇ ਔਰਡਰ ਆਉਣ ਲੱਗ ਪਏ ਨੇ, ਅਸੀਂ ਵੀ ਉੱਥੇ ਸਟਾਲ ਲਾ ਲੈਣਾ"

"ਯਾਨੀ ਕਿ ਬਿਜ਼ਨਸ ਸ਼ੁਰੂ ਹੋ ਰਿਹੈ", ਮੈਂ ਹੱਸਦਿਆਂ ਆਖਿਆ।

ਲੀਨਾ ਨੇ ਜੇਤੂ ਅੰਦਾਜ਼ 'ਚ ਅੰਗੂਠਾ ਖੜ੍ਹਾ ਕੀਤਾ ਤੇ ਬੋਲੀ, "ਵੀਹ ਘੰਟੇ ਤਾਂ ਮੈਂ ਨਵੀ ਨੂੰ ਦੇ ਦਿਆਂਗੀ, ਜਿੰਨੇ ਕੁ ਸਟੂਡੈਂਟ ਨੂੰ ਅਲਾਊਡ ਨੇ।"

ਮੈਂ ਨਵੀ ਵੱਲ ਤੱਕਿਆ, ਉਹ ਚੁੱਪ ਚਾਪ ਕਾਊਂਟਰ ਤੋਂ ਬਰਤਨ ਚੁੱਕ ਕੇ ਅਲਮਾਰੀ 'ਚ ਰੱਖ ਰਹੀ ਸੀ। ਲੀਨਾ ਦੱਸਣ ਲੱਗੀ, "ਮੈਂ ਝਿੜਕਾਂ ਮਾਰੀਐਂ ਇਹਨੂੰ...ਅੱਜ ਠੰਡ ਸੀ, ਇੰਡੀਆ ਵਾਲੀ ਪਤਲੀ ਜਿਹੀ ਕੋਟੀ ਪਾ ਕੇ ਕਾਲਿਜ ਜਾਣ ਲੱਗੀ ਸੀ। ਮੈਂ ਕਿਹਾ, ਮੇਰੀਆਂ ਏਨੀਆਂ ਜੈਕਟਾਂ ਪਈਆਂ ਨੀ ਦਿਸਦੀਆਂ ਤੈਨੂੰ?"

ਨਵੀ ਦਾ ਹਾਸਾ ਨਿਕਲ ਗਿਆ। ਮੈਂ ਵੀ ਹੱਸਦਿਆਂ ਲੀਨਾ ਨੂੰ ਆਖਿਆ, "ਤੈਨੂੰ ਡਰ ਐ ਕਿ ਜੇ ਕੁੜੀ ਬਿਮਾਰ ਪੈ ਗਈ ਤਾਂ ਸਾਨੂੰ ਕੜ੍ਹੀ ਚੌਲ ਕੌਣ ਖਵਾਊ।"

"ਨਾਲੇ ਮੈਨੂੰ ਸੈਰ ਲਈ ਕੌਣ ਖਿੱਚੂ...", ਲੀਨਾ ਨਵੀ ਨੂੰ ਧੱਫਾ ਜਿਹਾ ਮਾਰ ਕੇ ਹੱਸੀ।

ਕਿਚਨ ਦੀ ਖਿੜਕੀ 'ਚੋਂ ਮੇਰੀ ਨਜ਼ਰ ਸਿਰ ਕੱਢ ਰਹੇ ਸਬਜ਼ੀਆਂ ਦੇ ਬੂਟਿਆਂ 'ਤੇ ਪਈ। ਮੈਂ ਦਰਵਾਜ਼ਾ ਖੋਲ੍ਹ ਕੇ ਬਾਹਰ ਜਾਣ ਹੀ ਲੱਗਾ ਸਾਂ, ਲੀਨਾ ਬੋਲੀ, "ਹੁਣ ਬੇਸਮੈਂਟ ਵੀ ਠੀਕ ਕਰਵਾ ਹੀ ਲਈਏ...ਜੁਆਕਾਂ ਦੇ ਚਾਰ ਪੈਸੇ ਬਣ ਜਾਣਗੇ।"

"ਗੁੱਡ ਆਈਡੀਆ! ਕਰਦਾਂ ਹੁਣੇ ਫੋਨ...ਫਰਾਈਡੇ ਸ਼ਾਮੀਂ ਆ ਜਾਣਗੇ।

"ਨਵੀ ਆਪਣੀਆਂ ਸਹੇਲੀਆਂ ਨੂੰ ਵੀ ਬੁਲਾਉਣਾ ਚਾਹੁੰਦੀ ਐ...ਕਹਿੰਦੀ ਮੈਗੀ ਨੂਡਲ ਖਾ ਖਾ ਕੇ ਤੰਗ ਆਈਆਂ ਪਈਐਂ," ਲੀਨਾ ਬੋਲੀ।

ਮੁੰਡੇ ਸਹੀ ਟਾਈਮ 'ਤੇ ਪਹੁੰਚ ਗਏ। ਇਕ ਨੇ ਗਿਫਟ ਬੈਗ ਚੁੱਕਿਆ ਹੋਇਆ। "ਭਾਅ ਜੀ ਇਹ ਤੁਹਾਡੇ ਲਈ...ਗੋਰੀ ਬੇਬੇ ਨੇ ਘਾਹ ਕਟਵਾਇਆ ਸੀ, ਨਾਲੇ ਪੈਸੇ ਦਿੱਤੇ ਨਾਲੇ ਬੋਤਲ। ਕਹਿੰਦੀ, ਇਹ ਬਰਫ਼ 'ਚ ਲਾ ਕੇ ਠੰਡੀ ਕਰੀਦੀ ਐ ਪਹਿਲਾਂ।"

ਮੈਂ ਥੈਂਕਯੂ ਆਖ ਸ਼ੈਂਪੇਨ ਦੀ ਬੋਤਲ ਫਰਿੱਜ 'ਚ ਰੱਖ ਦਿੱਤੀ। ਥੋੜ੍ਹੀ ਦੇਰ ਬਾਅਦ ਕੁੜੀਆਂ ਵੀ ਆ ਗਈਆਂ। ਸਨੈਕਸ ਦੇ ਨਾਲ ਨਾਲ ਗੱਲਬਾਤ ਚੱਲਦੀ ਰਹੀ। ਮੈਂ ਮੁੰਡਿਆਂ ਨੂੰ ਬੇਸਮੈਂਟ ਦਿਖਾਉਣ ਹੇਠਾਂ ਲੈ ਗਿਆ।

"ਦੱਸੋ, ਕਦੋਂ ਸ਼ੁਰੂ ਕਰੀਏ ਭਾਅ ਜੀ, ਸਕਿਊਰਿਟੀ ਦਾ ਕੰਮ ਹਾਲੇ ਬੰਦ ਪਿਐ" ਇਕ ਬੋਲਿਆ।

"ਮੈਂ ਵੀ ਲੋਡਿੰਗ ਦੇ ਕੰਮ 'ਤੇ ਦੋ ਦਿਨ ਹੀ ਜਾਨਾ ਵਾਂ, ਰਾਈਡ ਦੇਣ ਦਾ ਕੰਮ ਮਿਲ ਜਾਂਦੈ ਮਾੜਾ ਮੋਟਾ", ਇਕ ਹੋਰ ਆਵਾਜ਼ ਆਈ।

ਅਸੀਂ ਹਾਰਡਵੁੱਡ ਫਲੋਰ ਦੀਆਂ ਗਿਣਤੀਆਂ ਮਿਣਤੀਆਂ ਕਰ ਕੇ ਫੇਰ ਉੱਪਰ ਆ ਗਏ। ਜਸਰਾਜ ਨੇ ਸ਼ਰਾਰਤੀ ਨਜ਼ਰਾਂ ਨਾਲ ਨਵੀ ਵੱਲ ਤੱਕਦਿਆਂ ਆਖਿਆ, "ਬੇਸਮੈਂਟ 'ਚ ਪਲੇਅ ਏਰੀਆ ਹੁਣੇ ਬਣਾ ਦੇਣੈ, ਅਸੀਂ ਤਾਂ ਆਪਣੇ ਬੱਚਿਆਂ ਨੂੰ ਏਥੇ ਛੱਡ ਕੇ ਘੁੰਮਣ ਫਿਰਨ ਚਲੇ ਜਾਇਆ ਕਰਨੈ"

"ਮੰਨ ਗਏ ਬਈ ਥੋਨੂੰ, ਬੜੀ ਲੰਮੀ ਸੋਚਦੇ ਓ", ਲੀਨਾ ਨੇ ਵੀ ਨਵੀ ਵੱਲ ਤੱਕ ਕੇ ਆਖਿਆ।

ਨਵੀ ਨੂੰ ਹੋਰ ਸੁੱਝੀ, "ਦੇਖ ਲਓ, ਹੁਣ ਤੁਸੀਂ ਕਿੰਨਿਆਂ ਦੇ ਮਾਪੇ ਓ...ਨਈਂ ਤਾਂ ਦੋ ਕੁ ਦੇ ਹੀ ਹੋਣਾ ਸੀ।"

ਸ਼ਾਮੀ ਥੋੜ੍ਹੀ ਠੰਡ ਜ਼ਰੂਰ ਹੋ ਗਈ ਸੀ ਪਰ ਸਭ ਨੂੰ ਬੜਾ ਹੀ ਚਾਅ ਸੀ। ਜਵਾਕ ਪਹਿਲੀ ਵਾਰ ਬਾਰਬੀਕਿਊ ਪਾਰਟੀ 'ਤੇ ਆਏ ਸਨ।

"ਦੀਦੀ! ਅਸੀਂ ਅਗਲੇ ਵੀਕੈਂਡ ਤੁਹਾਡੇ ਲਈ ਡਿਨਰ ਬਣਾਵਾਂਗੇ", ਇਕ ਕੁੜੀ ਕਹਿ ਰਹੀ ਸੀ।

"ਦੀਦੀ ਇਹ ਸਕਾਰਫ਼ ਮੈਂ ਇੰਡੀਆ ਤੋਂ ਲਿਆਈ ਸੀ...", ਦੂਜੀ ਨੇ ਪਰਸ 'ਚੋਂ ਲਿਫਾਫਾ ਕੱਢ ਕੇ ਲੀਨਾ ਨੂੰ ਫੜਾਇਆ। ਲੀਨਾ ਨੇ ਸਕਾਰਫ਼ ਗਲ਼ ਦੁਆਲੇ ਲਪੇਟ ਕੇ ਉਸ ਨੂੰ ਜੱਫੀ ਪਾਈ।

ਡਿਨਰ ਤੋਂ ਬਾਅਦ ਰਾਤ ਡੂੰਘੀ ਹੋਣ ਤਕ ਅਸੀਂ ਪਰਿਵਾਰਕ ਮਾਹੌਲ ਦਾ ਆਨੰਦ ਮਾਣਦੇ ਰਹੇ। ਫੇਰ ਉਹ ਲੰਮੀ ਵਾਰਤਾ ਛਿੜੀ ਜਿਸ ਵਿਚੋਂ ਅਸੀਂ ਲੰਘੇ ਸਾਂ।

ਇਕ ਵਾਰ ਤਾਂ ਸਾਰੇ ਸੁੰਨ ਹੋ ਗਏ। ਫੇਰ ਇਕ ਜੁਆਕ ਬੋਲਿਆ, "ਇੰਡੀਆ 'ਚ ਤਾਂ ਕੋਰਪੋਰੇਟ ਨੌਕਰੀਆਂ ਲਈ ਕੁੜੀਆਂ ਨੂੰ ਹਰ ਤਰ੍ਹਾਂ ਦੇ ਲਾਲਚ ਦਿੱਤੇ ਜਾਂਦੇ ਨੇ... ਲੰਮੇ ਸਮੇਂ ਲਈ ਜੌਬ ਕੰਟਰੈਕਟ ਸਾਈਨ ਕਰਨ ਲਈ ਦਬਾਅ ਪਾਇਆ ਜਾਂਦੈ। ਕੁੜੀਆਂ ਨੂੰ ਆਪਣੇ ਅੰਡੇ ਫਰੀਜ਼ ਕਰਾਉਣ ਲਈ ਕਿਹਾ ਜਾਂਦੈ ਤਾਂ ਕਿ ਉਹ ਪਰਿਵਾਰਕ ਜ਼ਿੰਮੇਵਾਰੀਆਂ ਵਿਚ ਨਾ ਉਲਝਣ। ਕੰਪਨੀਆਂ ਜੋਗੀਆਂ ਹੀ

ਰਹਿਣ। ਸਾਰਾ ਡਾਕਟਰੀ ਖਰਚਾ ਚੁੱਕਣ ਲਈ ਵੀ ਕੰਪਨੀਆਂ ਤਿਆਰ ਹੁੰਦੀਐਂ।"

"ਮੁਨਾਫ਼ਾਖੋਰੀ ਦੀ ਵੀ ਕੋਈ ਹੱਦ ਹੁੰਦੀ ਐ, ਕੰਪਨੀਆਂ ਨੇ ਤਾਂ ਸ਼ਰਮ ਲਾਹੀ ਹੋਈ ਹੈ। ਕੁੜੀਆਂ ਨੂੰ ਵੀ ਸਮਝ ਚਾਹੀਦੀ ਐ ਕਿ ਉਹ ਚਲਾਕੀਆਂ 'ਚ ਨਾ ਆਉਣ", ਨਵੀ ਕਿਸੇ ਐਕਟੀਵਿਸਟ ਵਾਂਗ ਬੋਲ ਰਹੀ ਸੀ।

ਗੱਲਾਂ ਬਾਤਾਂ ਚੱਲਦੀਆਂ ਰਹੀਆਂ, ਟਾਈਮ ਵੀ ਕਾਫ਼ੀ ਹੋ ਚੁੱਕਾ ਸੀ। ਜੁਆਕਾਂ ਨੇ ਸਾਰਾ ਸਾਮਾਨ ਟਿਕਾਣੇ ਸਿਰ ਰੱਖਿਆ, ਕਿਚਨ ਦੀ ਸਫਾਈ ਕਰਨ ਤੋਂ ਬਾਅਦ ਉਹ ਚਲੇ ਗਏ। ਨਵੀ ਵੀ 'ਗੁੱਡ ਨਾਈਟ' ਆਖ ਪੌੜੀਆਂ ਚੜ੍ਹਨ ਲੱਗੀ।

ਅਸੀਂ ਦੋਨੋਂ ਲਿਵਿੰਗ ਰੂਮ 'ਚ ਬੈਠੇ ਰਿਮੋਟ 'ਤੇ ਚੈਨਲਾਂ ਨੱਪ ਰਹੇ ਸਾਂ। ਕੁਝ ਦੇਰ ਬਾਅਦ ਲੀਨਾ ਬੋਲੀ, "ਜੁਆਕਾਂ ਨੂੰ ਵੀ ਪਤੈ ਦੁਨੀਆਂ ਕਿਹੋ ਜਿਹਾ ਬਾਜ਼ਾਰ ਬਣ ਗਈ ਐ।"

"ਇਹਨਾਂ 'ਚੋਂ ਕਈ ਤਾਂ ਕਾਫ਼ੀ ਪੜ੍ਹਨ ਲਿਖਣ ਵਾਲੇ ਨੇ। ਕੋਰਪੋਰੇਟ ਸੈਕਟਰ ਦੀਆਂ ਠੱਗੀਆਂ, ਝਾਂਸਿਆਂ ਬਾਰੇ ਚੰਗੀ ਤਰ੍ਹਾਂ ਜਾਣਦੇ ਨੇ।"

ਲੀਨਾ ਨੇ ਰਿਮੋਟ ਮੇਰੇ ਹੱਥੋਂ ਲੈ ਕੇ ਟੀਵੀ ਬੰਦ ਕਰ ਦਿੱਤਾ। ਕਹਿਣ ਲੱਗੀ, "ਮੇਰੇ ਦਿਮਾਗ਼ 'ਚ ਵੀ ਕਈ ਵਾਰ ਆਉਂਦੈ, ਕਲਿਨਿਕ ਨੇ ਸਾਨੂੰ ਕਾਫੀ ਲੁੱਟਿਆ। ਜਨੈਟਿਕ ਸਕਰੀਨਿੰਗ, ਐੱਗ ਐਕਟੀਵੇਸ਼ਨ ਆਪੇ ਕਰਕੇ ਰੱਖਤੀ, ਸਾਨੂੰ ਬਿਨਾਂ ਪੁੱਛੇ। ਬਿੱਲ ਬਣਾ ਕੇ ਅੱਗੇ ਧਰਤਾ।"

"ਮੈਂ ਤੈਨੂੰ ਦੱਸਿਆ ਨਈਂ ਤੂੰ ਅਪਸੈੱਟ ਹੋਏਂਗੀ...ਟੈਕਨੀਸ਼ੀਅਨ ਦੱਸ ਰਿਹਾ ਸੀ ਕਿ ਐਂਬਰੀਓਜ਼ ਫਰੀਜ਼ ਕਰਨ ਦਾ ਖਰਚਾ ਤਾਂ ਦਸ ਡਾਲਰ ਵੀ ਨਹੀਂ ਹੁੰਦਾ। ਉਹ ਸਾਡੇ ਵਰਗਿਆਂ ਤੋਂ ਪੰਜ ਸੌ ਡਾਲਰ ਸਾਲ ਦਾ ਝਾੜੀ ਜਾਂਦੇ ਨੇ।"

ਲੀਨਾ ਠੋਡੀ ਨੂੰ ਮਲ਼ਦੀ ਫੇਰ ਬੋਲੀ, "ਅਸੀਂ ਕਿਹੜਾ ਦੇਖ ਸਕਦੇ ਸਾਂ, ਕੀ ਕੀਤਾ ਕੀ ਨਹੀਂ..., ਨੰਗੀ ਅੱਖ ਨਾਲ ਤਾਂ ਐਂਬਰੀਓਜ਼ ਦਿੱਸਦੇ ਵੀ ਨਹੀਂ, ਦੂਰਬੀਨਾਂ 'ਚੋਂ ਡਾਕਟਰਾਂ ਨੂੰ ਹੀ ਦਿਸਦੇ ਨੇ। ਇਹ ਤਾਂ ਓਹੀ ਗੱਲ ਹੋਈ ਜਿਵੇਂ ਕਾਰ ਕਿਸੇ ਮਕੈਨਿਕ ਨੂੰ ਦੇ ਆਓ। ਅੱਗੋਂ ਉਹ ਆਪਣੇ ਹਿਸਾਬ ਨਾਲ ਪੈਸੇ ਲਗਾਈ ਬੈਠਾ ਹੋਵੇ। ਇਹਦਾ ਆਹ ਨਹੀਂ ਸੀ ਚੱਲਦਾ, ਔਹ ਖਰਾਬ ਸੀ।"

"ਐਗਜ਼ੈਕਟਲੀ, ਹੁਣ ਕਲਿਨਿਕ ਦਾ ਪਿਛਲਾ ਸਾਰਾ ਹਿਸਾਬ ਕਿਤਾਬ ਮੈਂ ਕਲੀਅਰ ਕਰਤਾ। ਯਾਦ ਐ, ਤੂੰ ਮੈਨੂੰ ਈਮੇਲ ਫੌਰਵਰਡ ਕੀਤੀ ਸੀ?"

ਕੁਝ ਰੁਕ ਕੇ ਮੈਂ ਫੇਰ ਆਖਿਆ, "ਰਵੀ ਦਾ ਫੋਨ ਆਇਆ ਸੀ। ਕਹਿੰਦਾ ਭਾਅ ਜੀ, ਇਕ ਵਾਰ ਟਰੀਟਮੈਂਟ ਫੇਰ ਲੈ ਲਵੋ। ਮੈਂ ਮਾਮਾ ਜ਼ਰੂਰ ਬਣੂੰਗਾ, ਸਾਰਾ ਖਰਚਾ ਮੇਰੇ ਵੱਲੋਂ।"

ਲੀਨਾ ਹੱਸ ਕੇ ਕਹਿਣ ਲੱਗੀ, "ਮਾਮਾ ਕਹਿਣ ਵਾਲਿਆਂ ਦੀ ਤਾਂ ਲਾਈਨ ਲੱਗੀ ਪਈ ਐ, ਆ ਕੇ ਤਾਂ ਵੇਖੇ। ਪੈਸੇ ਬਹੁਤੇ ਟੱਪਦੇ ਨੇ ਤਾਂ ਸਾਨੂੰ ਬਿਜ਼ਨਸ ਲਈ ਲੋਨ ਦੇ ਦੇਵੇ।"

ਉਹ ਸਕਾਰਫ਼ ਦੇ ਲੜ ਨੂੰ ਵੱਟ ਦਿੰਦੀ ਫੇਰ ਬੋਲੀ, "ਮੇਰੀ ਸਰੀਨਾ ਨਾਲ ਗੱਲ ਹੋਈ ਸੀ। ਕਹਿੰਦੀ, ਅਸੀਂ ਤਾਂ ਅਡੋਪਸ਼ਨ ਲਈ ਕੰਬੋਡੀਆ ਜਾ ਰਹੇ ਆਂ, ਕੈਨੇਡਾ 'ਚ ਤਾਂ ਵੇਟਿੰਗ ਲਿਸਟ ਬਹੁਤ ਲੰਮੀ ਐਂ।"

ਮੈਂ ਅੱਖਾਂ ਬੰਦ ਕਰਕੇ ਸਿਰ ਪਿੱਛੇ ਨੂੰ ਸੁੱਟ ਲਿਆ। ਬਿੰਦ ਕੁ ਠਹਿਰ ਕੇ ਆਖਿਆ, "ਉਹਨਾਂ ਦੀ ਗੱਲ ਛੱਡ। ਆਪਣੇ ਤਾਂ ਦੋ ਐਂਬਰੀਓਜ਼ ਹਾਲੇ ਪਏ ਨੇ। ਵ੍ਹਾਏ ਨੌਟ ਟਰਾਈ? ਬੱਸ ਇਕ ਵਾਰ..."

"ਮੈਂ ਜੋ ਕਰ ਸਕਦੀ ਸੀ, ਕਰ ਚੁੱਕੀ ਆਂ", ਲੀਨਾ ਉੱਠ ਖੜ੍ਹੀ ਹੋਈ।

ਮੈਂ ਬਾਂਹ ਫੜ ਕੇ ਫੇਰ ਬਿਠਾ ਲਿਆ ਤੇ ਕਿਹਾ, "ਚੱਲ ਨਾ ਸਹੀ...ਜੇ ਕਿਸੇ ਸਰੋਗੇਟ ਜਨਾਨੀ ਨੂੰ ਪੈਸੇ ਦੇ ਕੇ ਆਪਣੇ ਐਂਬਰੀਓਜ਼ ਵਰਤ ਲਈਏ?"

"ਓਹਦੀ ਕੀ ਲੋੜ ਐ? ਤੁਸੀਂ ਉਸ ਤੋਂ ਹੀ ਬੇਬੀ ਲੈ ਲਵੋ...ਵਾਰਿਸ ਚਾਹੀਦੈ ਨਾ ਤੁਹਾਨੂੰ?" ਉਹ ਪਾੜ ਖਾਣੀਆਂ ਨਜ਼ਰਾਂ ਨਾਲ ਮੇਰੇ ਵੱਲ ਝਾਕੀ। ਮੇਰੇ ਅੰਦਰ ਤੌਖਲੇ ਨੇ ਸਿਰ ਚੁੱਕਿਆ। ਇਕ ਵਾਰ ਤਾਂ ਗਲ਼ਾ ਸੁੱਕ ਗਿਆ ਸੀ। ਫੇਰ ਜਿਵੇਂ ਕਿਸੇ ਚੀਜ਼ ਦਾ ਘੁੱਟ ਜਿਹਾ ਭਰਦਾ ਮੈਂ ਫੇਰ ਬੋਲਿਆ,

"ਕਮ ਔਨ, ਯੂ ਡੋਂਟ ਅੰਡਰਸਟੈਂਡ...."

"ਔਫ਼ਕੋਰਸ ਆਈ ਡੂ...ਸਰੋਗੇਟ ਮਾਂ ਬੱਚੇ ਨੂੰ ਦੇਣ ਤੋਂ ਮੁੱਕਰ ਵੀ ਤਾਂ ਸਕਦੀ ਐ, ਕਦੀ ਸੋਚਿਐ ਤੁਸੀਂ? ਕੋਰਟ ਕਚਹਿਰੀਆਂ ਵੀ ਫੇਰ ਮਾਂ ਦੇ ਹੱਕ 'ਚ ਹੀ ਭੁਗਤਦੀਆਂ ਨੇ।"

ਮੈਂ ਗੱਲ ਨੂੰ ਅੱਗੇ ਵਧਾਉਣਾ ਠੀਕ ਨਾ ਸਮਝਿਆ, ਬੈੱਡਰੂਮ 'ਚ ਜਾਣ ਲਈ ਉੱਠ ਖੜ੍ਹਾ ਹੋਇਆ।

ਮੈਂ ਦੁਬਾਰਾ ਇਸ ਵਿਸ਼ੇ 'ਤੇ ਗੱਲ ਕਰਨ ਤੋਂ ਕਈ ਮਹੀਨੇ ਗੁਰੇਜ਼ ਕੀਤਾ। ਲੀਨਾ ਦੀ ਹਾਲਤ ਕੁਝ ਇਸ ਤਰ੍ਹਾਂ ਦੀ ਹੋ ਗਈ ਸੀ, ਵਾਲ਼ ਝੜ ਰਹੇ ਸਨ ਤੇ ਮੋਟਾਪਾ ਵਧ ਰਿਹਾ ਸੀ। ਕਈ ਵਾਰ ਓਵਨ 'ਚ ਚਿਕਨ ਰੱਖ ਕੇ ਭੁੱਲ ਜਾਂਦੀ, ਉਹ ਜਲ਼ ਜਾਂਦਾ। ਕਾਰ ਬਿਨਾਂ ਬੰਦ ਕੀਤੇ ਹੀ ਅੰਦਰ ਆ ਜਾਂਦੀ। ਕਿਚਨ 'ਚ ਟੂਟੀ ਚੱਲਦੀ ਰਹਿੰਦੀ, ਉਹਨੂੰ ਬੰਦ ਕਰਨਾ ਨਾ ਔੜਦਾ। ਇਕ ਰਾਤ ਖਾਣਾ ਖਾਂਦਿਆਂ ਉਸ ਨੇ ਨਵੀ ਨੂੰ ਪੁੱਛਿਆ, "ਤੂੰ ਮੇਰਾ ਲੌਕਟ ਤਾਂ ਨਹੀਂ ਪਿਆ ਦੇਖਿਆ ਕਿਤੇ?"

ਨਵੀ ਨੇ ਨਾਂਹ 'ਚ ਸਿਰ ਹਿਲਾਇਆ, ਬੁਰਕੀ ਉਸਦੇ ਮੂੰਹ 'ਚ ਹੀ ਰਹਿ ਗਈ। ਡੱਡਰੀ ਜਿਹੀ ਸਾਡੇ ਵੱਲ ਤੱਕਣ ਲੱਗੀ। "ਕੋਈ ਨੀ ਮਿਲ ਜਾਏਗਾ, ਐਥੇ ਈ ਕਿਤੇ ਹੋਣੈ", ਮੈਂ ਆਖਿਆ।

ਨਵੀ ਖਾਣਾ ਵਿਚਾਲ਼ੇ ਛੱਡ ਉੱਠ ਖੜ੍ਹੀ ਹੋਈ, ਪੌੜੀਆਂ ਚੜ੍ਹਨ ਲੱਗੀ।

ਸਾਡਾ ਵੀ ਖਾਣਾ ਛੁੱਟ ਗਿਆ। ਅਸੀਂ ਡਾਈਨਿੰਗ ਟੇਬਲ ਤੋਂ ਬਰਤਨ ਚੁੱਕ ਕੇ ਕਿਚਨ ਕਾਊਂਟਰ 'ਤੇ ਰੱਖਣ ਲੱਗੇ। ਘਰ ਚੁੱਪ ਜਿਹਾ ਹੋ ਗਿਆ। ਤਰਲੋਮੱਛੀ ਤਾਂ ਲੀਨਾ ਵੀ ਹੋਈ ਪਈ ਸੀ। ਉਹ ਮੈਨੂੰ ਬਾਂਹੋਂ ਫੜ ਕੇ ਪੌੜੀਆਂ ਵੱਲ ਖਿੱਚਣ ਲੱਗੀ। ਕਿੰਨੀ ਦੇਰ ਅਸੀਂ ਨਵੀ ਦਾ ਦਰਵਾਜ਼ਾ ਖੜਕਾਉਂਦੇ ਰਹੇ।

ਜਦੋਂ ਦਰਵਾਜ਼ਾ ਖੁੱਲ੍ਹਿਆ ਤਾਂ ਸਾਹਮਣੇ ਖੜ੍ਹੀ ਨਵੀ ਦੀਆਂ ਅੱਖਾਂ ਲਾਲ, ਚਿਹਰਾ ਹੰਝੂਆਂ ਨਾਲ ਭਿੱਜਿਆ ਹੋਇਆ। ਲੀਨਾ ਨੇ ਉਸ ਦੀਆਂ ਅੱਖਾਂ ਪੂੰਝੀਆਂ, ਵਾਲ ਪਿੱਛੇ ਕੀਤੇ। ਕਹਿਣ ਲੱਗੀ, "ਮੈਂ ਤਾਂ ਬੱਚੇ ਤੈਨੂੰ ਸਰਸਰੀ ਹੀ ਪੁੱਛਿਆ ਸੀ। ਜਿਵੇਂ ਕਿੰਨੀ ਵਾਰ ਪੁੱਛ ਲੈਂਦੀ ਹੁੰਨੀ ਆਂ, ਨਵੀ! ਮੇਰੀ ਕਾਰ ਦੀਆਂ ਚਾਬੀਆਂ ਦੇਖੀਆਂ ਤੂੰ..."

"ਮੈਂ ਤੁਹਾਡੀ ਕੋਈ ਚੀਜ਼ ਬਿਨਾਂ ਪੁੱਛੇ ਕਿਉਂ ਲਵਾਂਗੀ? ਕਿਰਤੀ ਬਾਪ ਦੀ ਧੀ ਆਂ। ਖੇਤਾਂ 'ਚੋਂ ਉੱਠ ਕੇ ਆਈ ਆਂ...ਬਾਪ ਵਰਗਾ ਸਬਰ ਸਿਦਕ ਮੇਰੇ ਅੰਦਰ ਵੀ ਪਿਐ। ਤੁਸੀਂ ਤਾਂ ਝੱਟ ਪਰਾਈ ਕਰਤਾ..."

ਮੈਂ ਗੱਲ ਮੁਕਾਉਣੀ ਚਾਹੀ, "ਵੁਈ ਆਰ ਸੌਰੀ ਨਵੀ। ਤੂੰ ਵੀ ਆਪਣੇ ਦਿਲ 'ਤੇ ਹੱਥ ਰੱਖ ਕੇ ਦੱਸ ਕਿ ਤੈਨੂੰ ਸੱਚੀਂ ਲੀਨਾ ਇਸ ਤਰ੍ਹਾਂ ਦੀ ਲੱਗਦੀ ਐ?"

ਮੈਂ ਲੀਨਾ ਦੇ ਮੋਢੇ ਤੋਂ ਬਾਂਹ ਵਗਲ਼ੀ। ਨਵੀ ਦਾ ਚਿਹਰਾ ਨਰਮ ਹੁੰਦਿਆਂ ਵੇਖ ਮੈਂ ਜ਼ੋਰ ਦੇ ਕੇ ਕਿਹਾ, "ਲੀਨਾ ਇਸ ਤਰ੍ਹਾਂ ਦੀ ਨਈਂ ਹੈਗੀ... ਸ਼ੀ ਇਜ਼ ਏ ਵੰਡਰਫੁਲ ਪਰਸਨ।"

ਸਾਨੂੰ ਉਥੇ ਖੜ੍ਹੇ ਛੱਡ ਕੇ ਨਵੀ ਪੌੜੀਆਂ ਉਤਰਦੀ ਬੁੜਬੁੜਾ ਰਹੀ ਸੀ, "ਦੇਖਦੀ ਆਂ ਜਾ ਕੇ, ਜੇ ਵੈਕਿਊਮ 'ਚ ਚਲਾ ਗਿਆ ਹੋਇਆ ਫੇਰ ਨੀ ਪਤਾ ਮੈਨੂੰ...ਜਿੱਥੇ ਮਰਜ਼ੀ ਲਾਹ ਕੇ ਰੱਖ ਦਿੰਦੇ ਨੇ..."

ਅਸੀਂ ਵੀ ਹੇਠਾਂ ਆ ਗਏ। ਕਿਚਨ ਕਾਊਂਟਰ ਸਾਫ ਕਰਦਿਆਂ ਲੀਨਾ ਬੋਲੀ, "ਕਿੰਨਾ ਕੁਝ ਸੁਣਾ ਗਈ ਮੈਨੂੰ। ਕਾਹਨੂੰ ਕਿਸੇ ਦਾ ਬੱਚਾ ਆਪਣਾ ਬਣਦੈ, ਭਾਵੇਂ ਲੱਖ ਮੋਹ ਤੇਹ ਕਰੀ ਜਾਓ..."

"ਰੋਸੇ ਵੀ ਤਾਂ ਆਪਣਿਆਂ ਨਾਲ ਹੀ ਹੁੰਦੇ ਨੇ...", ਮੈਂ ਹਾਲੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਨਵੀ ਕਿਚਨ 'ਚ ਆ ਗਈ। ਲੌਕਟ ਲੀਨਾ ਦੀਆਂ ਅੱਖਾਂ ਅੱਗੇ ਲਟਕਾ ਕੇ ਬੋਲੀ, "ਤੁਹਾਡੇ ਬੈੱਡ ਹੇਠਾਂ ਡਿੱਗਿਆ ਪਿਆ ਸੀ, ਸੋਟੀ ਨਾਲ ਮਸੀਂ ਖਿੱਚਿਐ...ਬੈੱਡ ਹੇਠੋਂ ਆਹ ਲਿਫਾਫਾ ਤੇ ਕਾਗ਼ਜ਼ ਵੀ ਮਿਲਿਐ।"

ਲੀਨਾ ਦਾ ਹੱਥ ਝੱਟ ਮੂੰਹ 'ਤੇ ਗਿਆ, ਅੱਖਾਂ ਟੱਡੀਆਂ ਰਹਿ ਗਈਆਂ। ਉਸ ਨੇ ਲਿਫਾਫਾ ਫੜਿਆ, ਨਵੀ ਵੱਲ ਖ਼ੁਸ਼ੀ ਭਰੀ ਹੈਰਾਨੀ ਨਾਲ ਤੱਕਦੀ ਹੋਈ ਬੋਲੀ, "ਮੈਂ ਤਾਂ ਇਹ ਭੁੱਲੀ ਬੈਠੀ

ਸੀ। ਸਰੀਨਾ ਨੇ ਮੈਨੂੰ ਜਦੋਂ ਦੱਸਿਆ ਸੀ, ਡੋਨਰ ਮੌਲੀ ਦੇ ਬੇਟਾ ਹੋਇਐ, ਉਦੋਂ ਦੇ ਬੁਣੇ ਪਏ ਨੇ।"

ਮੈਂ ਨਵੀ ਕੋਲੋਂ ਕਾਗ਼ਜ਼ ਫੜ ਕੇ ਪੜ੍ਹਨ ਲੱਗਾ। ਲੀਨਾ ਮੇਰੇ ਮੋਢੇ ਨਾਲ ਸਿਰ ਜੋੜ ਕੇ ਕਾਗ਼ਜ਼ ਵੱਲ ਤੱਕਦੀ ਰਹੀ।

*ਡੀਅਰ ਮੌਲੀ!*

*ਬੇਬੀ ਸੈੱਟ ਭੇਜ ਰਹੀ ਆਂ... ਕਦੇ ਇਹ ਰੀਝਾਂ ਇਕ ਖਾਸ ਮਹਿਮਾਨ ਲਈ ਬੁਣੀਆਂ ਸਨ। ਮੈਨੂੰ ਖੁਸ਼ੀ ਹੋਵੇਗੀ ਜੇ ਇਹ ਤੇਰੇ ਬੱਚੇ ਦਾ ਨਿੱਘ ਬਣਨ। ਨੰਨ੍ਹੇ ਪੈਰ ਇਨ੍ਹਾਂ ਬੂਟਾਂ ਤੋਂ ਸਫ਼ਰ ਸ਼ੁਰੂ ਕਰ ਕੇ ਵੱਡੀਆਂ ਮੰਜ਼ਲਾਂ ਤੈਅ ਕਰਨ...*

*ਦੁਆਵਾਂ... ਬਹੁਤ ਸਾਰਾ ਪਿਆਰ,*

*ਲੀਨਾ*

ਮੇਰਾ ਮਨ ਭਰ ਆਇਆ। ਲੀਨਾ ਨੇ ਵੀ ਹੰਝੂ ਅੰਦਰ ਹੀ ਦੱਬ ਲਏ। ਮੈਂ ਚਿੱਠੀ ਲੀਨਾ ਨੂੰ ਫੜਾ ਕੇ ਮਨ ਹੋਰ ਥਾਂ ਪਾਉਣ ਲਈ ਬੈੱਡਰੂਮ 'ਚ ਕੁਝ ਪੜ੍ਹਨ ਬੈਠ ਗਿਆ। ਲੀਨਾ ਮੇਰੇ ਕੋਲ਼ ਬੈਠੀ ਪਾਰਸਲ ਤਿਆਰ ਕਰ ਰਹੀ ਸੀ।

ਅਗਲੀ ਸਵੇਰ ਕੋਸੀ ਕੋਸੀ ਧੁੱਪ ਚੜ੍ਹੀ ਹੀ ਸੀ। ਨਾਸ਼ਤੇ ਤੋਂ ਬਾਅਦ ਮੈਂ ਜੁਆਕਾਂ ਵੱਲ ਚਲਾ ਗਿਆ। ਨਵੀ ਤੇ ਲੀਨਾ ਪਾਰਸਲ ਕਰਨ ਜਾ ਚੁੱਕੀਆਂ ਸਨ। ਮੈਨੂੰ ਕਾਫ਼ੀ ਟਾਈਮ ਲੱਗ ਗਿਆ। ਘਰ ਆਇਆ ਤਾਂ ਨਵੀ ਸੋਫੇ ‘ਤੇ ਬੈਠੀ ਅਸਾਈਨਮੈਂਟ ਕਰਨ ਲੱਗੀ ਹੋਈ। ਲੀਨਾ ਸਬਜ਼ੀਆਂ 'ਚੋਂ ਘਾਹ ਬੂਟੀ ਪੁੱਟ ਰਹੀ ਸੀ। ਮੈਂ ਵੀ ਸ਼ੈੱਡ 'ਚੋਂ ਟੂਲ ਕੱਢ ਲਏ।

"ਟਮਾਟਰਾਂ ਦੇ ਭੋਰਾ ਭਰ ਬੂਟੇ ਨੇ, ਪੱਤਿਆਂ ਨੇ ਕਿਵੇਂ ਮਹਿਕ ਖਿਲਾਰੀ ਪਈ ਐ", ਮੈਂ ਲੰਮਾ ਸਾਹ ਖਿੱਚਿਆ।

"ਮਹਿਕ ਹੀ ਤਾਂ ਮੈਨੂੰ ਬਾਹਰ ਖਿੱਚ ਲਿਆਉਂਦੀ ਐ...ਸਾਹ ਜਿਹਾ ਆ ਜਾਂਦੈ ਬਗੀਚੀ 'ਚ ਬੈਠ ਕੇ। ਇਹ ਕਿਹੜਾ ਸਾਈਕੋਥੈਰੇਪੀ ਤੋਂ ਘੱਟ ਐ। ਉਹ ਪੱਤਿਆਂ ਨੂੰ ਪਲ਼ੋਸਦੀ ਫੇਰ ਬੋਲੀ, "ਕੱਲ੍ਹ ਅਸੀਂ ਸੈਰ ਕਰਨ ਗਈਆਂ, ਰਸਤੇ 'ਚ ਪਾਈਨ ਦੀਆਂ ਟਾਹਣੀਆਂ ਰਾਤ ਦੀ ਹਨੇਰੀ ਨਾਲ ਟੁੱਟ ਕੇ ਡਿੱਗੀਆਂ ਪਈਆਂ। ਉਹਨਾਂ ਦੇ ਸਿਰੇ ‘ਤੇ ਬਹੁਤ ਸੋਹਣੇ ਲਾਲ ਸੂਹੇ ਨਿੱਕੇ ਨਿੱਕੇ ਫੁੱਲ। ਨਵੀ ਨੇ ਇਕ ਛੋਟੀ ਜਿਹੀ ਟਾਹਣੀ ਚੁੱਕੀ, ਟਪੂਸੀਆਂ ਜਿਹੀਆਂ ਮਾਰਦੀ ਕਦੇ ਗੁੱਤ ‘ਤੇ ਲਾ ਕੇ ਵਿਖਾਵੇ... ਕਦੇ ਪੈਰਾਂ ਨੂੰ। ਮੈਂ ਗੁਣਗਣਾਉਣ ਲੱਗੀ...ਮਿੱਤਰਾਂ ਦੇ ਪਿੰਡ 'ਚ ਖਿੜੇ, ਫੁੱਲ ਬਣ ਗਏ ਕਲਿੱਪ ਤੇ ਪਜੇਬਾਂ। ਸਾਰੇ ਰਸਤੇ ਅਸੀਂ ਹਾਸੀਆਂ ਖੇਡੀਆਂ ਕਰਦੀਆਂ ਗਈਆਂ। ਮੈਂ ਟਾਹਣੀਆਂ ਘਰ ਨੂੰ ਚੁੱਕ ਲਿਆਈ। ਕਹਿੰਦੇ, ਇਹ ਘਰ ਦੀ ਹਵਾ ਸਾਫ਼ ਕਰਦੀਆਂ ਨੇ।"

ਮੈਂ ਹੱਸਦਾ ਹੋਇਆ ਕੋਲ਼ ਹੀ ਬੈਠ ਗਿਆ। ਲੀਨਾ ਦਾ ਲੌਕਟ ਧੁੱਪ 'ਚ ਝਲਕਾਰੇ ਮਾਰ ਰਿਹਾ ਸੀ। ਮੈਂ ਉਸ ਨੂੰ ਸਿੱਧਾ ਜਿਹਾ ਕਰਦਿਆਂ ਆਖਿਆ, "ਨਵੀ ਤਾਂ ਹੁਣ ਕਮਲ਼ੀ ਹੈ ਈ ਆਪਣੀ। ਜਿਹੜੀ ਈਮੇਲ ਆਈ ਹੋਈ ਐ, ਸਾਨੂੰ ਓਹਦੇ ਬਾਰੇ ਗ਼ੌਰ ਕਰਨੀ ਚਾਹੀਦੀ ਐ, ਪੈਸੇ ਹੈਗੇ ਹੁਣ ਆਪਣੇ ਕੋਲ਼।"

ਲੀਨਾ ਕਿਆਰੀ 'ਚ ਪਲੱਥਾ ਮਾਰ ਕੇ ਬੈਠ ਗਈ, ਆਸਮਾਨ ਵੱਲ ਤੱਕਣ ਲੱਗੀ। ਫੇਰ ਗੋਡੇ ਇਕੱਠੇ ਕਰ ਕੇ ਛਾਤੀ ਨਾਲ ਘੁੱਟ ਲਏ ਤੇ ਕੰਬਦੇ ਬੁਲ੍ਹਾਂ ਨਾਲ ਬੋਲੀ, "ਗੱਲ ਇਕੱਲੀ ਪੈਸੇ ਦੀ ਨਹੀਂ ਹੁੰਦੀ, ਹਰ ਵਾਰ ਮਨ ਦਾ ਜੋ ਹਿੱਸਾ ਮਰ ਜਾਂਦੈ ਉਹਦਾ ਕੀ ਕਰਾਂ?" ਉਹ ਖੱਬੇ ਹੱਥ ਨਾਲ ਮਿੱਟੀ ਫਰੋਲਦੀ ਸੱਜੀ ਗੱਲ੍ਹ ਨੂੰ ਗੋਡੇ ‘ਤੇ ਰੱਖੀਂ ਧੀਮੀ ਜਿਹੀ ਬੋਲੀ ਜਾ ਰਹੀ ਸੀ, "ਉਮਰ ਦੇ ਲਿਹਾਜ਼ ਨਾਲ ਵੀ ਹੁਣ ਮੇਰਾ ਕੋਈ ਚਾਂਸ ਨਹੀਂ।"

ਕੁਝ ਦੇਰ ਲਈ ਮੈਂ ਸੁੰਨ ਜਿਹਾ ਹੋ ਗਿਆ, ਲੀਨਾ ਕਿੰਨੀ ਸਖ਼ਤ ਗੱਲ ਕਹਿ ਗਈ ਸੀ।

"ਈਮੇਲ ਦਾ ਕੀ ਜਵਾਬ ਦੇਈਏ? ਐਂਬਰੀਓਜ਼ ਦਾ...?"

"ਕਿਸੇ ਲੋੜਵੰਦ ਜੋੜੇ ਨੂੰ ਦੇ ਦਿੰਨੇ ਆਂ", ਲੀਨਾ ਬੁੜਬੁੜਾਈ। ਉਸ ਨੇ ਆਪਣਾ ਮੱਥਾ ਗੋਡਿਆਂ ‘ਤੇ ਰੱਖ ਲਿਆ ਸੀ। ਫਿਜ਼ਾ 'ਚ ਖਮੋਸ਼ੀ ਫੈਲ ਗਈ।

ਫੋਨ ਦੀ ਰਿੰਗ ਹੋਈ, ਮੈਂ ਜੇਸਨ ਨਾਲ ਗੱਲਾਂ ਕਰਦਾ ਉੱਠ ਕੇ ਤੁਰਨ ਫਿਰਨ ਲੱਗਾ।

ਕਿੰਨੀ ਦੇਰ ਅਸੀਂ ਫੋਨ 'ਤੇ ਰਹੇ। ਬਾਅਦ 'ਚ ਮੈਂ ਲੀਨਾ ਨੂੰ ਦੱਸਿਆ, "ਸ਼ਾਮੀਂ ਜੇਸਨ ਮੈਨੂੰ ਮਿਲਣਾ ਚਾਹੁੰਦੈ। ਸ਼ਾਇਦ ਕੋਈ ਜ਼ਰੂਰੀ ਗੱਲ ਐ। ਤੁਸੀਂ ਦੋਨੋਂ ਆਪਣਾ ਡਿਨਰ ਕਰ ਲਿਓ।"

ਚਾਰ ਕੁ ਵਜੇ ਮੈਂ ਤਿਆਰ ਹੋਣ ਲੱਗ ਪਿਆ। ਨਾਲ ਦੇ ਰੂਮ 'ਚੋਂ ਲੀਨਾ ਦੀ ਆਵਾਜ਼ ਆਉਂਦੀ ਰਹੀ, "ਨੋਟ ਕਰ ਲੈ ਸਾਰੇ ਪੁਆਇੰਟ...ਲਿਖ ਕੇ ਦੇ ਦੇਈਂ ਨਹੀਂ ਤਾਂ ਉਹਨੇ ਭੁੱਲ ਜਾਣੇ ਨੇ।"

ਮੈਂ ਜੇਸਨ ਨਾਲ ਦੇਰ ਰਾਤ ਤਕ ਕਲੱਬ 'ਚ ਬੈਠਾ ਰਿਹਾ। ਫੁੱਟਬਾਲ ਮੈਚ ਵੀ ਅਸੀਂ ਉੱਥੇ ਹੀ ਦੇਖਿਆ। ਘਰ ਵਾਪਸ ਆ ਕੇ ਮੈਂ ਫਰਿੱਜ 'ਚੋਂ ਸ਼ੈਂਪੇਨ ਦੀ ਬੋਤਲ ਕੱਢ ਕੇ ਆਈਸ ਬਕਟ 'ਚ ਲਗਾਈ, ਪੂਰੀ ਠੰਡੀ ਹੋਣ ਤੋਂ ਬਾਅਦ ਦੋ ਗਿਲਾਸ ਨਾਲ ਚੁੱਕ ਕੇ ਬੈੱਡਰੂਮ 'ਚ ਲੈ ਗਿਆ। ਲੀਨਾ ਅਧਲੇਟੀ ਕੁਝ ਪੜ੍ਹ ਰਹੀ ਸੀ। ਮੈਂ ਸਾਰਾ ਸਾਮਾਨ ਓਹਲੇ ਜਿਹੇ ਰੱਖ ਦਿੱਤਾ। ਕੁਝ ਦੇਰ ਅਸੀਂ ਗੱਲਾਂ ਕਰਦੇ ਰਹੇ। ਮੈਂ ਉੱਠ ਕੇ ਬੋਤਲ ਚੁੱਕੀ, ਜ਼ੋਰ ਦੀ ਹਿਲਾ ਕੇ ਖੋਲ੍ਹੀ। ਝੱਗ ਦਾ ਫੁਹਾਰਾ ਉੱਠਿਆ, ਅਸੀਂ ਭਿੱਜ ਗਏ। ਸ਼ੈਂਪੇਨ ਦੇ ਗਿਲਾਸ ਭਰ ਕੇ ਅਸੀਂ 'ਚੀਅਰਜ਼' ਕੀਤਾ, ਦੋਹਾਂ ਨੇ ਘੁੱਟ ਭਰਿਆ। ਥੋੜ੍ਹਾ ਠੀਕ ਜਿਹਾ ਹੋ ਕੇ ਬੈਠਦਿਆਂ ਮੈਂ ਅਸਲੀ ਮੁੱਦੇ 'ਤੇ ਆਇਆ, "ਅੱਜ ਤਾਂ ਜੇਸਨ ਨੇ ਮੇਰੀ ਤਸੱਲੀ ਕਰਵਾ ਤੀ...ਐਨਾ ਵਧੀਆ ਅਡੌਪਸ਼ਨ 'ਤੇ ਬੋਲਿਆ ਕਿ ਗੱਲ ਚੰਗੀ ਤਰ੍ਹਾਂ ਮੇਰੇ ਖਾਨੇ ਪੈ ਗਈ।"

ਲੀਨਾ ਦੇ ਬੁੱਲ੍ਹ ਤੇ ਅੱਖਾਂ ਹੱਸ ਰਹੀਆਂ ਸਨ। ਉਸ ਦੇ ਚਿਹਰੇ 'ਤੇ ਗਲੋਅ ਆ ਗਿਆ। ਮੈਂ ਫੇਰ ਘੁੱਟ ਭਰਿਆ, "ਜੇਸਨ ਕੋਲ ਤਾਂ ਪਰਚੀ ਲਿਖੀ ਹੋਈ ਸੀ।"

ਨਾਲ ਦੀ ਨਾਲ ਜੇਬ 'ਚੋਂ ਮੁੱਚਿਆ ਜਿਹਾ ਕਾਗ਼ਜ਼ ਕੱਢ ਕੇ ਮੈਂ ਉਸ ਨੂੰ ਸਿੱਧਾ ਕੀਤਾ। ਗਲ਼ਾ ਸਾਫ਼ ਕਰਕੇ ਨਾਟਕੀ ਅੰਦਾਜ਼ 'ਚ ਆਖਿਆ, "ਕਿਸੇ ਸਮਝਦਾਰ ਸਹੇਲੀ ਨੇ ਸਾਰੇ ਪੁਆਇੰਟ ਸਰੀਨਾ ਨੂੰ ਨੋਟ ਕਰਵਾਏ, ਸਰੀਨਾ ਨੇ ਜੇਸਨ ਨੂੰ ਪੱਕਾ ਕੀਤਾ। ਮੈਂ ਇਸ 'ਚ ਇੱਕ ਹੋਰ ਪੁਆਇੰਟ ਜੋੜਨਾ ਚਾਹਾਂਗਾ... ਅਡੌਪਸ਼ਨ ਵਰਗੇ ਸ਼ੁਭ ਕੰਮ 'ਚ ਦੇਰ ਨਹੀਂ ਕਰਨੀ ਚਾਹੀਦੀ। ਇਹਨੂੰ ਤਾਂ ਜਿੰਨੀ ਛੇਤੀ ਹੋ ਸਕੇ ਕਰ ਲਓ।"

ਮਿਲਟਰੀ ਬੈਂਡ ਦੀ ਸੁਰ 'ਚ ਗਾਉਂਦਾ ਮੈਂ ਉੱਠ ਕੇ ਨੱਚਣ ਲੱਗ ਪਿਆ...ਪੈਂ ਪੈਂ...ਪੈਂ ਪੈਂ ਪੈਂ!! ਆਪਾਂ ਵੀ ਸਰੀਨਾ ਤੇ ਜੇਸਨ ਨਾਲ ਕੰਬੋਡੀਆ ਜਾ ਰਹੇ ਆਂ!!!

ਨਾਲ ਦੀ ਨਾਲ ਮੈਂ ਲੀਨਾ ਦੀਆਂ ਖੁੱਲ੍ਹੀਆਂ ਬਾਹਾਂ 'ਚ ਡਿੱਗ ਪਿਆ। ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ।000

***(93 McMillan Rd., Brantford Ont. N3R 0B9 Canada***
***Email: gpanag2013@gmail.com***

# ਗਿੱਲੀਆਂ ਅੱਖਾਂ: ਕਹਾਣੀ: ਅਜਮੇਰ ਰੋਡੇ

ਤੀਹ ਸਾਲਾਂ ਦਾ ਨਿਹਾਲਾ ਵੱਛੇ ਨਾਲ ਬੱਚਾ ਬਣ ਜਾਂਦਾ ਸੀ; ਉਹਦੇ ਨਾਲ ਇਸ ਤਰ੍ਹਾਂ ਖੇਡਦਾ ਜਿਵੇਂ ਆਪ ਵੀ ਉਸੇ ਗਊ ਦੇ ਪੇਟੋਂ ਜੰਮਿਆ ਹੋਵੇ। ਨਿਹਾਲੇ ਨੇ ਪਸ਼ੂਆਂ ਵਾਲੇ ਵਾੜੇ ਦਾ ਫਾਟਕ ਖੋਲ੍ਹਿਆ, ਅੰਦਰ ਫਾਟਕ ਦੇ ਨਾਲ ਖੜ੍ਹਾ ਵੱਛਾ ਉਹਦੀ ਉਡੀਕ ਕਰ ਰਿਹਾ ਸੀ। ਨਿਹਾਲੇ ਨੇ ਉਹਦੇ ਮੱਥੇ ਨਾਲ ਦੋਵੇਂ ਹੱਥ ਲਾਏ ਤੇ ਧੱਕਦਾ ਧੱਕਦਾ ਪਿੱਛੇ ਕੰਧ ਤਕ ਲੈ ਗਿਆ। ਹੁਣ ਵੱਛੇ ਦੀ ਵਾਰੀ ਸੀ, ਉਹਨੇ ਇਕਦਮ ਜ਼ੋਰ ਮਾਰਿਆ ਅਤੇ ਨਿਹਾਲੇ ਨੂੰ ਧੱਕਦਾ ਧੱਕਦਾ ਆਪਣੀ ਮਾਂ ਦੀ ਖੁਰਲੀ ਤਕ ਲੈ ਗਿਆ। ਉਹਦੀ ਮਾਂ ਇਸ ਸਮੇਂ ਬਾਹਰ ਵੱਗ ਨਾਲ ਗਈ ਹੋਈ ਸੀ। ਨਿਹਾਲਾ ਖੁਰਲੀ 'ਚ ਡਿੱਗਦਾ ਡਿੱਗਦਾ ਬਚਿਆ।

"ਉਇ ਬੱਸ ਕਰ ਓਇ ਵੱਡਿਆ ਸਾਨ੍ਹਾਂ, ਜਾਹ ਪਰ੍ਹਾਂ," ਨਿਹਾਲੇ ਨੇ ਕਿਹਾ ਤੇ ਵੱਛੇ ਦੇ ਮੱਥੇ ਨਾਲ ਮੱਥਾ ਲਾ ਕੇ ਧੱਕਦਾ ਧੱਕਦਾ ਉਹਨੂੰ ਪਿੱਛੇ ਲੈ ਗਿਆ। ਕੁਝ ਦੇਰ ਉਹ ਦੋਵੇਂ ਇਕ ਦੂਜੇ ਨੂੰ ਇਸੇ ਤਰ੍ਹਾਂ ਧੱਕਦੇ ਇਧਰ ਉਧਰ ਤੁਰੇ ਫਿਰਦੇ ਰਹੇ। ਨਿਹਾਲਾ ਵੱਛੇ ਨੂੰ ਲਾਡ ਨਾਲ ਵੱਛੂ ਕਹਿੰਦਾ ਸੀ। ਜਦੋਂ ਉਹ ਵੱਛੂ ਦੇ ਗਲ਼ ਦਵਾਲ਼ੇ ਬਾਹਾਂ ਪਾ ਲੈਂਦਾ ਤਾਂ ਉਹ ਖੜ੍ਹ ਜਾਂਦਾ, ਸਮਝ ਲੈਂਦਾ ਨਿਹਾਲਾ ਹੋਰ ਨਹੀਂ ਖੇਡਣਾ ਚਾਹੁੰਦਾ। ਵੱਛੂ ਜਨਮ ਪਿੱਛੋਂ ਦਿਨਾਂ ਵਿਚ ਈ ਵੱਡਾ ਹੋ ਗਿਆ ਸੀ ਅਤੇ ਉਸ ਵਿਚ ਨਿਹਾਲੇ ਸੀਰੀ ਜਿੰਨਾ ਜ਼ੋਰ ਭਰ ਗਿਆ ਸੀ। ਦਿਨ ਵੇਲੇ ਵਾੜੇ ਵਿਚ ਅਕਸਰ ਮੱਝ ਈ ਹੁੰਦੀ ਜੋ ਕਿੱਲੇ ਨਾਲ ਬੱਧੀ ਇਕ ਪਾਸੇ ਬੈਠੀ ਰਹਿੰਦੀ, ਕਈ ਵਾਰ ਤਾਂ ਉਹ ਵੀ ਬਾਹਰ ਹੁੰਦੀ। ਬਾਕੀ ਦੇ ਪਸ਼ੂ ਕੰਮ ਧੰਦੇ ਵਿਚ ਬੰਦਿਆਂ ਨਾਲ ਖੇਤਾਂ ਵਿਚ ਹੁੰਦੇ। ਇਸ ਸਮੇਂ ਵੱਛੇ ਨੂੰ ਖੁਲ੍ਹਾ ਛੱਡ ਦਿੱਤਾ ਜਾਂਦਾ। ਵਾੜੇ ਦਾ ਬੂਹਾ ਲੱਕੜ ਦੇ ਬਣੇ ਚੌੜੇ ਫਾਟਕ ਨਾਲ ਬੰਦ ਰਹਿੰਦਾ। ਨਿਹਾਲਾ ਜਦੋਂ ਵੀ ਵਾੜੇ ਵਿਚ ਜਾਂਦਾ, ਫਾਟਕ ਖੁਲ੍ਹਦੇ ਸਾਰ ਵੱਛੂ ਉਸਦੇ ਸਾਹਮਣੇ ਖੜ੍ਹਾ ਹੁੰਦਾ। ਉਸਨੂੰ ਨਿਹਾਲੇ ਦੇ ਪੈਰਾਂ ਦੀ ਬਿੜਕ ਸੁਣ ਜਾਂਦੀ ਸੀ ਜਾਂ ਸ਼ਾਇਦ ਉਹ ਉਡੀਕ ਵਿਚ ਉੱਥੇ ਈ ਖੜ੍ਹਾ ਰਹਿੰਦਾ ਸੀ। ਇਕੱਲਾਪਨ ਜਾਨਵਰਾਂ ਨੂੰ ਵੀ ਤੰਗ ਕਰਦਾ ਹੈ, ਛੋਟੀ ਉਮਰ ਦਿਆਂ ਨੂੰ ਬਹੁਤਾ। ਨਿਹਾਲਾ ਕੁਝ ਦੇਰ ਉਸ ਨਾਲ ਖੇਡ੍ਹਦਾ ਤੇ ਫੇਰ ਆਪਣਾ ਕੰਮ ਧੰਦਾ ਕਰਕੇ ਵਾਪਸ ਚਲਾ ਜਾਂਦਾ। ਵੱਛਾ ਫਾਟਕ ਤਕ ਉਸ ਮਗਰ ਤੁਰਿਆ ਆਉਂਦਾ ਤੇ ਫੇਰ ਇਕ ਦਮ ਨਿਹਾਲੇ ਦੇ ਅੱਗੇ ਹੋ ਕੇ ਉਹਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰਦਾ। ਨਿਹਾਲਾ ਫਾਟਕ ਖੋਲ੍ਹਦਾ ਤਾਂ ਵੱਛੂ ਉਸ ਨਾਲ ਈ ਬਾਹਰ ਨਿਕਲਣਾ ਚਾਹੁੰਦਾ ਪਰ ਨਿਹਾਲਾ ਚਲਾਕੀ ਨਾਲ ਉਹਨੂੰ ਅੰਦਰੇ ਛੱਡ ਫਾਟਕ ਬੰਦ ਕਰ ਦਿੰਦਾ, ਤੇ ਬਾਹਰ ਖੜ੍ਹ ਕੇ ਉਹਨੂੰ ਕਹਿੰਦਾ, "ਮੈਂ ਆਇਆ ਹੁਣੇ ਈ, ਜਾਹ ਬਹਿ ਜਾ ਓਥੇ ਜਾ ਕੇ ਦੋ ਮਿੰਟ, ਸਾਰਾ ਦਿਨ ਨੀ ਛਾਲਾਂ ਮਾਰਦੇ ਫਿਰੀਦਾ, ਨੱਚੀ ਟੱਪੀ ਜਾਈਦਾ।"

ਉਹ ਕੁਝ ਪਲ ਬਾਹਰ ਖੜ੍ਹਾ ਰਹਿੰਦਾ ਤੇ ਫੇਰ ਤੁਰ ਜਾਂਦਾ। ਕਈ ਵਾਰ ਤਾਂ ਉਹ ਮੁੜ ਕੇ ਫਾਟਕ ਖੋਲ੍ਹ ਲੈਂਦਾ ਅਤੇ ਵੱਛੇ ਨਾਲ ਕੁਝ ਚਿਰ ਹੋਰ ਖੇਡ ਕੇ ਬਾਹਰ ਚਲਾ ਜਾਂਦਾ। ਵੱਛੂ ਉਹਨੂੰ ਆਪਣੇ ਬੱਚਿਆਂ ਵਾਂਗ ਈ ਪਿਆਰਾ ਸੀ। ਜ਼ਿੰਦਗੀ ਦੀ ਧਾਰਾ ਦੋਹਾਂ ਵਿਚ ਇਕੋ ਵਗਦੀ ਸੀ। ਮੋਹ ਪਿਆਰ ਦੇ ਉਸੇ ਧਾਗੇ ਨੇ ਇਕ ਨੂੰ ਦੂਜੇ ਨਾਲ ਬੰਨ੍ਹਿਆ ਹੋਇਆ ਸੀ ਪਰ ਇਸਦਾ ਵੱਛੇ ਨੂੰ ਨਹੀਂ ਸੀ ਪਤਾ, ਨਾ ਹੀ ਨਿਹਾਲੇ ਨੇ ਕਦੀ ਇਸ ਬਾਰੇ ਸੋਚਿਆ ਸੀ। ਉਹ ਤਾਂ ਬੱਸ ਇਕ ਦੂਜੇ ਨੂੰ ਚੰਗੇ ਲੱਗਦੇ ਸਨ। ਘਰ ਦੀ ਮਾਲਕਣ ਚੰਦਕੁਰ ਨੂੰ ਵੀ ਵੱਛਾ ਚੰਗਾ ਲੱਗਦਾ ਸੀ, ਉਹਦੇ ਜਨਮ ਸਮੇਂ ਉਹਨੇ ਗਲ਼ੀ ਗਵਾਂਢ ਵਿਚ ਪ੍ਰਸ਼ਾਦ ਵੰਡਿਆ ਸੀ। ਇਹ ਉਹ ਸਮੇਂ ਸਨ ਜਦੋਂ ਪੰਜਾਬ ਵਿਚ ਵਾਹੀ ਦਾ ਕੰਮ ਬਲ਼ਦਾਂ ਸਿਰ 'ਤੇ ਚੱਲਦਾ ਸੀ ਅਤੇ ਬਲ਼ਦਾਂ ਦੀ ਬਾਕੀ ਪਸ਼ੂਆਂ ਨਾਲੋਂ ਬਹੁਤੀ ਕਦਰ ਸੀ।

ਵੱਛੂ ਚੌਗਾ ਹੋ ਗਿਆ, ਚਾਰ ਦੰਦ ਨਿਕਲ ਆਏ ਤੇ ਵੱਛੇ ਤੋਂ ਵਹਿੜਕਾ ਬਣ ਗਿਆ। ਹੁਣ ਉਹਨੂੰ

ਹਰ ਸਮੇਂ ਕਿੱਲੇ ਨਾਲ ਬੰਨ੍ਹਣਾ ਪੈਂਦਾ ਸੀ। ਅੱਜ ਨਿਹਾਲੇ ਨੇ ਆ ਕੇ ਉਹਦੇ ਮੱਥੇ ਨਾਲ ਮੱਥਾ ਲਾਇਆ ਤਾਂ ਵੱਛੂ ਨੇ ਇਕਦਮ ਉਹਨੂੰ ਢੁਡ ਲਾ ਕੇ ਪਿੱਛੇ ਧੱਕਿਆ। ਨਿਹਾਲਾ ਅਟਕ ਕੇ ਥੱਲੇ ਡਿੱਗ ਪਿਆ।

"ਹੈ ਤੇਰੇ ਕੰਜਰ ਦੀ, ਪਤਾ ਨੀ ਲੱਗਦਾ ਤੈਨੂੰ, ਹੁਣ ਤੂੰ ਦੁੱਧ ਚੁੰਘਦਾ ਵੱਛਰੂ ਨੀ ਰਿਹਾ"।

ਵਹਿੜਕਾ ਡਿੱਗੇ ਪਏ ਨਿਹਾਲੇ ਦੇ ਗਲ਼ ਨਾਲ ਨੱਕ ਲਾ ਕੇ ਖੜ੍ਹ ਗਿਆ। ਉਹ ਅਜੇ ਵੀ ਪਹਿਲਾਂ ਵਾਂਗ ਖੇਡਣਾ ਚਾਹੁੰਦਾ ਸੀ ਪਰ ਭੁੱਲ ਜਾਂਦਾ ਸੀ ਹੁਣ ਉਹ ਨਿਹਾਲੇ ਨਾਲੋਂ ਕਿਤੇ ਤਾਕਤਵਰ ਹੋ ਗਿਆ ਸੀ। ਨਿਹਾਲੇ ਨੇ ਉਠ ਕੇ ਫੇਰ ਉਹਦੇ ਮੱਥੇ ਨਾਲ ਮੱਥਾ ਲਾ ਦਿੱਤਾ, ਇਸ ਵਾਰ ਵੱਛੇ ਨੇ ਉਹਨੂੰ ਧੱਕਾ ਨਾ ਦਿੱਤਾ। ਨਿਹਾਲੇ ਨੇ ਉਹਨੂੰ ਥਾਪੀ ਦਿੱਤੀ ਤੇ ਫੇਰ ਉਸ ਲਈ ਖੁਰਲੀ ਵਿਚ ਦਾਣਾ ਰਲ਼ਾ ਦਿੱਤਾ। ਭੁੱਖੇ ਵੱਛੂ ਦਾ ਧਿਆਨ ਦਾਣਾ ਚਰਨ ਵੱਲ ਹੋ ਗਿਆ।

ਵੇਖਦਿਆਂ ਵੇਖਦਿਆਂ ਹੀ ਵੱਛੂ ਦੇ ਦੋ ਦੰਦ ਹੋਰ ਨਿਕਲ ਆਏ ਤੇ ਉਹ ਛਿੱਗਾ ਬਣ ਗਿਆ, ਛੇ ਦੰਦਾਂ ਵਾਲਾ ਭਰ ਜਵਾਨ ਵਹਿੜਕਾ। ਹੁਣ ਉਹ ਨੇੜ-ਤੇੜ ਤੋਂ ਲੰਘਣ ਵਾਲੀਆਂ ਵੱਛੀਆਂ ਨੂੰ ਸੁੰਘਣ ਲੱਗ ਪਿਆ। ਇਕ ਦਿਨ ਖੁਲ੍ਹ ਗਿਆ ਤਾਂ ਉਹਨੇ ਰਾਹ 'ਚ ਜਾਂਦੀ ਕਿਸੇ ਦੀ ਗਾਂ ਉੱਤੇ ਚੜ੍ਹਨ ਦਾ ਯਤਨ ਕੀਤਾ। ਵੱਛੂ ਦੇ ਮਾਲਕ ਗੱਜਣ ਨੇ ਸੀਰੀ ਨੂੰ ਕਿਹਾ, "ਨਿਹਾਲਿਆ, ਹੁਣ ਟੈਮ ਆ ਗਿਆ ਇਹਦਾ ਕੋਈ ਚਾਰਾ ਕਰੀਏ, ਐਵੇਂ ਕਿਸੇ ਦੀ ਗਾਂ ਫਾਲ਼ ਕੇ ਰੱਖ 'ਤੀ ਤਾਂ ਹੋਰ ਯੱਭ ਪੈਂਦਾ ਫਿਰੂ। ਨਾਲੇ ਹੁਣ ਇਹ ਸੰਭਾਲਣਾ ਔਖਾ ਹੋਈ ਜਾਂਦਾ, ਆਖਾ ਨੀ ਮੰਨਦਾ; ਕਿੱਲੇ ਤੋਂ ਖੋਲ੍ਹ ਕੇ ਪਾਸੇ ਬੰਨ੍ਹਣਾ ਹੋਵੇ ਤਾਂ ਕਈ ਵਾਰ ਝਈ ਲੈ ਕੇ ਪੈਂਦਾ ਜਿਵੇਂ ਇਹ ਮਾਲਕ ਹੋਵੇ।"

"ਮੈਨੂੰ ਵੀ ਐਂ ਈ ਲੱਗਦਾ, ਜਦੋਂ ਕਹੇਂ ਸਲੋਤਰਖਾਨੇ ਲੈ ਚੱਲਦੇ ਆਂ, ਮੇਰੇ ਹਸਾਬ ਨਾਲ ਤਾਂ ਅਗਲਾ ਹਫਤਾ ਠੀਕ ਰਹੂ, ਬਾਕੀ ਮਾਲਕ ਤੂੰ ਐਂ, ਜਿਵੇਂ ਕਹੇਂ," ਨਿਹਾਲੇ ਨੇ ਕਿਹਾ।

"ਸਲੋਤਰਖਾਨੇ ਨੂੰ ਛੱਡ," ਗੱਜਣ ਨੇ ਕਿਹਾ, "ਓਥੇ ਕਿਹੜਾ ਜਾਂਦਾ ਫਿਰੂ, ਪਰਤਾਪ ਲੁਹਾਰ ਦਾ ਪਤਾ ਕਰ ਤੂੰ, ਉਹ ਸਲੋਤਰਖਾਨੇ 'ਚ ਕੰਮ ਕਰਦਾ ਹੁੰਦਾ ਸੀ; ਉਹਨੇ ਕੰਮ ਕਰ ਦੇਣਾ ਆਪਣਾ।"

ਨਿਹਾਲੇ ਨੇ ਫੇਰ ਗੱਜਣ ਨੂੰ ਮਨਾਉਣ ਦੀ ਕੋਸ਼ਸ਼ ਕੀਤੀ। ਉਹਨੂੰ ਡਰ ਸੀ ਵੱਛੂ ਨੂੰ ਕੁਝ ਹੋ ਨਾ ਜਾਵੇ ਪਰ ਗੱਜਣ ਨਾ ਮੰਨਿਆ। ਉਹ ਅਜੇ ਤਕ ਕਦੇ ਸਲੋਤਰਖਾਨੇ ਨਹੀਂ ਸੀ ਗਿਆ, ਤੇ ਉੱਥੇ ਪੈਸੇ ਲੱਗਣ ਕਰਕੇ ਵੀ ਜਕਦਾ ਸੀ। ਉਸੇ ਸ਼ਾਮ ਨਿਹਾਲਾ ਪਰਤਾਪ ਦੇ ਘਰ ਗਿਆ ਤੇ ਉਹਦੇ ਨਾਲ ਵਹਿੜਕੇ ਬਾਰੇ ਗੱਲ ਕੀਤੀ। ਗੱਜਣ ਅਤੇ ਪਰਤਾਪ ਦੇ ਸੰਬੰਧ ਚੰਗੇ ਸਨ, ਗੱਜਣ ਅੜੇ-ਥੁੜੇ ਪਰਤਾਪ ਦੀ ਮੱਦਦ ਵੀ ਕਰ ਦਿੰਦਾ ਸੀ। ਪਰਤਾਪ ਨਾਂਹ ਨਾ ਕਰ ਸਕਿਆ।

ਦੂਜੇ ਦਿਨ ਸ਼ਾਮ ਨੂੰ ਵੱਛੂ ਵਾੜੇ ਵਿਚ ਪਾਸੇ ਪਰਨੇ ਪਿਆ ਸੀ। ਉਹਦੀਆਂ ਪਿਛਲੀਆਂ ਲੱਤਾਂ ਅਤੇ ਇਕ ਮੂਹਰਲੀ ਬੰਨ੍ਹੀਆਂ ਹੋਈਆਂ ਸਨ। ਗੱਜਣ, ਉਹਦਾ ਇਕ ਭਤੀਜਾ ਅਤੇ ਨਿਹਾਲਾ ਉਹਦੇ ਆਸਪਾਸ ਖੜ੍ਹੇ ਸਨ। ਪਰਤਾਪ ਵੀ ਚੌੜੇ ਮੂੰਹ ਵਾਲੀ ਸੰਨ੍ਹੀ ਲੈ ਕੇ ਆ ਪਹੁੰਚਾ। ਉਹਨੇ ਗੱਜਣ ਨਾਲ ਸਰਸਰੀ ਗੱਲ ਕੀਤੀ ਤੇ ਨਿਹਾਲੇ ਨੂੰ ਵੱਛੂ ਦੇ ਪਿੱਛੇ ਵੱਲ ਇਸ਼ਾਰਾ ਕਰ ਕੇ ਕਿਹਾ, "ਬਾਹਰ ਕੱਢ ਇਹਨਾਂ ਨੂੰ।" ਨਿਹਾਲੇ ਨੇ ਹੱਥ ਪਾ ਕੇ ਵੱਛੂ ਦੇ ਪਤਾਲੂ ਬਾਹਰ ਖਿੱਚ ਲਏ ਤੇ ਪਰਤਾਪ ਵੱਲ ਵੇਖਣ ਲੱਗਾ। ਪਰਤਾਪ ਨੇ ਵੱਛੂ ਦੇ ਪਤਾਲੂਆਂ 'ਚੋਂ ਉੱਤੇ ਨੂੰ ਜਾਂਦੀਆਂ ਨਾੜਾਂ ਨੂੰ ਸੰਨ੍ਹੀ ਲਾਈ ਤੇ ਕਿਹਾ, "ਆਹ ਨਾੜਾਂ ਚਿੱਥਣੀਆਂ, ਇਕਦਮ, ਸਾਰੇ ਜ਼ੋਰ ਨਾਲ। ਪਰ ਇਹ ਕੰਮ ਤੈਨੂੰ ਕਰਨਾ ਪੈਣਾ, ਮੇਰੇ ਹੱਥਾਂ 'ਚ ਐਨਾ ਜ਼ੋਰ ਨੀ ਰਿਹਾ।"

ਨਿਹਾਲੇ ਨੇ ਸਿਰ ਮਾਰਿਆ ਜਿਵੇਂ ਇਹ ਕੰਮ ਕਰਨ ਤੋਂ ਜਕ ਲੱਗਦੀ ਹੋਵੇ। ਸੋਚਿਆ, ਪਰਤਾਪ ਇਹ ਪਾਪ ਕਰਨ ਤੋਂ ਆਪ ਟਲ਼ਦਾ ਹੈ।

"ਨਾ ਬਈ ਪਰਤਾਪ ਸਿਹਾਂ, ਇਹ ਕੰਮ ਤੇਰਾ ਐ, ਸਾਡਾ ਕੰਮ ਸੀ ਵਹਿੜਕੇ ਨੂੰ ਥੱਲੇ ਸਿੱਟਣਾ, ਤੇ ਉਹ ਵੇਖ ਲਾ ਤੇਰੇ ਸਾਹਮਣੇ ਪਿਆ, ਅਗਲਾ ਕੰਮ ਤਾਂ ਤੈਨੂੰ ਈ ਕਰਨਾ ਪਊ, ਆਪਾਂ ਤਾਂ ਕਦੇ ਸੰਨ੍ਹੀ ਫੜ ਕੇ ਨੀ ਵੇਖੀ," ਨਿਹਾਲੇ ਨੇ ਕਿਹਾ।

"ਨਾ, ਕੰਮ ਤਾਂ ਇਹ ਠੀਕ ਮੇਰਾ ਐ, ਮੈਂ ਨਾਂਹ ਨੀ ਕਰਦਾ," ਪਰਤਾਪ ਨੇ ਕਿਹਾ, "ਪਰ ਜੇ

ਅੱਧ ਵਿਚਾਲੇ ਰਹਿ ਗਿਆ ਤਾਂ ਇਹ ਲੋਕਾਂ ਦੀਆਂ ਗਾਈਆਂ ਸੁੰਘਦਾ ਫਿਰੂ ਨਾਲੇ ਥੋਨੂੰ ਛੜਾਂ ਮਾਰੂ, ਵੇਖ ਲਾ ਗੱਜਣਾ ਫੇਰ ਮੈਨੂੰ ਨਾ ਦੋਸ ਦਿਆ ਜੇ।" ਨਿਹਾਲੇ ਨੇ ਗੱਜਣ ਵੱਲ ਵੇਖਿਆ ਤਾਂ ਉਹਨੇ ਅੱਗੋਂ ਹੱਥ ਦਾ ਇਸ਼ਾਰਾ ਕਰਕੇ ਕਿਹਾ,"ਮੇਰੇ ਵੱਲ ਕੀ ਵੇਹਨਾ, ਫੜ ਲਾ ਸੰਨ੍ਹੀ, ਕਿਹੜਾ ਹਵਾਈ ਜਹਾਜ ਚਲਾਉਣਾ।" ਨਿਹਾਲੇ ਨੇ ਜਕਦੇ ਜਕਦੇ ਨੇ ਸੰਨ੍ਹੀ ਫੜ ਲਈ ਅਤੇ ਉਹਦੇ ਜਬ੍ਹਾੜੇ ਵੱਛੂ ਦੀਆਂ ਨਾੜਾਂ ਦੁਆਲ਼ੇ ਪਾ ਕੇ ਪਰਤਾਪ ਵੱਲ ਵੇਖਿਆ।

"ਠੀਕ ਐ, ਲਾ ਦੇ ਕੰਮ ਸਿਰੇ," ਪਰਤਾਪ ਨੇ ਸਿਰ ਹਿਲਾ ਕੇ ਕਿਹਾ। ਨਿਹਾਲੇ ਨੇ ਝਟਕੇ ਨਾਲ ਸੰਨ੍ਹੀ ਨੂੰ ਸਾਰੇ ਜ਼ੋਰ ਨਾਲ ਘੁੱਟ ਦਿੱਤਾ। ਵੱਛੂ ਦਾ ਸਾਰਾ ਸਰੀਰ ਕੰਬ ਗਿਆ ਤੇ ਅੱਖਾਂ ਬੰਦ ਹੋ ਗਈਆਂ। ਮੂੰਹ ਖੁਲ੍ਹਿਆ ਪਰ ਆਵਾਜ਼ ਨਾ ਨਿਕਲੀ। ਕੰਮ ਹੋ ਗਿਆ ਸੀ। ਪਰਤਾਪ ਚਲਾ ਗਿਆ, ਰਾਹ ਵਿਚ ਪੈਂਦੇ ਛੱਪੜ 'ਚੋਂ ਸੰਨ੍ਹੀ ਧੋਤੀ ਤੇ ਬਿਨਾਂ ਕਿਸੇ ਨਾਲ ਬੋਲੇ ਘਰੇ ਜਾ ਵੜਿਆ। "ਪਾਪ ਤੋਂ ਬਚ ਗੇ," ਉਹਨੇ ਸੋਚਿਆ, "ਪਰ ਸੰਨ੍ਹੀ ਤਾਂ ਮੇਰੀ ਸੀ," ਉਹਦਾ ਚਿੱਤ ਭੈੜਾ ਹੋ ਗਿਆ।

ਵੱਛੂ ਖੱਸੀ ਹੋ ਕੇ ਵਹਿੜਕੇ ਤੋਂ ਬਲ਼ਦ ਬਣ ਗਿਆ। ਜਿਨ੍ਹਾਂ ਵੱਛਿਆਂ ਨੂੰ ਛੋਟੀ ਉਮਰ ਵਿਚ ਖੱਸੀ ਕਰ ਦਿੱਤਾ ਜਾਂਦਾ ਹੈ,ਉਹ ਅਕਸਰ ਇਹ ਹਾਦਸਾ ਭੁੱਲ ਜਾਂਦੇ ਹਨ ਪਰ ਕੱਦ ਦੇ ਛੋਟੇ ਰਹਿ ਜਾਂਦੇ ਹਨ। ਵੱਛੂ ਵਰਗੇ ਭਰ ਜਵਾਨੀ ਵਿਚ ਖੱਸੀ ਕੀਤੇ ਵਹਿੜਕੇ ਵੱਡੇ ਕੱਦ ਵਾਲੇ ਤਕੜੇ ਬਲ਼ਦ ਬਣਦੇ ਹਨ ਪਰ ਉਹ ਇਹ ਹਾਦਸਾ ਸਦਾ ਲਈ ਯਾਦ ਰੱਖ ਸਕਦੇ ਹਨ ਤੇ ਕਈ ਵਾਰ ਖੱਸੀ ਕਰਨ ਵਾਲੇ ਦੇ ਦੁਸ਼ਮਣ ਬਣ ਜਾਂਦੇ ਹਨ। ਵੱਛੂ ਨੇ ਖੱਸੀ ਕਰਨ ਵਾਲੇ ਨੂੰ ਨਹੀਂ ਸੀ ਵੇਖਿਆ ਫੇਰ ਵੀ ਨਿਹਾਲਾ ਡਰਦਾ ਸੀ ਵੱਛੂ ਉਸ ਨਾਲ ਖਾਰ ਨਾ ਖਾਣ ਲੱਗ ਪਵੇ। ਵੱਛੂ ਨਾਲ ਜ਼ਿਆਦਤੀ ਹੋਈ ਸੀ ਪਰ ਨਿਹਾਲਾ ਕਰ ਵੀ ਕੀ ਸਕਦਾ ਸੀ, ਮਜਬੂਰ ਸੀ। ਉਹਨੇ ਅੰਦਰੇ ਅੰਦਰ ਵੱਛੂ ਤੋਂ ਮਾਫੀ ਮੰਗੀ।

ਦੂਜੇ ਦਿਨ ਨਿਹਾਲੇ ਦਾ ਡਰ ਦੂਰ ਹੋ ਗਿਆ ਜਦੋਂ ਵੱਛੂ ਨੇ ਉਹਦੇ ਅੱਗੇ ਆਪਣਾ ਸਿਰ ਨੀਵਾਂ ਕਰ ਦਿੱਤਾ। ਨਿਹਾਲੇ ਨੇ ਉਹਦੇ ਮੱਥੇ 'ਤੇ ਹੱਥ ਫੇਰਿਆ, ਗਲ 'ਚ ਬਾਹਾਂ ਪਾ ਲਈਆਂ ਅਤੇ ਫੇਰ ਥਾਪੀ ਦਿੱਤੀ। ਪਰ ਵੇਖਿਆ, ਵੱਛੂ ਜਿਵੇਂ ਰਾਤੋ ਰਾਤ ਹੋਰ ਹੋ ਗਿਆ ਸੀ। ਜਿਵੇਂ ਉਹਦਾ ਕੁਝ ਗਵਾਚ ਗਿਆ ਹੋਵੇ। ਉਹਦੀ ਹਿੱਲਜੁੱਲ ਵਿਚ ਸੁਸਤੀ ਸੀ। ਉਸ ਦਿਨ ਉਹਨੇ ਪੱਠੇ ਨਾ ਚਰੇ, ਪਰ ਇਹ ਦੋ ਚਾਰ ਦਿਨਾਂ ਦੀ ਹੀ ਗੱਲ ਸੀ, ਉਹ ਠੀਕ ਹੋ ਗਿਆ ਤੇ ਪੱਠੇ ਪਹਿਲਾਂ ਵਾਂਗ ਈ ਚਰਨ ਲੱਗ ਪਿਆ।

ਨਿਹਾਲੇ ਨੂੰ ਭੈੜੇ ਸੁਫਨੇ ਆਉਣ ਲੱਗ ਪਏ। ਅੱਜ ਸੁਫਨੇ ਵਿਚ ਕਿਸੇ ਮਹਾਂਰਾਜੇ ਨੇ ਉਹਨੂੰ ਆਪਣਾ ਨੌਕਰ ਰੱਖ ਲਿਆ। ਨੌਕਰ ਦੀ ਇਹ ਪਦਵੀ ਸ਼ਕਤੀਸ਼ਾਲੀ ਸੀ, ਹੌਲ਼ੀ ਹੌਲ਼ੀ ਨਿਹਾਲੇ ਵਿਚ ਗ਼ਰੂਰ ਭਰ ਗਿਆ। ਮਹਾਂਰਾਜੇ ਨੂੰ ਉਹਦਾ ਵਤੀਰਾ ਚੰਗਾ ਨਾ ਲੱਗਾ। ਇਕ ਦਿਨ ਉਹਨੇ ਆਪਣੇ ਪਹਿਰੇਦਾਰਾਂ ਨੂੰ ਕੋਈ ਹੁਕਮ ਦਿੱਤਾ, ਉਹਨਾਂ ਨੇ ਨਿਹਾਲੇ ਦੇ ਪਤਾਲੂ ਫੇਹ ਕੇ ਖੱਸੀ ਕਰ ਦਿੱਤੇ। ਨਿਹਾਲੇ ਨੂੰ ਮਹਾਂਰਾਜੇ 'ਤੇ ਅੰਤਾਂ ਦਾ ਗ਼ੁੱਸਾ ਆਇਆ ਪਰ ਫੇਰ ਉਹ ਪਤਾ ਨੀ ਕਿਵੇਂ ਤੇ ਕਦੋਂ ਹੋਰ ਦਾ ਹੋਰ ਬਣ ਗਿਆ: ਸ਼ਰੀਫ, ਹੁਕਮ ਮੰਨਣ ਵਾਲਾ, ਦਿਨ ਰਾਤ ਕੰਮ ਕਰਨ ਵਾਲਾ, ਮਹਾਂਰਾਜੇ ਦਾ ਵਫਾਦਾਰ। ਨਿਹਾਲੇ ਦੀ ਅੱਖ ਖੁਲ੍ਹੀ ਤਾਂ ਉਹਨੂੰ ਅਜੀਬ ਜਿਹਾ ਮਹਿਸੂਸ ਹੋਇਆ। ਇਹੋ ਜਿਹੀਆਂ ਪਿਛਲੇ ਜ਼ਮਾਨੇ ਦੀਆਂ ਕਹਾਣੀਆਂ ਉਹਨੇ ਆਪਣੇ ਫੌਜੀ ਤਾਏ ਤੋਂ ਸੁਣੀਆਂ ਹੋਈਆਂ ਸਨ ਜਦੋਂ ਰਾਜੇ ਆਪਣੇ ਕਈ ਅਹਿਲਕਾਰਾਂ ਨੂੰ ਵਫਾਦਾਰ ਬਣਾਉਣ ਲਈ ਸੱਚਮੁੱਚ ਖ਼ੱਸੀ ਕਰਵਾ ਦਿੰਦੇ ਸਨ। ਉਹਨੂੰ ਵੱਛੂ ਦਾ ਖਿਆਲ ਆਇਆ। ਉਹ ਵੀ ਹੌਲ਼ੀ ਹੌਲ਼ੀ ਅਸੀਲ, ਮਾਲਕ ਦਾ ਹੁਕਮ ਮੰਨਣ ਵਾਲਾ, ਦਿਨ ਰਾਤ ਕੰਮ ਕਰਨ ਵਾਲਾ ਬਣ ਗਿਆ ਸੀ। ਸਵੇਰੇ ਉਠ ਕੇ ਉਹ ਵੱਛੂ ਕੋਲ਼ ਗਿਆ। ਵੱਛੂ ਨੇ ਕੰਨ ਚੁੱਕੇ, ਉਸ ਵੱਲ ਦੇਖਿਆ ਪਰ ਪਹਿਲਾਂ ਵਾਂਗ ਹੀ ਬੈਠਾ ਰਿਹਾ। ਨਿਹਾਲੇ ਨੇ ਵੇਖਿਆ, ਉਹਦੀਆਂ ਅੱਖਾਂ ਗਿੱਲੀਆਂ ਸਨ। ਉਹਨੂੰ ਪਤਾ ਨਹੀਂ ਸੀ ਲੱਗਦਾ ਕਿ ਬਲ਼ਦਾਂ ਦੀਆਂ ਅੱਖਾਂ ਉਂਝ ਈ ਗਿੱਲੀਆਂ ਰਹਿੰਦੀਆਂ ਸਨ ਜਾਂ ਵੱਛੂ ਕੋਈ ਡੂੰਘਾ ਦੁੱਖ ਮੰਨ ਗਿਆ ਸੀ। ਨਿਹਾਲੇ ਨੂੰ ਲੱਗਾ ਵੱਛੂ ਦੀਆਂ ਅੱਖਾਂ ਉਹਨੂੰ ਵੇਖ ਕੇ ਗਿੱਲੀਆਂ ਹੋਈਆਂ ਸਨ।

"ਦੇਖ ਵੱਛੂ, ਜੋ ਤੇਰੀ ਕਿਸਮਤ 'ਚ ਲਿਖਿਆ ਸੀ ਉਹ ਤਾਂ ਬੱਚੂ ਹੋ ਕੇ ਈ ਰਹਿਣਾ ਸੀ, ਜਦੋਂ

ਬਲ਼ਦ ਦੀ ਜੂਨ ਈ ਇਹੋ ਜਿਹੀ ਬਣਾ ਤੀ ਉਪਰ ਆਲੇ ਨੇ। ਨਾ, ਤੂੰ ਮੇਰੇ ਵੱਲ ਵੇਖ, ਮੇਰੀ ਜੂਨ ਤੈਥੋਂ ਚੰਗੀ ਐ ਕਿਤੇ; ਬਹੁਤਾ ਫਰਕ ਨੀ ਤੇਰੇ ਮੇਰੇ 'ਚ। ਜਦੋਂ ਬੰਦਾ ਕਿਸੇ ਨਾਲ ਸੀਰੀ ਰਲ਼ ਜਾਂਦਾ ਸਾਰੀ ਰੜਕ ਨਿਕਲ ਜਾਂਦੀ ਐ। ਅੱਖਾਂ ਮੀਚ ਕੇ ਹੁਕਮ ਮੰਨ ਲਈ ਦਾ ਮਾਲਕ ਦਾ। ਨਾਲੇ ਤੈਨੂੰ ਮੈਂ ਨਾ ਖੱਸੀ ਕਰਦਾ ਕਿਸੇ ਹੋਰ ਨੇ ਕਰ ਦੇਣਾ ਸੀ; ਐਵੇਂ ਮੇਰੇ ਸਿਰ ਦੋਸ ਨਾ ਮੜ੍ਹ, ਤੇ ਹਾਅ ਅੱਖਾਂ ਚੋਂ ਪਾਣੀ ਵਗਾਉਣਾ ਬੰਦ ਕਰ," ਨਿਹਾਲੇ ਨੇ ਕਿਹਾ ਪਰ ਬੋਲ ਉਹਦੇ ਮੂੰਹ 'ਚੋਂ ਅੱਧ-ਪਚੱਧੇ ਈ ਨਿਕਲੇ। ਵੱਛੂ ਨੇ ਕੋਈ ਪ੍ਰਤਿਕਰਮ ਨਾ ਕੀਤਾ। ਨਿਹਾਲੇ ਦਾ ਜੀਅ ਖਰਾਬ ਹੋ ਗਿਆ।

ਗੱਜਣ ਨੇ ਉਹਨੂੰ ਕਿਹਾ, 'ਬਲ਼ਦਾਂ ਦੀਆਂ ਅੱਖਾਂ 'ਚੋਂ ਐਵੇਂ ਈ ਪਾਣੀ ਵਗਦਾ ਰਹਿੰਦਾ' ਪਰ ਨਿਹਾਲੇ ਨੂੰ ਯਕੀਨ ਨਾ ਆਇਆ। ਉਹਨੂੰ ਇਹ ਪਾਣੀ ਵੱਛੂ ਦੇ ਅੱਥਰੂ ਲੱਗਦੇ ਸਨ।

ਨਿਹਾਲਾ ਅੱਜ ਫੇਰ ਸੁਫਨੇ ਵਿਚ ਬੁੜਬੜਾਈ ਜਾਂਦਾ ਸੀ। ਕਿਸੇ ਸ਼ੇਖ ਨੇ ਉਹਨੂੰ ਆਪਣੇ ਜ਼ਨਾਨਖਾਨੇ ਦੇ ਤਲਾਅ ਉਤੇ ਪਹਿਰਾ ਦੇਣ ਲਈ ਰੱਖ ਲਿਆ। ਇੱਥੇ ਸ਼ੇਖ ਦੀਆਂ ਵਹੁਟੀਆਂ, ਰਖੇਲਾਂ ਤੇ ਹੋਰ ਤੀਵੀਆਂ ਨਹਾਉਂਦੀਆਂ ਸਨ; ਉਹ ਤਾਕਤਵਰ ਬੰਦਾ ਚਾਹੁੰਦਾ ਸੀ ਜੋ ਇਹਨਾਂ ਦੇ ਆਸ ਪਾਸ ਕੋਈ ਚਿੜੀ ਪਰਿੰਦਾ ਨਾ ਫਟਕਣ ਦੇਵੇ। ਤੇ ਨਿਹਾਲੇ ਵਰਗਾ ਸਿਹਤਮੰਦ ਹੋਰ ਕੌਣ ਸੀ। ਫੇਰ ਵੀ ਕੰਮ 'ਤੇ ਲੱਗਣ ਤੋਂ ਪਹਿਲਾਂ ਸ਼ੇਖ ਦੇ ਦੋ ਅਹਿਲਕਾਰਾਂ ਨੇ ਉਹਦਾ ਮੁਆਇਨਾ ਕਰਨਾ ਸੀ। ਨਿਹਾਲੇ ਨੂੰ ਇਹਦਾ ਕੋਈ ਫਿਕਰ ਨਹੀਂ ਸੀ। ਅਹਿਲਕਾਰਾਂ ਨੇ ਉਹਦੇ ਸਾਰੇ ਕਪੜੇ ਲੁਹਾ ਦਿੱਤੇ ਤੇ ਉਹਨੂੰ ਕਿਹਾ ਅੱਖਾਂ ਬੰਦ ਕਰਕੇ ਉਤਾਂਹ ਨੂੰ ਵੇਖੇ। ਨਿਹਾਲੇ ਨੇ ਸੋਚਿਆ ਉਹ ਉਹਦਾ ਗਲ਼ ਵੇਖਣਾ ਚਾਹੁੰਦੇ ਹਨ ਜਿਸਤੇ ਕੋਈ ਜੀਅ ਲੜਨ ਨਾਲ ਧਫੜੀ ਜਿਹੀ ਹੋ ਗਈ ਸੀ। ਉਹਨੇ ਅੱਖਾਂ ਬੰਦ ਕਰਕੇ ਉਤਾਂਹ ਵੱਲ ਕਰ ਦਿੱਤੀਆਂ। ਇਕ ਬੰਦੇ ਨੇ ਛੁਰੇ ਦੇ ਟੱਕ ਨਾਲ ਨਿਹਾਲੇ ਦਾ ਗੁਪਤ ਅੰਗ ਲਾਹ ਕੇ ਭੁੰਜੇ ਸੁੱਟ ਦਿੱਤਾ। ਨਿਹਾਲਾ ਚੀਕ ਮਾਰ ਕੇ ਜਾਗਿਆ ਅਤੇ ਉਠ ਕੇ ਬਹਿ ਗਿਆ। ਪਸੀਨਾ ਆ ਗਿਆ ਸੀ। ਉਹਨੇ ਸਰੀਰ ਦੇ ਅੰਗ ਟੋਹੇ, ਸਭ ਠੀਕ ਠਾਕ ਸਨ।

ਨਿਹਾਲੇ ਨੂੰ ਪਤਾ ਸੀ ਉਹਨੂੰ ਇਹੋ ਜਿਹੇ ਸੁਫਨੇ ਕਿਉਂ ਆਉਂਦੇ ਹਨ। ਉਹ ਵੱਛੂ ਦੀਆਂ ਗਿੱਲੀਆਂ ਅੱਖਾਂ ਬਾਰੇ ਸੋਚਦਾ ਰਹਿੰਦਾ ਸੀ। ਹੁਣ ਵੀ ਸੋਚ ਰਿਹਾ ਸੀ। ਉਹਦੇ ਅੰਗ ਤਾਂ ਸਾਰੇ ਠੀਕ ਠਾਕ ਹਨ ਪਰ ਵੱਛੂ ਦੇ? ਵੱਛੂ ਨੇ ਤਾਂ ਕਿਸੇ ਗਊਆਂ ਦੇ ਹਰਮ 'ਤੇ ਪਹਿਰਾ ਵੀ ਨਹੀਂ ਸੀ ਦੇਣਾ, ਫੇਰ ਵੀ ਵਿਚਾਰੇ ਨੂੰ ਖੱਸੀ ਕਰ ਦਿੱਤਾ। ਬੰਦਾ ਕਿੰਨਾ ਜ਼ਾਲਮ ਹੈ, ਲਾਲਚ ਵੱਸ ਕੁਝ ਵੀ ਕਰ ਸਕਦਾ ਹੈ। ਤੇ ਉਹ ਆਪ ਵੀ ਬਾਕੀ ਬੰਦਿਆਂ ਨਾਲੋਂ ਘੱਟ ਜ਼ਾਲਮ ਨਹੀਂ। ਵੱਛੂ ਨੂੰ ਤਾਂ ਉਹ ਪੁੱਤਰਾਂ ਵਾਂਗ ਖਿਡਾਉਂਦਾ ਰਿਹਾ ਸੀ। ਕਿੰਨਾ ਭਰੋਸਾ ਹੋਵੇਗਾ ਵੱਛੂ ਨੂੰ ਉਸਤੇ। 'ਮੈਨੂੰ ਵੱਛੂ ਨੂੰ ਖੱਸੀ ਕਰਨ ਤੋਂ ਜਵਾਬ ਦੇ ਦੇਣਾ ਚਾਹੀਦਾ ਸੀ,' ਉਹਨੇ ਸੋਚਿਆ।

ਨਿਹਾਲੇ ਨੂੰ ਨੀਂਦ ਨਾ ਆਈ, ਨਾ ਈ ਉਹ ਹੋਰ ਸੌਣਾ ਚਾਹੁੰਦਾ ਸੀ। ਡਰ ਸੀ ਫੇਰ ਤਾਏ ਦੀ ਦੱਸੀ ਕੋਈ ਕਹਾਣੀ ਸੁਫਨਾ ਬਣ ਕੇ ਨਾ ਆ ਜਾਵੇ। ਉਹ ਸਵੇਰੇ ਉਠ ਕੇ ਗੱਜਣ ਦੇ ਘਰ ਗਿਆ ਤੇ ਵੱਛੂ ਕੋਲ ਜਾ ਖੜ੍ਹਾ ਹੋਇਆ। ਵੱਛੂ ਆਦਤਨ ਉਠ ਕੇ ਖੜ੍ਹਾ ਹੋ ਗਿਆ, ਖੇਤਾਂ ਨੂੰ ਜਾਣ ਲਈ। ਨਿਹਾਲੇ ਨੇ ਉਹਨੂੰ ਥਾਪੀ ਦਿੱਤੀ ਤੇ ਫੇਰ ਅੱਗੇ ਜਾ ਕੇ ਉਸਦੀ ਬੂਥੀ ਵੱਲ ਵੇਖਿਆ, ਅੱਖਾਂ ਗਿੱਲੀਆਂ ਸਨ।

"ਜਦੋਂ ਤੂੰ ਨਿੱਕਾ ਹੁੰਦਾ ਸੀ ਤੇ ਆਪਾਂ ਇਕ ਦੂਜੇ ਨਾਲ ਘੁਲਦੇ ਹੁੰਦੇ ਸੀ, ਉਹ ਟੈਮ ਯਾਦ ਕਰਿਆ ਕਰ, ਸ਼ੈਂਤ ਤੇਰੀਆਂ ਅੱਖਾਂ ਸੁੱਕ ਜਾਣ।"

ਵੱਛੂ ਦੀਆਂ ਅੱਖਾਂ ਅਗਲੇ ਦਿਨ ਵੀ ਗਿੱਲੀਆਂ ਸਨ। ਨਿਹਾਲੇ ਨੇ ਪੱਗ ਦੇ ਲੜ ਨਾਲ ਸਾਫ ਕਰ ਦਿੱਤੀਆਂ।000

*(ajmerrode@gmail.com ਫੋਨ: +1-778-840-4342)*

# ਇਕ ਕਰਮਯੋਗੀ ਦੀ ਕਥਾ: ਜਰਨੈਲ ਸਿੰਘ ਸੇਖਾ

ਉਹ ਆਪਣੇ ਬਾਪ ਦਾ ਜੇਠਾ ਪੁੱਤਰ ਸੀ ਤੇ ਸੀ ਵੀ ਹੁੰਦੜ-ਹੇਲ। ਅਜੇ ਉਹ ਦਸ ਗਿਆਰਾਂ ਸਾਲ ਦਾ ਹੀ ਹੋਇਆ ਸੀ, ਜਦੋਂ ਉਸ ਦੇ ਹੱਥ ਵਿਚ ਹਲ਼ ਦੀ ਹੱਥੀ ਫੜਾ ਦਿੱਤੀ ਗਈ, ਭਾਵੇਂ ਕਿ ਉਹ ਆਪ ਅਜੇ ਮਸਾਂ ਹੀ ਹਲ਼ ਦੇ ਮੁੰਨੇ ਬਰਾਬਰ ਹੋਇਆ ਸੀ। ਉਹ ਕੋਈ ਸ਼ੌਕ ਨਾਲ ਹਲ਼ ਵਾਹੁਣ ਨਹੀਂ ਸੀ ਜਾਂਦਾ ਸਗੋਂ ਉਸ ਨੂੰ ਉਹਦੇ ਦਾਦੇ ਨੇ ਹਲ਼ ਮਗਰ ਲਾਇਆ ਸੀ। ਕਾਰਨ ਇਹ ਸੀ ਕਿ ਉਸ ਦਾ ਦਾਦਾ ਬੜਾ ਕਾਨੂੰਨੀ ਸੀ। ਉਹ ਪਿੰਡ ਦੀਆਂ ਜ਼ਮੀਨਾਂ ਦੇ ਝਗੜੇ ਮੁੱਲ ਲੈ ਲੈਂਦਾ ਸੀ। ਭਾਵ; ਝਗੜੇ ਵਾਲੀ ਜ਼ਮੀਨ ਦੇ ਮਾਲਕ ਨਾਲ ਇਕਰਾਰਨਾਮਾ ਕਰ ਲੈਂਦਾ ਸੀ ਕਿ ਜਿੱਤ ਜਾਣ ਦੀ ਸੂਰਤ ਵਿਚ ਕੁਝ ਜ਼ਮੀਨ ਦਾ ਹਿੱਸਾ ਗਹਿਣੇ ਜਾਂ ਬੈਅ ਲੈ ਲਵੇਗਾ। ਫਿਰ ਉਸ ਕੋਲ਼ੋਂ ਮੁਖਤਿਆਰਨਾਮਾ ਲੈ ਕੇ ਆਪ ਤਹਿਸੀਲ (ਮੋਗਾ), ਜ਼ਿਲ੍ਹੇ (ਫੀਰੋਜ਼ਪੁਰ) ਤੇ ਰਾਜਧਾਨੀ (ਲਾਹੌਰ) ਤਕ ਤਰੀਕਾਂ ਭੁਗਤਣ ਜਾਂਦਾ ਰਹਿੰਦਾ ਸੀ। ਇਸ ਤਰ੍ਹਾਂ ਉਸ ਨੇ ਆਪਣੀ ਦਸ ਘੁਮਾਂ ਜੱਦੀ ਜ਼ਮੀਨ ਦੇ ਨਾਲ ਕੁਝ ਹੋਰ ਜ਼ਮੀਨ ਬੈਅ ਜਾਂ ਗਹਿਣੇ ਰਖਵਾ ਕੇ ਦੋ ਹਲ਼ ਦੀ ਵਾਹੀ ਕਰ ਲਈ ਹੋਈ ਸੀ।

ਮੇਰੇ ਪੜਦਾਦੇ ਦੇ ਦੋ ਪੁੱਤਰ ਤੇ ਇਕ ਧੀ ਸੀ। ਵੱਡੇ ਪੁੱਤਰ ਦੀ ਤੇਰਾਂ ਚੌਦਾਂ ਸਾਲ ਦੀ ਉਮਰ ਵਿਚ ਹੀ ਮੌਤ ਹੋ ਗਈ ਸੀ ਅਤੇ ਦੂਜਾ ਪੁੱਤਰ, ਮੇਰਾ ਦਾਦਾ ਇਕੱਲਾ ਰਹਿ ਗਿਆ। ਇਕ ਤਾਂ ਉਹ ਛੋਟਾ ਹੋਣ ਕਰਕੇ ਪਹਿਲਾਂ ਹੀ ਲਾਡਲਾ ਰੱਖਿਆ ਹੋਇਆ ਸੀ। ਵੱਡੇ ਪੁੱਤਰ ਦੇ ਮਰਨ ਤੋਂ ਬਾਅਦ ਉਸ ਵੱਲ ਹੋਰ ਵੀ ਬਹੁਤਾ ਧਿਆਨ ਦਿੱਤਾ ਜਾਣ ਲੱਗਾ। ਉਸ ਨੂੰ ਕਦੀ ਵੀ ਕੰਮ ਕਰਨ ਲਈ ਨਹੀਂ ਸੀ ਆਖਿਆ ਜਾਂਦਾ। ਕਈ ਬੱਚੇ ਤਾਂ ਇੰਨੇ ਲਾਡ ਨਾਲ ਵਿਗੜ ਜਾਂਦੇ ਹਨ ਪਰ ਉਹ ਸਾਧੂ ਸੁਭਾਅ ਦਾ ਬੰਦਾ ਸੀ। ਖੇਤਾਂ ਵੱਲ ਜਾਂਦਾ ਤਾਂ ਤੋਰੀਆਂ, ਕੱਦੂਆਂ, ਅੱਲਾਂ ਆਦਿ ਸਬਜ਼ੀਆਂ ਦੇ ਬੀਜ ਦਰਖ਼ੱਤਾਂ ਦੀਆਂ ਜੜ੍ਹਾਂ 'ਚ ਲਾ ਜਾਂਦਾ। ਟਿੰਡੋਆਂ, ਭਿੰਡੀਆਂ ਦੇ ਬੀਜ ਦੂਸਰਿਆਂ ਦੀਆਂ ਕਪਾਹਾਂ ਵਿਚ ਵੀ ਬੀਜ ਦਿੰਦਾ। ਛੋਟੀ ਉਮਰ ਵਿਚ ਹੀ ਉਸ ਦਾ ਵਿਆਹ ਕਰ ਦਿੱਤਾ ਗਿਆ। ਉਸ ਦੇ ਇਕ ਧੀ ਅਤੇ ਚਾਰ ਪੁੱਤਰ ਹੋਏ। ਪੜਦਾਦੇ ਨੇ ਬੜੇ ਲਾਡਾਂ ਮਲ੍ਹਾਰਾਂ ਨਾਲ ਪਾਲ਼ੇ ਆਪਣੇ ਇਕਲੌਤੇ ਪੁੱਤਰ ਨੂੰ ਤਾਂ ਹਲ਼ ਦੀ ਹੱਥੀ ਨਾ ਫੜਾਈ ਪਰ ਅਗਾਂਹ ਉਸ ਦੇ ਜੇਠੇ ਪੁੱਤਰ ਨੂੰ ਸਕੂਲ ਘੱਲਣ ਦੀ ਥਾਂ ਹਲ਼ ਮਗਰ ਲਾ ਦਿੱਤਾ ਸੀ। ਛੋਟੀ ਉਮਰ ਵਿਚ ਹਲ਼ ਦੀ ਹੱਥੀ ਫੜਨ ਵਾਲਾ ਸ. ਮੁਹਿੰਦਰ ਸਿੰਘ ਸਰਾ ਉਰਫ ਮੰਦਰ ਸਿੰਘ, ਮੇਰਾ ਬਾਪ ਸੀ ਜਿਸ ਨੂੰ ਅਸੀਂ 'ਬਾਈ' ਕਹਿੰਦੇ ਸੀ। ਉਸ ਦਾ ਜਨਮ ਵੀਹਵੀਂ ਸਦੀ ਚੜ੍ਹਨ ਦੇ ਸਾਲ ਹੋਇਆ ਸੀ। ਉਸ ਦੇ ਦੱਸਣ ਅਨੁਸਾਰ, "ਮੈਂ ਵੱਡੀ ਜੰਗ ਲੱਗਣ ਤੋਂ ਬਹੁਤ ਪਹਿਲਾਂ ਹਲ਼ ਵਾਹਕ ਬਣ ਗਿਆ ਸੀ।"

ਪੜਦਾਦੇ ਵੱਲੋਂ ਬਾਈ ਨੂੰ ਆਪਣੇ ਸੀਰੀ ਨਾਲ ਹਲ਼ ਵਾਹੁਣ ਲਈ ਤੋਰ ਦਿੱਤਾ ਜਾਂਦਾ ਸੀ। ਇਕ ਦਿਨ ਸੀਰੀ ਕੁਝ ਢਿੱਲਾ ਸੀ। ਉਸ ਨੇ ਆਪਣੇ ਮੁੰਡੇ ਨੂੰ ਕੰਮ 'ਤੇ ਘੱਲ ਦਿੱਤਾ ਜਿਹੜਾ ਬਾਈ ਦਾ ਹਾਣੀ ਸੀ। ਉਸ ਦਿਨ ਉਹ ਬੰਬੀਹਾ ਭਾਈ ਦੇ ਰਾਹ 'ਤੇ ਬੂਰ ਆਲ਼ੀ ਛੱਪੜੀ ਕੋਲ਼, ਹਲ਼ ਵਾਹ ਰਹੇ ਸਨ। ਉਨ੍ਹਾਂ ਨੂੰ ਹਲ਼ ਵਾਹੁੰਦਿਆਂ ਦੇਖ ਰਾਹ ਜਾਂਦੇ ਰਾਹੀਆਂ ਵਿਚੋਂ ਇਕ ਬੋਲਿਆ, "ਉਧਰ ਦੇਖ, ਜੁਆਕਾਂ ਦੇ ਹੱਥ ਤਾਂ ਹੱਥੀ ਤਾਈਂ ਅਪੜਦੇ ਨਈਂ ਤੇ ਹਲ਼ ਵਾਹੁਣ ਲੱਗੇ ਹੋਏ ਨੇ।"

"ਇਹਨਾਂ ਮਛੋਹਰਾਂ ਦੇ ਮਾਂ ਪਿਉ ਨਹੀਂ ਹੋਣੇ," ਦੂਜੇ ਨੇ ਜਵਾਬ ਦਿੱਤਾ।

ਬਾਈ ਨੇ ਰਾਹੀਆਂ ਦੀ ਗੱਲ ਤਾਂ ਸੁਣ ਲਈ ਸੀ ਪਰ ਉਸ ਅੱਗੋਂ ਕੁਝ ਨਹੀਂ ਸੀ ਕਿਹਾ। ਉਸ ਨੂੰ 'ਮਛੋਹਰ' ਦੇ ਮਤਲਬ ਦਾ ਵੀ ਪਤਾ ਨਹੀਂ ਸੀ। ਉਸ ਨੇ ਘਰ ਜਾ ਕੇ ਆਪਣੀ ਦਾਦੀ ਕੋਲ਼ੋਂ ਪੁੱਛਿਆ ਕਿ 'ਮਛੋਹਰ' ਕਿਸ ਨੂੰ ਆਖਦੇ ਹਨ?

"ਜਿਸ ਮੁੰਡੇ ਦੀ ਮਾਂ ਮਰੀ ਹੋਵੇ, ਉਹਨੂੰ ਮਛੋਰੂ ਕਹਿੰਦੇ ਐ।" ਉਸ ਦੀ ਮਾਂ ਮਰ ਗਈ ਹੋਣ

ਕਰ ਕੇ ਦਾਦੀ ਨੇ ਸਮਝਿਆ ਕਿਸੇ ਤੀਵੀਂ ਨੇ ਉਸ ਲਈ ਕੁਝ ਹਮਦਰਦੀ ਦੇ ਬੋਲ ਬੋਲੇ ਹੋਣਗੇ।

"ਪਰ ਉਹ ਤਾਂ ਕਹਿੰਦੇ ਸੀ, ਇਹਨਾਂ ਦੇ ਮਾਂ ਪਿਉ ਮਰ ਗਏ ਹੋਣਗੇ।"

"ਕੀਹਨੇ ਕਿਹਾ ਇਹ ਤੈਨੂੰ, ਮੈਂ ਉਹਨੂੰ ਪੁੱਛਾਂ ਜਾ ਕੇ!" ਉਹਦੀ ਦਾਦੀ ਗ਼ੁੱਸੇ ਵਿਚ ਬੋਲੀ।

"ਬੂਰ ਆਲ਼ੀ ਕੋਲ਼ ਬੰਬੀਹੇ ਵੱਲ ਨੂੰ ਰਾਹ ਜਾਂਦੇ ਰਾਹੀਆਂ ਨੇ ਸਾਨੂੰ ਮਛੋਹਰ ਕਿਹਾ ਸੀ," ਮੁੰਡੇ ਨੇ ਬੜਾ ਭੋਲ਼ਾ ਜਿਹਾ ਮੂੰਹ ਬਣਾ ਕੇ ਕਿਹਾ। ਉਸ ਦੀ ਦਾਦੀ ਨੇ ਫਿਰ ਕੁਝ ਨਹੀਂ ਸੀ ਕਿਹਾ। ਉਸ ਨੂੰ ਬੁੱਕਲ਼ ਵਿਚ ਲੈ ਕੇ ਰੋਣ ਲੱਗ ਪਈ ਸੀ। ਸ਼ਾਇਦ ਉਸ ਨੂੰ ਆਪਣੇ ਪੋਤਰੇ 'ਤੇ ਤਰਸ ਆ ਗਿਆ ਹੋਵੇ। ਉਸ ਦੀ ਮਾਂ ਮਰੀ ਨੂੰ ਬਹੁਤਾ ਚਿਰ ਨਹੀਂ ਸੀ ਹੋਇਆ। ਉਂਝ ਵੀ ਉਸ ਦੀ ਮਾਂ ਦੀ ਦੋ ਵਾਰ ਮੌਤ ਹੋਈ ਸੀ। ਇਕ ਵਾਰ ਉਸ ਦੀ ਉਦੋਂ ਮੌਤ ਹੋ ਗਈ, ਜਦੋਂ ਉਸ ਦੇ ਇਕ ਧੀ ਤੇ ਦੋ ਪੁੱਤਰ ਸਨ। ਉਹ ਸਾਰੀ ਰਾਤ ਮਰੀ ਰਹੀ ਸੀ। ਜਦੋਂ ਸਵੇਰ ਸਮੇਂ ਉਸ ਨੂੰ ਸ਼ਮਸ਼ਾਨ ਘਾਟ ਲਿਜਾਣ ਲਈ ਔਰਤਾਂ ਇਸ਼ਨਾਨ ਕਰਾਉਣ ਲੱਗੀਆਂ ਤਾਂ ਇਕ ਸਿਆਣੀ ਔਰਤ ਨੂੰ ਉਸ ਦਾ ਸਰੀਰ ਕੁਝ ਨਿੱਘਾ ਜਿਹਾ ਮਹਿਸੂਸ ਹੋਇਆ। ਉਸ ਨੇ ਅੱਖਾਂ ਨੂੰ ਉਘਾੜ ਕੇ ਦੇਖਿਆ ਤਾਂ ਅੱਖਾਂ ਦੀਆਂ ਪੁਤਲੀਆਂ ਵਿਚ ਵੀ ਮਾਮੂਲੀ ਜਿਹੀ ਹਰਕਤ ਦਿਸੀ। ਅਸਲ ਵਿਚ ਉਸ ਦੀ ਮੌਤ ਨਹੀਂ ਸੀ ਹੋਈ, ਦਿਲ ਦੀ ਧੜਕਣ ਕੁਝ ਸਮਾਂ ਬੰਦ ਜੋ ਜਾਣ ਕਾਰਨ ਉਹ ਡੂੰਘੀ ਬੇਹੋਸ਼ੀ ਵਿਚ ਚਲੀ ਗਈ ਸੀ ਜਿਸ ਕਾਰਨ ਉਸ ਨੂੰ ਮਰੀ ਸਮਝ ਲਿਆ ਗਿਆ ਸੀ। ਸਵੇਰ ਸਮੇਂ ਉਹ ਡੂੰਘੀ ਬੇਹੋਸ਼ੀ 'ਚੋਂ ਬਾਹਰ ਆ ਗਈ। ਉਸ ਮਗਰੋਂ ਉਸ ਦੇ ਦੋ ਮੁੰਡੇ ਹੋਰ ਹੋਏ। ਛੋਟੇ ਮੁੰਡੇ ਦੇ ਜਨਮ ਤੋਂ ਬਾਅਦ ਉਹ ਫੇਰ ਕਿਸੇ ਗੰਭੀਰ ਬਿਮਾਰੀ ਕਾਰਨ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਈ। ਇਹੋ ਕਾਰਨ ਸੀ ਕਿ ਮਾਂ ਮਛੋਹਰ ਹੋ ਜਾਣ 'ਤੇ ਪੜਦਾਦੀ ਆਪਣੇ ਪੋਤਿਆਂ ਨੂੰ ਬਹੁਤ ਪਿਆਰ ਕਰਦੀ ਸੀ ਅਤੇ ਚੰਗਾ ਚੋਖਾ ਖਾਣ ਨੂੰ ਦਿੰਦੀ ਸੀ। ਖੇਤਾਂ ਵਿਚ ਕੰਮ ਕਰਦਾ ਹੋਣ ਕਾਰਨ ਪੜਦਾਦੀ ਉਸ ਦੀ ਖ਼ੁਰਾਕ ਦਾ ਬਹੁਤ ਖਿਆਲ ਰੱਖਦੀ ਸੀ। ਜਦੋਂ ਉਹ ਅਠਾਰਵੇਂ ਸਾਲ ਵਿਚ ਸੀ ਤਾਂ ਉਸ ਦਾ ਸਰੀਰ ਗੱਠਵਾਂ ਤੇ ਛੇ ਫੁੱਟ ਲੰਮਾ ਹੋ ਗਿਆ ਸੀ। ਉਸ ਦੀਆਂ ਬਾਹਾਂ ਗੋਡਿਆਂ ਤਕ ਲੰਮੀਆਂ ਸਨ। ਪਰ ਜਦੋਂ ਉਹਦੇ ਆਪਣੇ ਹਾਣੀਆਂ ਨਾਲ ਹੱਸਣ ਖੇਡਣ ਦੇ ਦਿਨ ਸਨ, ਉਹ ਰੋੜਾਂ ਵਿਚ ਖੇਡਣ ਦੀ ਥਾਂ ਖੇਤਾਂ ਵਿਚ ਹਲ਼ ਵਾਹ ਰਿਹਾ ਹੁੰਦਾ ਸੀ। ਮੇਰ ਬਾਪ ਦੂਜੀ ਸੰਸਾਰ ਜੰਗ ਸਮੇਂ ਫੌਜ ਵਿਚ ਭਰਤੀ ਹੋਣ ਵੀ ਚਲਾ ਗਿਆ ਸੀ ਪਰ ਜਦੋਂ ਪੜਦਾਦੇ ਨੂੰ ਪਤਾ ਲੱਗਾ ਤਾਂ ਉਹ ਫਿਰੋਜ਼ਪੁਰੋਂ ਜਾ ਕੇ ਮੋੜ ਲਿਆਇਆ ਸੀ।

ਮੇਰੇ ਬਾਪ ਤੋਂ ਦੂਜੇ ਨੰਬਰ ਵਾਲਾ ਮੁੰਡਾ, ਜਿਸ ਦਾ ਨਾਂ ਪਾਖਰ ਸਿੰਘ ਸੀ, ਪੜ੍ਹਨ ਲਾ ਦਿੱਤਾ ਗਿਆ। ਉਹ ਮਿਡਲ ਪਾਸ ਕਰਨ ਮਗਰੋਂ ਜੇ.ਵੀ. ਕਰ ਕੇ ਪ੍ਰਾਇਮਰੀ ਅਧਿਆਪਕ ਬਣ ਗਿਆ, ਫਿਰ ਤਿੰਨ ਸਾਲ ਮਗਰੋਂ ਐੱਸ.ਵੀ. ਕਰ ਕੇ ਮਿਡਲ ਸਕੂਲ ਵਿਚ ਪੜ੍ਹਾਉਣ ਦੇ ਕਾਬਲ ਹੋ ਗਿਆ। ਉਹਦੇ ਦੂਸਰੇ ਦੋ ਛੋਟੇ ਭਰਾ, ਮੇਹਰ ਸਿੰਘ ਤੇ ਸ਼ੇਰ ਸਿੰਘ ਜਦੋਂ ਉਡਾਰ ਹੋਏ ਤਾਂ ਉਹ ਵੀ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣ ਲੱਗੇ।

ਜਦੋਂ ਸਾਡੀ ਦਾਦੀ ਦੀ ਮੌਤ ਹੋ ਗਈ ਤਾਂ ਦਾਦੇ ਨੇ ਭਰ ਜਵਾਨੀ ਵਿਚ ਹੁੰਦਿਆਂ ਵੀ ਦੂਜਾ ਵਿਆਹ ਨਹੀਂ ਸੀ ਕਰਵਾਇਆ। ਪਰ ਮੇਰੇ ਬਾਪ ਦਾ ਵਿਆਹ 13 ਸਾਲ ਦੀ ਉਮਰ ਵਿਚ ਕਰ ਦਿੱਤਾ ਗਿਆ ਸੀ। ਮੁਕਲਾਵਾ 19ਵੇਂ ਸਾਲ ਵਿਚ ਲਿਆਂਦਾ। ਮਗਰੋਂ ਛੋਟੇ ਤਿੰਨੇ ਭਰਾ ਵੀ ਵਿਆਹੇ ਗਏ। ਸਾਡੇ ਪੜਦਾਦੇ ਤੇ ਪੜਦਾਦੀ ਦੀ ਮੌਤ ਆਪਣੇ ਪੜਪੋਤੇ ਪੋੜਪੋਤੀਆਂ ਨੂੰ ਖਿਡਾਉਂਦਿਆਂ ਹੋਈ ਸੀ।

ਪੜਦਾਦਾ ਤੇ ਪੜਦਾਦੀ ਦੀ ਮੌਤ ਮਗਰੋਂ ਘਰ ਦੀ ਚੜ੍ਹਤ ਮਾਂਦੀ ਪੈਣੀ ਸ਼ੁਰੂ ਹੋ ਗਈ। ਸਭ ਤੋਂ ਵੱਡਾ ਕਰਨ ਤਾਂ ਇਹ ਸੀ ਕਿ ਸਰ ਛੋਟੂ ਰਾਮ ਵੱਲੋਂ ਪਾਸ ਕਰਵਾਇਆ ਜ਼ਮੀਨੀ ਸੁਧਾਰ ਕਾਨੂੰਨ ਲਾਗੂ ਹੋ ਗਿਆ ਸੀ। ਕਾਨੂੰਨ ਇਹ ਸੀ ਕਿ ਕੋਈ ਵੀ ਗ਼ੈਰ ਕਾਸ਼ਤਕਾਰ ਕਿਸੇ ਕਾਸ਼ਤਕਾਰ ਦੀ ਜ਼ਮੀਨ ਨਹੀਂ ਸੀ ਲੈ ਸਕਦਾ। ਕਾਸ਼ਤਕਾਰ ਤੇ ਗ਼ੈਰ ਕਾਸ਼ਤਕਾਰ ਵੀ ਜਾਤ ਆਧਾਰਤ ਬਣਾ ਦਿੱਤੇ ਗਏ ਸਨ। ਜੱਟ ਤੇ ਕੁਝ ਹੋਰ ਜਾਤਾਂ ਤੋਂ ਬਿਨਾਂ ਦੂਜੀਆਂ ਜਾਤਾਂ ਵਾਲੇ ਭਾਵੇਂ ਉਹ ਖੇਤੀ ਵੀ ਕਰਦੇ ਹੋਣ, ਕਾਸ਼ਤਕਾਰ ਦੀ ਜ਼ਮੀਨ ਨਹੀਂ ਸੀ ਖਰੀਦ ਸਕਦੇ। ਇਹ ਕਾਨੂੰਨ ਬਣਨ ਕਾਰਨ ਪੜਦਾਦਾ

ਭਾਵੇਂ ਜੱਦੀ ਜ਼ਮੀਨ ਦਾ ਮਾਲਕ ਸੀ ਅਤੇ ਉਸ ਦੇ ਵਡੇਰੇ ਵੀ ਕਈ ਪੀੜ੍ਹੀਆਂ ਤੋਂ ਖੇਤੀ ਬਾੜੀ ਦਾ ਧੰਦਾ ਹੀ ਕਰਦੇ ਆ ਰਹੇ ਸਨ ਪਰ ਜਾਤ ਦੇ ਆਧਾਰ 'ਤੇ ਗ਼ੈਰ ਕਾਸ਼ਤਕਾਰ ਗਿਣੇ ਜਾਣ ਕਾਰਨ ਜੱਟਾਂ ਕੋਲੋਂ ਗਹਿਣੇ ਜਾਂ ਬੈਅ ਲਈ ਜ਼ਮੀਨ ਉਸ ਕੋਲ਼ ਨਹੀਂ ਸੀ ਰਹੀ, ਬਸ ਦੋ ਕੁ ਘੁਮਾਂ ਜ਼ਮੀਨ ਗ਼ੈਰ ਕਾਸ਼ਤਕਾਰ ਜਾਤੀਆਂ ਦੀ ਹੀ ਰਹਿ ਗਈ ਸੀ। ਦੂਜਾ ਕਾਰਨ ਸੀ ਮੇਰੇ ਦਾਦੇ ਦਾ ਸਾਧੂ ਸੁਭਾਅ ਹੋਣ ਕਾਰਨ ਕਬੀਲਦਾਰੀ ਵੱਲ ਬਹੁਤਾ ਧਿਆਨ ਨਾ ਦੇਣਾ। ਘਰ ਦਾ ਅਗਵਾਨੂੰ ਕੋਈ ਰਹਿ ਨਹੀਂ ਸੀ ਗਿਆ। ਅਧਿਆਪਕ ਚਾਚਾ ਪੜ੍ਹਿਆ ਲਿਖਿਆ ਹੋਣ ਕਾਰਨ ਸਾਂਝੇ ਘਰ ਨੂੰ ਇਕੱਠਾ ਰੱਖ ਸਕਦਾ ਸੀ ਪਰ ਉਸ ਦੀ ਆਪਣੀ ਸੋਚ ਸੀ। ਉਹ ਬਾਹਰ ਪੜ੍ਹਾਉਂਦਾ ਸੀ। ਹਫਤੇ ਪੰਦਰੀਂ ਦਿਨੀਂ ਘਰ ਆਉਂਦਾ ਤੇ ਚੁਬਾਰੇ ਚੜ੍ਹ ਕੇ ਆਪਣੇ ਪਰਿਵਾਰ ਵਿਚ ਪਰਚ ਜਾਂਦਾ। ਤਿੰਨੇ ਭਰਾ ਖੇਤੀ ਦੇ ਕੰਮ ਵਿਚ ਲੱਗੇ ਰਹਿੰਦੇ। ਉਦੋਂ ਖੇਤੀ ਦੇ ਕੰਮ ਖਾਦ ਬੀਜਾਂ ਆਦਿ ਲਈ ਪੈਸਿਆਂ ਦਾ ਪਹਿਲਾਂ ਪ੍ਰਬੰਧ ਨਹੀਂ ਸੀ ਕਰਨਾ ਪੈਂਦਾ। ਨਕਦ ਪੈਸਿਆਂ ਦੀ ਤਾਂ ਘੱਟ ਹੀ ਵਰਤੋਂ ਹੁੰਦੀ ਸੀ। ਪਹਿਲੀ ਗੱਲ ਤਾਂ ਸਾਰੀਆਂ ਘਰੇਲੂ ਲੋੜਾਂ ਘਰ ਵਿਚ ਹੀ ਪੂਰੀਆਂ ਹੁੰਦੀਆਂ ਸਨ। ਜੇ ਕੋਈ ਚੀਜ਼ ਖਰੀਦਣੀ ਵੀ ਪੈਂਦੀ ਤਾਂ ਉਹ ਦਾਣਿਆਂ ਵੱਟੇ ਲੈ ਲਈ ਜਾਂਦੀ ਸੀ। ਇਸ ਕਰ ਕੇ ਚਾਰੇ ਭਰਾ ਹੀ ਘਰ ਦੇ ਕਾਰ ਮੁਖਤਿਆਰ ਸਨ। ਘਰ ਵਿਚ ਦਰਾਣੀਆਂ ਜਿਠਾਣੀਆਂ ਨੇ ਕੰਮ ਵੰਡੇ ਹੋਏ ਸਨ ਪਰ ਜੁਆਕਾਂ ਨੂੰ ਲੈ ਕੇ ਆਪੋ ਵਿਚ ਉਹਨਾਂ ਦੇ ਸਿੰਗ ਫਸੇ ਰਹਿੰਦੇ। ਤੀਵੀਆਂ ਦੀ ਘੈਂਸ ਘੈਂਸ ਦੀ ਤਿੰਨੇ ਭਰਾ ਪਰਵਾਹ ਨਹੀਂ ਸੀ ਕਰਦੇ। ਇਹ ਸਿਲਸਲਾ ਕਈ ਸਾਲ ਚੱਲਦਾ ਰਿਹਾ। ਫਿਰ ਅਧਿਆਪਕ ਭਰਾ ਵੱਲੋਂ ਅੱਡ ਹੋਣ ਦੀ ਗੱਲ ਸ਼ੁਰੂ ਹੋ ਗਈ। ਸਾਰਿਆਂ ਨਾਲੋਂ ਛੋਟੇ ਭਰਾ ਸ਼ੇਰ ਸਿੰਘ ਦਾ ਖਿਆਲ ਸੀ ਕਿ ਵੱਡੇ ਭਰਾ ਦੀ ਲੜਕੀ ਮੁਟਿਆਰ ਹੈ, ਉਸ ਦਾ ਵਿਆਹ ਸਾਂਝੇ ਘਰ ਵਿਚ ਕਰਨ ਮਗਰੋਂ ਅੱਡ ਹੋਇਆ ਜਾਵੇ ਪਰ ਉਸ ਦੀ ਸਲਾਹ ਮੰਨੀ ਨਹੀਂ ਗਈ ਤੇ ਚਾਰੇ ਭਰਾ ਅੱਡ ਹੋ ਗਏ।

ਵੱਡੇ ਭਰਾ ਨੂੰ ਪਸ਼ੂਆਂ ਵਾਲਾ ਵਾੜਾ ਮਿਲਿਆ, ਉਸ ਥਾਂ ਵਿਚ ਵੀ ਛੋਟੇ ਚਾਚੇ ਦਾ ਕੁਝ ਹਿੱਸਾ ਸੀ ਕਿਉਂਕਿ ਜਿਹੜਾ ਥਾਂ ਉਸ ਨੂੰ ਮਿਲਿਆ ਸੀ ਉਹ ਥੋੜ੍ਹਾ ਘੱਟ ਸੀ। ਉਸ ਥਾਂ ਦਾ ੮੦ ਰੁਪਏ ਮੁੱਲ ਪਿਆ। ਅੱਡ ਹੋਣ ਸਮੇਂ ਹੀ ਮੇਰਾ ਬਾਪ ਅੱਸੀ ਰੁਪਏ ਦਾ ਕਰਜਾਈ ਹੋ ਗਿਆ ਸੀ। ਇਸ ਵਾੜੇ ਵਿਚ ਦੋ ਗਾਰਡਰਾਂ ਉਪਰ ਛੱਤਿਆ ਇਕੋ ਵੱਡਾ ਕੱਚਾ ਕੋਠਾ ਸੀ। ਤਕਰੀਬਨ ਚਾਲ਼ੀ ਫੁੱਟ ਲੰਮੇ ਤੇ ਸੋਲ਼ਾਂ ਫੁੱਟ ਚੌੜੇ ਕਮਰੇ ਵਿਚਕਾਰ ਇਕ ਪੱਕਾ ਥੰਮ ਅਤੇ ਪਾਸਿਆਂ ਦੀਆਂ ਦੋਹਾਂ ਕੱਚੀਆਂ ਕੰਧਾਂ ਵਿਚ ਇਕ ਇਕ ਪੱਕਾ ਥਮਲਾ ਕੱਢ ਕੇ ਵੀਹ ਵੀਹ ਫੁੱਟੀਆਂ ਦੋ ਗਾਰਡਰਾਂ ਰੱਖੀਆਂ ਹੋਈਆਂ ਸਨ। ਗਾਰਡਰਾਂ ਉਪਰ ਲੱਕੜ ਦੇ ਸ਼ਤੀਰ ਤੇ ਟਾਇਲਾਂ ਬਾਲੇ ਪਾ ਕੇ ਛੱਤ ਪਾਈ ਹੋਈ ਸੀ। ਅੱਡ ਹੋਣ ਸਮੇਂ ਮਿਲੇ ਇਕ ਕੋਠੇ ਵਿਚ ਦੋ ਬਲ਼ਦਾਂ ਤੇ ਮੱਝ ਨੇ ਵੀ ਬੱਝਣਾ ਸੀ ਤੇ ਅੱਠ ਜੀਆਂ ਦੇ ਪਰਿਵਾਰ ਨੇ ਵੀ ਰਹਿਣਾ ਸੀ। ਮੇਰੇ ਬਾਪ ਨੇ ਕੋਠੇ ਦੇ ਵਿਚਕਾਰ ਥੰਮ ਨਾਲ ਕੱਚੀ ਕੰਧ ਕੱਢ ਕੇ ਵੱਡੇ ਕੋਠੇ ਦੇ ਦੋ ਕਮਰੇ ਬਣਾ ਲਏ। ਇਕ ਪਾਸੇ ਪਸ਼ੂ ਤੇ ਦੂਜੇ ਕਮਰੇ ਵਿਚ ਸਾਰਾ ਪਰਿਵਾਰ। ਵੱਡੇ ਪਰਿਵਾਰ ਲਈ ਇਕ ਕਮਰੇ ਵਿਚ ਗੁਜ਼ਾਰਾ ਕਰਨਾ ਬਹੁਤ ਔਖਾ ਸੀ, ਇਸ ਲਈ ਅਗਲੇ ਸਾਲ ਹਾੜ੍ਹੀ ਦੀ ਫਸਲ ਆਉਣ ਮਗਰੋਂ ਵੱਡੇ ਕੋਠੇ ਤੇ ਗੁਆਂਢੀਆਂ ਦੀ ਸਾਂਝੀ ਕੰਧ ਨਾਲ ਇਕ ਕੋਠੜੀ ਤੇ ਰਸੋਈ ਵਾਸਤੇ ਇਕ ਛਤੜਾ ਛੱਤ ਲਿਆ, ਜਿਸ ਦੀ ਮੂਹਰਲੀ ਕੰਧ ਪੱਕੀਆਂ ਇੱਟਾਂ ਦੀ ਸੀ। ਕੋਠੜੀ ਤੇ ਛਤੜੇ ਦੀ ਕੰਧ ਵੀ ਪੱਕੀ ਇੱਟ ਦੀ ਸੀ। ਉਸ ਕੰਧ ਦਾ ਦਾੜ੍ਹਾ (ਨਵੀਂ ਕੰਧ ਕੱਢਣ ਲਈ ਅੱਧੀ ਇੱਟ ਬਾਹਰ ਰੱਖਣੀ) ਰੱਖ ਲਿਆ ਗਿਆ ਤਾਂ ਜੋ ਸਮੇਂ ਸਵੇਰ ਨੂੰ ਵੱਡੇ ਕੋਠੇ ਮੂਹਰੇ ਬਰਾਂਡਾ ਬਣਾ ਲਿਆ ਜਾਵੇ ਪਰ ਵਰਾਂਡਾ ਬਣਾਉਣ ਦੀ ਨੌਬਤ ਕਦੀ ਨਹੀਂ ਸੀ ਆਈ। ਜਦੋਂ ਇੰਨੇ ਥਾਂ ਵਿਚ ਵੀ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆ ਤਾਂ ਪਸ਼ੂਆਂ ਦੇ ਵਾੜੇ ਲਈ ਘਰ ਤੋਂ ਦੂਜੀ ਗਲ਼ੀ ਵਿਚ ਬਾਈ ਨੇ ਹੋਰ ਥਾਂ ਖਰੀਦਿਆ ਅਤੇ ਓਥੇ ਦੋ ਕੱਚੇ ਕੋਠੇ ਛੱਤ ਕੇ ਪਸ਼ੂਆਂ ਨੂੰ ਓਧਰ ਕਰ ਦਿੱਤਾ ਅਤੇ ਪਸ਼ੂਆਂ ਵਾਲਾ ਕਮਰਾ ਰਹਾਇਸ਼ ਲਈ ਠੀਕ ਕਰ ਲਿਆ।

ਭਰਾਵਾਂ ਨਾਲੋਂ ਅੱਡ ਹੋਣ ਸਮੇਂ ਮੇਰੇ ਬਾਈ ਦੇ ਹਿੱਸੇ ਤਕਰੀਬਨ ਤਿੰਨ ਘੁਮਾਂ ਜ਼ਮੀਨ ਆਈ ਸੀ। ਇਹ ਤਿੰਨ ਘੁਮਾਂ ਜ਼ਮੀਨ ਵੀ ਚਾਰ ਖੱਤਿਆਂ ਵਿਚ ਵੰਡੀ ਹੋਈ ਸੀ। ਕਿਸੇ ਥਾਂ ਪੰਜ ਕਨਾਲ

ਦਾ ਖੱਤਾ, ਕਿਸੇ ਥਾਂ ਇਕ ਘੁਮਾਂ ਤੇ ਕਿਸੇ ਥਾਂ ਦੋ ਕਨਾਲ ਦਾ ਖੱਤਾ। ਸਾਰੀ ਜ਼ਮੀਨ ਵਿਚੋਂ ਸਿਰਫ ਇਕ ਘੁਮਾਂ ਨੂੰ ਹੀ ਨਹਿਰੀ ਪਾਣੀ ਲੱਗਦਾ ਸੀ, ਬਾਕੀ ਮਾਰੂ ਹੀ ਸੀ, ਮੀਂਹ ਦੇ ਆਸਰੇ। ਇੰਨੀ ਜ਼ਮੀਨ 'ਤੇ ਹੀ ਮੇਰੇ ਬਾਪ ਨੇ ਸਾਰੇ ਪਰਿਵਾਰ ਦਾ ਤੋਰਾ ਤੋਰਨਾ ਸੀ। ਉਹ ਸਿਰੜੀ ਬਹੁਤ ਸੀ। ਉਹ ਜਾਣਦਾ ਸੀ ਕਿ ਇੰਨੀ ਜ਼ਮੀਨ 'ਤੇ ਵਾਹੀ ਕਰਨ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ ਸੀ ਹੋਣਾ। ਉਹ ਦਸ ਬਾਰਾਂ ਘੁਮਾਂ ਜ਼ਮੀਨ ਹਿੱਸੇ 'ਤੇ ਲੈ ਲੈਂਦਾ। ਹਿੱਸੇ ਵਾਲੀ ਜ਼ਮੀਨ 'ਚੋਂ ਫਸਲ ਦਾ ਅੱਧ ਮਾਲਕ ਨੂੰ ਦੇਣਾ ਪੈਂਦਾ ਸੀ ਤੇ ਠੇਕੇ 'ਤੇ ਲਈ ਜ਼ਮੀਨ ਦੀ ਕਾਰਮੀ ਰਕਮ ਫਸਲ ਬੀਜਣ ਤੋਂ ਪਹਿਲਾਂ ਹੀ ਅੱਧੀ ਨਕਦ ਦੇਣੀ ਪੈਂਦੀ ਸੀ ਅਤੇ ਅੱਧੀ ਸੌਣੀ ਦੀ ਫਸਲ ਆਉਣ 'ਤੇ, ਇਸ ਲਈ ਜ਼ਮੀਨ ਠੇਕੇ 'ਤੇ ਲੈਣ ਦੀ ਅਜੇ ਉਸ ਕੋਲ਼ ਪੁੱਜਤ ਨਹੀਂ ਸੀ।

ਉਹ ਕੁੱਕੜ ਦੀ ਬਾਂਗ ਨਾਲ ਤਕਰੀਬਨ ਸਵੇਰੇ ਚਾਰ ਵਜੇ ਉਠਦਾ ਤੇ ਬਿਨਾਂ ਕੁਝ ਖਾਧੇ ਪੀਤੇ ਹਲ਼ ਜੋੜ ਕੇ ਚਲਿਆ ਜਾਂਦਾ। ਉਦੋਂ ਸਵੇਰ ਵੇਲ਼ੇ ਚਾਹ ਪੀਣ ਦਾ ਰਿਵਾਜ ਨਹੀਂ ਸੀ ਚੱਲਿਆ। ਮਾਂ ਉਠ ਕੇ ਚੱਕੀ ਝੋਅ ਲੈਂਦੀ। ਇਕ ਦਿਨ ਜੋਗਾ ਆਟਾ ਪੀਹ ਕੇ ਵੱਡੀ ਲੜਕੀ ਨੂੰ ਉਠਾਉਂਦੀ, ਉਹ ਦੁੱਧ ਰਿੜਕਣ ਲੱਗ ਜਾਂਦੀ ਅਤੇ ਮਾਂ ਗੋਹਾ ਕੂੜਾ ਕਰਨ ਲੱਗ ਜਾਂਦੀ। ਦਿਨ ਚੜ੍ਹਨ ਸਾਰ ਮਾਂ ਮਿੱਸੀਆਂ ਰੋਟੀਆਂ ਪਕਾ ਕੇ ਅਚਾਰ ਤੇ ਲੱਸੀ ਨਾਲ ਖੇਤ ਲੈ ਜਾਂਦੀ। ਓਥੇ ਜੇ ਕੋਈ ਖੇਤੀ ਨਾਲ ਸੰਬੰਧਤ ਕੰਮ ਕਰਨ ਵਾਲਾ ਹੁੰਦਾ ਤਾਂ ਉਹ ਕਰਨ ਲੱਗ ਜਾਂਦੀ, ਨਹੀਂ ਤਾਂ ਘਰ ਮੁੜਦੀ ਹੋਈ ਪੱਠਿਆਂ ਦੀ ਭਰੀ ਚੁੱਕੀ ਆਉਂਦੀ। ਘਰ ਆ ਕੇ ਰਹਿੰਦੇ ਕੰਮ ਨਬੇੜਦੀ। ਉਹ ਦੋਵੇਂ ਜੀਅ ਟਿਕ ਕੇ ਨਹੀਂ ਸੀ ਬਹਿੰਦੇ, ਸਦਾ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ।

ਬਾਪ ਨੂੰ ਅਗਲਾ ਫਿਕਰ ਕੁੜੀ ਦੇ ਵਿਆਹ ਦਾ ਸੀ ਪਰ ਸੰਨ 1939 ਵਿਚ ਦੂਜੀ ਸੰਸਾਰ ਜੰਗ ਲੱਗ ਗਈ, ਜਿਸ ਕਾਰਨ ਮਹਿੰਗਾਈ ਛਾਲ਼ਾਂ ਮਾਰਦੀ ਉਤਾਂਹ ਜਾਣ ਲੱਗ ਪਈ। ਬਹੁਤ ਸਾਰੀਆਂ ਜ਼ਰੂਰੀ ਵਸਤਾਂ, ਜਿਵੇਂ ਖੰਡ, ਕਪੜਾ, ਤੇਲ, ਕੋਲਾ ਆਦਿ 'ਤੇ ਕੰਟਰੋਲ ਹੋ ਗਿਆ। ਅਜੇਹੀ ਮਹਿੰਗਾਈ ਵਿਚ ਜਦੋਂ ਲੋੜੀਂਦੀਆਂ ਵਸਤਾਂ ਬਾਜ਼ਾਰ ਵਿਚੋਂ ਦੁਲੱਭ ਹੋਣ ਤਾਂ ਵਿਆਹ ਬਾਰੇ ਸੋਚਣਾ ਵੀ ਮੁਸ਼ਕਲ ਸੀ ਪਰ ਵਿਆਹ ਨੂੰ ਕਿੰਨਾ ਕੁ ਚਿਰ ਲਟਕਾਇਆ ਜਾ ਸਕਦਾ ਸੀ। ਅਖੀਰ, ਜਦੋਂ ਇਹ ਮਹਿਸੂਸ ਹੋ ਗਿਆ ਕਿ ਜੰਗ ਮੁੱਕਣ ਦੇ ਕੋਈ ਆਸਾਰ ਨਹੀਂ ਹਨ ਤਾਂ ਅਜੇਹੀਆਂ ਹਾਲਤਾਂ ਵਿਚ ਚੋਰ ਬਾਜ਼ਾਰੀ ਵਿਚੋਂ ਲੋੜੀਂਦਾ ਸਾਮਾਨ ਖਰੀਦ ਕੇ ਮੇਰੀ ਵੱਡੀ ਭੈਣ ਦਾ ਵਿਆਹ ਕੀਤਾ।

ਮੇਰਾ ਬਾਪ ਖੇਤੀ ਦੇ ਕੰਮ ਵਿਚ ਭਾਵੇਂ ਔਖਿਆਈ ਝੱਲ ਰਿਹਾ ਸੀ ਪਰ ਉਸ ਨੇ ਆਪਣੇ ਮੁੰਡਿਆਂ ਨੂੰ ਪੜ੍ਹਨ ਜ਼ਰੂਰ ਲਾਇਆ। ਉਸ ਦਾ ਵਿਚਾਰ ਸੀ ਕਿ ਇੰਨੀ ਥੋੜ੍ਹੀ ਜ਼ਮੀਨ 'ਤੇ ਖੇਤੀ ਕਰ ਕੇ ਉਹ ਗੁਜ਼ਾਰਾ ਨਹੀਂ ਕਰ ਸਕਣਗੇ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚੋਂ ਪੜ੍ਹ ਕੇ ਕਿਸੇ ਕਿੱਤੇ ਲੱਗ ਜਾਣਗੇ। ਉਸ ਦੇ ਸਾਹਮਣੇ ਇਕੋ ਇਕ ਕਿੱਤਾ ਕਪੜੇ ਸਲਾਈ ਕਰਨ ਦਾ ਹੀ ਸੀ। ਮੇਰਾ ਵੱਡਾ ਭਰਾ ਮੱਲ ਸਿੰਘ ਚੌਥੀ ਜਮਾਤ ਵਿਚੋਂ ਹੀ ਹਟ ਗਿਆ ਸੀ। ਬਾਪ ਨੇ ਉਸ ਨੂੰ ਸਲਾਈ ਸਿੱਖਣ ਲਾ ਦਿੱਤਾ ਪਰ ਉਹ ਸਿਲਾਈ ਸਿੱਖਣ ਤੋਂ ਇਨਕਾਰੀ ਹੋ ਗਿਆ ਅਤੇ ਖੇਤੀ ਦੇ ਕੰਮ ਵਿਚ ਹੱਥ ਵਟਾਉਣ ਲੱਗਾ ਪਰ ਉਸ ਦਾ ਖੇਤੀ ਦੇ ਕੰਮ ਵਿਚ ਵੀ ਦਿਲ ਨਹੀਂ ਸੀ ਲੱਗਦਾ, ਉਹ ਬਾਪ ਤੋਂ ਝਿੜਕਾਂ ਲੈਂਦਾ। ਫਿਰ ਉਹ ਬਿਨਾਂ ਮਾਂ ਬਾਪ ਨੂੰ ਦੱਸੇ ਫੌਜ ਦੀ ਬੱਚਾ ਕੰਪਨੀ ਵਿਚ ਭਰਤੀ ਹੋ ਗਿਆ। ਮੈਥੋਂ ਵੱਡਾ ਮਲਕੀਤ ਸਿੰਘ ਵੀ ਚੌਥੀ ਵਿਚੋਂ ਹਟ ਕੇ ਮੇਰੇ ਬਾਪ ਦੀ ਭੂਆ ਦੇ ਮੁੰਡੇ ਕੋਲ਼ ਚਿਸਤੀਆਂ ਮੰਡੀ, ਜ਼ਿਲਾ ਬਹੌਲ ਨਗਰ (ਹੁਣ ਪਾਕਿਸਤਾਨ) ਸਿਲਾਈ ਸਿੱਖਣ ਚਲਾ ਗਿਆ। ਮੇਰਾ ਬਾਪ ਮੈਨੂੰ ਵੀ ਸਿਲਾਈ ਦੇ ਕੰਮ ਵਿਚ ਹੀ ਪਾਉਣਾ ਚਾਹੁੰਦਾ ਸੀ ਪਰ ਮੈਂ ਆਪਣੇ ਪਰਪੱਕ ਦ੍ਰਿੜ ਇਰਾਦੇ ਤੇ ਵੱਡੀ ਭੈਣ ਵੱਲੋਂ ਮੇਰੇ ਬਾਪ ਨੂੰ ਕੀਤੀ ਸਿਫਾਰਸ਼ ਨਾਲ ਪੜ੍ਹਾਈ ਵਾਲੇ ਪਾਸੇ ਤੁਰਿਆ ਗਿਆ।

ਜਦੋਂ ਮੇਰਾ ਬਾਪ ਆਪਣੇ ਭਰਾਵਾਂ ਨਾਲੋਂ ਅੱਡ ਹੋਇਆ ਸੀ ਤਾਂ ਪਰਿਵਾਰ ਵਿਚ ਅਸੀਂ ਛੇ ਭੈਣ ਭਰਾ ਸੀ। ਖੇਤੀ ਤੋਂ ਬਿਨਾਂ ਆਮਦਨ ਦਾ ਹੋਰ ਕੋਈ ਵਸੀਲਾ ਨਹੀਂ ਸੀ, ਜਿਸ ਕਾਰਨ ਘਰ ਵਿਚ ਮੁੱਢ ਤੋਂ ਹੀ ਗ਼ਰੀਬੀ ਨੇ ਪੈਰ ਪਸਾਰ ਲਏ ਸਨ ਪਰ ਪਰਿਵਾਰ ਵਡਾ ਹੋਈ ਜਾ ਰਿਹਾ ਸੀ। ਇਸ ਘਰ ਵਿਚ ਹਰ ਦੋ ਸਾਲ ਬਾਅਦ ਇਕ ਜੀਅ ਵਧ ਜਾਂਦਾ। ਉਹ ਸਮੇਂ ਹੀ ਅਜੇਹੇ ਸਨ, ਜਦੋਂ ਵੱਡੇ

ਪਰਿਵਾਰਾਂ ਨੂੰ ਚੰਗਾ ਸਮਝਿਆ ਜਾਂਦਾ ਸੀ। ਉਹਨਾਂ ਸਮਿਆਂ ਵਿਚ ਔਰਤਾਂ ਨਵ ਵਿਆਹੀ ਆਈ ਬਹੂ ਨੂੰ 'ਸੱਤ ਪੁੱਤੀ' ਹੋਣ ਦੀ ਅਸੀਸ ਦਿਆ ਕਰਦੀਆਂ ਸਨ। ਇਸ ਪਿੱਛੇ ਵੀ ਕਈ ਕਾਰਨ ਸਨ। ਪੰਜਾਬ ਵਿਚੋਂ ਫੌਜ ਵਿਚ ਜਵਾਨਾਂ ਦੀ ਭਰਤੀ ਬਹੁਤ ਹੁੰਦੀ ਸੀ, ਜਿਸ ਦੀ ਆਮਦਨ ਘਰ ਦੀ ਆਰਥਿਕਤਾ ਵਿਚ ਸਹਾਈ ਹੁੰਦੀ। ਖੇਤੀ ਦੇ ਕੰਮਾ ਲਈ ਵੀ ਬਹੁਤੇ ਹੱਥਾਂ ਦੀ ਲੋੜ ਹੁੰਦੀ ਸੀ, ਜਿਸ ਕਾਰਨ ਪਰਿਵਾਰ ਨਿਯੋਜਨ ਦੀ ਲੋੜ ਨਹੀਂ ਸੀ ਸਮਝੀ ਜਾਂਦੀ। ਉਦੋਂ ਤਾਂ ਇਹ ਕਿਹਾ ਜਾਂਦਾ ਸੀ ਕਿ ਜਿਸ ਬੰਦੇ ਦੇ ਬਾਰਾਂ ਮੁੰਡੇ ਹੋਣਗੇ, ਉਸ ਨੂੰ ਸਰਕਾਰ ਵੱਲੋਂ ਇਕ ਮੁਰੱਬਾ ਜ਼ਮੀਨ ਇਨਾਮ ਵਜੋਂ ਮਿਲੇਗੀ। ਗਰਭ ਨਿਰੋਧਿਕ ਸਾਧਨਾਂ ਬਾਰੇ ਲੋਕਾਂ ਨੂੰ ਬਹੁਤਾ ਗਿਆਨ ਵੀ ਨਹੀਂ ਸੀ, ਜਿਸ ਕਾਰਨ ਕਈ ਪਰਿਵਾਰਾਂ ਵਿਚ ਇਕ ਦਰਜਨ ਤੋਂ ਵੀ ਵਧੇਰੇ ਬੱਚੇ ਸਨ। ਅਸੀਂ ਵੀ ਦਸ ਭੈਣ ਭਰਾ ਹੋ ਗਏ ਸੀ, ਚਾਰ ਭੈਣਾਂ ਤੇ ਛੇ ਭਰਾ। ਸਾਡੇ ਪਰਿਵਾਰ ਵਿਚ ਗ਼ਰੀਬੀ ਦਾ ਇਕ ਕਾਰਨ ਵੱਡਾ ਪਰਿਵਾਰ ਵੀ ਸੀ। ਇਸ ਗੱਲ ਦਾ ਅਹਿਸਾਸ ਸਾਨੂੰ ਸਾਰੇ ਭਰਾਵਾਂ ਨੂੰ ਹੀ ਹੋ ਗਿਆ ਸੀ। ਸੰਨ ਸੰਤਾਲੀ ਮਗਰੋਂ ਪਰਿਵਾਰ ਨਿਯੋਜਨ ਦੀ ਲਹਿਰ ਵੀ ਚੱਲ ਪਈ ਸੀ। ਇਹ ਨਾਅਰਾ ਕੰਧਾਂ ਉਪਰ ਲਿਖਿਆ ਆਮ ਦਿਸ ਪੈਂਦਾ ਸੀ, 'ਦੋ ਯਾ ਤੀਨ ਬੱਚੇ, ਹੋਤੇ ਹੈਂ ਘਰ ਮੇਂ ਅੱਛੇ'। ਜਦੋਂ ਅਸੀਂ ਵਿਆਹੇ ਗਏ ਤਾਂ ਸਾਡੇ ਦੋ ਵੱਡੇ ਭਰਾਵਾਂ ਦੇ ਚਾਰ ਚਾਰ ਬੱਚੇ ਤੇ ਬਾਕੀ ਚਾਰ ਭਰਾਵਾਂ ਦੇ ਤਿੰਨ ਤਿੰਨ ਬੱਚੇ ਹਨ ਅਤੇ ਅਗਾਂਹ ਸਾਡੇ ਬੱਚਿਆਂ ਦੇ 'ਹਮ ਦੋ ਹਮਾਰੇ ਦੋ' ਦੇ ਨਾਅਰੇ ਅਨੁਸਾਰ ਦੋ ਦੋ ਬੱਚੇ ਹਨ। ਖੈਰ! ਪਰਿਵਾਰ ਨਿਯੋਜਨ ਦੀ ਗੱਲ ਛੱਡਦੇ ਹਾਂ। ਗੱਲ ਅਗਾਂਹ ਤੋਰੀਏ।

ਜਦੋਂ ਮੇਰੀ ਸੁਰਤ ਸੰਭਲੀ, ਮੈਂ ਆਪਣੇ ਬਾਪ ਨੂੰ ਕਦੇ ਸੱਥ ਵਿਚ ਬੈਠਿਆ ਨਹੀਂ ਸੀ ਦੇਖਿਆ। ਹਾੜ੍ਹੀ ਦੀ ਫਸਲ ਮਗਰੋਂ ਥੋੜ੍ਹਾ ਸਮਾਂ ਕਿਸਾਨਾਂ ਦੇ ਕੰਮ ਕੁਝ ਘਟ ਜਾਂਦੇ ਸਨ। ਬਹੁਤੇ ਕਿਸਾਨਾਂ ਦੀਆਂ ਦੁਪਹਿਰਾਂ ਨਿੰਮਾਂ, ਟਾਹਲੀਆਂ ਹੇਠ ਬੈਠ ਕੇ ਜੱਕੜ ਮਾਰਦੇ ਲੰਘਦੀਆਂ। ਪਰ ਮੇਰਾ ਬਾਪ ਖੇਤੀ ਦੇ ਕੰਮ ਵਿਚ ਰੁੱਝਿਆ ਰਹਿੰਦਾ। ਪਹਿਲੀਆਂ ਵਿਚ ਉਸ ਨੇ ਕਦੀ ਸੀਰੀ ਨਹੀਂ ਸੀ ਰੱਖਿਆ। ਉਹ ਹਾੜ੍ਹੀ ਸਾਉਣੀ ਵੇਲ਼ੇ ਠੇਕੇ 'ਤੇ ਪੱਕਾ ਦਿਹਾੜੀਆ ਰੱਖ ਲੈਂਦਾ ਸੀ। ਕਿਉਂਕਿ ਉਸ ਸਮੇਂ ਦੋ ਜਣਿਆਂ ਬਿਨਾਂ ਫਸਲ ਦੀ ਸੰਭਾਲ਼ ਕਰਨੀ ਮੁਸ਼ਕਲ ਹੁੰਦੀ ਸੀ। ਇਕੱਲੇ ਨੂੰ ਖੇਤੀ ਦੇ ਕੰਮ ਵਿਚ ਬਹੁਤੀ ਔਖਿਆਈ ਹੋਣ ਲੱਗੀ ਤਾਂ ਕੁਝ ਸਮੇਂ ਬਾਅਦ ਉਹ ਪੱਕਾ ਸੀਰੀ ਰੱਖਣ ਲੱਗ ਪਿਆ ਸੀ। ਸੀਰੀ ਨੂੰ ਸਾਰੀ ਫਸਲ ਦਾ ਪੰਜਵਾਂ ਹਿੱਸਾ ਦੇਣਾ ਪੈਂਦਾ ਸੀ। ਅੱਧ ਜ਼ਿਮੀਂਦਾਰ ਨੂੰ ਦੇ ਕੇ ਘਰ ਤੀਜਾ ਹਿੱਸਾ ਹੀ ਆਉਂਦਾ ਸੀ। ਹਿੱਸੇ ਵਾਲੀ ਪੈਲ਼ੀ 'ਚੋਂ ਜੇ ਦਸ ਮਣ ਦਾਣੇ ਹੋਏ ਤਾਂ ਪੰਜ ਮਣ ਜ਼ਮੀਨ ਵਾਲੇ ਦੇ, ਦੋ ਮਣ ਸੀਰੀ ਦੇ ਤੇ ਬਾਕੀ ਖੇਤੀ ਕਰਨ ਵਾਲੇ ਲਈ ਤਿੰਨ ਮਣ ਦਾਣੇ ਹੀ ਬਚਦੇ। ਦਾਣਿਆਂ ਦੇ ਬਚਣ ਬਚਾਉਣ ਦਾ ਹਿਸਾਬ ਛੱਡ ਕੇ ਉਹ ਕੋਹਲੂ ਦੇ ਬਲ਼ਦ ਵਾਂਗ ਸਿਰ ਨਿਵਾਈ ਕਬੀਲਦਾਰੀ ਦੇ ਕੋਹਲੂ ਨੂੰ ਚਲਾਈ ਜਾ ਰਿਹਾ ਸੀ। ਮੈਨੂੰ ਨਹੀਂ ਜਾਪਦਾ ਕਿ ਉਸ ਉਪਰ ਜਵਾਨੀ ਦਾ ਕੋਈ ਰੰਗ ਚੜ੍ਹਿਆ ਹੋਵੇਗਾ। ਮਲਮਲ ਦੀ ਪਗੜੀ, ਖੱਦਰ ਦਾ ਕੁੜਤਾ, ਘਸਮੈਲੇ ਜਿਹੇ ਲੱਠੇ ਦਾ ਚਾਦਰਾ ਤੇ ਤੇੜ ਲੱਠੇ ਦਾ ਕਛਹਿਰਾ, ਬੜੇ ਲੰਮੇ ਸਮੇਂ ਤਕ ਉਸ ਦਾ ਇਹੋ ਪਹਿਰਾਵਾ ਰਿਹਾ ਸੀ। ਗਰਮੀਆਂ ਦੇ ਮੌਸਮ ਵਿਚ ਤਾਂ ਚਾਦਰਾ ਬੰਨ੍ਹਣ ਦਾ ਸਮਾਂ ਉਸ ਨੂੰ ਘੱਟ ਹੀ ਮਿਲਦਾ ਸੀ। ਪਜਾਮਾ ਉਸ ਨੇ ਸਾਰੀ ਉਮਰ ਨਹੀਂ ਸੀ ਪਾਇਆ। ਰਿਸ਼ਤੇਦਾਰੀਆਂ ਵਿਚ ਜਾਣ ਦਾ ਉਸ ਨੂੰ ਬਹੁਤ ਘੱਟ ਸਮਾਂ ਮਿਲਦਾ ਸੀ।

ਮੇਰਾ ਵੱਡਾ ਭਰਾ ਫੌਜ ਵਿਚ ਤੇ ਦੂਜਾ ਭਰਾ ਸਲਾਈ ਸਿੱਖਣ ਗਿਆ ਹੋਣ ਕਾਰਨ ਤੀਜੇ ਨੰਬਰ 'ਤੇ ਮੈਂ ਹੀ ਘਰ ਵਿਚ ਵੱਡਾ ਸੀ, ਜਿਹੜਾ ਖੇਤੀ ਦੇ ਕੰਮ ਵਿਚ ਆਪਣੇ ਬਾਪ ਦਾ ਹੱਥ ਵਟਾ ਸਕਦਾ ਸੀ। ਵੈਸੇ ਮੱਝਾਂ ਚਾਰਨ ਤੇ ਹਾੜ੍ਹੀ ਦੀ ਫਸਲ ਸਮੇਂ ਫਲ਼੍ਹੇ ਹੱਕਣ ਦਾ ਕੰਮ ਤਾਂ ਮੈਂ ਅੱਠ ਨੌਂ ਸਾਲ ਦੀ ਉਮਰ ਵਿਚ ਹੀ ਸ਼ੁਰੂ ਕਰ ਦਿੱਤਾ ਸੀ। ਜਦੋਂ ਰੋਡਿਆ ਵਾਲੇ ਸਕੂਲ ਪੜ੍ਹਨ ਲੱਗ ਪਿਆ ਸੀ ਤਾਂ ਵੀ ਗਰਮੀਆਂ ਰੁੱਤੇ ਮੇਰੀ ਮਾਂ ਨੇ ਮੈਨੂੰ ਤੇ ਮੇਰੀ ਭੈਣ, ਜਿਹੜੀ ਮੈਥੋਂ ਚਾਰ ਸਾਲ ਵੱਡੀ ਸੀ, ਨੂੰ ਉਠਾ ਕੇ ਸਾਡੇ ਬਾਪ ਨਾਲ ਹੀ ਖੇਤ ਨੂੰ ਤੋਰ ਦੇਣਾ, ਉਸ ਨੇ ਉੱਥੋਂ ਪੱਠੇ (ਚਰ੍ਹੀ, ਮੱਕੀ ਦਾ ਕਾਚੜਾ ਆਦਿ) ਵੱਢ ਕੇ ਭਰੀਆਂ ਸਾਡੇ ਸਿਰ 'ਤੇ ਰੱਖ ਦੇਣੀਆਂ। ਘਰ ਪੱਠੇ ਸੁੱਟ ਕੇ ਫਿਰ ਸਕੂਲ ਜਾਣਾ। ਇਸ

ਤਰ੍ਹਾਂ ਪੜ੍ਹਾਈ ਦੇ ਨਾਲ ਨਾਲ ਬਾਪ ਨਾਲ ਖੇਤੀ ਦੇ ਕੰਮਾਂ ਵਿਚ ਵੀ ਹੱਥ ਵਟਾਉਂਦਾ ਰਿਹਾ ਸੀ। ਛੁੱਟੀ ਵਾਲੇ ਦਿਨ ਮੈਂ ਹੀ ਸਵੇਰ ਦੀ ਰੋਟੀ ਲੈ ਕੇ ਖੇਤ ਜਾਂਦਾ ਸੀ। ਘਿਉ ਲਾ ਕੇ ਪਕਾਈਆਂ ਮੰਨ ਵਰਗੀਆਂ ਦੋ ਮਿੱਸੀਆਂ ਰੋਟੀਆਂ ਹੁੰਦੀਆ ਸਨ। ਉਪਰ ਲਸਣ ਤੇ ਲਾਲ ਮਿਰਚ ਦੀ ਚਟਨੀ। ਮੇਰਾ ਬਾਪ ਇਕ ਰੋਟੀ ਦੀਆਂ ਚਾਰ ਕੁ ਬੁਰਕੀਆਂ ਹੀ ਕਰਦਾ ਤੇ ਲੱਸੀ ਦੀ ਘੁੱਟ ਨਾਲ ਲੰਘਾ ਲੈਂਦਾ। ਪੰਜਾਂ ਮਿੰਟਾਂ ਤੋਂ ਵੀ ਘੱਟ ਸਮੇਂ ਵਿਚ ਰੋਟੀ ਖਾ ਕੇ ਹਲ਼ ਮਗਰ ਜਾ ਲੱਗਦਾ। ਖੇਤ ਵਿਚਲਾ ਖਾਲ਼ ਘੜਨਾ, ਪਾਸਿਆਂ ਵਾਲੀਆਂ ਵੱਟਾਂ ਛਾਂਗਣੀਆਂ ਜਾਂ ਢੀਮਾਂ ਤੋੜਨੀਆਂ ਆਦਿ ਜਿਹੜਾ ਵੀ ਕੰਮ ਹੁੰਦਾ ਉਹ ਮੈਂ ਕਰਨ ਲੱਗ ਜਾਂਦਾ। ਦੁਪਹਿਰ ਨੂੰ ਅਸੀਂ ਘਰ ਆ ਜਾਂਦੇ। ਉਹ ਨਲਕੇ ਤੋਂ ਬਾਲਟੀ ਭਰ ਕੇ ਨਹਾਉਣ ਲੱਗ ਜਾਂਦਾ। ਬੁੱਕਾਂ ਨਾਲ ਹੀ ਪਿੰਡੇ ‘ਤੇ ਪਾਣੀ ਪਾਉਂਦਾ, ਇਕ ਖੱਦਰ ਦੇ ਸਾਫੇ ਨਾਲ ਮਲ਼ ਮਲ਼ ਕੇ ਪਿੰਡਾ ਪੂੰਝਦਾ। ਸਰੀਰ ਉਪਰ ਜੰਮੀ ਮਿੱਟੀ ਜਾਂ ਮੈਲ਼ ਸਾਫੇ ਨਾਲ ਸਾਫ ਹੋ ਜਾਂਦੀ ਪਰ ਸਾਫਾ ਘਸਮੈਲਾ ਹੋ ਜਾਂਦਾ। ਉਸ ਸਾਫੇ ਨੂੰ ਤੇੜ ਬੰਨ੍ਹ ਕੇ ਉਹ ਕਛਹਿਰਾ ਬਦਲਦਾ ਤੇ ਧੋਤਾ ਕੁੜਤਾ ਪਾ ਕੇ ਰੋਟੀ ਖਾਂਦਾ ਅਤੇ ਕਿਸੇ ਖੇਤੀ ਦੇ ਕੰਮ ਲਈ ਘਰੋਂ ਬਾਹਰ ਚਲਿਆ ਜਾਂਦਾ। ਬਾਅਦ ਵਿਚ ਮੇਰੀ ਮਾਂ ਕਛਹਿਰੇ ਤੇ ਸਾਫੇ ਨੂੰ ਘਰ ਬਣਾਏ ਦੇਸੀ ਸਾਬਨ ਨਾਲ ਧੋ ਕੇ ਸੁੱਕਣੇ ਪਾ ਦਿੰਦੀ। ਘੰਟੇ ਦੋ ਘੰਟੇ ਮਗਰੋਂ ਉਹ ਘਰ ਆਉਂਦਾ, ਕੁਝ ਖਾ ਪੀ ਕੇ ਫਿਰ ਖੇਤ ਨੂੰ ਚਲਿਆ ਜਾਂਦਾ। ਇਹ ਉਸ ਦਾ ਨਿੱਤ ਦਾ ਕੰਮ ਸੀ।

ਉਸ ਦੇ ਨਿੱਤ ਦੇ ਕੰਮ ਵਿਚ ਉਦੋਂ ਖਲਲ ਪੈ ਗਿਆ ਜਦੋਂ ਸਾਡੇ ਫੁੱਫੜ ਦੇ ਭਰਾ ਦੀ ਉਹਨਾਂ ਦੇ ਪਿੰਡ, ਵਾਂਦਰ ਜਟਾਣੇ, ਰਿਆਸਤ ਫਰੀਦਕੋਟ, ਦੇ ਕਿਸੇ ਬੰਦੇ ਨਾਲ ਲੜਾਈ ਹੋ ਗਈ। ਫੁੱਫੜ ਆਪਣੇ ਭਰਾ ਦੀ ਸਹਾਇਤਾ ‘ਤੇ ਗਿਆ। ਉਸ ਲੜਾਈ ਵਿਚ ਫੁੱਫੜ ਕੋਲ਼ੋਂ ਇਕ ਬੰਦਾ ਕਤਲ ਹੋ ਗਿਆ। ਫੁੱਫੜ ਦੇ ਭਰਾ ਤਾਂ ਪਿੰਡੋਂ ਦੌੜ ਕੇ ਕਿਧਰੇ ਰੂਪੋਸ਼ ਹੋ ਗਏ ਪਰ ਉਹ ਗ੍ਰਿਫਤਾਰ ਕਰ ਲਿਆ ਗਿਆ। ਫੁੱਫੜ ਨੂੰ ਫਰੀਦਕੋਟ ਦੀ ਜਿਹਲ ਵਿਚ ਬੰਦ ਕਰ ਦਿੱਤਾ ਗਿਆ। ਇਹ ਆਜ਼ਾਦੀ ਤੋਂ ਪਹਿਲਾਂ ਦੀ ਘਟਨਾ ਹੈ। ਫਰੀਦਕੋਟ ਰਿਆਸਤ ਦੇ ਆਪਣੇ ਹੀ ਕਾਨੂੰਨ ਸਨ। ਕਈ ਸਾਲ ਮੁਕੱਦਮਾ ਚੱਲਦਾ ਰਿਹਾ। ਕਿਉਂਕਿ ਸਾਡੀ ਭੂਆ ਚਾਰ ਭਰਾਵਾਂ ਦੀ ਇਕੱਲੀ ਭੈਣ ਸੀ, ਉਸ ਦੇ ਦੂਜੇ ਭਰਾ ਵੀ ਭੂਆ ਦੀ ਸਹਾਇਤਾ ਕਰਦੇ ਹੋਣਗੇ। ਪਰ ਮੇਰਾ ਬਾਪ ਆਪਣੀ ਸਮਰੱਥਾ ਤੋਂ ਵੀ ਬਾਹਰਾ ਹੋ ਕੇ ਮਦਦ ਕਰਦਾ ਰਿਹਾ। ਉਹ ਫੁੱਫੜ ਦੀ ਮੁਲਾਕਾਤ ਲਈ ਜਾਂ ਉਸ ਦੀ ਤ੍ਰੀਕ ‘ਤੇ ਫਰੀਦਕੋਟ ਜਾਂਦਾ। ਕਈ ਵਾਰ ਉਸ ਨਾਲ ਛੋਟਾ ਚਾਚਾ ਸ਼ੇਰ ਸਿੰਘ ਵੀ ਹੁੰਦਾ। ਉਸ ਦੇ ਘਰ ਦਾ ਕੰਮ ਛੱਡ ਕੇ ਜਾਣ ਉਪਰ ਮੇਰੀ ਮਾਂ ਬਹੁਤ ਕਲਪਦੀ ਸੀ। ਉਸ ਦਾ ਕਹਿਣਾ ਸੀ, “ਉਹਦਾ (ਸਾਡਾ ਦਾਦਾ) ਪਿਉ ਜਿਉਂਦੈ, ਉਹ ਕਰੇ ਜੋ ਕਰਨੈ। ਤੂੰ ਕਿਉਂ ਆਪਣੇ ਜਿਆਕਾਂ ਦੇ ਮੂਹੋਂ ਕੱਢ ਕੇ ਉਹਨਾਂ ਦੇ ਬੱਬਰ ਵਿਚ ਪਾਈ ਜਾਨੈ। ਦੂਜੇ ਵੀ ਤਾਂ ਉਹਦੇ ਭਰਾ ਐ। ਉਹ ਕਿਉਂ ਨਈਂ ਉਹਦਾ ਪਾਸਾ ਥੱਲਦੇ!” ਪਰ ਬਾਈ ਆਪਣਾ ਫਰਜ਼ ਸਮਝ ਕੇ ਮੁਕੱਦਮੇ ਵਿਚ ਭੂਆ ਦੀ ਮਦਦ ਕਰ ਰਿਹਾ ਸੀ। ਦੋ ਕੁ ਸਾਲ ਮੁਕੱਦਮਾ ਚੱਲਿਆ ਜਿਸ ਵਿਚੋਂ ਫੁੱਫੜ ਬਰੀ ਹੋ ਗਿਆ। ਇਸ ਬਿਗਾਨੇ ਮੁਕਦਮੇ ਦਾ ਸਾਡੇ ਘਰ ਦੀ ਮਾਲੀ ਹਾਲਤ ‘ਤੇ ਅਸਰ ਪੈਣਾ ਕੁਦਰਤੀ ਸੀ।

ਬਾਈ ਦੇ ਨਿੱਤ ਦੇ ਕੰਮ ਵਿਚ ਖਲਲ ਉਦੋਂ ਵੀ ਪਿਆ ਸੀ ਜਦੋਂ ਦੇਸ਼ ਨੂੰ ਤਾਂ ਅਜ਼ਾਦੀ ਮਿਲ ਗਈ ਸੀ ਪਰ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਏਧਰਲੇ ਪੰਜਾਬ ‘ਚੋਂ ਮੁਸਲਮਾਨ ਉੱਜੜ ਕੇ ਦੂਜੇ ਪੰਜਾਬ ਵਿਚ ਜਾਣ ਲੱਗ ਪਏ ਸਨ ਅਤੇ ਓਧਰੋਂ ਹਿੰਦੂ ਸਿੱਖ ਉੱਜੜ ਕੇ ਇਧਰ ਆਉਣ ਲੱਗ ਪਏ ਸਨ। ਉਸ ਸਮੇਂ ਲੋਕਾਂ ਵਿਚ ਅਜੇਹੀ ਨਫਰਤ ਭਰ ਦਿੱਤੀ ਗਈ ਸੀ ਕਿ ਉਹ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਸਨ। ਓਧਰਲੇ ਪੰਜਾਬ ਵਿਚ ਮੁਸਲਮਾਨ ਹਿੰਦੂ ਸਿੱਖਾਂ ਨੂੰ ਕਤਲ ਕਰ ਰਹੇ ਸਨ ਅਤੇ ਇਧਰ ਮੁਸਲਮਾਨਾਂ ਨੂੰ ਕਤਲ ਕੀਤਾ ਜਾ ਰਿਹਾ ਸੀ। ਗੁੰਡਾ ਅਨਸਰਾਂ ਦੇ ਦੋਹੀਂ ਹੱਥੀਂ ਲੱਡੂ ਆ ਗਏ ਸਨ। ਗੁੰਡਿਆਂ ਨੇ ਧਾਰਮਿਕ ਪਹਿਰਾਵਾ ਪਹਿਨ ਕੇ ਜੱਥੇਦਾਰਾਂ ਦਾ ਰੂਪ ਅਖਤਿਆਰ ਕਰ ਲਿਆ ਸੀ ਤੇ ਜੱਥਿਆਂ ਦੇ ਰੂਪ ਵਿਚ ਮੁਸਲਮਾਨਾਂ ਨੂੰ ਲੁੱਟਣਾ ਤੇ ਕਤਲ ਕਰਨਾ ਸ਼ੁਰੂ ਕਰ ਦਿੱਤਾ ਸੀ। ਜੇ ਉਹ ਲੋਕ ਇਹੋ ਜਿਹੇ ਕਾਰੇ ਕਰ ਰਹੇ ਸਨ ਤਾਂ ਪਿੰਡਾਂ ਦੇ ਸੂਝਵਾਨ

ਲੋਕ ਆਪਣੇ ਪਿੰਡਾਂ ਦੀ ਹਿਫਾਜ਼ਤ ਲਈ ਸਾਵਧਾਨ ਹੋ ਗਏ ਸਨ। ਉਹਨਾਂ ਨੇ ਅਗਵਾੜਾਂ ਵਿਚੋਂ ਕੁਝ ਜਵਾਨਾਂ ਨੂੰ ਚੁਣ ਕੇ ਜੱਥੇ ਬਣਾ ਲਏ। ਜਦੋਂ ਵੀ ਪਿੰਡ ਨੂੰ ਕੋਈ ਖਤਰੇ ਦਾ ਅਹਿਸਾਸ ਹੁੰਦਾ, ਜੱਥੇ ਝੱਟ ਆਪਣੇ ਹਥਿਆਰ ਸੰਭਾਲ ਕੇ ਪਿੰਡ ਦੀ ਰਖਵਾਲੀ ਕਰਦੇ। ਸਾਡੇ ਪਿੰਡ ਦੇ ਮੁਸਲਮਾਨ ਸ਼ੇਖ ਤਾਂ ਹੱਲੇ ਗੁੱਲੇ ਤੋਂ ਪਹਿਲਾਂ ਹੀ ਪਿੰਡ ਛੱਡ ਕੇ ਚਲੇ ਗਏ ਸਨ। ਪਿੱਛੇ ਰਹਿ ਗਏ ਸਨ ਗ਼ਰੀਬ ਕਿਰਤੀ,ਦਿਹਾੜੀਦਾਰ ਮੁਸਲਮਾਨ। ਉਹਨਾਂ ਨੂੰ ਚੌਹਾਂ ਅਗਵਾੜਾਂ ਦੇ ਹਿੰਮਤੀ ਗੱਭਰੂ ਕੈਂਪ ਵਿਚ ਛੱਡ ਆਏ ਸਨ। ਉਹਨਾਂ ਨੂੰ ਛੱਡਣ ਜਾਣ ਵਾਲਿਆਂ ਵਿਚ ਮੇਰਾ ਬਾਪ ਵੀ ਸੀ।

ਇਕ ਦਿਨ ਚੌਕੀਦਾਰ ਨੇ ਪੀਪਾ ਖੜਕਾਇਆ ਤਾਂ ਮੇਰਾ ਬਾਪ ਆਪਣੀ ਤਲਵਾਰ, ਜਿਹੜੀ ਇਨ੍ਹਾਂ ਗਰਮੀਆਂ ਵਿਚ ਮੇਰਾ ਛੋਟਾ ਚਾਚਾ ਉਸ ਨੂੰ ਦੇ ਕੇ ਗਿਆ ਸੀ, ਲੈ ਕੇ ਬਖਤੇ ਕੀ ਧਰਮਸ਼ਾਲਾ ਵੱਲ ਚਲਾ ਗਿਆ ਜਿੱਥੇ ਦੋਹਾਂ ਅਗਵਾੜਾਂ ਦੇ ਬੰਦਿਆਂ ਨੇ ਇਕੱਠੇ ਹੋਣਾ ਸੀ। ਕਿਉਂਕਿ ਪਿੰਡ ਵਿਚ ਇਹ ਅਫਵਾਹ ਫੈਲ ਗਈ ਸੀ ਕਿ ਵੈਰੋਕਿਆਂ ਵਾਲੇ ਪਾਸਿਉਂ ਮੁਸਲਮਾਨ ਪਿੰਡ ‘ਤੇ ਧਾਵਾ ਬੋਲਣ ਲਈ ਆ ਰਹੇ ਹਨ। ਸਾਡੀ ਮਾਂ ਨੇ ਸਾਨੂੰ ਇਕ ਕਮਰੇ ਵਿਚ ਬੰਦ ਕਰ ਦਿੱਤਾ ਸੀ ਅਤੇ ਆਪ ਵੀਹੀ ਦੇ ਬਾਰ ਮੂਹਰੇ ਜਾ ਖੜ੍ਹੀ ਸੀ।। ਬਾਅਦ ਵਿਚ ਪਤਾ ਲੱਗਾ ਕਿ ਵੈਰੋਕਿਆਂ ਦੇ ਕੁਝ ਸਿਆਣੇ ਬੰਦੇ ਆਪਣੇ ਪਿੰਡ ਦੇ ਗ਼ਰੀਬ ਮੁਸਲਮਾਨਾਂ ਨੂੰ ਕੈਂਪ ਵਿਚ ਛੱਡਣ ਜਾ ਰਹੇ ਸਨ। ਅਜੇਹੀਆਂ ਅਫਵਾਹਾਂ ਕਾਰਨ ਦੋ ਮਹੀਨੇ ਕਿਸਾਨਾਂ ਵੱਲੋਂ ਖੇਤਾਂ ਵਿਚ ਸਹੀ ਢੰਗ ਨਾਲ ਕੰਮ ਨਹੀਂ ਸੀ ਹੋ ਸਕਿਆ ਜਿਸ ਕਾਰਨ ਉਸ ਸਾਲ ਸੌਣੀ ਦੀ ਫਸਲ ਬਹੁਤੀ ਚੰਗੀ ਨਹੀਂ ਸੀ ਹੋਈ। ਇਸ ਦਾ ਅਸਰ ਸਾਡੇ ਘਰ ਉਪਰ ਵੀ ਪਿਆ।

ਫਿਰ ਪਰਿਵਾਰ ਵਿਚ ਵਿਆਹਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮੇਰੇ ਬਾਪ ਨੇ ਬਾਈ ਸਾਲਾਂ ਵਿਚ ਦਸ ਭੈਣ ਭਰਾਵਾਂ ਦੇ ਗਿਆਰਾਂ ਵਿਆਹ ਕੀਤੇ। ਤਕਰੀਬਨ ਹਰ ਦੋ ਸਾਲ ਬਾਅਦ ਇਕ ਵਿਆਹ। ਮੈਥੋਂ ਵਡੇ ਭਰਾ, ਮਲਕੀਤ ਸਿੰਘ ਦਾ ਦੋ ਵਾਰ ਵਿਆਹ ਕਰਨਾ ਪਿਆ ਸੀ। ਉਸ ਦੀ ਪਹਿਲੀ ਪਤਨੀ ਦੀ ਤਪਦਿਕ ਦੀ ਨਾਮੁਰਾਦ ਬਿਮਾਰੀ ਕਾਰਨ ਮੌਤ ਹੋ ਗਈ ਸੀ। ਉਸ ਦੀ ਬਿਮਾਰੀ ਉਪਰ ਵੀ ਬਹੁਤ ਖਰਚ ਆਇਆ ਸੀ। ਪਹਿਲੇ ਸੱਤ ਵਿਆਹਾਂ ਵਿਚ ਹਰ ਵਿਆਹ ਮਗਰੋਂ ਬਾਪ ਸਿਰ ਕਰਜ਼ੇ ਦੀ ਪੰਡ ਕੁਝ ਹੋਰ ਭਾਰੀ ਹੋ ਜਾਂਦੀ ਰਹੀ ਸੀ। ਪਰ ਜਦੋਂ ਅਸੀਂ ਭਰਾ ਕਮਾਊ ਹੋ ਗਏ ਤਾਂ ਉਹ ਹੌਲ਼ੀ ਹੌਲ਼ੀ ਕਰਜ਼ੇ ਤੋਂ ਸੁਰਖਰੂ ਹੁੰਦਾ ਗਿਆ। ‘ਊਠ ਤੋਂ ਛਾਣਨੀ ਲਾਹੁਣ’ ਦੀ ਅਖਾਉਤ ਅਨੁਸਾਰ ਮੇਰਾ ਵੱਡਾ ਭਰਾ ਫੌਜ ਵਿਚੋਂ ਜਦੋਂ ਸਾਲ ਮਗਰੋਂ ਛੁੱਟੀ ਆਉਂਦਾ ਤਾਂ ਆਪਣੀ ਤਨਖਾਹ ਵਿਚੋਂ ਦੋ ਢਾਈ ਸੌ ਰੁਪਏ ਬਚਾ ਕੇ ਲੈ ਆਉਂਦਾ ਸੀ। ਉਦੋਂ ਫੌਜੀ ਸਿਪਾਹੀ ਨੂੰ ਮਹੀਨੇ ਦੀ ਮਸਾਂ ਤੀਹ ਪੈਂਤੀ ਰੁਪਏ ਤਨਖਾਹ ਹੀ ਮਿਲਦੀ ਸੀ।

ਮੈਂ ਮੈਟ੍ਰਿਕ ਕਰਨ ਮਗਰੋਂ ਕੁਝ ਸਮੇਂ ਲਈ ਸੱਠ ਰੁਪਏ ਤਨਖਾਹ ‘ਤੇ ਕੱਚਾ ਅਧਿਆਪਕ ਲੱਗ ਗਿਆ ਸੀ। ਫਿਰ ਅਧਿਆਪਕ ਦਾ ਸਿਖਲਾਈ ਕੋਰਸ ਕਰ ਕੇ ਪੱਕਾ ਅਧਿਆਪਕ ਬਣ ਗਿਆ। ਮੈਂ ਆਪਣੇ ਛੋਟੇ ਭਰਾਵਾਂ ਨੂੰ ਪੜ੍ਹਨ ਲਈ ਉਤਸ਼ਾਹਤ ਕਰਦਾ ਰਿਹਾ, ਭਾਵੇਂ ਕਿ ਇਕ ਜਣਾ ਦਸਵੀਂ ਵਿਚੋਂ ਇਕ ਵਾਰ ਫੇਲ੍ਹ ਹੋ ਗਿਆ ਸੀ ਅਤੇ ਦੂਜਾ ਦਸਵੀਂ ਵਿਚੋਂ ਦੋ ਵਾਰ ਫੇਲ੍ਹ ਹੋਇਆ। ਬਾਪ ਉਹਨਾਂ ਦੀ ਪੜ੍ਹਾਈ ਤੋਂ ਮਾਯੂਸ ਹੋ ਗਿਆ ਸੀ ਪਰ ਮੈਂ ਉਹਨਾਂ ਨੂੰ ਪੜ੍ਹਾਈ ਨਹੀਂ ਸੀ ਛੱਡਣ ਦਿੱਤੀ। ਜਿਸ ਕਾਰਨ ਇਕ ਭਰਾ ਡਰਾਇੰਗ ਟੀਚਰ ਬਣ ਗਿਆ ਤੇ ਦੂਜਾ ਫੌਜ ਵਿਚ ਕਲਰਕ ਭਰਤੀ ਹੋ ਗਿਆ।

ਮੈਥੋਂ ਛੋਟਾ ਭਰਾ ਪਹਿਲੀ ਜਮਾਤ ਵਿਚੋਂ ਹੀ ਸਕੂਲੋਂ ਭਗੌੜਾ ਹੋ ਗਿਆ ਸੀ। ਘਰਦਿਆਂ ਨੇ ਬਹੁਤ ਜ਼ੋਰ ਲਇਆ ਕਿ ਉਹ ਚਾਰ ਜਮਾਤਾਂ ਪੜ੍ਹ ਜਾਵੇ ਪਰ ਪਤਾ ਨਹੀਂ ਉਸ ਨੂੰ ਸਕੂਲ ਜਾਣ ਤੋਂ ਕਿਉਂ ਡਰ ਲਗਦਾ ਸੀ ਕਿ ਉਹ ਸਕੂਲ ਵਿਚ ਕੁਝ ਪਲ ਵੀ ਨਹੀਂ ਸੀ ਠਹਿਰਦਾ। ਮੈਂ ਉਸ ਨੂੰ ਆਪਣੇ ਨਾਲ ਸਕੂਲ ਲੈ ਕੇ ਜਾਂਦਾ ਪਰ ਪਤਾ ਹੀ ਨਹੀਂ ਸੀ ਲੱਗਦਾ ਕਿ ਉਹ ਕਦੋਂ ਸਕੂਲੋਂ ਭੱਜ ਜਾਂਦਾ। ਜਦੋਂ ਉਹ ਸਕੂਲ ਜਾਣ ਤੋਂ ਬਿਲਕੁਲ ਹੀ ਵੀਰ੍ਹ ਗਿਆ ਤਾਂ ਉਸ ਨੂੰ ਬੱਕਰੀ ਚਾਰਨ ਤੋਰ ਦਿੱਤਾ। ਉਹਨਾਂ ਦਿਨਾਂ ਵਿਚ ਹੀ ਸਾਡੀ ਮੱਝ ਦੁੱਧੋਂ ਭੱਜ ਗਈ ਸੀ, ਉਸ ਦੇ ਸੂਣ ਵਿਚ ਅਜੇ ਚਾਰ

ਮਹੀਨੇ ਰਹਿੰਦੇ ਸਨ। ਹੋਰ ਲਵੇਰੀ ਮੱਝ ਲੈਣ ਦੀ ਪੁੱਜਤ ਨਹੀਂ ਸੀ। ਇਸ ਕਰ ਕੇ ਦੁੱਧ ਲਈ ਇਕ ਬੱਕਰੀ ਖਰੀਦ ਲਈ ਜਿਸ ਦੇ ਮਗਰ ਦੋ ਪਠੋਰੇ ਸਨ। ਉਹ ਬੱਕਰੀ ਚਾਰਨ ਸੂਏ ਵੱਲ ਚਲਿਆ ਜਾਂਦਾ। ਬੱਕਰੀ ਓਥੇ ਚਰਦੀ ਰਹਿੰਦੀ ਤੇ ਆਪ ਉਹ ਆਪਣੇ ਹਾਣੀਆਂ ਨਾਲ ਖੇਡਣ ਲੱਗ ਜਾਂਦਾ। ਦੋ ਕੁ ਸਾਲ ਵਿਚ ਇਕ ਬੱਕਰੀ ਤੋਂ ਪੰਜ ਛੇ ਬੱਕਰੀਆਂ ਬਣ ਗਈਆਂ। ਹੌਲ਼ੀ ਹੌਲ਼ੀ ਬੱਕਰੀਆਂ ਦਾ ਇੱਜੜ ਬਣ ਗਿਆ ਅਤੇ ਉਹ ਬੱਕਰੀਆਂ ਚਾਰਦਾ ਆਜੜੀ ਬਣ ਗਿਆ। ਜਦੋਂ ਵੀ ਕੋਈ ਆਰਥਿਕ ਲੋੜ ਆ ਬਣਨੀ ਤਾਂ ਇਕ ਦੋ ਬੱਕਰੀਆਂ ਵੇਚ ਕੇ ਕੰਮ ਚਲਾ ਲੈਣਾ। ਬੱਕਰੀਆਂ ਦਾ ਇੱਜੜ ਮੇਰੇ ਬਾਪ ਦੀ ਕਬੀਲਦਾਰੀ ਵਿਚ ਕੁਝ ਯੋਗਦਾਨ ਪਾਉਂਦਾ ਆ ਰਿਹਾ ਸੀ। ਜਦੋਂ ਮੇਰਾ ਉਹ ਭਰਾ ਸੋਲ਼ਾਂ ਸਤਾਰਾਂ ਸਾਲ ਦਾ ਹੋਇਆ ਤਾਂ ਬਾਪ ਨੇ ਇੱਜੜ ਵੇਚ ਦਿੱਤਾ ਅਤੇ ਉਸ ਨੂੰ ਹਲ਼ ਮਗਰ ਲਾ ਲਿਆ। ਕੁਝ ਸਮੇਂ ਬਾਅਦ ਖੇਤੀ ਦੇ ਕੰਮ ਦੀ ਸਾਰੀ ਜ਼ਿੰਮੇਵਾਰੀ ਉਸ ਉਪਰ ਸੁੱਟ ਕੇ ਬਾਪ ਆਪ ਵਿਹਲਾ ਹੋ ਗਿਆ ਸੀ। ਉਹ ਖੇਤੀ ਦੇ ਕੰਮਾਂ ਤੋਂ ਵਿਹਲਾ ਹੋਇਆ ਸੀ ਪਰ ਘਰ ਦੀ ਕਬੀਲਦਾਰੀ ਦੀ ਜ਼ਿੰਮੇਵਾਰੀ ਅਜੇ ਵੀ ਉਸ ਦੇ ਸਿਰ ਪਈ ਹੋਈ ਸੀ।

ਮੇਰਾ ਬਾਪ ਬਹੁਤ ਘੱਟ ਬੋਲਦਾ ਸੀ। ਬਸ ਮਤਲਬ ਦੀ ਹੀ ਗੱਲ ਕਰਦਾ, ਬਹੁਤਾ ਉਹ ਚੁੱਪ ਰਹਿੰਦਾ ਸੀ। ਪਤਾ ਨਹੀਂ ਉਸ ਦੀ ਚੁੱਪ ਪਿੱਛੇ ਕਬੀਲਦਾਰੀ ਦਾ ਬੋਝ ਸੀ ਜਾਂ ਕਬੀਲਦਾਰੀ ਨੂੰ ਨਿਪਟਾਉਣ ਦਾ ਫਿਕਰ, ਜਾਂ ਫਿਰ ਉਹਦੇ ਆਪਣੇ ਅਰਮਾਨਾਂ ਦੇ ਕੁਚਲੇ ਜਾਣ ਦਾ ਗ਼ਮ। ਉਸ ਨੇ ਆਪਣੇ ਬੱਚਿਆਂ ਨਾਲ ਮਤਲਬ ਦੀ ਗੱਲ ਤੋਂ ਬਿਨਾਂ ਸ਼ਾਇਦ ਹੀ ਕਦੀ ਕੋਈ ਹੋਰ ਗੱਲ ਕੀਤੀ ਹੋਵੇ। ਅਸੀਂ ਵੀ ਕਦੀ ਉਸ ਦੇ ਸਾਹਮਣੇ ਬੋਲਣ ਦਾ ਸਾਹਸ ਨਹੀਂ ਸੀ ਕਰਦੇ। ਜੋ ਚੀਜ਼ ਮੰਗਣੀ ਹੁੰਦੀ ਉਹ ਆਪਣੀ ਮਾਂ ਕੋਲ਼ੋਂ ਹੀ ਮੰਗਦੇ। ਇਹ ਸਥਿਤੀ ਸਦਾ ਨਹੀਂ ਸੀ ਰਹੀ। ਜਦੋਂ ਉਸ ਨੂੰ ਸੱਥ ਵਿਚ ਬਹਿਣ ਦਾ ਸਮਾਂ ਮਿਲਣ ਲੱਗਾ ਤਾਂ ਉਸ ਦੀ ਬੋਲ ਬਾਣੀ ਵੀ ਸੁਣਨ ਨੂੰ ਮਿਲਣ ਲੱਗੀ।

ਪਤਾ ਨਹੀਂ ਉਸ ਦੇ ਮਨ ਵਿਚ ਕੀ ਝਿਜਕ ਸੀ ਜਾਂ ਕੋਈ ਹੀਣ-ਭਾਵਨਾ ਸੀ ਕਿ ਉਸ ਨੇ ਕਦੀ ਵੀ ਆਪਣੇ ਕਿਸੇ ਮੁੰਡੇ,ਕੁੜੀ ਨੂੰ ਕੁੱਛੜ ਚੁੱਕ ਕੇ ਨਹੀਂ ਸੀ ਖਿਡਾਇਆ। ਆਪਣੇ ਬੱਚਿਆਂ ਨੂੰ ਖਿਡਾਉਣਾ ਤਾਂ ਕੀ ਸੀ, ਉਹਨਾਂ ਨੂੰ ਕਦੀ ਰੋਂਦਿਆਂ ਨੂੰ ਵੀ ਨਹੀਂ ਸੀ ਵਿਰਾਇਆ। ਭਾਵੇਂ ਉਹ ਮੰਜੀ ਪੀੜ੍ਹੀ 'ਤੇ ਪਏ ਕਿੰਨਾ ਹੀ ਰੋ ਕੁਰਲਾ ਰਹੇ ਹੋਣ, ਉਹਨਾਂ ਨੂੰ ਰੋਂਦਿਆਂ ਦੇਖ ਕੇ ਉਹ ਉੱਥੋਂ ਪਾਸੇ ਤਾਂ ਹੋ ਜਾਂਦਾ ਸੀ ਪਰ ਚੁੱਕਦਾ ਨਹੀਂ ਸੀ। ਇਸ ਦਾ ਇਹ ਵੀ ਮਤਲਬ ਨਹੀਂ ਕਿ ਉਹ ਆਪਣੀ ਔਲਾਦ ਨੂੰ ਪਿਆਰ ਨਹੀਂ ਸੀ ਕਰਦਾ। ਉਹ ਪਿਆਰ ਕਰਦਾ ਸੀ ਪਰ ਦਿਖਾਵਾ ਨਹੀਂ ਸੀ ਕਰਦਾ। ਤੀਜੀ ਜਮਾਤ ਵਿਚ ਪੜ੍ਹਦਿਆਂ ਜਦੋਂ ਮੈਨੂੰ ਟਾਈਫਾਈਡ ਹੋਇਆ ਤਾਂ ਮੇਰੀ ਮਾਂ ਨੇ ਤਾਂ ਦੇਵੀ ਮਾਤਾ ਦੀਆਂ ਸੁੱਖਾਂ ਸੁਖਦਿਆਂ ਮੈਨੂੰ ਇਕ ਹਨ੍ਹੇਰੇ ਖੂੰਜੇ ਵਿਚ ਪਾਈ ਰੱਖਿਆ ਸੀ ਪਰ ਮੇਰੀ ਮਾੜੀ ਹਾਲਤ ਦੇਖਦਿਆਂ ਹੀ ਮੇਰਾ ਬਾਪ ਸਾਹੋ ਕੇ ਪਿੰਡ ਵਾਲੇ ਤਿਲਕ ਰਾਜ ਵੈਦ ਤੋਂ ਦਵਾਈ ਲਿਆਇਆ ਸੀ ਜਿਸ ਨਾਲ ਮੈਂ ਤੰਦਰੁਸਤ ਹੋਇਆ। ਪਰ ਉਸ ਆਪਣੀ ਔਲਾਦ ਪ੍ਰਤੀ ਆਦਤ ਨਹੀਂ ਸੀ ਬਦਲੀ। ਉਸ ਦੀ ਇਹ ਆਦਤ ਉਦੋਂ ਬਦਲੀ ਜਦੋਂ ਉਹ ਪੋਤਿਆਂ, ਦੋਹਤਿਆਂ ਵਾਲਾ ਹੋਇਆ। ਪਹਿਲੀ ਵਾਰ ਜਦੋਂ ਮੈਂ ਉਸ ਨੂੰ ਕਿਸੇ ਜੁਆਕ ਨੂੰ ਆਪਣੀ ਉਂਗਲ ਲਾਈ ਤੁਰੇ ਜਾਂਦੇ ਦੇਖਿਆ, ਉਹ ਮੇਰੇ ਵੱਡੇ ਭਰਾ ਦਾ ਵੱਡਾ ਮੁੰਡਾ, ਜਸਬੀਰ ਸੀ। ਫਿਰ ਤਾਂ ਉਹ ਸਾਡੇ ਸਾਰੇ ਭਰਾਵਾਂ ਭੈਣਾਂ ਦੀ ਔਲਾਦ ਨੂੰ ਚੁੱਕਣ ਵਿਚ ਕੋਈ ਸੰਗ ਮਹਿਸੂਸ ਨਹੀਂ ਸੀ ਕਰਦਾ। ਪੋਤਰੇ ਪੋਤਰੀਆਂ ਨੂੰ ਤਾਂ ਪਿਆਰ ਕਰਨ ਲੱਗ ਹੀ ਪਿਆ ਸੀ, ਆਪਣੇ ਪੜਪੋਤੇ ਪੜਪੋਤੀਆਂ ਤੇ ਪੜਦੋਹਤੇ ਪੜਦੋਹਤੀਆਂ ਨੂੰ ਵੀ ਆਪਣੇ ਮੋਢਿਆਂ ਤੋਂ ਘੱਟ ਹੀ ਲਾਹੁੰਦਾ ਸੀ। ਜਦੋਂ ਪਹਿਲੀ ਵਾਰ ਮੇਰੀ ਲੜਕੀ ਇੰਗਲੈਂਡ ਤੋਂ ਆਈ ਤਾਂ ਉਹਦੇ ਕੁੱਛੜ ਦੋ ਕੁ ਸਾਲ ਦੀ ਲੜਕੀ ਸੀ। ਦੋ ਕੁ ਹਫਤੇ ਉਹ ਪਿੰਡ ਰਹੀ। ਦੋ ਸਾਲ ਦੀ ਕੁੜੀ ਬੜੀ ਖਿਲੰਦੜੀ ਜਿਹੀ ਸੀ। ਮੇਰੇ ਬਾਪ ਨੇ ਉਸ ਨੂੰ ਚੁੱਕ ਕੇ ਬਾਹਰ ਲੈ ਜਾਣਾ। ਘਰ ਆ ਕੇ ਵੀ ਉਸ ਨਾਲ ਖੇਡਦੇ ਰਹਿਣਾ। ਫਿਰ ਜਦੋਂ ਉਹ ਦੂਜੀ ਵਾਰ ਇੰਗਲੈਂਡ ਤੋਂ ਪਿੰਡ ਆਈ ਤਾਂ ਉਸ ਦੇ ਕੁੱਛੜ ਇਕ ਮੁੰਡਾ ਸੀ। ਉਹ ਉਸ ਨੂੰ ਵੀ ਆਪਣੇ ਨਾਲ ਹੀ ਰੱਖਦਾ ਸੀ। ਫੇਰ ਤਾਂ ਅੰਤਲੇ ਸਾਹਾਂ ਤਕ ਉਸ ਦਾ ਬੱਚਿਆਂ ਨਾਲ ਪਿਆਰ ਬਣਿਆ ਰਿਹਾ।

ਉਹ ਇਕ ਹੁਨਰਮੰਦ ਕਿਸਾਨ ਸੀ। ਉਸ ਨੂੰ ਖੇਤੀ ਨਾਲ ਸੰਬੰਧਤ ਸਾਰੀਆਂ ਵਸਤਾਂ ਬਣਾਉਣੀਆਂ ਆਉਂਦੀਆਂ ਸਨ। ਗੁੱਲੇ ਪਿੰਨੇ ਨਾਲ ਸਣ ਕੱਤਣੀ, ਘਿਰਲੇ ਨਾਲ ਸਣ ਦੀ ਪਤਲੀ ਰੱਸੀ ਤੋਂ ਮੋਟੀ ਰੱਸੀ ਤਕ ਵੱਟਣੀ ਜਾਂ ਰੱਸਾ ਵੱਟਣਾ। ਰੱਸੇ ਰੱਸੀਆਂ ਨੂੰ ਤਿੱਲੜਾ ਕਰ ਕੇ ਭਾਂਤ ਭਾਂਤ ਦੀਆਂ ਵਸਤਾਂ; ਜਿਵੇਂ ਖੂਹ ਤੋਂ ਪਾਣੀ ਭਰਨ ਵਾਲੀ ਲੱਜ, ਗੱਡੇ ਉਪਰ ਲਾਂਗਾ ਕੱਸਣ ਲਈ ਜਿਊੜਾ, ਪਸ਼ੂਆਂ ਦੇ ਪਾਉਣ ਵਾਲਾ ਧਲਿਆਰਾ, ਪਸ਼ੂਆਂ ਦੇ ਮੂੰਹ 'ਤੇ ਪਾਉਣ ਵਾਲ ਛਿੱਕਲ਼ਾ, ਛਿੱਕਲੀ, ਆਦਿ ਬਣਾਉਣ ਦਾ ਮਾਹਰ ਸੀ। ਅਗਵਾੜ ਦੇ ਕਈ ਕਿਸਾਨ ਰੱਸਾ ਵੱਟਣ ਲਈ ਉਸ ਦੀਆਂ ਸੇਵਾਵਾਂ ਲੈਂਦੇ ਸਨ। ਉਹ ਚੰਗਾ ਖੋਜੀ ਵੀ ਸੀ। ਅਗਵਾੜ ਦੇ ਬਹੁਤੇ ਬੰਦਿਆਂ ਦੀਆਂ ਉਹ ਪੈੜਾਂ ਪਛਾਣ ਲੈਂਦਾ ਸੀ। ਇਕ ਵਾਰੀ ਸਾਡੀ ਕਣਕ ਦੀ ਫਸਲ ਵਿਚ 'ਕਮਲੀ ਸਰ੍ਹੋਂ' ਚੋਰੀ ਪੁੱਟੀ ਹੋਈ ਸੀ। (ਕਣਕ ਬੀਜਣ ਸਮੇਂ ਖੇਤ ਵਿਚ ਉਂਝ ਹੀ ਸਰ੍ਹੋਂ ਦੇ ਬੀਜ ਦਾ ਵਿਰਲਾ ਜਿਹਾ ਛੱਟਾ ਦੇ ਦਿੱਤਾ ਜਾਂਦਾ ਸੀ। ਉਹ ਸਰ੍ਹੋਂ ਫੁੱਲ ਕੱਢਣ ਤੋਂ ਪਹਿਲਾਂ ਪਸ਼ੂਆਂ ਦੇ ਚਾਰੇ ਲਈ ਵਰਤ ਲਈ ਜਾਂਦੀ ਸੀ। ਉਸ ਨੂੰ ਕਮਲੀ ਸਰ੍ਹੋਂ ਕਿਹਾ ਜਾਂਦਾ ਸੀ।) ਬਾਈ ਨੇ ਖੇਤ ਵਿਚ ਪੈੜਾਂ ਦੇਖੀਆਂ ਤਾਂ ਉਸ ਦੱਸਿਆ ਕਿ ਇਹ ਕਾਰਾ ਨਾਲ ਦੇ ਖੇਤ ਵਾਲੇ ਨੰਜੀ ਨੇ ਕੀਤਾ ਹੈ। ਪਿੰਡ ਜਾ ਕੇ ਉਸ ਨੇ ਨਿਰੰਜਨ ਨੂੰ ਮੰਨਵਾ ਵੀ ਲਿਆ ਸੀ ਕਿ ਉਹਨਾਂ ਦੇ ਖੇਤ ਨੂੰ ਪਾਣੀ ਲੱਗਾ ਹੋਣ ਕਰਕੇ ਉਸ ਨੇ ਹੀ ਆਪਣੀ ਮੱਝ ਲਈ ਕਮਲੀ ਸਰ੍ਹੋਂ ਪੁੱਟੀ ਸੀ।

ਉਹਨਾਂ ਸਮਿਆਂ ਵਿਚ ਕਿਸਾਨ ਆਪਣੀ ਲੋੜ ਦੀਆਂ ਖਾਣ ਵਾਲੀਆਂ ਵਸਤਾਂ ਆਪਣੇ ਖੇਤਾਂ ਵਿਚ ਹੀ ਪੈਦਾ ਕਰਦੇ ਸਨ। ਤਕਰੀਬਨ ਹਰ ਕਿਸਾਨ ਆਪਣੀ ਲੋੜ ਜੋਗਾ ਕਮਾਦ ਜ਼ਰੂਰ ਬੀਜਦਾ ਸੀ ਅਤੇ ਸਿਆਲ਼ ਵਿਚ ਕਮਾਦ ਪੀੜ ਕੇ ਗੁੜ ਬਣਾਇਆ ਜਾਂਦਾ ਸੀ। ਮੇਰੇ ਬਾਪ ਨੂੰ ਗੁੜ ਬਣਾਉਣ ਦਾ ਹੁਨਰ ਵੀ ਬਹੁਤ ਵਧੀਆ ਆਉਂਦਾ ਸੀ। ਉਸ ਦਾ ਬਣਾਇਆ ਹੋਇਆ ਗੁੜ ਬਰਸਾਤ ਦੇ ਮੌਸਮ ਵਿਚ ਢਿੱਲਾ ਨਹੀਂ ਸੀ ਹੁੰਦਾ ਅਤੇ ਉਹਦੀ ਬਣਾਈ ਹੋਈ ਸ਼ੱਕਰ ਬਹੁਤ ਸਾਫ ਤੇ ਦਾਣੇਦਾਰ ਹੁੰਦੀ ਸੀ। ਕਈ ਕਿਸਾਨ ਉਸ ਕੋਲੋਂ ਹੀ ਗੁੜ ਬਣਵਾਉਂਦੇ ਸਨ। ਉਦੋਂ ਬਿਨਾਂ ਕੋਈ ਮੁਆਵਜ਼ਾ ਲਏ ਇਕ ਦੂਜੇ ਦਾ ਕੰਮ ਕੀਤੇ ਜਾਂਦੇ ਸਨ। ਜਦੋਂ ਉਸ ਨੂੰ ਆਪਣੇ ਕੰਮਾਂ ਤੋਂ ਇਕ ਮਿੰਟ ਦੀ ਵਿਹਲ ਨਹੀਂ ਸੀ ਮਿਲਦੀ ਤਾਂ ਉਦੋਂ ਵੀ ਉਹ ਆਪਣਾ ਕੰਮ ਛੱਡ ਕੇ ਕਿਸਾਨਾਂ ਦੇ ਅਜੇਹੇ ਕੰਮ ਕਰਦਾ ਸੀ। ਪਰ ਜਦੋਂ ਨੂੰ ਉਹ ਖੇਤੀ ਦਾ ਕੰਮ ਛੱਡ ਕੇ ਸਾਂਝੇ ਕੰਮਾਂ ਲਈ ਵਿਹਲਾ ਹੋ ਗਿਆ ਤਾਂ ਇਹੋ ਜਿਹਾ ਸਾਰਾ ਸੰਦ ਵਲੇਵਾਂ ਬਾਜ਼ਾਰੂ ਆ ਗਿਆ। ਕਿਸਾਨ ਬਣੀਆਂ ਬਣਾਈਆਂ ਚੀਜ਼ਾਂ ਬਾਜ਼ਾਰੋਂ ਲਿਆਉਣ ਲੱਗੇ ਅਤੇ ਸਣ ਬੀਜਣੋਂ ਵੀ ਹਟ ਗਏ। ਸਾਡੇ ਇਲਾਕੇ ਵਿਚ ਕਮਾਦ ਦੀ ਬਿਜਾਈ ਬੰਦ ਹੋ ਜਾਣ ਕਾਰਨ ਗੰਨਾ ਪੀੜਨ ਵਾਲੀਆਂ ਘੁਲਾੜੀਆਂ ਚੱਲਣੀਆਂ ਬੰਦ ਹੋ ਗਈਆਂ, ਜਿਸ ਕਾਰਨ ਗੁੜ ਬਣਾਉਣ ਵਾਲਾ ਕੰਮ ਵੀ ਬੰਦ ਹੋ ਗਿਆ।

ਮੇਰੇ ਬਾਪ ਦੇ ਅੰਦਰ ਵੀ ਇਕ ਇਨਸਾਨ ਦਾ ਦਿਲ ਸੀ। ਉਸ ਦੇ ਦਿਲ ਵਿਚ ਵੀ ਬਹੁਤ ਆਸ਼ਾਵਾਂ ਤੇ ਰੀਝਾਂ ਪਨਪਦੀਆਂ ਹੋਣਗੀਆਂ। ਪਰ ਵੱਡੇ ਪਰਿਵਾਰ ਨੇ ਉਸ ਦੀਆਂ ਰੀਝਾਂ ਨੂੰ ਰੂਪਮਾਨ ਨਹੀਂ ਸੀ ਹੋਣ ਦਿੱਤਾ। ਇਕ ਵਾਰ ਵੀੜ੍ਹੀ 'ਤੇ ਲੈ ਕੇ ਗਏ ਆਪਣੇ ਇਕ ਕਿਸਾਨ ਦੋਸਤ ਨੂੰ ਇਹ ਕਹਿੰਦੇ ਉਸ ਦੇ ਮੂੰਹੋਂ ਮੈਂ ਆਪ ਸੁਣਿਆ ਸੀ, "ਜੇ ਏਨੀ ਲਾਮਡੋਰੀ ਮਗਰ ਨਾ ਲੱਗੀ ਹੁੰਦੀ ਤਾਂ ਜਿੰਨੀ ਕਮਾਈ ਮੈਂ ਕੀਤੀ ਐ ਭਾਵੇਂ ਵੀਹ ਘੁਮਾਂ ਪੈਲ਼ੀ ਲੈ ਲੈਂਦਾ।" ਉਸ ਦੇ ਅੰਦਰ ਆਪਣੇ ਦਾਦੇ ਵਾਲੇ ਜੀਨਜ਼ ਕਸਮਸਾਉਂਦੇ ਤਾਂ ਸਨ ਕਿ ਉਹ ਵੀ ਜ਼ਮੀਨ ਗਹਿਣੇ ਜਾਂ ਬੈਅ ਲੈ ਸਕੇ ਪਰ ਹਾਲਾਤ ਹੀ ਐਸੇ ਬਣੇ ਕਿ ਅੱਗੜ ਪਿੱਛੜ ਤਿੰਨ ਵਿਆਹਾਂ ਦਾ ਭਾਰ ਉਸ ਦੇ ਸਿਰ ਆ ਪਿਆ ਸੀ ਤਾਂ ਜ਼ਮੀਨ ਖਰੀਦਣ ਦੀ ਥਾਂ ਉਸ ਨੂੰ ਆਪਣੇ ਸਕੇ ਭਰਾ ਕੋਲ਼ 500 ਰੁਪਏ ਵਿਚ ਆਪਣੀ ਜ਼ਮੀਨ ਗਹਿਣੇ ਧਰਨੀ ਪੈ ਗਈ ਸੀ। ਉਹੋ ਜ਼ਮੀਨ ਉਹ ਆਪ ਅੱਧ 'ਤੇ ਵਾਹੁੰਦਾ ਰਿਹਾ ਸੀ ਤਾਂ ਜੋ ਪਰਦਾ ਬਣਿਆ ਰਹੇ।

ਜਦੋਂ ਮੈਂ ਅਧਿਆਪਕ ਲੱਗ ਗਿਆ ਤਾਂ ਮੇਰੀ ਤਨਖਾਹ ਆਉਣ ਨਾਲ ਉਸ ਦੇ ਸਿਰੋਂ ਕਰਜ਼ੇ ਦਾ ਭਾਰ ਕੁਝ ਘਟਣ ਲੱਗਾ। ਪਰ ਨਾਲ ਹੀ ਉਸ ਨੂੰ ਇਕ ਹੋਰ ਫਿਕਰ ਨੇ ਆ ਘੇਰਿਆ, ਜਦੋਂ ਮੇਰੇ ਵੱਡੇ

ਭਰਾ ਨੂੰ ਦਸ ਸਾਲ ਦੀ ਨੌਕਰੀ ਕਰਨ ਤੋਂ ਬਾਅਦ ਫੌਜ ਵਿਚੋਂ ਰਿਜ਼ਰਵ ਕੈਟੇਗਰੀ ਵਿਚ ਘਰ ਭੇਜ ਦਿੱਤਾ ਗਿਆ ਤੇ ਪੈਨਸ਼ਨ ਸੀ ਸਿਰਫ ਦਸ ਰੁਪਏ ਮਹੀਨਾ। ਅਗਲੇ ਦਸ ਸਾਲ ਉਹ ਕੋਈ ਪੱਕੀ ਨੌਕਰੀ ਵੀ ਨਹੀਂ ਸੀ ਕਰ ਸਕਦਾ। ਉਸ ਨੂੰ ਫਿਕਰ ਸੀ ਕਿ ਉਹ ਆਪੇ ਪਰਵਿਾਰ ਨੂੰ ਕਿਵੇਂ ਪਾਲ਼ੇਗਾ? ਕਈ ਪਾਸੇ ਹੱਥ ਪੈਰ ਮਾਰਨ ਮਗਰੋਂ ਜਦੋਂ ਭਰਾ ਦਾ ਕੋਈ ਕੰਮ ਨਾ ਚੱਲਿਆ ਤਾਂ ਉਸ ਨੂੰ ਲੁਧਿਆਣੇ ਹੌਜ਼ਰੀ ਦਾ ਕੰਮ ਸਿੱਖਣ ਲਈ, ਉਸ ਦੇ ਸਾਲ਼ੇ ਕੋਲ ਘੱਲ ਦਿੱਤਾ ਸੀ। ਤਿੰਨ ਕੁ ਸਾਲ ਹੌਜ਼ਰੀ ਦਾ ਕੰਮ ਸਿੱਖਣ ਤੋਂ ਬਾਅਦ ਵੱਡੇ ਭਰਾ ਦਾ ਛੋਟੇ ਪੈਮਾਨੇ 'ਤੇ ਆਪਣਾ ਹੌਜ਼ਰੀ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਸੀ। ਫਿਰ ਉਹ ਆਪਣਾ ਪਰਿਵਾਰ ਵੀ ਲੁਧਿਆਣੇ ਹੀ ਲੈ ਗਿਆ। ਉਹਦਾ ਉਥੇ ਚੰਗਾ ਕੰਮ ਰਿੜ੍ਹ ਪਿਆ।

ਜਦੋਂ ਮੇਰਾ ਦੂਜਾ ਭਰਾ ਹਰਚੰਦ ਸਿੰਘ ਇਕ ਅਧਿਆਪਕਾ ਕੁੜੀ ਨਾਲ ਵਿਆਹਿਆ ਗਿਆ ਤਾਂ ਉਸੇ ਸਾਲ ਘਰ ਵਿਚ ਇਕ ਬੈਠਕ ਅਤੇ ਗ਼ੁਸਲਖਾਨਾ ਬਣਾਇਆ ਗਿਆ। ਫਿਰ ਸਾਰਿਆਂ ਨਾਲੋਂ ਛੋਟਾ ਭਰਾ ਫੌਜ ਵਿਚ ਭਰਤੀ ਹੋ ਗਿਆ ਤਾਂ ਬਾਪ ਦੇ ਹੱਥ ਵਿਚ ਨਕਦ ਰਕਮ ਵੱਧ ਆਉਣ ਲੱਗ ਪਈ, ਉਸ ਨੂੰ ਆਪਣੀਆਂ ਰੀਝਾਂ ਰੂਪਮਾਨ ਕਰਨ ਦਾ ਅਵਸਰ ਮਿਲ ਗਿਆ। ਜਦੋਂ ਸਾਰੇ ਭੈਣ ਭਰਾ ਵਿਆਹੇ ਗਏ ਤਾਂ ਫਿਰ ਵੀ ਉਹ ਚਾਹੁੰਦਾ ਸੀ ਕਿ ਸਾਰੇ ਭਰਾ ਇਕੱਠੇ ਰਹਿਣ ਅਤੇ ਸਾਰਿਆਂ ਦੀ ਤਨਖਾਹ ਉਸ ਦੇ ਹੱਥਾਂ 'ਤੇ ਟਿਕੇ ਤਾਂ ਜੋ ਉਹ ਜ਼ਮੀਨ ਖਰੀਦ ਕੇ ਵੱਡਾ ਜ਼ਿਮੀਂਦਾਰ ਬਣੇ ਪਰ ਉਸ ਦੇ ਮੁੰਡਿਆ ਦੇ ਆਪਣੇ ਪਰਿਵਾਰ ਵੱਡੇ ਹੋ ਰਹੇ ਸਨ। ਖੇਤੀ ਕਰਨ ਵਾਲਾ ਭਰਾ ਵਿਆਹ ਹੋਣ ਤੋਂ ਕੁਝ ਸਮੇਂ ਬਾਅਦ ਹੀ ਅੱਡ ਹੋ ਗਿਆ ਸੀ। ਸਲਾਈ ਮਾਸਟਰ ਨੇ ਤਾਂ ਪਹਿਲਾਂ ਹੀ ਘਰ ਨਾਲ ਕੋਈ ਬਹੁਤਾ ਵਾਸਤਾ ਨਹੀਂ ਸੀ ਰੱਖਿਆ ਭਾਵੇਂ ਕਿ ਉਸ ਦੀ ਪਤਨੀ ਦੀ ਮੌਤ ਉਪਰੰਤ ਉਸ ਦਾ ਦੂਜਾ ਵਿਆਹ ਵੀ ਸਾਂਝੇ ਪਰਿਵਾਰ ਵਿਚੋਂ ਹੀ ਹੋਇਆ ਸੀ। ਬਸ ਉਸ ਨੇ ਇਕ ਵਾਰ ਜਦੋਂ ਚਾਚੀ ਵੱਲੋਂ ਉਸ ਨੂੰ ਮੇਣ੍ਹਾ ਮਾਰੇ ਜਾਣ 'ਤੇ ਪੰਜ ਸੌ ਰੁਪਏ ਆਪਣੇ ਕਲ਼ਲੋਂ ਦੇ ਕੇ ਚਾਚੇ ਕੋਲ਼ ਗਹਿਣੇ ਪਈ ਜ਼ਮੀਨ ਛੁੱਡਵਾ ਲਈ ਸੀ। ਪਿੱਛੇ ਅਸੀਂ ਤਿੰਨ ਭਰਾ ਹੀ ਰਹਿ ਗਏ ਸੀ। ਅਸਲ ਵਿਚ ਘਰ ਵਿਚ ਮੈਂ ਹੀ ਇਕੱਲਾ ਸੀ। ਛੋਟਾ ਭਰਾ ਫੌਜ ਵਿਚ ਤੇ ਦੂਜਾ ਭਰਾ ਤੇ ਉਸ ਦੀ ਪਤਨੀ ਕੋਟ ਈਸੇ ਖਾਂ ਪੜ੍ਹਾਉਂਦੇ ਸੀ। ਜਦੋਂ ਮੇਰੀ ਬਦਲੀ ਥਰਾਜ ਦੀ ਹੋ ਗਈ ਤਾਂ ਕੁਦਰਤੀ ਹੀ ਸਾਰੇ ਅੱਡ ਵਾਂਗ ਹੋ ਗਏ। ਪਰ ਬਾਪ ਕੋਲ਼ ਇੰਨੀ ਕੁ ਰਕਮ ਹੋ ਗਈ ਸੀ ਉਹ ਆਪਣੇ ਕਰਜ਼ੇ ਤੋਂ ਸੁਰਖਰੂ ਹੋ ਕੇ ਆਪ ਕਰਜ਼ਾ ਦੇਣ ਦੇ ਕਾਬਲ ਹੋ ਗਿਆ ਸੀ। ਉਸ ਨੇ ਸਾਂਝੇ ਪਰਿਵਾਰ ਵਿਚ ਇਕ ਕਿੱਲਾ ਗਹਿਣੇ ਲੈ ਕੇ ਆਪਣੀ ਰੀਝ ਵੀ ਪੂਰੀ ਕਰਨੀ ਸ਼ੁਰੂ ਕਰ ਦਿੱਤੀ ਸੀ।

ਉਹ ਜ਼ਮੀਨ ਲੈਣ ਵਾਲੀ ਰੀਝ ਇਸ ਤਰ੍ਹਾਂ ਪੂਰੀ ਕਰਦਾ ਸੀ ਕਿ ਕਿਸੇ ਬਹੁਤ ਭਰੋਸੇ ਵਾਲੇ ਲੋੜਵੰਦ ਕਿਸਾਨ ਨੂੰ ਪੈਸਿਆਂ ਦੀ ਲੋੜ ਹੁੰਦੀ ਤਾਂ ਉਹ ਦੋ ਹਜ਼ਾਰ ਰੁਪਏ ਵਿਚ ਇਕ ਕਿੱਲਾ ਜ਼ਮੀਨ ਪ੍ਰੋਨੋਟ 'ਤੇ ਗਹਿਣੇ ਲਿਖਵਾ ਲੈਂਦਾ। ਜ਼ਮੀਨ ਉਸੇ ਕਿਸਾਨ ਕੋਲ਼ ਰਹਿੰਦੀ। ਕਿਸਾਨ ਭਾਵੇਂ ਇਕ ਫਸਲ ਉਗਾਵੇ ਜਾਂ ਦੋ ਫਸਲਾਂ ਪਰ ਉਹ ਫਸਲ ਦਾ ਅੱਧ ਲੈਣ ਦੀ ਥਾਂ ਸਾਲ ਦੀ ਉੱਕੀ ਪੁੱਕੀ ਚਾਰ ਕੁਇੰਟਲ ਕਣਕ ਲੈ ਲੈਂਦਾ। ਉਸ ਸਮੇਂ ਚੰਗੀ ਕਣਕ ਦਾ ਭਾਅ 70-75 ਰੁਪਏ ਪ੍ਰਤੀ ਕੁਇੰਟਲ ਹੁੰਦਾ ਸੀ। ਆੜ੍ਹਤੀਏ ਕਿਸਾਨ ਨੂੰ ਦੋ ਰੁਪਏ ਪ੍ਰਤੀ ਸੈਂਕੜਾ ਪ੍ਰਤੀ ਮਹੀਨਾ ਦੇ ਹਿਸਾਬ ਵਿਆਜੂ ਪੈਸੇ ਦਿੰਦੇ ਸੀ ਅਤੇ ਪਿੰਡਾਂ ਵਿਚ ਢਾਈ ਰੁਪਏ ਪ੍ਰਤੀ ਸੈਂਕੜਾ ਵਿਆਜ ਚੱਲਦਾ ਸੀ। ਪਰ ਸਾਡਾ ਬਾਪ ਵਿਆਜੂ ਪੈਸੇ ਦੇਣ ਨਾਲੋਂ ਜ਼ਮੀਨ ਗਹਿਣੇ ਲੈ ਕੇ ਉੱਕੀ ਪੁੱਕੀ ਕਣਕ ਲੈਣੀ ਚੰਗੀ ਸਮਝਦਾ ਸੀ, ਭਾਵੇਂ ਕਿ ਵਿਆਜ ਵਿਚ ਉਸ ਨੂੰ ਜ਼ਿਆਦਾ ਰਕਮ ਮਿਲ ਸਕਦੀ ਸੀ। ਉਸ ਦਾ ਵਿਹਾਰ ਵੀ ਆਪਣੇ ਬਹੁਤ ਨੇੜਲੇ ਸਾਥੀਆਂ ਨਾਲ ਹੀ ਸੀ। ਉਹਨਾਂ ਦਾ ਪਰਦਾ ਵੀ ਰਹਿ ਜਾਂਦਾ ਸੀ ਅਤੇ ਉਹ ਭਾਰੇ ਵਿਆਜ ਤੋਂ ਵੀ ਬਚੇ ਰਹਿੰਦੇ ਸਨ। ਜਦੋਂ ਮੇਰਾ ਛੋਟਾ ਭਰਾ ਫੌਜ ਵਿਚੋਂ ਹਵਾਲਦਾਰ ਕਲਰਕ ਵਜੋਂ ਰਿਟਾਇਰ ਹੋ ਕੇ ਘਰ ਆ ਗਿਆ ਅਤੇ ਉਸ ਨੂੰ ਸਿੱਖਿਆ ਵਿਭਾਗ ਵਿਚ ਕਲਰਕ ਦੀ ਨੌਕਰੀ ਮਿਲ ਗਈ ਤਾਂ ਉਸ ਨੇ ਇਹ ਜ਼ਮੀਨ ਲੈਣ ਵਾਲਾ ਧੰਦਾ ਵੀ ਛੱਡ ਦਿੱਤਾ ਸੀ ਅਤੇ ਕਬੀਲਦਾਰੀ ਤੋਂ ਬਿਲਕੁਲ ਹੀ ਅਟੰਕ ਹੋ ਗਿਆ। ਉਹ ਕਬੀਲਦਾਰੀ ਤੋਂ ਤਾਂ ਅਟੰਕ ਹੋ ਗਿਆ ਸੀ ਪਰ ਉਸ ਨੂੰ ਸਾਡੇ

ਭਰਾਵਾਂ ਦੀ ਕਬੀਲਦਾਰੀ ਚਲਾਉਣ ਦੇ ਢੰਗ ਉਪਰ ਗਿਲਾ ਸੀ। ਮੇਰੇ ਵੱਡੇ ਭਰਾ ਨੇ ਆਪਣੀ ਲੜਕੀ ਦਾ ਵਿਆਹ, ਉਹਦੇ ਸਹੁਰਿਆਂ ਦੀ ਇੱਛਾ ਅਨੁਸਾਰ ਬੜੀ ਧੂਮ ਧਾਮ ਨਾਲ ਕੀਤਾ ਸੀ। ਪਰ ਜਦੋਂ ਉਸ ਨੇ ਆਪਣੇ ਦੋ ਲੜਕਿਆਂ ਦੇ ਵਿਆਹ ਕੀਤੇ ਤਾਂ ਬਿਨਾਂ ਕਿਸੇ ਲੈਣ ਦੇਣ ਤੋਂ ਬਹੁਤ ਹੀ ਸਾਦਾ ਕੀਤੇ। ਛੋਟੇ ਭਰਾ ਹਰਚੰਦ ਸਿੰਘ ਨੇ ਵੀ ਆਪਣੀਆਂ ਲੜਕੀਆਂ ਦੇ ਵਿਆਹ ਬੜੀ ਸ਼ਾਨ ਨਾਲ ਕੀਤੇ ਭਾਵੇਂ ਕਿ ਬਾਹਰੋਂ ਰਿਸ਼ਤਾ ਹੋਣ ਕਾਰਨ ਦਾਜ ਦੇਣ ਵਾਲੀ ਕੋਈ ਗੱਲ ਨਹੀਂ ਸੀ। ਮੈਂ ਵੀ ਆਪਣੀ ਲੜਕੀ ਨੂੰ ਵਿਆਹ ਲਈ ਇੰਗਲੈਂਡ ਤੋਰਿਆ ਤਾਂ ਬਣਦਾ ਸਰਦਾ ਸਾਮਾਨ ਦੇ ਕੇ ਤੋਰਿਆ ਪਰ ਜਦੋਂ ਮੈਂ ਆਪਣੇ ਲੜਕੇ ਦਾ ਵਿਆਹ ਕੀਤਾ ਤਾਂ ਜੰਞ ਵਿਚ ਪੰਜ ਬੰਦੇ ਗਏ ਸੀ, ਲਾੜੇ ਤੇ ਸਰਵਾਲ੍ਹੇ ਸਮੇਤ ਸੱਤ ਹੋ ਗਏ ਸਨ। ਮੈਂ ਆਪ ਜੰਞ ਨਹੀਂ ਸੀ ਗਿਆ ਮੇਰਾ ਬਾਪ ਹੀ ਆਪਣੇ ਪੋਤੇ ਨੂੰ ਵਿਆਹ ਕੇ ਲਿਆਇਆ ਸੀ। ਉਸ ਦਿਨ ਉਹਨੇ ਗਿਲਾ ਕੀਤਾ ਸੀ, "ਆਪ ਤੁਸੀਂ ਕੁੜੀਆਂ ਤੋਰਨ ਲੱਗਿਆਂ ਘਰੋਂ ਇੰਨਾ ਖਰਚ ਕਰਦੇ ਓ ਪਰ ਮੁੰਡਿਆਂ ਨੂੰ ਵਿਆਹੁਣ ਵੇਲ਼ੇ ਅੱਗੋਂ ਕੁਝ ਨਹੀਂ ਲਿਆਉਂਦੇ।" ਮੈਂ ਹੱਸ ਕੇ ਕਿਹਾ ਸੀ, "ਬਾਈ, ਤੂੰ ਏਸ ਘਰ ਬੀ.ਐਸ.ਸੀ. ਕੁੜੀ ਵਿਆਹ ਕੇ ਲੈ ਆਂਦੀ ਐ। ਇਸ ਤੋਂ ਵੱਧ ਹੋਰ ਕੀ ਲਿਆਉਣਾ ਚਾਹੁਨੈ!"

ਜਦੋਂ ਉਸ ਨੂੰ ਆਪਣੀ ਕਬੀਲਦਾਰੀ ਦਾ ਕੋਈ ਝਮੇਲਾ ਨਹੀਂ ਸੀ ਰਹਿ ਗਿਆ ਤਾਂ ਉਹ ਚਿੱਟੇ ਲੱਠੇ ਦਾ ਕੁਰਤਾ, ਚਾਦਰਾ ਅਤੇ ਮਲਮਲ ਦੀ ਪਗੜੀ ਬੰਨ੍ਹ ਕੇ ਸੱਥ ਵਿਚ ਜਾਣ ਲੱਗ ਪਿਆ ਸੀ। ਸੱਥ ਵਿਚ ਬੈਠ ਕੇ ਉਹ ਖੁੱਲ੍ਹ ਕੇ ਗਲਾਂ ਵੀ ਕਰਦਾ। ਉਸ ਦੇ ਪਹਿਰਾਵੇ ਵਿਚ ਭਾਵੇਂ ਕੋਈ ਫਰਕ ਨਹੀਂ ਸੀ ਪਿਆ ਪਰ ਹੌਲ਼ੀ ਹੌਲ਼ੀ ਪਹਿਰਾਵੇ ਵਾਲੇ ਕਪੜੇ ਦੀ ਗੁਣਵੰਤਾ ਵਿਚ ਫਰਕ ਪੈਣ ਲੱਗ ਪਿਆ ਸੀ। ਮਲਮਲ ਦੀ ਪਗੜੀ ਦੀ ਥਾਂ ਪਹਿਲਾਂ ਵਾਇਲ ਦੀ ਪਗੜੀ ਆਈ, ਫਿਰ ਵਾਇਲ ਦੀ ਪਗੜੀ ਦੀ ਥਾਂ ਟਸਰੀ (ਰੇਸ਼ਮ) ਦੀ ਪਗੜੀ ਨੇ ਲੈ ਲਈ। ਕੁੜਤੇ ਚਾਦਰੇ ਦਾ ਕਪੜਾ ਵੀ ਕੀਮਤੀ ਹੁੰਦਾ ਗਿਆ। ਸਿਆਲ਼ਾਂ ਵਿਚ ਨਹਿਰੂ ਜੈਕਟ ਤੇ ਉਪਰ ਧਾਰੀਵਾਲ ਦੀ **ਕਾਸ਼ਗਿਰੀ** ਭੂਰੀ ਦੀ ਬੁੱਕਲ ਮਾਰਦਾ। ਸਾਰੀ ਜ਼ਿੰਦਗੀ ਉਸ ਦਾ ਪਹਿਰਵਾ ਕੁੜਤਾ ਚਾਦਰਾ ਹੀ ਰਿਹਾ। ਉਸ ਨੇ ਤਾਂ ਇਹ ਵੀ ਕਹਿ ਦਿੱਤਾ ਸੀ ਕਿ ਮਰਨ ਉਪਰੰਤ ਜੇ ਉਹਦੇ ਨਮਿਤ ਕਪੜੇ ਦਾਨ ਕਰਨੇ ਹੋਣ ਤਾਂ ਕੁੜਤਾ ਚਾਦਰਾ ਹੀ ਦਾਨ ਕੀਤਾ ਜਾਵੇ, ਕੁੜਤਾ ਪਜਾਮਾ ਨਹੀਂ। ਉਸ ਦੇ ਸਰੀਰ ਦੀ ਬਣਤਰ ਵੀ ਅੰਤਲੇ ਸਮੇਂ ਤਕ ਇਕੋ ਜਿਹੀ ਰਹੀ ਸੀ। ਸਰੀਰ ਉਪਰ ਭੋਰਾ ਭਰ ਵੀ ਚਰਬੀ ਨਹੀਂ ਸੀ ਚੜ੍ਹੀ।

ਜਦੋਂ ਉਸ ਸਿਰ ਕਬੀਲਦਾਰੀ ਦਾ ਭਾਰ ਸੀ, ਉਦੋਂ ਵੀ ਉਹ ਇਕ ਦੋ ਵਾਰ ਮੁਕਤਸਰ ਮਾਘੀ ਨਹਾਉਣ ਗਿਆ ਸੀ ਪਰ ਕਬੀਲਦਾਰੀ ਤੋਂ ਵਿਹਲੇ ਹੁੰਦਿਆਂ ਹੀ ਉਹ ਅਮ੍ਰਿਤਸਰ, ਅਨੰਦਪੁਰ, ਫਤਹਗੜ੍ਹ, ਦਮਦਮਾ ਸਾਹਿਬ ਤਲਵੰਡੀ ਸਾਬੋ ਆਦਿ ਇਤਿਹਾਸਕ ਗੁਰਦਵਾਰਿਆਂ ਦੀ ਯਾਤਰਾ 'ਤੇ ਵੀ ਜਾਣ ਲੱਗ ਪਿਆ ਸੀ। ਇਕ ਇਕ ਵਾਰ ਉਹ ਅਤੇ ਸਾਡਾ ਛੋਟਾ ਚਾਚਾ ਸ਼ੇਰ ਸਿੰਘ ਹੇਮਕੁੰਟ ਅਤੇ ਹਜ਼ੂਰ ਸਾਹਿਬ ਨੰਦੇੜ ਤੇ ਨਾਨਕ ਝੀਰਾ ਬਿਦਰ ਦੀਆਂ ਲੰਮੀਆਂ ਯਾਤਰਾਵਾਂ ਵੀ ਕਰ ਆਏ ਸਨ।

ਹੁਣ ਉਹ ਪਿੰਡ ਦੇ ਪਤਵੰਤੇ ਵਿਅਕਤੀਆਂ ਵਿਚ ਗਿਣਿਆ ਜਾਣ ਲੱਗ ਪਿਆ ਸੀ। ਉਸ ਨੂੰ ਪਹਿਲਾਂ ਪਿੰਡ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਨਾਮ ਉਪਰ ਬਣੇ ਗੁਰਦਵਾਰੇ ਦੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ, ਫਿਰ ਜਦੋਂ ਪਹਿਲੇ ਪ੍ਰਧਾਨ ਦੀ ਮੌਤ ਹੋ ਗਈ ਤਾਂ ਉਸ ਨੂੰ ਗੁਰਦਵਾਰੇ ਦਾ ਪ੍ਰਧਾਨ ਚੁਣ ਲਿਆ ਗਿਆ। ਉਸ ਗੁਰਦਵਾਰੇ ਦਾ ਪ੍ਰਧਾਨ ਹੀ ਖਜਾਨਚੀ ਹੁੰਦਾ ਸੀ। ਇਸ ਲਈ ਗੁਰਦਵਾਰੇ ਦੀ ਆਮਦਨ ਉਸ ਕੋਲ ਜਮ੍ਹਾ ਹੁੰਦੀ। ਜਦੋਂ ਸੰਗਰਾਂਦ ਵਾਲੇ ਦਿਨ ਗੋਲਕ ਨੂੰ ਖੋਲ੍ਹਣਾ ਤਾਂ ਉਸ ਨੇ ਇਕ ਗੁੱਥਲੀ ਵਿਚ ਸਾਰੀ ਰਕਮ ਪਾ ਕੇ ਘਰੇ ਅਲਮਾਰੀ ਵਿਚ ਸੰਭਾਲ ਦੇਣੀ ਅਤੇ ਕੁੰਜੀ ਸਦਾ ਆਪਣੀ ਜੇਬ ਵਿਚ ਰੱਖਣੀ। ਉਦੋਂ ਨੇੜੇ ਤੇੜੇ ਕੋਈ ਬੈਂਕ ਜਾਂ ਡਾਕਖਾਨਾ ਨਹੀਂ ਸੀ ਹੁੰਦਾ। ਪੈਸੇ ਬਾਘਾ ਪੁਰਾਣਾ ਦੇ ਡਾਕਖਾਨੇ ਜਮ੍ਹਾਂ ਕਰਵਾਉਣੇ ਹੁੰਦੇ ਸਨ। ਗੁਰਦਵਾਰੇ ਦੀ ਰਕਮ ਵਿਚੋਂ ਉਹ ਕਿਸੇ ਨੂੰ ਨੋਟ ਤੋੜ ਕੇ ਨਹੀਂ ਸੀ ਦਿੰਦਾ। ਜੇ ਉਸ ਦੇ ਆਪਣੇ ਕੋਲ ਟੁੱਟੇ ਨੋਟ ਹੋਣ ਤਾਂ ਭਾਵੇਂ ਤੋੜ ਦੇਵੇ। ਜੇ ਗੁਰਦਵਾਰੇ ਦੇ ਕੰਮ ਲਈ ਪੈਸਿਆਂ ਦੀ ਲੋੜ ਹੁੰਦੀ ਅਤੇ ਉਸ ਨੂੰ ਗੁੱਥਲੀ ਖੋਲ੍ਹਣੀ ਪੈਂਦੀ ਤਾਂ

ਉਹ ਆਪਣੇ ਪੋਤਰੇ ਬਿੱਟੇ (ਹਰਪ੍ਰੀਤ ਸੇਖਾ) ਕੋਲ਼ੋਂ ਹੀ ਪੈਸੇ ਗਿਣਵਾ ਕੇ ਗੁਰਦਵਾਰੇ ਵਾਲਿਆਂ ਨੂੰ ਦਿੰਦਾ। ਮੁੜ ਗੁੱਥਲੀ ਨੂੰ ਆਪਣੇ ਢੰਗ ਨਾਲ ਬੰਨ੍ਹ ਕੇ ਸੰਭਾਲ ਦਿੰਦਾ। ਉਸ ਨੂੰ ਨਹੀਂ ਸੀ ਪਤਾ ਹੁੰਦਾ ਕਿ ਗੁੱਥਲੀ ਵਿਚ ਕਿੰਨੇ ਪੈਸੇ ਹਨ। ਉਸ ਦੀ ਆਸਥਾ ਸੀ ਕਿ ਗੁਰਦਵਾਰੇ ਦਾ ਇਕ ਪੈਸਾ ਵੀ ਆਪਣੇ ਲਈ ਵਰਤਣਾ ਜ਼ਹਿਰ ਦੀ ਨਿਆਈਂ ਹੈ।

ਉਹ ਬਿਲਕੁਲ ਅਣਪੜ੍ਹ ਸੀ। ਪਹਿਲਾਂ ਉਹ ਲੋੜ ਪੈਣ 'ਤੇ ਅੰਗੂਠਾ ਹੀ ਲਾਉਂਦਾ ਸੀ। ਪਰ ਜਦੋਂ ਉਹ ਸਾਂਝੇ ਕੰਮਾਂ ਵਿਚ ਹਿੱਸਾ ਲੈਣ ਲੱਗ ਪਿਆ ਤਾਂ ਮੈਂ ਉਸ ਨੂੰ ਦਸਤਖਤ ਕਰਨੇ ਸਿਖਾ ਦਿੱਤੇ ਸਨ। ਉਹ ਬੜੇ ਸਾਫ ਸ਼ਬਦਾਂ ਵਿਚ 'ਮੁਹਿੰਦਰ ਸਿੰਘ' ਲਿਖਣ ਲੱਗ ਪਿਆ ਸੀ। ਇਕ ਵਾਰ ਭਾਰੀ ਬਾਰਸ਼ਾਂ ਕਾਰਨ, ਵਰਖਾ ਦੇ ਪਾਣੀ ਨੇ ਪਿੰਡ ਨੂੰ ਦੋ ਧੜਿਆਂ ਵਿਚ ਵੰਡ ਦਿੱਤਾ ਸੀ। ਪਿੰਡ ਵਿਚ ਲੜਾਈ ਹੋਣ ਦਾ ਖਤਰਾ ਵਧ ਗਿਆ ਸੀ ਤਾਂ ਪਾਣੀ ਦੇ ਨਿਕਾਸ ਲਈ ਯਤਨ ਕਰਨ ਵਾਲਿਆ ਵਿਚ ਉਹ ਮੋਹਰੀ ਸੀ। ਉਹ ਪੰਚਾਇਤ ਦੀ ਚਿੱਠੀ ਲੈ ਕੇ ਦੋ ਬੰਦਿਆਂ ਨੂੰ ਨਾਲ ਲੈ, ਚੰਡੀਗੜ੍ਹੋਂ ਦੋ ਪੰਪ ਸੈੱਟ ਮਨਜ਼ੂਰ ਕਰਵਾ ਲਿਆਇਆ ਸੀ। ਪੰਚਾਇਤ ਮੈਂਬਰ ਨਾ ਹੁੰਦੇ ਹੋਏ ਵੀ ਉਹ ਸਾਂਝੇ ਕੰਮ ਵਿਚ ਅੱਗੇ ਹੁੰਦਾ। ਉਸ ਨੂੰ ਪਿੰਡ ਦੀ 'ਖੇਤੀ ਸਹਿਕਾਰੀ ਸਭਾ' ਦੀ ਕਾਰਜਕਾਰਨੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ ਸੀ। ਕਾਰਜਕਾਰਨੀ ਦਾ ਕੰਮ ਕੋਈ ਨਹੀਂ ਹੁੰਦਾ, ਸਿਰਫ ਇਹ ਨਾਮ ਦੀ ਹੀ ਕਮੇਟੀ ਹੁੰਦੀ ਸੀ। ਉਹ ਬਹੁਤ ਚਿਰ ਕਮੇਟੀ ਦਾ ਮੈਂਬਰ ਰਿਹਾ। ਇਕ ਵਾਰ ਉਹ ਸਹਿਕਾਰੀ ਸਭਾ ਦਾ ਪ੍ਰਧਾਨ ਚੁਣਿਆ ਗਿਆ। ਸਹਿਕਾਰੀ ਸਭਾ ਵਿਚ ਖੰਡ, ਖਾਦ ਆਦਿ ਸਾਰਾ ਸਾਮਾਨ ਉਸ ਦੇ ਦਸਤਖਤਾਂ ਹੇਠ ਹੀ ਆਉਂਦਾ ਸੀ ਅਤੇ ਵੰਡੇ ਗਏ ਸਾਮਾਨ 'ਤੇ ਵੀ ਉਸੇ ਦੇ ਦਸਤਖਤ ਹੁੰਦੇ ਸਨ। ਕੰਮ ਸਾਰਾ ਉਸ ਦੇ ਦਸਤਖਤਾਂ ਹੇਠ ਪਰ ਵੰਡ ਵੰਡਾਈ ਵਾਲੇ ਹੋਰ ਕਰਮਚਾਰੀ ਸਨ। ਜਿੰਨਾ ਚਿਰ ਮੇਰਾ ਲੜਕਾ ਨਵਨੀਤ ਚੰਡੀਗੜ੍ਹ ਪੜ੍ਹਾਈ ਲਈ ਨਹੀਂ ਸੀ ਚਲਾ ਗਿਆ, ਰਾਸ਼ਨ ਦੀਆਂ ਚੀਜ਼ਾਂ ਦੀ ਵੰਡ ਕਰਵਾਉਣ ਤੇ ਉਸ ਦਾ ਹਿਸਾਬ ਕਿਤਾਬ ਦੇਖਣ ਵਿਚ ਉਹ ਉਸ ਦੀ ਸਹਾਇਤਾ ਕਰਦਾ ਰਿਹਾ। ਉਸ ਤੋਂ ਮਗਰੋਂ ਹੇਰਾ ਫੇਰੀ ਹੋਣੀ ਸ਼ੁਰੂ ਹੋ ਗਈ। ਉਸ ਨੂੰ ਪਤਾ ਤਾਂ ਲੱਗ ਗਿਆ ਕਿ ਕੁਝ ਗ਼ਲਤ ਹੋ ਰਿਹਾ ਹੈ ਪਰ ਅਣਪੜ੍ਹ ਹੋਣ ਕਾਰਨ ਸਮਝ ਨਹੀਂ ਸੀ ਸਕਦਾ ਕਿ ਕੀ ਗ਼ਲਤ ਹੋ ਰਿਹਾ ਹੈ! ਸੁਸਾਇਟੀ ਵਿਚ ਜੋ ਗ਼ਲਤ ਹੋਣ ਲੱਗ ਪਿਆ ਸੀ, ਉਸ ਬਾਰੇ ਉਸ ਨੂੰ ਉਹਦੇ ਕਿਸੇ ਖਾਸ ਬੰਦੇ ਨੇ ਦੱਸਿਆ ਕਿ ਖਜ਼ਾਨਚੀ ਤੇ ਇੰਸਪੈਕਟਰ ਦੀ ਮਿਲੀ ਭੁਗਤ ਨਾਲ ਕੁਝ ਚੀਜ਼ਾਂ ਵਿਚ ਗੋਲ਼ਮਾਲ ਹੋ ਰਿਹਾ ਹੈ। ਇਹ ਗੱਲ ਮੇਰੇ ਬਾਪ ਨੇ ਮੇਰੇ ਕੋਲ ਕੀਤੀ ਤਾਂ ਉਸ ਵਾਰ ਖੰਡ ਵੰਡਾਉਣ ਲਈ ਮੈਂ ਚਲਾ ਗਿਆ। ਮੈਨੂੰ ਪੰਜਾਹ ਜਾਹਲੀ ਰਾਸ਼ਨ ਕਾਰਡ ਬਣੇ ਹੋਣ ਦੇ ਭੇਤ ਦਾ ਪਤਾ ਲੱਗ ਗਿਆ। ਕਿਸੇ ਹੋਰ ਝਮੇਲੇ ਵਿਚ ਪੈਣ ਦੀ ਥਾਂ ਮੈਂ ਉਸ ਨੂੰ ਪ੍ਰਧਾਨਗੀ ਤੋਂ ਅਸਤੀਫਾ ਦੇ ਦੇਣ ਲਈ ਕਹਿ ਦਿੱਤਾ। ਮੈਂ ਅਸਤੀਫਾ ਲਿਖ ਦਿੱਤਾ। ਉਸ ਨੇ ਉਸ ਉਪਰ ਦਸਤਖਤ ਕਰ ਦਿੱਤੇ ਅਤੇ ਅਸਤੀਫਾ ਰਜਿਸਟਰਾਰ ਨੂੰ ਭੇਜ ਦਿੱਤਾ। ਇਸ ਤਰ੍ਹਾਂ ਸਹਿਕਾਰੀ ਸਭਾ ਦੀ ਪ੍ਰਧਾਨਗੀ ਤੋਂ ਉਹਦਾ ਖਹਿੜਾ ਛੁਡਾ ਲਿਆ। ਸਹਿਕਾਰੀ ਸਭਾ ਦੀ ਪ੍ਰਧਾਨਗੀ ਬੇਸ਼ੱਕ ਛੱਡ ਦਿੱਤੀ ਸੀ ਪਰ ਸਾਂਝੇ ਕੰਮਾਂ ਵਿਚ ਉਹ ਵਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ ਸੀ।

ਹੁਣ ਉਹ ਪੜਪੋਤਿਆਂ ਵਾਲਾ ਹੋ ਗਿਆ ਸੀ। ਉਸ ਦਾ ਪਰਿਵਾਰ ਮੋਗਾ, ਲੁਧਿਆਣਾ, ਇੰਗਲੈਂਡ ਤੇ ਕੈਨੇਡਾ ਤਕ ਫੈਲ ਗਿਆ ਸੀ। ਉਸ ਦੇ ਪੋਤੀਆਂ-ਪੋਤੇ, ਦੋਹਤੀਆਂ-ਦੋਹਤੇ ਉਹਦਾ ਬਹੁਤ ਸਤਿਕਾਰ ਕਰਦੇ। ਭਾਵੇਂ ਅਸੀਂ ਸਾਰੇ ਅੱਡੋ ਅੱਡ ਸੀ ਪਰ ਸਾਡੇ ਮਾਂ ਬਾਪ ਛੋਟੇ ਨਾਲ ਰਹਿੰਦੇ ਹੋਏ ਵੀ ਸਾਰਿਆਂ ਦੇ ਸਾਂਝੇ ਸਨ। ਜਦੋਂ ਉੱਚ ਪੜ੍ਹਾਈ ਤੇ ਸੁਹਿਰਦ ਸੁਭਾਅ ਆਸਰੇ ਉਹਦੀਆਂ ਪੋਤੀਆਂ ਬਦੇਸੀਂ ਵਿਆਹੀਆਂ ਗਈਆਂ ਤਾਂ ਉਸ ਨੂੰ ਬੜਾ ਮਾਣ ਤੇ ਚਾਅ ਸੀ ਪਰ ਜਦੋਂ ਹਰਚੰਦ ਸਿੰਘ ਦੀ ਲੜਕੀ ਨੇ ਆਪਣੇ ਪਰਿਵਾਰ ਨੂੰ ਆਪਣੇ ਕੋਲ਼, ਕੈਨੇਡਾ ਸੱਦਵਾ ਲਿਆ ਤਾਂ ਉਸ ਨੂੰ ਘਰ ਵਿਚ ਇਕ ਖਿਲਾਅ ਜਿਹਾ ਮਹਿਸੂਸ ਹੋਣ ਲੱਗਾ। ਉਹ ਕਈ ਦਿਨ ਚੁੱਪ ਗੜੁੱਪ ਤੇ ਅਧੀਰ ਰਿਹਾ। ਉਸ ਨੇ ਹਰਚੰਦ ਸਿੰਘ ਦੇ ਘਰ ਦੀ ਰਾਖੀ ਆਪਣੇ ਜ਼ਿੰਮੇ ਲੈ ਲਈ ਸੀ। ਆਥਣ ਦੀ ਰੋਟੀ ਖਾ ਕੇ ਦੋਵੇਂ ਜੀਅ ਹਰਚੰਦ ਸਿੰਘ ਦੇ ਘਰ ਜਾ ਸੌਂਦੇ। ਮੇਰੇ ਛੋਟੇ ਭਰਾ ਦਾ ਮੁੰਡਾ ਟੀਟੂ ਰਾਤ ਸਮੇਂ ਉਹਨਾਂ

ਕੋਲ਼ ਪੈ ਜਾਂਦਾ। ਸਾਡੀ ਮਾਂ ਤਾਂ ਦਿਨੇ ਵੀ ਬਹੁਤਾ ਸਮਾਂ ਉੱਥੇ ਹੀ ਬਿਸਰਾਮ ਕਰਦੀ।

ਮੇਰਾ ਲੜਕਾ ਨਵਨੀਤ ਸਿੰਘ ਲੁਧਿਆਣੇ ਸਿਹਤ ਵਿਭਾਗ ਵਿਚ ਨੌਕਰੀ ਕਰਦਾ ਸੀ ਅਤੇ ਉਸ ਦੀ ਪਤਨੀ ਤਲਵੰਡੀ ਭਾਈ ਪੜ੍ਹਾਉਂਦੀ ਹੋਣ ਕਾਰਨ ਉਹਨਾਂ ਰਹਾਇਸ਼ ਮੋਗੇ ਰੱਖੀ ਹੋਈ ਸੀ। ਜਿਸ ਪੋਤਰੇ ਨੂੰ ਮੇਰਾ ਬਾਪ 2 ਫਰਵਰੀ 1987 ਨੂੰ ਆਪ ਵਿਆਹ ਕੇ ਲਿਆਇਆ ਸੀ, ਪੂਰੇ ਇਕ ਸਾਲ ਬਾਅਦ ਉਸ ਦੇ ਘਰ ਪੁੱਤਰ ਨੇ ਜਨਮ ਲਿਆ। ਉਹ ਉਸੇ ਦਿਨ ਮੋਗੇ ਜਾ ਕੇ ਪੜਪੋਤੇ ਨੂੰ ਅਸੀਸ ਦੇ ਕੇ ਆਇਆ ਅਤੇ ਪਿੰਡ ਆ ਕੇ ਆਪਣੇ ਪੜਪੋਤੇ ਦੇ ਜਨਮ ਦੀ ਖ਼ੁਸ਼ੀ ਵਿਚ ਆਪਣੇ ਸਾਥੀਆਂ ਨੂੰ ਪਾਰਟੀ ਕੀਤੀ। ਸਾਲ ਬਾਅਦ, 2 ਫਰਵਰੀ 1989 ਨੂੰ, ਉਸੇ ਪੜਪੋਤੇ ਦਾ ਜਨਮ ਦਿਨ ਸੀ। ਨਵਨੀਤ ਪਿੰਡ ਆ ਕੇ ਆਪਣੇ ਦਾਦਾ ਦਾਦੀ ਨੂੰ ਸੁਨੇਹਾ ਦੇ ਗਿਆ ਕਿ ਉਹ 2 ਫਰਵਰੀ ਨੂੰ ਜਨਮ ਦਿਨ ਮਨਾਉਣ ਲਈ ਮੋਗੇ ਜ਼ਰੂਰ ਆਉਣ। ਉਦੋਂ ਤਾਂ ਉਸ ਨੇ 'ਹਾਂ' ਕਹਿ ਦਿੱਤੀ ਪਰ ਪਤਾ ਨਹੀਂ ਉਹਦੇ ਮਨ ਵਿਚ ਕੀ ਖਿਆਲ ਆਇਆ ਕਿ ਸਮੇਂ ਸਿਰ ਜਾਣ ਤੋਂ 'ਨਾਂਹ' ਕਰ ਦਿੱਤੀ। ਜੇ ਉਹ 2 ਤ੍ਰੀਕ ਨੂੰ ਜਾਂਦੇ ਤਾਂ ਉਹ ਉੱਥੇ ਇਕ ਦੋ ਦਿਨ ਰਹਿ ਵੀ ਸਕਦੇ ਸਨ। ਕਿਉਂਕਿ ਉਸ ਦੀਆਂ ਦੋ ਧੀਆਂ ਮੋਗੇ ਹੀ ਵਿਆਹੀਆਂ ਹੋਈਆਂ ਸਨ। ਤਿੰਨ ਫਰਵਰੀ ਦੀ ਸ਼ਾਮ ਨੂੰ ਉਸ ਨੇ ਦੋ ਮੱਝਾਂ ਦੀਆਂ ਧਾਰਾਂ ਕੱਢੀਆਂ। ਸਾਡੀ ਮੱਝ ਦੇ ਦੁੱਧ ਦੀ ਬਾਲਟੀ ਰਸੋਈ ਵਿਚ ਰੱਖ ਕੇ ਦੂਜੀ ਮੱਝ ਦੀ ਧਾਰ ਕੱਢੀ ਤੇ ਬਾਲਟੀ ਲੈ ਕੇ ਜਦੋਂ ਸੱਥ ਵਿਚ ਦੀ ਲੰਘਣ ਲੱਗਾ ਤਾਂ ਸੱਥ ਵਿਚ ਖੜ੍ਹੇ ਉਹਦੇ ਹਾਣੀਆਂ ਨੇ ਉਸ ਨੂੰ ਸੱਥ ਵਿਚ ਆ ਜਾਣ ਲਈ ਕਹਿ ਦਿੱਤਾ। ਉਹ ਘਰ ਵਿਚ ਦੁੱਧ ਵਾਲੀ ਬਾਲਟੀ ਰੱਖ ਕੇ ਉਹਨਾਂ ਕੋਲ਼ ਜਾ ਖੜ੍ਹਾ। ਬਾਹਰੋਂ ਤੁਰ ਫਿਰ ਕੇ ਆਉਂਦਾ ਹੋਇਆ ਮੈਂ ਵੀ ਦੋ ਕੁ ਮਿੰਟ ਉਥੇ ਖੜ੍ਹ ਕੇ ਉਹਨਾਂ ਦੀਆਂ ਗੱਲਾਂ ਸੁਣਨ ਲੱਗ ਪਿਆ। ਉਹ ਪਿੰਡ ਵਿਚ ਖਾੜਕੂਆਂ ਦੀਆਂ ਵਧ ਰਹੀਆਂ ਫੇਰੀਆਂ ਬਾਰੇ ਗੱਲਾਂ ਕਰ ਰਹੇ ਸਨ। ਉਹ ਇਸ ਗੱਲ 'ਤੇ ਫਿਕਰਮੰਦ ਸਨ ਕਿ ਜੇ ਖਾੜਕੂਆਂ ਦੇ ਗੇੜੇ ਏਧਰ ਇਸ ਤਰ੍ਹਾਂ ਹੀ ਵਜਦੇ ਰਹੇ ਤਾਂ ਪਿੰਡ 'ਤੇ ਪੁਲੀਸ ਦਾ ਦਬਾਅ ਹੋਰ ਵੀ ਵਧ ਜਾਵੇਗਾ, ਜਿਹੜਾ ਪਿੰਡ ਦੇ ਮੁੰਡਿਆਂ ਲਈ ਖਤਰੇ ਦੀ ਘੰਟੀ ਹੈ। ਮੇਰਾ ਬਾਪ ਬਿਨਾਂ ਗਰਮ ਕਪੜਾ ਉਪਰ ਲਏ ਓਥੇ ਖੜ੍ਹਾ ਸੀ। ਮੈਂ ਘਰ ਅੰਦਰ ਜਾ ਕੇ ਭੂਰੀ ਲੈ ਆਇਆ ਤੇ ਕਿਹਾ, "ਬਾਈ, ਠੰਡ 'ਚ ਖੜ੍ਹੇ ਓ ਆਹ ਭੂਰੀ ਲੈ ਲਵੋ।"

"ਹੈ'ਨੀ ਐਨੀ ਠੰਡ, ਝੱਗੀ ਪਾਈ ਹੋਈ ਆ।" ਇੰਨੀ ਗੱਲ ਕਹਿ ਕੇ ਉਸ ਨੇ ਭੂਰੀ ਫੜ ਲਈ ਅਤੇ ਆਪਣੇ ਹਾਣੀਆਂ ਨਾਲ ਗੱਲੀਂ ਜੁਟਿਆ ਰਿਹਾ। ਭੂਰੀ ਫੜਾ ਕੇ ਮੈਂ ਆਪਣੇ ਘਰ ਆ ਗਿਆ।

ਰਾਤ ਦੇ ਦਸ ਕੁ ਵਜੇ ਸਾਡਾ ਵੀਹੀ ਵਾਲਾ ਲੋਹੇ ਦਾ ਗੇਟ ਬਹੁਤ ਜ਼ੋਰ ਦੀ ਖੜਕਿਆ ਅਤੇ ਨਾਲ ਹੀ ਮੇਰੇ ਭਤੀਜੇ ਟੀਟੂ (ਬਲਜਿੰਦਰ ਸੇਖਾ) ਦੀ ਆਵਾਜ਼ ਆਈ, "ਤਾਇਆ ਜੀ, ਬਾਬਾ ਜੀ ਬਾਲ੍ਹੇ ਢਿੱਲੇ ਆ, ਛੇਤੀ ਆਓ।"

ਮੈਂ ਕੰਬਲ ਦੀ ਬੁੱਕਲ਼ ਮਾਰ ਕੇ ਇਕ ਮਿੰਟ ਦੇ ਅੰਦਰ ਹੀ ਹਰਚੰਦ ਦੇ ਘਰ ਪਹੁੰਚ ਗਿਆ। ਜਾ ਕੇ ਦੇਖਿਆ ਤਾਂ ਉਹ ਸਦੀਵੀ ਨੀਂਦ ਸੁੱਤਾ ਪਿਆ ਸੀ। ਮਾਂ ਨੇ ਦੱਸਿਆ, "ਟੀਟੂ ਰਾਮਾਇਣ ਦੇਖਣ ਅੰਦਰਲੇ ਘਰ ਗਿਆ ਹੋਇਆ ਸੀ। ਤੇਰਾ ਬਾਈ ਸੱਥ 'ਚੋਂ ਆਇਆ ਰੋਟੀ ਖਾਧੀ। ਅੱਜ ਰੋਟੀਆਂ ਵੀ ਦੋ ਦੀ ਥਾਂ ਢਾਈ ਖਾ ਗਿਆ, ਕਹਿੰਦਾ, 'ਸਬਜ਼ੀ ਸੁਆਦ ਐ'। ਆਹ ਹੁਣੇ ਥੋੜ੍ਹਾ ਉੱਚੀ ਆਵਾਜ਼ ਵਿਚ 'ਹੂੰਅ' ਕੀਤਾ। ਮੈਂ ਪੁੱਛਿਆ, 'ਕੀ ਹੋ ਗਿਐ, ਏਨੀ ਉੱਚੀ ਹੂੰਗਰ ਮਾਰੀ ਐ? 'ਅੱਗੇ ਕੀ ਹੁੰਦੈ' ਕਹਿ ਕੇ ਚੁੱਪ ਹੀ ਹੋ ਗਿਆ, ਫੇਰ ਨਾ ਬੋਲਿਆ ਨਾ ਹਿੱਲਿਐ। ਮੈਂ ਭੱਜ ਕੇ ਗੁਰਦੇਵ (ਮੇਰਾ ਛੋਟਾ ਭਰਾ) ਨੂੰ ਸੱਦ ਲਿਆਈ।"

"ਬਾਈ ਦਾ ਪਿੰਡਾ ਤਾਂ ਗਰਮ ਪਿਆ। ਮੈਂ ਸਰਪੰਚਾਂ ਦੀ ਜੀਪ ਲੈਣ ਚੱਲਿਆਂ। ਇਹਨੂੰ ਹਸਪਤਾਲ ਲੈ ਚੱਲਦੇ ਆਂ।" ਮੇਰਾ ਛੋਟਾ ਭਰਾ ਘਬਰਾਇਆ ਹੋਇਆ ਕਹਿ ਰਿਹਾ ਸੀ।

"ਹਸਪਤਾਲ ਕਿਵੇਂ ਲੈ ਜਾਵਾਂਗੇ! ਇਹ ਤਾਂ ਹੁਣ ਆਪਣੇ ਅਸਲੀ ਟਿਕਾਣੇ 'ਤੇ ਪਹੁੰਚ ਗਿਐ।" ਮੈਂ ਇੰਨਾ ਹੀ ਕਹਿ ਸਕਿਆ।

ਚਾਚੇ ਪਾਖਰ ਸਿੰਘ ਨੂੰ ਸੁਨੇਹਾ ਪਹੁੰਚ ਗਿਆ, ਉਹ ਵੀ ਆ ਗਿਆ। ਸੱਜਣ ਸਿੰਘ ਪਰਿਵਾਰ ਦੇ ਹੋਰ ਮੈਂਬਰ ਵੀ ਆ ਗਏ। ਸਾਰੀ ਰਾਤ ਉਸ ਦੇ ਦੁਆਲ਼ੇ ਬੈਠ ਕੇ ਲੰਘਾਈ। ਅਗਲੇ ਦਿਨ ਦੂਰੋਂ ਨੇੜਿਉਂ ਸਾਰੇ ਰਿਸ਼ਤੇਦਾਰ ਪਹੁੰਚ ਗਏ। ਜੇ ਨਹੀਂ ਸੀ ਪਹੁੰਚ ਸਕਦਾ ਉਸ ਦਾ ਕਨੇਡਾ ਵਾਲਾ ਪੁੱਤਰ ਹਰਚੰਦ ਸਿੰਘ ਸੀ, ਜਿਹੜਾ ਪਿੰਡ ਦੇ ਵਡੇਰੀ ਉਮਰ ਦੇ ਹਰ ਬਜ਼ੁਰਗ ਦੀ ਅਰਥੀ ਨੂੰ ਇਸ ਤਰ੍ਹਾਂ ਸਜਾਇਆ ਕਰਦਾ ਸੀ ਕਿ ਉਹ ਫੁੱਲਾਂ ਤੇ ਰੰਗ ਬਿਰੰਗੀਆਂ ਝੰਡੀਆਂ ਨਾਲ ਸ਼ਿੰਗਾਰੀ ਪਾਲਕੀ ਬਣ ਜਾਂਦੀ ਸੀ। ਅੱਜ ਉਸ ਦੇ ਬਾਪ ਦੀ ਅਰਥੀ ਨੂੰ ਸ਼ਿੰਗਾਰਨ ਵਾਲੇ ਹੋਰ ਹੱਥ ਸਨ। ਦੁਪਹਿਰ ਢਾਈ ਕੁ ਵਜੇ ਬਾਪ ਦੀ ਅਰਥੀ ਸ਼ਮਸ਼ਾਨ ਘਾਟ ਵੱਲ ਚੱਲੀ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਮਗਰ ਜਾ ਰਹੇ ਸਨ। ਉਸ ਦੇ ਭੋਗ ਤੋਂ ਪਹਿਲਾਂ ਹਰਚੰਦ ਤੇ ਉਸ ਦੀ ਪਤਨੀ ਕੈਨੇਡਾ ਤੋਂ ਆ ਗਏ ਸਨ। ਬਾਈ ਦੀਆਂ ਅੰਤਮ ਰਸਮਾਂ ਲਈ ਘਰ ਵਿਚ ਹੀ ਅਖੰਡ ਪਾਠ ਰਖਵਾਇਆ ਸੀ। ਅਖੰਡ ਪਾਠ ਦੇ ਵਿਚਕਾਰਲੀ ਸ਼ਾਮ ਅਸੀਂ ਚਾਰੇ ਭਰਾ ਅੰਦਰ ਬੈਠੇ ਕੱਲ੍ਹ ਦੇ ਪ੍ਰੋਗਰਾਮ ਬਾਰੇ ਸਲਾਹ ਮਸ਼ਵਰਾ ਕਰ ਰਹੇ ਸੀ ਕਿ ਸਾਡਾ ਚਚੇਰਾ ਭਰਾ ਜਿਹੜਾ ਅਖੰਡ ਪਾਠ ਦੀ ਸੇਵਾ ਵਿਚ ਸੀ, ਬਹੁਤ ਸਹਿਮਿਆ ਹੋਇਆ ਆਇਆ ਤੇ ਕਹਿਣ ਲ'ਗਾ, "ਬਾਈ ਜੀ, ਬਾਬੇ (ਖਾੜਕੂ) ਆਏ ਐ ਤੇ ਅੱਠ ਦਸ ਜਣਿਆਂ ਲਈ ਖਾਣਾ ਮੰਗਦੇ ਐ।" ਮੈਂ ਕਿਹਾ, "ਕੋਈ ਗੱਲ ਨਹੀਂ, ਤੁਸੀਂ ਦਾਲ਼ ਸਬਜ਼ੀ ਦੇ ਦੋ ਡੋਲਣੇ ਭਰ ਦਿਉ ਤੇ ਜਿੰਨੀਆਂ ਰੋਟੀਆਂ ਪੱਕੀਆਂ ਹੋਈਆਂ ਹੈਗੀਆਂ, ਉਹ ਦੇ ਦਿਉ। ਮੈਂ ਦੇਖਦਾਂ।" ਮੈਂ ਬਾਹਰ ਨਿਕਲਿਆ ਤਾਂ ਇਕ ਮੁੰਡੇ ਨੇ ਮੈਨੂੰ ਸਤਿ ਸ੍ਰੀ ਅਕਾਲ ਕਹੀ ਅਤੇ ਪੁੱਛਿਆ, "ਇਹ ਕਿਸ ਦਾ ਘਰ ਹੈ?" ਮੈਂ ਉਸ ਨੂੰ ਦੱਸ ਦਿੱਤਾ ਕਿ ਸਾਡਾ ਹੀ ਘਰ ਹੈ ਤੇ ਮੇਰੇ ਬਾਪ ਦੀ ਅੰਤਮ ਅਰਦਾਸ ਲਈ ਅਖੰਡਪਾਠ ਰੱਖਿਆ ਹੋਇਆ ਹੈ। ਉਸ ਨਾਲ ਦੇ ਸਾਥੀ ਨੂੰ ਕਿਹਾ ਚਲੋ ਇੱਥੋਂ ਲੰਗਰ ਨਹੀਂ ਛਕਣਾ। ਸੇਵਾਦਾਰ ਰੋਟੀਆਂ ਲੈ ਕੇ ਆ ਗਏ ਸੀ। ਮੈਂ ਕਿਹਾ ਗੁਰੂ ਦਾ ਲੰਗਰ ਚੱਲ ਰਿਹਾ ਹੈ ਤੁਸੀਂ ਬੇਫਿਕਰ ਹੋ ਕੇ ਲੈ ਜਾਵੋ। ਉਹ ਅਚਾਰ ਨਾਲ ਰੋਟੀਆਂ ਤਾਂ ਲੈ ਗਏ ਪਰ ਡੋਲਨਿਆ ਵਿਚ ਪਾਈ ਦਾਲ਼ ਛੱਡ ਗਏ। ਪਿੱਛੋਂ ਪਤਾ ਲੱਗਾ ਕਿ ਉਹ ਮੁੰਡਾ ਸਿਬੀਆਂ ਵਾਲਾ ਮਸ਼ਹੂਰ ਖਾੜਕੂ, ਹੈਪੀ ਸੀ ਜਿਹੜਾ ਮੇਰੇ ਕੋਲ਼ ਪੜ੍ਹਦਾ ਰਿਹਾ ਸੀ।

ਮੇਰੇ ਬਾਪ ਦੇ ਭੋਗ ਉਪਰ ਇੰਨਾ ਕੁ ਇਕੱਠ ਹੋ ਗਿਆ ਸੀ ਕਿ ਜਿਹੜਾ ਪਹਿਲਾਂ ਪਿੰਡ ਵਿਚ ਕਦੀ ਘੱਟ ਹੀ ਦੇਖਣ ਨੂੰ ਮਿਲਿਆ ਸੀ। ਇਹ ਇਕ ਉਸ ਕਰਮਯੋਗੀ ਦੀ ਸਾਧਨਾ ਦਾ ਫ਼ਲ ਸੀ ਜੋ ਉਹ ਆਪਣੇ ਜੀਵਨ ਵਿਚ ਹੀ ਚੱਖ ਗਿਆ ਸੀ। ਉਸ ਦੀ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਵਿਚ ਸਾਡੀ ਮਾਂ ਨੇ ਸਦਾ ਸਾਥ ਦਿੱਤਾ। ਪਰਿਵਾਰ ਦੀ ਪਰਵਰਿਸ਼ ਵਿਚ ਮਾਂ ਦਾ ਵੱਡਾ ਯੋਗਦਾਨ ਸੀ। ਅਠਾਰਾਂ ਸੌ ਨੜਿਨਵੇਂ ਦੀ ਵਿਸਾਖੀ ਨੂੰ ਇਸ ਸੰਸਾਰ 'ਤੇ ਆਈ ਸਾਡੀ ਮਾਂ ਨੇ ਪਿਤਾ ਦੀ ਮੌਤ ਤੋਂ ਚੌਦਾਂ ਸਾਲ ਬਾਅਦ, ਤਿੰਨ ਸਦੀਆਂ ਦੀ ਹਵਾ ਵਿਚ ਸਾਹ ਲੈਣ ਮਗਰੋਂ ਜਨਵਰੀ 2003 ਵਿਚ 103 ਸਾਲ ਦੀ ਉਮਰ ਵਿਚ ਇਸ ਸੰਸਾਰ ਨੂੰ ਤਿਆਗਿਆ। ਦੋਹਾਂ ਦੀ ਮੌਤ 'ਤੇ ਕਿਸੇ ਨੂੰ ਮਕਾਣ ਆਣ ਤੋਂ ਸਖਤੀ ਨਾਲ ਰੋਕ ਦਿੱਤਾ ਗਆ ਸੀ ਅਤੇ ਕਿਸੇ ਨੂੰ ਰੋਣ ਵੀ ਨਹੀਂ ਸੀ ਦਿੱਤਾ ਗਿਆ। ਕਰਮਯੋਗੀ ਆਪਣੇ ਕੰਮ ਨਿਪਟਾ, ਸੁਰਖਰੂ ਹੋ ਕੇ ਸੰਸਾਰ ਤੋਂ ਗਏ ਸਨ। ਸੰਸਾਰ ਤੋਂ ਸੁਰਖਰੂ ਹੋ ਕੇ ਜਾਣ ਵਾਲਿਆਂ ਲਈ ਕਿਉਂ ਰੋਣਾ! 000

***(7004 - 131 Street, Surrey B. C. V3W 6M9 Canada***
***Phone: +1-778 246 1087)***

# ਨਰਿੰਜਨ ਤਸਨੀਮ: ਨਾਵਲ ਚਿੰਤਨ ਦੇ ਪ੍ਰਤਿਮਾਨ

**ਹਰਭਜਨ ਸਿੰਘ ਭਾਟੀਆ**

ਨਰਿੰਜਨ ਤਸਨੀਮ (2 ਮਈ 1929-17 ਅਗਸਤ 2019) ਬਹੁਭਾਸ਼ਾਈ ਯੋਗਤਾ ਰੱਖਣ ਵਾਲਾ ਨਾਵਲਕਾਰ ਵੀ ਹੈ, ਸਿੱਧਾਂਤਕਾਰ ਵੀ ਅਤੇ ਆਲੋਚਕ ਵੀ। ਉਸ ਨੇ ਦਸ ਨਾਵਲਾਂ ਦੀ ਰਚਨਾ ਵੀ ਕੀਤੀ, ਨਾਵਲ ਦੀ ਤਕਨੀਕ ਸੰਬੰਧੀ ਸਿੱਧਾਂਤਕ ਮਜ਼ਮੂਨ ਵੀ ਲਿਖੇ ਅਤੇ ਉਸ ਸਿੱਧਾਂਤਕ ਚੌਖਟੇ ਦੇ ਆਧਾਰ ਉੱਪਰ ਪੰਜਾਬੀ ਨਾਵਲ ਪਰੰਪਰਾ ਤੇ ਵਿਕੋਲਿਤਰੇ ਪੰਜਾਬੀ ਨਾਵਲਾਂ ਸੰਬੰਧੀ ਟਿੱਪਣੀਆਂ ਵੀ ਕੀਤੀਆਂ ਹਨ। ਉਸ ਦੀ ਨਾਵਲ-ਸਿਰਜਣਾ ਦਾ ਸਫ਼ਰ 1966 ਤੋਂ ਆਰੰਭ ਹੋਇਆ ਅਤੇ ਲੰਮਾ ਅਰਸਾ ਉਸ ਦੀ ਰਚਨਾਕਾਰੀ ਦਾ ਅਮਲ ਹਰਕਤ ਵਿਚ ਰਿਹਾ। ਰਚਨਾਕਾਰੀ ਦੇ ਖੇਤਰ ਵਿਚ ਤਕਨੀਕ ਦੇ ਸੰਬੰਧ ਵਿਚ ਨਵੇਂ ਤਜਰਬੇ ਕਰਨ, ਮੱਧ ਸ਼੍ਰੇਣਿਕ ਪਾਤਰਾਂ ਦੀ ਮਾਨਸਿਕ ਸਥਿਤੀ ਨੂੰ ਪਰਤ-ਦਰ-ਪਰਤ ਫਰੋਲਣ, ਮਨੁੱਖੀ ਮਨ ਦੀ ਜਟਿਲਤਾ, ਤਨਾਉ ਅਤੇ ਦੁਬਿਧਾਵਾਂ ਨੂੰ ਪ੍ਰਗਟਾਉਣ ਸਦਕਾ ਉਸ ਨੇ ਆਪਣੀ ਵਿਲੱਖਣਤਾ ਸਥਾਪਤ ਕੀਤੀ। ਪਾਤਰਾਂ ਦੀ ਮਾਨਸਿਕਤਾ ਦੇ ਪਾਸਾਰਾਂ ਨੂੰ ਚਿਤਰਣ ਲਈ ਉਸ ਨੂੰ ਚੇਤਨਾ-ਪ੍ਰਵਾਹ ਦੀ ਗਲਪ ਵਿਧੀ ਸਭ ਤੋਂ ਵਧੇਰੇ ਰਾਸ ਆਈ। ਲੰਮੇਂ ਕਾਲ਼-ਪ੍ਰਵਾਹ ਵਿਚ ਫੈਲੇ ਆਪਣੇ ਸਿਰਜਣ-ਕਾਰਜ ਤੋਂ ਇਲਾਵਾ ਉਸ ਨੇ ਨਾਵਲ ਦੇ ਸਿੱਧਾਂਤਾਂ, ਨੇਮਾਂ, ਕਸਵੱਟੀਆਂ ਅਤੇ ਸੰਕਲਪਾਂ ਦੀ ਪਛਾਣ ਦਾ ਕਾਰਜ ਵੀ ਕੀਤਾ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਅੰਤ ਦੇ ਆਸ-ਪਾਸ ਉਸ ਨੇ ਦੋ ਸਿੱਧਾਂਤਕ ਮਜ਼ਮੂਨਾਂ ਵਿਚ ਨਾਵਲ ਦੇ ਸਿੱਧਾਂਤ ਦੇ ਨਾਲ ਨਾਲ ਪੰਜਾਬੀ ਨਾਵਲ ਦੀ ਸਮੀਖਿਆ ਦਾ ਕਾਰਜ ਵੀ ਆਰੰਭ ਕੀਤਾ। ਇੰਝ ਉਸ ਦਾ ਮਮੁੱਚਾ ਕਾਰਜ ਤੀਹਰੇ ਰਿਸ਼ਤੇ ਨਾਲ ਇਕ ਦੂਸਰੇ ਨਾਲ ਅੰਤਰ-ਸੰਬੰਧਤ ਹੋ ਗਿਆ। ਹੱਥਲੇ ਅਧਿਐਨ ਸਾਹਵੇਂ ਮੁੱਖ ਸਵਾਲ ਇਹ ਹੈ ਕਿ ਸਿੱਧਾਂਤਕ ਧਰਾਤਲ ਉਪਰ ਤਸਨੀਮ ਦਾ ਨਾਵਲ ਦਾ ਸੰਕਲਪ ਕੀ ਹੈ?

ਇਸ ਪ੍ਰਸ਼ਨ ਦੇ ਉੱਤਰ ਲਈ ਪਹਿਲਾ ਮਹੱਤਵਪੂਰਨ ਸਰੋਤ ਤਾਂ ਉਸਦੀਆਂ ਸਿੱਧਾਂਤਕ ਲਿਖਤਾਂ ਹਨ ਅਤੇ ਦੂਸਰਾ ਮਹੱਤਵਪੂਰਨ ਸਰੋਤ ਉਸ ਦੇ ਪੰਜਾਬੀ ਨਾਵਲ, ਨਾਵਲਕਾਰਾਂ ਅਤੇ ਵਿਕੋਲਿੱਤਰੇ ਨਾਵਲਾਂ ਸੰਬੰਧੀ ਲਿਖੇ ਗਏ ਮਜ਼ਮੂਨ ਹਨ। ਇਸ ਦੂਸਰੀ ਭਾਂਤ ਦੀ ਸਮੱਗਰੀ ਦੀ ਤਹਿ ਹੇਠ ਵੀ ਲੇਖਕ ਦੀ ਸਿੱਧਾਂਤਕ ਚੇਤਨਾ ਮੌਜੂਦ ਹੈ। ਇਹ ਦਰੁਸਤ ਹੈ ਕਿ ਸਿਰਜਣਾ, ਸਿੱਧਾਂਤਕਾਰੀ ਅਤੇ ਸਮੀਖਿਆ ਦੇ ਵਿਚਾਲੇ ਜ਼ਰੂਰੀ ਤੌਰ ਉੱਪਰ ਇਕਸਾਰਤਾ ਜਾਂ ਇਕਾਗਰਤਾ ਦਾ ਰਿਸ਼ਤਾ ਨਹੀਂ ਹੁੰਦਾ। ਕਈ ਵਾਰ ਇਨ੍ਹਾਂ ਤਿੰਨਾਂ ਵਿਚਾਲੇ ਤਨਾਉ ਜਾਂ ਅੰਤਰ ਵਿਰੋਧ ਵੀ ਆ ਹਾਜ਼ਰ ਹੁੰਦੇ ਹਨ। ਕਈ ਵਾਰ ਇੰਝ ਵੀ ਵਾਪਰਦਾ ਹੈ ਕਿ ਲੇਖਕ ਉਸੇ ਸਿੱਧਾਂਤ ਨੂੰ ਹੀ ਪ੍ਰਮਾਣਕ ਸਮਝਦਾ ਹੈ ਜੋ ਉਸ ਦੀ ਸਿਰਜਣਾ ਦਾ ਅਨੁਸਾਰੀ ਹੋਵੇ। ਅਰਥਾਤ ਆਪਣੀ ਸਿਰਜਣਾ ਦੇ ਸਰੂਪ ਦੀ ਪ੍ਰਮਾਣਕਤਾ ਸਿੱਧ ਕਰਨ ਹਿਤ ਉਹ ਇਕ ਭਾਂਤ ਦਾ ਚਤੁਰ ਸਿੱਧਾਂਤਕ ਪੈਂਤੜਾ ਅਖਤਿਆਰ ਕਰਦਾ ਹੈ ਅਤੇ ਅੱਗੋਂ ਉਸ ਸਿੱਧਾਂਤਕ ਚੌਖਟੇ ਨਾਲ ਮੇਲ ਖਾਂਦੀਆਂ ਰਚਨਾਵਾਂ ਦੀ ਹੀ ਸਰਾਹਨਾ ਕਰਦਾ ਅਤੇ ਬਾਕੀਆਂ ਪ੍ਰਤਿ ਖੰਡਨਕਾਰੀ ਰਵੱਈਆ ਅਖਤਿਆਰ ਕਰ ਲੈਂਦਾ ਹੈ। ਇਹ ਇਕ ਭਾਂਤ ਦੀ ਸਵਾਰਥੀ ਰੁਚੀ ਹੈ। ਇਕੋ ਵਿਅਕਤੀ ਦੇ ਇਕੋ ਵੇਲੇ ਸਿਰਜਕ, ਸਿੱਧਾਂਤਕਾਰ ਅਤੇ ਸਮੀਖਿਅਕ ਹੋਣ ਦੇ ਜਿੱਥੇ ਕਈ ਫ਼ਾਇਦੇ ਹਨ ਉੱਥੇ ਕਈ ਨੁਕਸਾਨ ਵੀ ਸਾਮ੍ਹਣੇ ਆਉਂਦੇ ਹਨ। ਕਈ ਵਾਰ ਇਹ ਵੀ ਵਾਪਰਦਾ ਹੈ ਕਿ ਸਿਰਜਣ ਕਾਰਜ ਸਮੇਂ ਲੇਖਕ ਦੀ ਲਿਖਤ ਅੰਦਰ ਉਸ ਦੀ ਸਿੱਧਾਂਤਕ ਸੋਝੀ ਸਿੱਧੀ ਦਖ਼ਲਅੰਦਾਜ਼ੀ ਕਰ ਉਸ ਦੀ ਸਿਰਜਣਾ ਦੇ ਸਹਿਜ ਸਰੂਪ ਨੂੰ ਤਰੇੜਦੀ

ਅਤੇ ਕਈ ਵਾਰ ਅਸਲੋਂ ਖੰਡਿਤ ਵੀ ਕਰ ਦੇਂਦੀ ਹੈ। ਇਸ ਸਿੱਧਾਂਤ ਦਾ ਸਰੂਪ ਕਦੀ ਵਿਚਾਰਧਾਰਕ ਹੁੰਦਾ ਹੈ ਅਤੇ ਕਦੀ ਤਕਨੀਕੀ ਭਾਂਤ ਦਾ। ਪਹਿਲੀ ਸਥਿਤੀ ਵਿਚ ਪ੍ਰਯੋਜਨਮੁਖਤਾ ਲੇਖਕ ਦੀ ਸਮੁੱਚੀ ਸਿਰਜਣਾ ਦੇ ਆਰ-ਪਾਰ ਫੈਲ ਕੇ ਪ੍ਰਚਾਰ ਨੂੰ ਹੀ ਸਿਰਜਣਾ ਦੇ ਬਦਲ ਵਜੋਂ ਸਥਾਪਤ ਕਰਨ ਦੀ ਜ਼ਿੱਦ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਦੂਸਰੀ ਸੂਰਤ ਵਿਚ ਤਕਨੀਕੀ ਕਲਾਬਾਜ਼ੀਆਂ ਉਸ ਦੀ ਲਿਖਤ ਦਾ ਖਹਿੜਾ ਨਹੀਂ ਛੱਡਦੀਆਂ।

ਦੋਵਾਂ ਸੂਰਤਾਂ ਵਿਚ ਸਿਰਜਣਾ ਦੀ ਕਾਇਆ ਵਿਚ ਸਿਰਜਣਾਤਮਕਤਾ ਅਤੇ ਮਕਾਨਕੀਅਤਾ ਦਾ ਦਵੰਦ ਨਜ਼ਰੀਂ ਆਉਣ ਲੱਗ ਪੈਂਦਾ ਹੈ। ਵੈਸੇ ਵੀ ਕਿਸੇ ਸਿਰਜਕ ਦੇ ਦੂਸਰੇ ਸਿਰਜਕਾਂ ਦੀ ਲਿਖਤ ਤੋਂ ਇਕ ਫ਼ਾਸਲਾ ਸਥਾਪਤ ਕਰ ਕੇ ਸਮਕਾਲੀਆਂ ਨਾਲ ਰਕਾਬਤ ਜਾਂ ਈਰਖਾ ਤੋਂ ਉੱਪਰ ਉੱਠ, ਸੰਤੁਲਤ ਟਿੱਪਣੀ ਪ੍ਰਸਤੁਤ ਕਰ ਸਕਣੀ ਕੋਈ ਆਸਾਨ ਕੰਮ ਨਹੀਂ ਹੁੰਦਾ। ਉਪਰੋਕਤ ਮਸਲਿਆਂ ਨੂੰ ਗਹੁ ਨਾਲ ਵੇਖਣ ਉਪਰੰਤ ਇਹ ਧਾਰਨਾ ਮਹੱਤਵ ਭਰਪੂਰ ਬਣ ਜਾਂਦੀ ਹੈ ਕਿ ਲੇਖਕ ਦੇ ਸਿੱਧਾਂਤਕ ਚੌਖਟੇ, ਉਸ ਦੁਆਰਾ ਕੀਤੀ ਸਮੀਖਿਆ ਅਤੇ ਉਸ ਦੀ ਸਿਰਜਣਾ ਨੂੰ ਅੰਤਰ-ਸੰਬੰਧਤਾ ਦੇ ਜੀਵੰਤ ਰਿਸ਼ਤੇ ਰਾਹੀਂ ਘੋਖਿਆ-ਪੜਤਾਲਿਆ ਜਾਵੇ। ਹੱਥਲੇ ਕਾਰਜ ਦਾ ਮਕਸਦ ਲੇਖਕ ਦੇ ਸਿੱਧਾਂਤ ਤੇ ਸਮੀਖਿਆ ਪਾਠਾਂ ਦੀ ਘੋਖ-ਪਰਖ ਰਾਹੀਂ ਉਸ ਦੀ ਸਮੀਖਿਆ ਦੇ ਪ੍ਰਤਿਮਾਨਾਂ ਜਾਂ ਪੈਮਾਨਿਆਂ ਦੀ ਪਛਾਣ ਤਕ ਅੱਪੜਣਾ ਹੈ।

ਅਧਿਐਨ ਕਾਰਜ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਅਧਿਐਨ-ਸਮੱਗਰੀ ਵੱਲ ਇਸ਼ਾਰਾ ਕਰਨਾ ਜ਼ਰੂਰੀ ਹੈ। ਜੇਕਰ ਪੁਸਤਕਾਂ ਦੇ ਸਿਰਲੇਖਾਂ ਨੂੰ ਵੇਖੀਏ ਤਾਂ ਨਿਰੰਜਨ ਤਸਨੀਮ ਦੀਆਂ ਤਿੰਨ ਪੁਸਤਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਸ ਦੀ ਨਾਵਲ ਦੀ ਸਿੱਧਾਂਤਕਾਰੀ ਅਤੇ ਸਮੀਖਿਆ ਨਾਲ ਜੋੜਿਆ ਜਾ ਸਕਦਾ ਹੈ। ਇਹ ਪੁਸਤਕਾਂ ਹਨ: *ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਅਨ* (1973), *ਪੰਜਾਬੀ ਨਾਵਲ ਦਾ ਮੁਹਾਂਦਰਾ* (1979) ਅਤੇ *ਮੇਰੀ ਨਾਵਲ ਨਿਗਾਰੀ* (1985)। ਦਰਅਸਲ *ਪੰਜਾਬੀ ਨਾਵਲ ਦਾ ਮੁਹਾਂਦਰਾ* ਪੁਸਤਕ *ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਅਨ* ਪੁਸਤਕ ਦਾ ਹੀ ਵਧਾਇਆ ਸੰਸਕਰਣ ਹੈ। ਇਹ ਵਾਧਾ ਚਾਰ ਮਜ਼ਮੂਨ ਹੋਰ ਸ਼ਾਮਲ ਕਰ ਕੇ ਕੀਤਾ ਗਿਆ ਹੈ। *ਮੇਰੀ ਨਾਵਲ ਨਿਗਾਰੀ* ਪੁਸਤਕ ਵਿਚਲੀ ਉਹ ਸਮੱਗਰੀ, ਜਿਸ ਨੂੰ ਉਸ ਦੀ ਨਾਵਲ-ਸਮੀਖਿਆ ਦੀ ਸਮਝ ਲਈ ਵਰਤਿਆ ਜਾ ਸਕਦਾ ਹੈ, ਦੋ ਦਿਸ਼ਾਵਾਂ ਵਿਚ ਫੈਲਦੀ ਹੈ: ਪਹਿਲਾ, ਉਸ ਦੀ ਸਿਰਜਣ-ਪ੍ਰਕਿਰਿਆ ਨੂੰ ਸਮੂਰਤ ਪੱਧਰ 'ਤੇ ਲਿਆਉਣ ਦੇ ਰੁਖ ਅਤੇ ਦੂਸਰਾ ਆਪਣੀਆਂ ਹੀ ਰਚਨਾਵਾਂ ਸੰਬੰਧੀ ਉਸ ਦੀਆਂ ਆਪਣੀਆਂ ਧਾਰਨਾਵਾਂ ਵੱਲ। ਉਸ ਦੀਆਂ ਆਪਣੀਆਂ ਟਿੱਪਣੀਆਂ ਵਧੇਰੇ ਕਰ ਕੇ ਉਹੀ ਹਨ ਜਿਨ੍ਹਾਂ ਨੂੰ ਸਮੇਂ ਸਮੇਂ ਉਸ ਨੇ ਆਪਣੇ ਨਾਵਲਾਂ ਦੀਆਂ ਭੂਮਿਕਾਵਾਂ ਵਜੋਂ ਪੇਸ਼ ਕੀਤਾ ਹੈ। ਪੰਜਾਬੀ ਨਾਵਲ ਸੰਬੰਧੀ ਆਪਣੇ ਕਾਰਜ ਉੱਪਰ ਟਿੱਪਣੀ ਕਰਦੇ ਹੋਏ ਤਸਨੀਮ ਨੇ ਲਿਖਿਆ ਹੈ:

*ਹਕੀਕਤ ਇਹ ਹੈ ਕਿ ਨਾਵਲਕਾਰ ਹੋਣ ਦੇ ਨਾਤੇ ਮੈਂ ਇਕ ਨਾਵਲਕਾਰ ਦੇ ਨਜ਼ਰੀਏ ਤੋਂ ਹੀ ਪੰਜਾਬੀ ਨਾਵਲ ਨੂੰ ਘੋਖਿਆ ਹੈ ਅਤੇ ਮੇਰੀ ਸ਼ਬਦਾਵਲੀ ਵੀ ਸ਼ਾਇਦ ਅਕਾਦਮਿਕ ਆਲੋਚਕਾਂ ਵਾਲੀ ਨਹੀਂ ਹੈ ਪਰ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਂ ਆਪਣੀ ਗੱਲ ਆਪਣੇ ਪਾਠਕਾਂ ਤੀਕ ਭਲੀਭਾਂਤ ਪਹੁੰਚਾ ਸਕਿਆ ਹਾਂ।*

ਇਸ 'ਨਾਵਲਕਾਰ ਦੇ ਨਜ਼ਰੀਏ' ਦੀ ਹੀ ਅਸਾਂ ਪਛਾਣ ਕਰਨੀ ਹੈ। ਇਸ ਟਿੱਪਣੀ ਵਿਚ ਤਸਨੀਮ ਵੱਲੋਂ ਆਪਣੀ ਸਮੀਖਿਆ ਦੀ ਭਾਸ਼ਾ ਸੰਬੰਧੀ ਕੀਤੀ ਟਿੱਪਣੀ ਵਿਚਲੀ ਸੱਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਨਿਰਸੰਦੇਹ, ਉਸ ਦੀ ਸਮੀਖਿਆ ਦਾ ਸੁਭਾਅ ਮਿਥਿਕ ਕਥਨਾਂ ਜਾਂ ਕਲੀਸ਼ੇ ਵਾਲਾ ਨਹੀਂ। ਉਸ ਨੇ ਨਾਵਲ ਸੰਬੰਧੀ ਆਪਣੀ ਸਿੱਧਾਂਤਕ ਸੋਝੀ ਨੂੰ ਆਪਣੇ ਅਧਿਐਨ-ਕਾਰਜਾਂ ਦੀ ਅਗਰਭੂਮੀ ਵਿਚ ਰੜਕਣ ਨਹੀਂ ਦਿੱਤਾ। ਉਸ ਦੇ ਸਿੱਧਾਂਤਕ ਕਾਰਜਾਂ

ਵਿਚਲੇ ਸਹਿਜ ਤੇ ਸਪੱਸ਼ਟਤਾ ਨੂੰ ਉਸ ਦੀ ਬਹੁਭਾਸ਼ਾਈ ਯੋਗਤਾ ਤੇ ਗਹਿਰ ਗੰਭੀਰ ਸਮਝ ਨੇ ਸਿਰਜਿਆ ਹੈ। ਉਸ ਦੀ ਸਿੱਧਾਂਤਕਾਰੀ ਦੇ ਸੋਮੇ ਪੱਛਮੀ ਹੋਣ ਦੇ ਬਾਵਜੂਦ ਇਹ ਭਾਸ਼ਾ ਆਪਣੇ ਸਹਿਜ ਸਦਕਾ ਮਾਂਗਵੀਂ ਤੇ ਬਨਾਵਟੀ ਨਹੀਂ ਲੱਗਦੀ। ਆਪਣੇ ਗਿਆਨ-ਪ੍ਰਬੰਧ ਤੇ ਤਕਨੀਕੀ ਸੂਝ ਨੂੰ ਜਜ਼ਬ ਤੇ ਹਜਮ ਕਰ ਕੇ ਸਮਝਣਯੋਗ ਧਰਾਤਲ ਉੱਪਰ ਲੈ ਆਉਣਾ ਇਸ ਭਾਸ਼ਾ ਦਾ ਖਾਸਾ ਹੈ। ਇਸ ਭਾਸ਼ਾ ਨੇ ਨਾਵਲ ਦੀ ਪਰਖ ਦੇ ਵਿਸ਼ਾ-ਵਸਤੂ ਤੇ ਕਲਾ-ਪੱਖ ਦੀ ਪਛਾਣ ਦੇ ਪਰੰਪਰਾਗਤ ਢੰਗ ਤਰੀਕੇ ਦਾ ਤਿਆਗ ਕਰਕੇ ਨਾਵਲ ਦੀ ਸੰਰਚਨਾ ਤੇ ਤਕਨੀਕ ਦੇ ਮਸਲਿਆਂ ਨੂੰ ਵਿਚਾਰਿਆ ਵੀ ਹੈ ਅਤੇ ਪੰਜਾਬੀ ਨਾਵਲ ਦੇ ਝੁਕਾਵਾਂ ਤੇ ਬਹੁ-ਚਰਚਿਤ ਨਾਵਲਾਂ ਦਾ ਵਿਸ਼ਲੇਸ਼ਣ-ਮੁੱਲਾਂਕਣ ਵੀ ਕੀਤਾ ਹੈ। ਇਸ ਪ੍ਰਸੰਗ ਵਿਚ ਉਸ ਦੀ ਅੰਗਰੇਜ਼ੀ ਜ਼ੁਬਾਨ ਵਿਚ ਲਿਖੀ ਪੁਸਤਕ *Narrative Modes in Punjabi Novel* ( Indian Institute of Advanced Study, Shimla, 2002) ਦੇ ਪਹਿਲੇ ਦੋ ਮਜ਼ਮੂਨ Understanding Moderrn Literary Theories ਅਤੇ The Novel as an Art Form ਉਚੇਚਾ ਧਿਆਨ ਖਿੱਚਦੇ ਹਨ। ਇਨ੍ਹਾਂ ਵਿਚ ਉਹ ਨਾਵਲ ਨੂੰ ਇਕ ਕਲਾ ਰੂਪ ਵਜੋਂ ਗ੍ਰਹਿਣ ਕਰਕੇ ਇਸ ਵਿਚਲੇ ਤਕਨੀਕ ਦੇ ਮਸਿਲਆਂ ਨੂੰ ਪੂਰੀ ਬਾਰੀਕਬੀਨੀ ਨਾਲ ਸਪੱਸ਼ਟ ਕਰਦਾ ਹੈ।

ਨਰਿੰਜਨ ਤਸਨੀਮ ਵੱਲੋਂ ਕੀਤੇ ਪੰਜਾਬੀ ਨਾਵਲ ਸਮੀਖਿਆ ਦੇ ਕਾਰਜ ਦੀ ਸਾਰਥਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਨਾਵਲ-ਸ਼ਾਸਤਰ ਜਾਂ ਪੰਜਾਬੀ ਨਾਵਲ ਸੰਬੰਧੀ ਧਾਰਨਾਵਾਂ ਪੇਸ਼ ਕਰਨ ਸਮੇਂ ਅਕਸਰ ਵਿਦਵਾਨ ਉਸ ਦੀਆਂ ਧਾਰਨਾਵਾਂ ਨੂੰ ਖੰਡਨ-ਮੰਡਨ ਹਿਤ ਵਰਤਦੇ ਹਨ। ਉਸ ਦੀਆਂ ਧਾਰਨਾਵਾਂ ਦੀ ਪਿੱਠਭੂਮੀ ਵਿਚ ਪੱਛਮੀ ਨਾਵਲ-ਸ਼ਾਸਤਰ ਦਾ ਪਚਾਇਆ ਹੋਇਆ ਜਾਂ ਆਤਮਸਾਤ ਕੀਤਾ ਹੋਇਆ ਗਿਆਨ ਤੇ ਸਮਝ ਹੈ। ਉਸ ਦੀਆਂ ਧਾਰਨਾਵਾਂ ਨਾਲ ਸੰਵਾਦ ਛੇੜਿਆ ਜਾ ਸਕਦਾ ਹੈ ਪਰੰਤੂ ਉਨ੍ਹਾਂ ਉੱਪਰ ਅਸਪੱਸ਼ਟ, ਅਧੂਰਾ, ਅਪ੍ਰਸੰਗਕ ਜਾਂ ਅਣਪਚਿਆ ਗਿਆਨ ਹੋਣ ਦਾ ਇਲਜ਼ਾਮ ਨਹੀਂ ਧਰਿਆ ਜਾ ਸਕਦਾ।

ਨਰਿੰਜਨ ਤਸਨੀਮ ਦੀਆਂ ਕਲਾ, ਲੇਖਕ ਦੀ ਸਿਰਜਣ-ਪ੍ਰਕਿਰਿਆ, ਨਾਵਲ ਦੇ ਵਸਤੂ ਤੇ ਰੂਪ, ਉਸ ਵਿਚ ਵਰਤੀਆਂ ਜਾਂਦੀਆਂ ਤਕਨੀਕਾਂ, ਨਾਵਲ ਦੀ ਭਾਸ਼ਾ, ਨਾਵਲਕਾਰੀ ਦੇ ਮੰਤਵ, ਆਧੁਨਿਕਤਾ ਤੇ ਆਧੁਨਿਕਤਾਵਾਦ ਆਦਿ ਸੰਬੰਧੀ ਬੜੀਆਂ ਹੀ ਸਪੱਸ਼ਟ ਤੇ ਨਿਸ਼ਚਤ ਧਾਰਨਾਵਾਂ ਹਨ। ਇਹ ਧਾਰਨਾਵਾਂ ਵਿਕੋਲਿਤਰੇ ਰੂਪ ਵਿਚ ਤੇ ਉਸ ਨੇ ਭਾਵੇਂ *ਕਸਕ* (1966), *ਪਰਛਾਵੇਂ* (1966), *ਤ੍ਰੇੜਾਂ ਤੇ ਰੂਪ* (1967), *ਹਨੇਰਾ ਹੋਣ ਤਕ* (1971) ਆਦਿ ਨਾਵਲਾਂ ਵਿਚ ਹੀ ਪੇਸ਼ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਪਰੰਤੂ ਇਨ੍ਹਾਂ ਦਾ ਬੱਝਵਾਂ ਮੁਹਾਂਦਰਾ ਉਸ ਦੀ ਨਾਵਲ ਚਿੰਤਨ ਅਤੇ ਵਿਵੇਚਨਾ ਨਾਲ ਸੰਬੰਧਤ ਪ੍ਰਥਮ ਪੁਸਤਕ *ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਅਨ* ਨਾਲ 1973 ਈ. ਵਿਚ ਨਿਖਰਣਾ ਸ਼ੁਰੂ ਹੁੰਦਾ ਹੈ। ਇਨ੍ਹਾਂ ਧਾਰਨਾਵਾਂ ਵਿਚ ਉਹ ਨਾਵਲ ਦੀ ਤਕਨੀਕ ਵੱਲ ਉਚੇਚਾ ਧਿਆਨ ਦਵਾਉਂਦਾ ਹੈ, ਨਾਵਲ ਦੀ ਸਿਨਫ਼ ਨੂੰ ਬਤੌਰ ਕਲਾ-ਰੂਪ ਦੇ ਸਥਾਪਤ ਤੇ ਵਿਕਸਤ ਕਰਨ ਦੀ ਲੋਚਾ ਰੱਖਦਾ ਹੈ। ਨਾਵਲ ਦੀ ਤਕਨੀਕ ਦੇ ਮਹੱਤਵ ਵੱਲ ਉਹ ਸਿਰਫ਼ ਇਸ਼ਾਰਾ ਹੀ ਨਹੀਂ ਕਰਦਾ ਬਲਕਿ ਉਸ ਦੇ ਵਿਭਿੰਨ ਪਾਸਾਰਾਂ ਤੇ ਤਕਨੀਕੀ ਸੰਕਲਪਾਂ ਨੂੰ ਵੀ ਪੂਰੀ ਸਪੱਸ਼ਟਤਾ ਤੇ ਬਾਰੀਕੀ ਨਾਲ ਖੋਲ੍ਹਦਾ ਹੈ। ਇਸ ਪੱਖ ਤੋਂ ਉਹ ਇਕ ਉਸਤਾਦ ਨਾਵਲਕਾਰ ਤੇ ਨਾਵਲ-ਚਿੰਤਕ ਹੈ ਜਿਹੜਾ ਇਸ ਕਲਾ ਦੀਆਂ ਬਾਰੀਕੀਆਂ ਤੋਂ ਭਲੀ ਭਾਂਤ ਵਾਕਿਫ਼ ਹੈ। ਤਕਨੀਕੀ ਸੰਕਲਪਾਂ ਨੂੰ ਸਰਲ ਭਾਸ਼ਾ ਨਾਲ ਬਿਆਨ ਕਰਨ ਦੀ ਉਸ ਪਾਸ ਚੋਖੀ ਸਮਰੱਥਾ ਹੈ। ਮਿਸਾਲ ਵਜੋਂ ਮਨੁੱਖੀ ਚੇਤਨੰਤਾ ਦੀ ਤਰਲਤਾ ਨੂੰ ਸਮੇਂ ਦੇ ਪ੍ਰਸੰਗ ਵਿਚ ਪ੍ਰਗਟ ਕਰਨ ਲਈ ਉਸ ਚੇਤਨਤਾ ਪ੍ਰਵਾਹ ਨਾਵਲ ਦੀਆਂ ਚਾਰ ਮੁੱਖ ਤਕਨੀਕਾਂ ਪ੍ਰਤੱਖ ਆਂਤਰਿਕ ਮਨ-ਬਚਨੀ, ਅਪ੍ਰਤੱਖ ਆਂਤਰਿਕ ਮਨ-ਬਚਨੀ, ਸਰਬੱਗ ਵਰਣਨ ਅਤੇ ਸਵਗਤ ਕਥਨ ਨੂੰ ਬਹੁਤ ਹੀ ਸਪੱਸ਼ਟ

ਅਤੇ ਸੂਤਰਕ ਭਾਸ਼ਾ ਵਿਚ ਪੇਸ਼ ਕੀਤਾ ਹੈ। ਮਿਸਾਲ ਵਜੋਂ:

*ੳ. **ਪ੍ਰਤੱਖ ਆਂਤਰਿਕ ਮਨ-ਬਚਨੀ**: ਆਂਤਰਿਕ ਮਨ-ਬਚਨੀ ਦੀ ਉਹ ਵੰਨਗੀ ਹੈ ਜਿਸ ਵਿਚ ਨਾਵਲਕਾਰ ਬਿਲਕੁਲ ਅਲੋਪ ਹੋ ਜਾਂਦਾ ਹੈ ਅਤੇ ਇਹ ਮਨ-ਬਚਨੀ ਉੱਤਮ ਪੁਰਖ (ਇਕ-ਵਚਨ) ਵਿਚ ਕੀਤੀ ਜਾਂਦੀ ਹੈ ਅਤੇ ਇਸ ਵਿਚ ਲੇਖਕ ਵੱਲੋਂ ਕਿਸੇ ਕਿਸਮ ਦੀ ਟੀਕਾ-ਟਿੱਪਣੀ ਨਹੀਂ ਹੁੰਦੀ ਅਤੇ ਨਾ ਹੀ ਉਹ ਕੋਈ ਸਟੇਜ਼ ਡਾਇਰੈਕਸ਼ਨ ਦਿੰਦਾ ਹੈ।*

*ਅ. **ਅਪ੍ਰਤੱਖ ਆਂਤਰਿਕ ਮਨ-ਬਚਨੀ** : (ਇਸ) ਵਿਚ ਉੱਤਮ-ਪੁਰਖ (ਇਕਵਚਨ) ਦੀ ਥਾਂਵੇਂ ਅੱਨ-ਪੁਰਖ ਜਾਂ ਮੱਧਮ-ਪੁਰਖ ਦੀ ਵਰਤੋਂ ਕੀਤੀ ਜਾਂਦੀ ਹੈ... ਇਸ ਮਨ-ਬਚਨੀ ਵਿਚ ਪਾਠਕ ਨੂੰ ਲੇਖਕ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ ਅਤੇ ਪਾਤਰ ਦੀ ਵਿਚਾਰਧਾਰਾ ਵਿਚ ਇਕਸਾਰਤਾ ਪ੍ਰਤੱਖ ਆਂਤਰਿਕ ਮਨ-ਬਚਨੀ ਨਾਲੋਂ ਜ਼ਿਆਦਾ ਮਾਤਰਾ ਵਿਚ ਹੁੰਦੀ ਹੈ.... ਅਪ੍ਰਤੱਖ ਆਂਤਰਿਕ ਮਨ-ਬਚਨੀ ਵਿਚ ਲੇਖਕ ਇਕ ਪੱਥ ਪ੍ਰਦਰਸ਼ਕ ਦਾ ਕੰਮ ਕਰਦਾ ਹੈ ਅਤੇ ਜ਼ਰੂਰਤ ਅਨੁਸਾਰ ਅੱਗੇ ਪਿੱਛੇ ਹੁੰਦਾ ਰਹਿੰਦਾ ਹੈ।*

*ੲ. **ਸਰਬੱਗ ਵਰਨਣ** : (ਇਸ) ਤਕਨੀਕ ਵਿਚ ਨਾਵਲਕਾਰ ਸਰਬ-ਗਿਆਤਾ ਦੇ ਰੂਪ ਵਿਚ ਹਰ ਵਕਤ ਹਾਜ਼ਰ ਰਹਿੰਦਾ ਹੈ.... ਇਸ ਸਵੈ-ਜੀਵਨੀ ਵਾਲੀ ਤਕਨੀਕ ਵਿਚ ਨਾਵਲਕਾਰ ਦਾ ਸਰਬ-ਗਿਆਤਾ ਮੁੱਖ-ਪਾਤਰ ਤਕ ਹੀ ਸੀਮਤ ਹੁੰਦਾ ਹੈ, ਇਸ ਲਈ ਉਹ ਇਸ ਪਾਤਰ ਦੇ ਮਨ ਦੇ ਵਾਤਾਵਰਣ ਨੂੰ ਬੜੀ ਸਫ਼ਲਤਾ ਨਾਲ ਚਿਤਰ ਲੈਂਦਾ ਹੈ। ਉਹ ਆਪਣੇ ਮੁੱਖ-ਪਾਤਰ ਦੇ ਵਿਚਾਰਾਂ ਨੂੰ, ਜਿਸ ਉਲਟ ਪੁਲਟ ਢੰਗ ਨਾਲ ਉਹ ਉਸ ਦੇ ਦਿਮਾਗ਼ ਵਿਚ ਪੈਦਾ ਹੁੰਦੇ ਹਨ, ਬਗ਼ੈਰ ਕਿਸੇ ਝਿਜਕ ਜਾਂ ਰੁਕਾਵਟ ਦੇ ਬਿਆਨਦਾ ਰਹਿੰਦਾ ਹੈ।*

*ਸ. **ਸਵਗਤ ਕਥਨ** : ਚੇਤਨਤਾ-ਪ੍ਰਵਾਹ ਨਾਵਲ ਦੀ ਇਕ ਐਸੀ ਤਕਨੀਕ ਹੈ ਜਿਸ ਦੇ ਰਾਹੀਂ ਪਾਤਰ ਦੀ ਮਾਨਸਿਕ ਸਮੱਗਰੀ ਅਤੇ ਚਰਿੱਤਰ ਦੀ ਪ੍ਰਕ੍ਰਿਆ ਲੇਖਕ ਦੀ ਮੌਜੂਦਗੀ ਤੋਂ ਬਗ਼ੈਰ ਹੀ, ਸਿੱਧੀ ਪਾਠਕ ਤੀਕ ਪਹੁੰਚ ਜਾਂਦੀ ਹੈ। ਇਸ ਤਕਨੀਕ ਵਿਚ ਇਹ ਫ਼ਰਜ਼ ਕਰ ਲਿਆ ਜਾਂਦਾ ਹੈ ਕਿ ਸਵਗਤ ਕਥਨ ਨੂੰ ਸੁਣਨ ਵਾਲਾ ਕੋਈ ਮੌਜੂਦ ਹੈ, ਜਦ ਕਿ ਅਪ੍ਰਤੱਖ ਆਂਤਰਿਕ ਮਨ-ਬਚਨੀ ਵਿਚ ਸੁਣਨ ਵਾਲਾ ਕੋਈ ਨਹੀਂ ਹੁੰਦਾ।*

ਨਾਵਲ ਦੀ ਤਕਨੀਕ ਨਾਲ ਸੰਬੰਧਤ ਇਨ੍ਹਾਂ ਸੰਕਲਪਾਂ ਨੂੰ ਉਹ ਸਪੱਸ਼ਟ ਢੰਗ ਨਾਲ ਪ੍ਰਸਤੁਤ ਹੀ ਨਹੀਂ ਕਰਦਾ ਬਲਕਿ ਪਰੰਪਰਾਗਤ ਨਾਵਲ ਅਤੇ ਆਧੁਨਿਕ ਨਾਵਲ ਵਿਚਕਾਰ ਨਿਖੇੜੇ ਲਈ ਇਨ੍ਹਾਂ ਨੂੰ ਮੂਲ ਆਧਾਰ ਵਜੋਂ ਇਸਤੇਮਾਲ ਵੀ ਕਰਦਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਤਸਨੀਮ ਪਰੰਪਰਾਗਤ ਨਾਵਲ ਕਿਸ ਨਾਵਲ ਨੂੰ ਆਖਦਾ ਹੈ? ਜਿਸ ਨਾਵਲ ਵਿਚ ਨਾਵਲਕਾਰ ਇਕ ਸਰਬ-ਗਿਆਤਾ ਦੇ ਰੂਪ ਵਿਚ ਹਰ ਸਮੇਂ ਪਾਠਕ ਦਾ ਸਾਥ ਦਿੰਦਾ ਹੈ, ਲੇਖਕ ਪਾਠਕ ਨੂੰ ਉਹੀ ਕੁਝ ਦੱਸਦਾ ਹੈ ਜੋ ਉਹ ਦੱਸਣਾ ਚਾਹੁੰਦਾ ਹੈ, ਪਾਠਕ ਨੂੰ ਇਹ ਇਜਾਜ਼ਤ ਨਹੀਂ ਦਿੰਦਾ ਕਿ ਉਹ ਆਪ ਉਸ ਦ੍ਰਿਸ਼ ਨੂੰ ਦੇਖੇ ਜਿਸ ਨੂੰ ਉਹ ਬਿਆਨ ਕਰ ਰਿਹਾ ਹੈ ਅਤੇ ਪਾਠਕ ਨਾਵਲ ਵਿਚ ਇਕ ਅਜਨਬੀ ਵਜੋਂ ਵਿਚਰਦਾ ਹੈ, ਉਹ ਨਾਵਲ ਤਸਨੀਮ ਦੀ ਨਜ਼ਰ ਵਿਚ ਪਰੰਪਰਾਗਤ ਨਾਵਲ ਹੈ। ਚੇਤਨਤਾ-ਪ੍ਰਵਾਹ ਨਾਵਲ ਜਾਂ ਆਧੁਨਿਕ ਨਾਵਲ ਤਸਨੀਮ ਉਸ ਨਾਵਲ ਨੂੰ ਸਮਝਦਾ ਹੈ ਜਿਸ ਵਿਚ ਨਾਵਲਕਾਰ ਆਪਣੇ ਪਾਤਰਾਂ ਅਤੇ ਪਾਠਕਾਂ ਨੂੰ ਇਕ ਦੂਸਰੇ ਨਾਲ ਪਰਿਚਿਤ ਕਰਵਾ ਕੇ ਆਪ ਗ਼ਾਇਬ ਹੋ ਜਾਂਦਾ ਹੈ, ਪਾਠਕ ਨੂੰ ਇਜਾਜ਼ਤ ਦੇਂਦਾ ਹੈ ਕਿ ਉਹ ਆਪ ਉਸ ਦ੍ਰਿਸ਼ ਨੂੰ ਦੇਖੇ ਜਿਸ ਨੂੰ ਕਿ ਉਹ ਬਿਆਨ ਕਰ ਰਿਹਾ ਹੈ ਜਾਂ ਉਸ ਪਾਤਰ ਦੇ ਮਨ ਵਿਚ ਝਾਕੇ ਜਿਸ ਨੂੰ ਕਿ ਉਹ ਚਿਤਰ ਰਿਹਾ ਹੈ, ਜਿਸ ਵਿਚ ਐਕਸ਼ਨ ਨੂੰ ਰੂਪਮਾਨ ਹੀ ਨਹੀਂ ਕਰਦਾ, ਇਨਐਕਸ਼ਨ ਵੀ ਕਰਦਾ ਹੈ ਜਾਂ ਜਿਸ ਵਿਚ ਉਹ ਗੱਲ ਏਨੀ ਮਹੱਤਵਪੂਰਨ ਨਹੀ ਜੋ ਪਾਤਰ ਕਰਦੇ ਹਨ ਬਲਕਿ ਭੇਤੀ (insider) ਵਜੋਂ ਕਾਰਜਸ਼ੀਲ ਹੁੰਦਾ ਹੈ। ਇੰਝ ਪਾਤਰਾਂ ਨੂੰ ਅੰਦਰੋਂ ਚਿਤਰਣਾ ਉਸ ਲਈ ਜ਼ਿਆਦਾ ਮਹੱਤਵਪੂਰਨ

ਹੋ ਨਿਬੜਦਾ ਹੈ। ਉਸ ਦਾ ਨਾਵਲ ਦੀ ਪ੍ਰਮਾਣਕਤਾ ਦੀ ਪਰਖ ਦਾ ਪੈਮਾਨਾ ਨਾਵਲ 'ਕੀ' ਕਹਿੰਦਾ ਹੈ', ਨਹੀਂ ਬਣਦਾ, ਬਲਕਿ 'ਕਿਵੇਂ' ਕਹਿੰਦਾ ਹੈ' ਬਣਦਾ ਹੈ। ਇਸ 'ਕਿਵੇਂ' ਦਾ ਸੰਬੰਧ ਤਸਨੀਮ-ਚਿੰਤਨ ਵਿਚ ਸਿਰਫ਼ ਨਾਵਲ ਦੀ ਤਕਨੀਕ ਨਾਲ ਹੈ। ਸੁਹਜ ਸੰਵੇਦਨਾ (aesthetic sensibility), ਉਸ ਦੀ ਸਿੱਧਾਂਤਕਾਰੀ ਵਿਚ, ਵਿਚਾਰਧਾਰਾ ਜਾਂ ਨਜ਼ਰੀਏ (ideology) ਤੋਂ ਬਾਲਾਤਰ ਮੁਕਾਮ ਹਾਸਲ ਕਰ ਜਾਂਦੀ ਹੈ।

ਤਸਨੀਮ-ਸਮੀਖਿਆ ਵਿਚ ਨਾਵਲ ਦੀ ਤਕਨੀਕ ਦਾ ਲੇਖਕ ਦੀ ਜੀਵਨ-ਦ੍ਰਿਸ਼ਟੀ ਤੇ ਵਿਸ਼ਵ-ਦ੍ਰਿਸ਼ਟੀ ਨਾਲ ਰਿਸ਼ਤਾ ਅਣਗੌਲ਼ਿਆ ਰਹਿੰਦਾ ਹੈ। ਅਸਲ ਵਿਚ ਇਸੇ ਦ੍ਰਿਸ਼ਟੀ ਨਾਲ ਹੀ ਕੋਈ ਲੇਖਕ ਪਾਤਰਾਂ, ਘਟਨਾਵਾਂ ਅਤੇ ਸਥਿਤੀਆਂ ਦੀ ਦਿੱਖ ਅਤੇ ਤੱਤ ਦੀ ਪਛਾਣ ਕਰਦਾ ਹੈ। ਨਾਵਲਕਾਰ ਗੁਰਦਿਆਲ ਸਿੰਘ ਨੇ ਆਪਣੀ ਪੁਸਤਕ *ਲੇਖਕ ਦਾ ਅਨੁਭਵ ਤੇ ਸਿਰਜਨ ਪ੍ਰਕਿਰਿਆ* ਵਿਚ ਦਰੁਸਤ ਲਿਖਿਆ ਹੈ ਕਿ ''ਮੁਨੱਖੀ ਅੱਖ ਦਾ ਸੰਬੰਧ ਸਿੱਧਾ ਬੁੱਧੀ ਨਾਲ ਹੈ। ਬੁੱਧੀ ਦਾ ਉਸ ਅਨੁਭਵ, ਗਿਆਨ ਤੇ ਚੇਤਨਾ ਨਾਲ ਜਿਸ ਨੇ ਇਹਨੂੰ ਲਗਾਤਾਰ ਸਾਲਾਂ ਬੱਧੀ ਸਿਧਾਇਆ ਹੈ। ਇਸ ਅਭਿਆਸ ਕਾਰਨ ਸਾਡੀ ਅੱਖ (ਬੁੱਧੀ) ਉਹ ਕੁਝ ਦੇਖ ਸਕਦੀ ਹੈ ਜੋ ਕਿਸੇ ਵੀ ਵਸਤੂ ਦੇ ਕੇਵਲ ਆਕਾਰ ਤੇ ਰੂਪ ਤੋਂ ਹੀ ਨਜ਼ਰ ਨਹੀਂ ਆਉਂਦਾ। ਉਸ ਦੇ ਅੰਦਰਲੇ ਤੱਤਾਂ, ਗੁਣਾਂ ਨਾਲ ਵੀ ਉਹਦਾ ਸੰਬੰਧ ਹੁੰਦਾ ਹੈ। ਜੀਵਨ-ਦ੍ਰਿਸ਼ਟੀ ਏਸੇ ਜੀਵਨ ਅਭਿਆਸ ਦੀ ਦੇਖ ਹੁੰਦੀ ਹੈ। ਅੱਗੋਂ ਇਹ ਜੀਵਨ-ਦ੍ਰਿਸ਼ਟੀ ਵਿਸ਼ਵ-ਦ੍ਰਿਸ਼ਟੀ ਨਾਲ ਦਵੰਦ-ਸੰਬੰਧ ਵਿਚ ਬੱਝੀ ਹੁੰਦੀ ਹੈ। ਸੋ ਨਾਵਲ-ਸਮੀਖਿਆ ਵਿਚ 'ਕਿਵੇਂ' ਦੇ ਸੁਆਲ ਤੋਂ ਇਲਾਵਾ ਕੀ, ਕਿਉਂ, ਕਦੋਂ, ਕਿਸ ਸਮੇਂ, ਕਿਸ ਲਈ ਅਤੇ ਕਿਸ ਸਥਾਨ ਉੱਪਰ ਵਰਗੇ ਪ੍ਰਸ਼ਨ ਵੀ ਅਧਿਐਨ-ਕਾਰਜ ਵਿਚ ਮਹੱਤਵਸ਼ੀਲ ਹੋ ਨਿਬੜਦੇ ਹਨ। ਇਸ ਤੋਂ ਇਲਾਵਾ ਨਾਵਲ-ਸਿਰਜਣਾ ਲਈ ਇਲਾਕਾਈ ਜ਼ੁਬਾਨ ਨੂੰ ਪਾਠਕ ਦੇ ਘੇਰੇ ਨੂੰ ਸੌੜਾ ਕਰਦੀ ਦੱਸਣਾ ਅਤੇ ਟਕਸਾਲੀ ਭਾਸ਼ਾ ਦੀ ਵਰਤੋਂ ਨੂੰ ਨਾਵਲ-ਸਿਰਜਣਾ ਲਈ ਉਚਿਤ ਕਰਾਰ ਦੇਣਾ ਵੀ ਕਿਸੇ ਤਾਰਕਿਕ ਆਧਾਰ ਤੋਂ ਵਿਛੁੰਨਿਆ ਅਤੇ ਆਪਣੀ ਹੀ ਸਿਰਜਣਾ ਵਿਚਲੇ ਭਾਸ਼ਾ-ਪ੍ਰਯੋਗ ਦੀ ਸਿਫ਼ਤ-ਸਲਾਹ ਕਰਨ ਜੇਹਾ ਕਾਰਜ ਹੀ ਪ੍ਰਤੀਤ ਹੁੰਦਾ ਹੈ।

ਨਰਿੰਜਨ ਤਸਨੀਮ ਨੇ *ਤਨਹਾਈ ਦੇ ਪਲ* ਪੁਸਤਕ ਦੀ ਭੂਮਿਕਾ ਵਿਚ ਅਤੇ ਇਸ ਤੋਂ ਪੂਰਵ ਹੋਰ ਵੀ ਇਕ ਤੋਂ ਵਧੇਰੇ ਥਾਵਾਂ ਉੱਪਰ ''ਰਚਨਾਤਮਕ ਅਮਲ'' ਨੂੰ ''ਰਹੱਸਮਈ'' ਕਾਰਜ ਦੱਸਿਆ ਹੈ। ਉਸ ਦੀ ਧਾਰਨਾ ਹੈ ਕਿ ''ਵਧੀਆ ਰਚਨਾ ਅਚਨਚੇਤ ਹੀ ਵਜੂਦ ਵਿਚ ਆ ਜਾਂਦੀ ਹੈ।'' ਉਸ ਦਾ ਇਹ ਵੀ ਮੱਤ ਹੈ ਕਿ ''ਲੇਖਕ ਦੇ ਸਾਹਮਣੇ ਆਪਣੇ ਜ਼ਿਹਨ ਵਿਚ ਬਣੇ ਦੋ ਚਾਰ ਵਾਕਾਂ ਨੂੰ ਕਾਗ਼ਜ਼ ਉੱਤੇ ਅੰਕਿਤ ਕਰਨ ਦੀ ਸਮੱਸਿਆ ਹੀ ਹੁੰਦੀ ਹੈ, ਇਸ ਤੋ ਬਾਅਦ ਜੋ ਕੁਝ ਵੀ ਉਲੀਕਿਆ ਜਾਂਦਾ ਹੈ, ਉਹ ਗ਼ੈਬ ਵਿਚੋਂ ਹੀ ਆਉਂਦਾ ਹੈ। ਇਹ ਧਾਰਨਾਵਾਂ ਉਸ ਦੇ ਕਲਾ ਸੰਬੰਧੀ ਦੈਵੀ ਕ੍ਰਿਸ਼ਮੇ ਜਾਂ ਦੈਵੀ ਪ੍ਰਕਾਸ਼ (divine revelation ) ਦੇ ਸਿੱਧਾਂਤ ਵਿਚ ਯਕੀਨ ਨੂੰ ਪ੍ਰਗਟਾਉਂਦੀਆਂ ਹੋਈਆਂ ਆਦਰਸ਼ਵਾਦੀ ਸੁਹਜ ਸ਼ਾਸਤਰ (idealist aesthetics) ਦੇ ਘੇਰੇ ਵਿਚ ਪੈਰ ਪਸਾਰਦੀਆਂ ਪ੍ਰਤੀਤ ਹੁੰਦੀਆਂ ਹਨ। ਆਦਰਸ਼ਵਾਦੀ ਜਾਂ ਰੁਮਾਂਸਵਾਦੀ ਸੁਹਜ ਸ਼ਾਸਤਰ ਵਿਚ ਯਕੀਨ ਉਸ ਦੀਆਂ ਨਾਵਲ-ਸ਼ਾਸਤਰ ਸੰਬੰਧੀ ਪੇਸ਼ ਧਾਰਨਾਵਾਂ ਦੀ ਤਹਿ ਵਿਚ ਟਿਕਿਆ ਹੋਇਆ ਹੈ, ਜਿਸ ਤੋਂ ਉਹ ਕਈ ਵਾਰ ਸੁਚੇਤ ਟਿੱਪਣੀਆਂ ਰਾਹੀਂ ਪੱਲਾ ਬਚਾਉਂਦਾ ਪ੍ਰਤੀਤ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਉਹ ''ਰਚਨਾਤਮਕ ਅਮਲ'' ਨੂੰ ''ਰਹੱਸਮਈ ਤੇ ਗ਼ੈਬੀ'' ਦੱਸਣ ਦੇ ਬਾਵਜੂਦ ਇਹ ਵੀ ਆਖਦਾ ਹੈ ਕਿ:

*ਗ਼ੈਬ ਵਿਚੋਂ ਉਹੋ ਕੁਝ ਆਉਣਾ ਹੈ ਜੋ ਕੁਝ ਲੇਖਕ ਦੀ ਚੇਤਨ ਦੀਆਂ ਤੈਹਾਂ ਵਿਚ ਲੁਕਿਆ ਹੁੰਦਾ ਹੈ। ਇਕ ਵਿਚਾਰ, ਇਕ ਉਲਝਣ, ਇਕ ਤਲਖੀ ਹੀ ਸੋਮਾ ਹੁੰਦਾ ਹੈ ਕਿਸੇ ਰਚਨਾ ਨੂੰ ਵਜੂਦ ਵਿਚ ਲਿਆਉਣ ਦਾ।*

ਇਸ ਟੂਕ ਵਿਚ ਲੇਖਕ ''ਗ਼ੈਬ'' ਦੇ ਨਾਲ ਨਾਲ ''ਚੇਤਨਾ ਦੀਆਂ ਤੈਹਾਂ'' ਦੀ ਗੱਲ ਕਰਦਾ ਤਾਂ ਹੈ ਪਰੰਤੂ ਫਿਰ ਇਹ ''ਨਿਰਾਕਾਰ ਵਿਚੋਂ ਆਕਾਰ'' ਗ੍ਰਹਿਣ ਕਰਨ ਦੀ ਗੱਲ ਆਪਣੇ ਮੂਲ ਵਿਚ ਹੀ ਜਾ ਸੁੰਗੜਦੀ ਹੈ। ਆਦਰਸ਼ਵਾਦੀ ਸੁਹਜ ਸ਼ਾਸਤਰ ਜਾਂ ਨਿਰਪੇਖ ਰੂਪ ਦ੍ਰਿਸ਼ਟੀ ਵਿਚ ਉਸ ਦਾ ਯਕੀਨ ਉਸ ਸਮੇਂ ਵੱਧ ਸਪੱਸ਼ਟ ਹੋ ਜਾਂਦਾ ਹੈ ਜਦੋਂ ਉਹ ਕਿਸੇ ਰਚਨਾ ਦੇ ''ਕਲਾਤਮਕ ਪੱਧਰ'', ''ਕਲਾ ਦੇ ਤਕਾਜ਼ਿਆਂ'', ''ਕਲਾਤਮਕ ਪੱਖ'', ''ਨਾਵਲ ਦੀ ਸ਼ਕਲ'' ਵੱਲ ਉਚੇਚਾ ਧਿਆਨ ਦਿਵਾਉਂਦਾ ਹੈ। ਇਸ ਤੋਂ ਇਲਾਵਾ ਨਾਵਲ ਦਾ ਮੰਤਵ ਨਿਰਧਾਰਤ ਕਰਦੇ ਸਮੇਂ ਵੀ ਉਸ ਦੀ ਨਾਵਲ ਜਾਂ ਨਾਵਲਕਾਰ ਪਾਸੋਂ ਪਹਿਲੀ ਮੰਗ ਇਹੀ ਹੈ ਕਿ ਉਹ ''ਪਾਠਕ ਦੀਆਂ ਸੁਹਜ ਸੰਵੇਦਨਾਵਾਂ ਨੂੰ ਟੁੰਬ ਕੇ ਉਸ ਨੂੰ ਆਤਮਿਕ ਆਨੰਦ ਪ੍ਰਦਾਨ ਕਰੇ।''

ਏਥੇ ਇਹ ਸਪੱਸ਼ਟ ਕਰਨ ਦੀ ਜ਼ਰੂਰਤ ਹੈ ਕਿ ਨਿਰਸੰਦੇਹ ਤਸਨੀਮ ਪਾਠਕ ਦੀਆਂ ਸੁਹਜ ਸੰਵੇਦਨਾਵਾਂ ਨੂੰ ਟੁੰਬਣ ਤੇ ਆਤਮਿਕ ਆਨੰਦ ਪ੍ਰਦਾਨ ਕਰਨ ਨੂੰ ਕਲਾ/ਨਾਵਲ ਦਾ ਪਹਿਲਾ ਮੰਤਵ ਮੰਨਦਾ ਹੈ ਪਰੰਤੂ ਇਸ ਦੇ ਨਾਲ ਹੀ ਨਾਲ ਉਹ ''ਜੀਵਨ ਪ੍ਰਤੀ ਪਾਠਕ ਦੀ ਜਾਣਕਾਰੀ ਵਿਚ ਵਾਧਾ ਕਰਨ'' ਨੂੰ ਇਸ ਦੇ ਪ੍ਰਯੋਜਨ ਦੇ ਨਾਲ ਜੋੜ ਲੈਂਦਾ ਹੈ। ਉਸ ਦੀ ਪ੍ਰਮਾਣਕ ਨਾਵਲ ਪਾਸੋਂ ਇਹ ਮੰਗ ਹੈ ਕਿ:

*ਵਿਸ਼ਾ-ਵਸਤੂ ਦਾ ਜੀਵਨ ਦੀ ਸਮੁੱਚਤਾ ਨਾਲ ਪੂਰੀ ਤਰ੍ਹਾਂ ਜੁੜਿਆ ਹੋਣਾ, ਰੂਪ-ਵਿਧਾਨ ਦਾ ਜੀਵਨ ਅਤੇ ਵਿਸ਼ਾ-ਵਸਤੂ ਦੀ ਇਕਸਾਰਤਾ ਦੀ ਪ੍ਰਕਿਰਿਆ ਨੂੰ ਵਿਅਕਤ ਕਰਨਾ ਅਤੇ ਤਕਨੀਕ ਦਾ ਇਸ ਰੂਪ ਨੂੰ ਉਲੀਕਣਾ ਤੇ ਉਭਾਰਣਾ ਜ਼ਰੂਰੀ ਹੈ, ਨਹੀਂ ਤੇ ਰਚਨਾ ਨੀਰਸ ਤੇ ਬੇਜਾਨ ਹੋਵੇਗੀ।*

ਇਹ ਠੀਕ ਹੈ ਕਿ ਤਸਨੀਮ ਟਿੱਪਣੀ ਦੀ ਪੱਧਰ ਉੱਪਰ ਰੂਪ ਵਿਧਾਨ ਤੇ ਵਿਸ਼ਾ ਵਸਤੂ ਜਾਂ ਥੀਮ ਤੇ ਤਕਨੀਕ ਦੀ ਇਕਸਾਰਤਾ ਦੀ ਗੱਲ ਕਰਦਾ ਹੈ ਪਰੰਤੂ ਇਸ ਥੀਮ ਨੂੰ ਪਾਠਕ ਦੀ ਜੀਵਨ ਪ੍ਰਤਿ ਜਾਣਕਾਰੀ ਵਿਚ ਵਾਧਾ ਕਰਨ ਜਾਂ ਉਸ ਦੇ ਪ੍ਰਤੱਖਣ ਨੂੰ ਤਿੱਖਿਆਂ ਕਰਨ ਲਈ ਕਿਵੇਂ ਗਹਿਰਾਈ, ਇਤਿਹਾਸਕ ਪਿੱਠਭੂਮੀ ਤੇ ਵਿਚਾਰਧਾਰਕ ਡੂੰਘਾਈ ਪ੍ਰਦਾਨ ਕੀਤੀ ਜਾ ਸਕਦੀ ਹੈ? ਇਸ ਨੁਕਤੇ ਨੂੰ ਇਸ ਚਿੰਤਨ ਵਿਚ, ਸਿਵਾਏ ਕੁਝ ਕੁ ਅਪਵਾਦ ਮਾਤਰ ਟਿੱਪਣੀਆਂ ਤੇ ਸੰਕੇਤਾਂ ਦੇ, ਕਿਧਰੇ ਘੱਟ ਹੀ ਵਿਸਥਾਰ ਪ੍ਰਾਪਤ ਹੁੰਦਾ ਹੈ। ਜਿਸ ਸ਼ੈਅ ਨੂੰ ਉਸ ਦੇ ਚਿੰਤਨ-ਕਾਰਜ ਵਿਚ ਆਕਾਰ ਤੇ ਵਿਸਥਾਰ ਪ੍ਰਾਪਤ ਹੈ, ਉਸ ਦਾ ਸੰਬੰਧ ਨਾਵਲ ਦੀ ਤਕਨੀਕ ਅਤੇ ਲੇਖਕ ਦੀ ਰੂਪ ਦ੍ਰਿਸ਼ਟੀ (vision of form) ਨਾਲ ਹੈ। ਤਸਨੀਮ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਵਸਤੂ ਨੂੰ ਕਲਾ-ਬਿੰਬ ਜਾਂ ਕਲਾਤਮਕ ਢਾਂਚੇ ਵਿਚ ਢਾਲਣ ਵਾਲੀਆਂ ਵੰਨ-ਸਵੰਨੀਆਂ ਤਕਨੀਕਾਂ ਦੀ ਨਾ ਸਿਰਫ਼ ਵਿਆਖਿਆ ਹੀ ਕਰਦਾ ਹੈ ਬਲਕਿ ਉਨ੍ਹਾਂ ਦੀ ਸਹਾਇਤਾ ਨਾਲ ਪੰਜਾਬੀ ਨਾਵਲ ਦੇ ਮੁਹਾਂਦਰੇ ਨੂੰ ਵੀ ਪਛਾਣਦਾ ਹੈ। ਇਨ੍ਹਾਂ ਤਕਨੀਕਾਂ ਵਿਚੋਂ ਵੀ ਉਸ ਦਾ ਵਧੇਰੇ ਬਲ ਮਨੁੱਖੀ ਚੇਤਨਤਾ ਦੀ ਤਰਲਤਾ ਨੂੰ ਸਮੇਂ ਦੇ ਪ੍ਰਸੰਗ ਵਿਚ ਪ੍ਰਗਟ ਕਰਨ ਵਾਲੀਆਂ ਤਕਨੀਕਾਂ ਦੀ ਵਿਆਖਿਆ ਉੱਪਰ ਵਧੇਰੇ ਹੈ। ਇਸ ਤੋਂ ਇਲਾਵਾ ਉਹ ਨਾਵਲ ਦੇ ਚੌਖਟੇ ਵਿਚ ਵਰਤੀਆਂ ਜਾਂਦੀਆਂ ਬਹੁਤੀਆਂ ਤਕਨੀਕਾਂ ਨੂੰ ਪੱਛਮੀ ਨਾਵਲ ਸ਼ਾਸਤਰ ਦੀ ਸਹਾਇਤਾ ਨਾਲ ਸਮਝਣਯੋਗ ਬਣਾਉਂਦਾ ਹੈ। ਮਨ ਦੇ ਵਾਤਾਵਰਣ ਨੂੰ ਵਿਭਿੰਨ ਤਕਨੀਕਾਂ ਦੀ ਮਦਦ ਨਾਲ ਚਿਤਰਣ ਵਾਲਾ ਐਸਾ ਨਾਵਲ ਉਸ ਦੀ ਨਜ਼ਰ ਵਿਚ ਨਵੀਨ ਹੈ ਜੋ ਕਾਵਿ-ਮਈ, ਸੰਕੇਤਕ, ਸਮੇਂ ਦੇ ਤੱਤ ਨਾਲ ਜੁੜਣ ਵਾਲਾ ਅਤੇ ਮਨੋਵਿਗਿਆਨਕ ਸਮੇਂ (psychological time) ਨੂੰ ਧਿਆਨ ਵਿਚ ਰੱਖ ਕੇ ਭੂਤ, ਵਰਤਮਾਨ ਤੇ ਭਵਿੱਖ ਦੀ ਵਿੱਥ ਮੇਟਣ ਵਾਲਾ ਹੋਵੇ। ਅਲੰਕਾਰਮਈ ਸ਼ੈਲੀ, ਸਜਾਵਟ ਅਤੇ ਲਕੀਰੀ ਬਿਰਤਾਂਤ ਜਾਂ ਘੜੀ ਦੀਆਂ ਸੂਈਆਂ ਅਨੁਸਾਰ ਚੱਲਣ ਵਾਲਾ ਨਾਵਲ ਤਸਨੀਮ ਦੀ ਨਜ਼ਰ ਵਿਚ ਪਰੰਪਰਾਗਤ ਹੈ। ਏਥੇ ਵੀ ਜ਼ਿਹਨ ਵਿਚ ਸੁਆਲ ਉੱਠਦਾ ਹੈ ਕਿ ਜਿਸ ਨਾਵਲ ਨੂੰ ਉਹ ਪਰੰਪਰਾਗਤ ਕਹਿ ਰਿਹਾ ਹੈ ਉਸ

ਦਾ ਕਾਰਨ ਉਸ ਵਿਚ ਸਿਰਫ਼ ਨਵੀਨ ਤਕਨੀਕਾਂ ਦੇ ਪ੍ਰਯੋਗ ਦੀ ਅਣਹੋਂਦ ਕਿਉਂ ਹੈ? ਵਸਤੂ ਦੇ ਰੂਪ ਜਾਂ ਥੀਮ ਤੇ ਸੰਰਚਨਾ ਦੀ ਜਿਸ ਇਕਸਾਰਤਾ ਦੀ ਗੱਲ ਉਹ ਟਿੱਪਣੀ ਜਾਂ ਸੰਕੇਤਕ ਪੱਧਰ ਉੱਪਰ ਕਰਦਾ ਹੈ, ਆਪਣੇ ਤਰਕ ਦੀ ਉਸਾਰੀ ਜਾਂ ਪੰਜਾਬੀ ਨਾਵਲ ਸੰਬੰਧੀ ਧਾਰਨਾਵਾਂ ਪੇਸ਼ ਕਰਨ ਸਮੇ ਉਸ ਦਾ ਸਾਥ ਛੱਡ ਜਾਂਦੀ ਹੈ। ਇਸੇ ਸਦਕਾ ਹੀ ਉਸ ਦੇ ਚਿੰਤਨ-ਕਾਰਜ ਵਿਚ ਇਕ ਸਵੈ-ਵਿਰੋਧ ਨਜ਼ਰੀਂ ਆਉਣ ਲੱਗ ਪੈਂਦਾ ਹੈ। ਨਾਵਲ ਦੀ ਤਕਨੀਕ ਨਾਲ ਸੰਬੰਧਤ ਆਧੁਨਿਕ ਜੁਗਤਾਂ ਦੀ ਅਣਹੋਂਦ ਸਦਕਾ ਹੀ ਉਸ ਨੂੰ ਪੰਜਾਬੀ ਨਾਵਲ ਦੀ ਪਹਿਲੀ, ਦੂਸਰੀ ਤੇ ਤੀਸਰੀ ਪੀੜ੍ਹੀ ਦੇ ਨਾਵਲਕਾਰ ਇਕੋ ਕਮਰੇ ਵਿਚ ਬੈਠੇ ਨਾਵਲ ਲਿਖ ਰਹੇ ਪ੍ਰਤੀਤ ਹੁੰਦੇ ਹਨ।

ਏਥੇ ਨਰਿੰਜਨ ਤਸਨੀਮ ਦੇ ਆਧੁਨਿਕਤਾ ਸੰਬੰਧੀ ਸੰਕਲਪ ਤੋਂ ਵੀ ਵਾਕਿਫ਼ ਹੋਣਾ ਜ਼ਰੂਰੀ ਹੈ। ਉਹ ਸਾਹਿਤ ਕ੍ਰਿਤ ਨੂੰ "ਯੁਗ ਵਿਚ ਲੁਕੀ ਹੋਈ ਸਦੀਵੀ ਸੱਚਾਈ (perennial truth) ਨਾਲ ਜੁੜਨ ਤੇ ਇਸ ਸਦੀਵੀ ਸੱਚਾਈ ਨੂੰ ਅੱਗੋਂ ਨਵੇਂ ਦ੍ਰਿਸ਼ਟੀਕੋਣ" ਤੋਂ ਪੇਸ਼ ਕਰਨ ਦੀ ਮੰਗ ਕਰਦਾ ਹੈ। ਆਧੁਨਿਕਤਾ ਤੇ ਆਧੁਨਿਕਤਾਵਾਦੀ ਸੰਕਲਪਾਂ ਦੀ ਪੰਜਾਬੀ ਚਿੰਤਨ-ਜਗਤ ਵਿਚ ਪ੍ਰਚਲਤ ਧਾਰਨਾ ਉਸ ਨੂੰ ਨਾਕਬੂਲ ਹੈ। ਉਹ ਆਧੁਨਿਕਤਾਵਾਦ ਨੂੰ ਸਿਰਫ਼ ਪੱਛਮੀ ਤਕਨੀਕਾਂ ਦੇ ਪ੍ਰਸੰਗ ਵਿਚ ਸਮਝਣ ਦੀ ਬਜਾਏ ਇਸ ਨੂੰ ਵਿਸ਼ੇਸ਼ ਕਿਸਮ ਦੀ ਜੀਵਨ-ਦ੍ਰਿਸ਼ਟੀ ਅਨੁਸਾਰ ਵੇਖਦਾ ਹੈ। ਇਸ ਜੀਵਨ-ਦ੍ਰਿਸਟੀ ਨੂੰ ਸਪੱਸ਼ਟ ਕਰਦੇ ਹੋਏ ਉਹ ਲਿਖਦਾ ਹੈ :

*ਆਧੁਨਿਕਤਾਵਾਦੀ ਨਾਵਲਕਾਰ ਮਨੁੱਖ ਦੇ ਉੱਜਲ ਭਵਿੱਖ ਵਿਚ ਵਿਸ਼ਵਾਸ ਨਹੀਂ ਰੱਖਦੇ, ਸਗੋਂ ਉਹ ਸਮਝਦੇ ਹਨ ਕਿ ਮਨੁੱਖ ਦਾ ਇਸ ਦੁਨੀਆ ਵਿਚ ਪ੍ਰਵੇਸ਼ 'ਹੋਂਦ ਵਿਚ ਸੁੱਟੇ ਜਾਣ' (*thrown into being*) ਸਮਾਨ ਹੈ ਅਤੇ ਇਸ ਸਥਿਤੀ ਦੇ ਕਾਰਨ ਉਹ ਬਾਹਰ ਦੀਆਂ ਚੀਜ਼ਾਂ ਜਾਂ ਵਿਅਕਤੀਆਂ ਨਾਲ ਸੰਪਰਕ ਕਾਇਮ ਨਹੀਂ ਕਰ ਸਕਦਾ, ਏਥੋਂ ਤਕ ਕਿ ਸਿੱਧਾਂਤਕ ਤੌਰ 'ਤੇ ਮਨੁੱਖੀ ਹੋਂਦ ਦਾ ਆਰੰਭ ਜਾਂ ਮੰਤਵ ਤਲਾਸ਼ ਕਰਨਾ ਅਸੰਭਵ ਗੱਲ ਪ੍ਰਤੀਤ ਹੁੰਦੀ ਹੈ।*

ਇਸ ਸਿੱਧਾਂਤਕ ਸੰਕਲਪ ਤੋਂ ਪਿੱਛੋਂ ਉਹ ਆਪਣੀ ਸਥਾਪਨਾ ਪੇਸ਼ ਕਰਦਾ ਹੈ ਕਿ "ਪੰਜਾਬੀ ਨਾਵਲ ਵਿਚ ਇਸ ਤਰ੍ਹਾਂ ਦਾ ਅਨੁਭਵ ਜਾਂ ਦ੍ਰਿਸ਼, ਹਾਲੇ ਤੀਕ ਪੇਸ਼ ਨਹੀਂ ਕੀਤਾ ਗਿਆ।" ਉਹ ਆਧੁਨਿਕਤਾ ਨੂੰ ਸਮੇ ਦੀ ਬਜਾਏ ਕਲਾ-ਕ੍ਰਿਤੀ ਵਿਚਲੀਆਂ ਸਦੀਵੀ ਕਦਰਾਂ-ਕੀਮਤਾਂ ਅਤੇ ਉਨ੍ਹਾਂ ਕੀਮਤਾਂ ਦੀ ਨਵੀਨ ਦ੍ਰਿਸ਼ਟੀਕੋਣ ਜਾਂ ਦ੍ਰਿਸ਼ਮਈ ਸ਼ੈਲੀ ਰਾਹੀਂ ਪੇਸ਼ਕਾਰੀ ਨਾਲ ਜੋੜਦਾ ਹੈ। ਉਸ ਦੀ ਨਾਵਲ-ਸਮੀਖਿਆ ਸੁਚੇਤ ਪੱਧਰ ਉੱਪਰ ਪੰਜਾਬੀ ਨਾਵਲ ਸ਼ਾਸਤਰ ਨਾਲ ਸੰਵਾਦ ਰਚਾਉਂਦੀ ਵੇਖੀ ਜਾ ਸਕਦੀ ਹੈ। ਇਸ ਦੇ ਨਾਲ ਹੀ ਇਸ ਗੱਲ ਪ੍ਰਤਿ ਵੀ ਸਚੇਤ ਰਹਿਣ ਦੀ ਜ਼ਰੂਰਤ ਹੈ ਕਿ ਜਿੰਨਾ ਬਲ ਉਹ ਤਕਨੀਕੀ ਜੁਗਤਾਂ ਜਾਂ ਨਵੀਨ ਦ੍ਰਿਸ਼ਟੀਕੋਣ ਦੀ ਵਿਆਖਿਆ ਤੇ ਪੇਸ਼ਕਾਰੀ ਉੱਪਰ ਦੇਂਦਾ ਹੈ ਓਨਾ ਜਾਂ ਉਸ ਤੋਂ ਵੀ ਅੱਧਾ "ਸਦੀਵੀ ਕਦਰਾਂ-ਕੀਮਤਾਂ" ਦੀ ਵਿਆਖਿਆ ਉਪਰ ਖਰਚ ਨਹੀਂ ਕਰਦਾ। ਉਹ ਤਾਂ ਨਾਵਲੀ ਬਿਰਤਾਂਤ ਦੇ ਸੁਹਜਾਤਮਕ ਮਹੱਤਵ ਨੂੰ ਮੁੜ ਮੁੜ ਦ੍ਰਿੜ੍ਹ ਕਰਦਾ ਅਤੇ ਨਾਵਲਕਾਰ ਨੂੰ ਨਾਵਲ ਦੇ ਸੰਰਚਨਾਤਮਕ ਪੱਖ ਵੱਲ ਉਚੇਚਾ ਧਿਆਨ ਦੇਣ ਦਾ ਮਸ਼ਵਰਾ ਦੇਂਦਾ ਹੈ। ਨਾਵਲਕਾਰ ਪਾਸੋਂ ਉਸ ਦੀ ਇਹ ਵੀ ਮੰਗ ਹੈ ਕਿ ਉਹ ਨਾਵਲ-ਕਲਾ ਪ੍ਰਤੀ ਸਚੇਤ ਹੋਵੇ ਅਤੇ ਆਪਣੀ ਰਚਨਾ ਵਿਚ ਕਦੀ ਵੀ ਪ੍ਰਗਟ ਨਾ ਹੋਵੇ। ਇਸ ਤੋਂ ਵੀ ਅਗਾਂਹ ਉਹ ਨਾਵਲਕਾਰ ਨੂੰ ਸਿੱਧੇ ਤੌਰ 'ਤੇ ਪਾਠਕ ਨੂੰ ਸੰਬੋਧਨ ਨਾ ਕਰਨ ਜਾਂ ਕਿਤੇ ਵੀ ਐਸਾ ਵਾਕ ਨਾ ਲਿਖਣ ਲਈ ਆਖਦਾ ਹੈ ਜਿਸ ਤੋਂ ਉਸ ਦੇ ਵਿਚਾਰ ਦਾ ਪਤਾ ਲੱਗ ਸਕੇ। ਉਹ ਮੁੜ ਮੁੜ ਨਾਵਲਕਾਰ ਨੂੰ ਕਲਾ ਦੇ ਸੁਹਜ ਦਾ ਆਨੰਦ ਮਾਣਨ ਦੇਣ ਅਤੇ ਪਾਠਕ ਦੀ ਸੋਚ ਨੂੰ ਪ੍ਰਭਾਵਤ ਨਾ ਕਰਨ ਲਈ ਆਖਦਾ ਹੈ। ਦੋ ਗੱਲਾਂ ਜੋ ਪਰੰਪਰਾਗਤ ਸੋਚ ਵਾਲੇ ਨਾਵਲਕਾਰਾਂ ਅਤੇ ਆਲੋਚਕਾਂ ਨੂੰ ਆਧੁਨਿਕ ਬਿਰਤਾਂਤ ਵਿਧੀਆਂ, ਤਸਨੀਮ ਦੇ ਕਥਨ ਮੁਤਾਬਿਕ, ਅਪਣਾਉਣ ਤੋਂ ਹੋੜਦੀਆਂ ਹਨ: ਪਹਿਲੀ, ਨਾਵਲ ਵਿਚ ਐਸੇ ਕਥਾਨਕ ਦੀ ਭਾਲ ਜਿਸ ਦਾ ਸ਼ੁਰੂ ਹੋਵੇ, ਮੱਧ ਹੋਵੇ ਅਤੇ ਅੰਤ ਹੋਵੇ ਅਤੇ ਦੂਸਰੀ

ਪੰਜਾਬੀ ਨਾਵਲਕਾਰਾਂ ਦੀ ਸਰਬੱਗ ਵਰਣਨ ਵਾਲੀ ਰੁਚੀ। ਗਲਪ ਅਤੇ ਫ਼ਸਲ਼ਫੇ ਦੇ ਫ਼ਰਕ ਨੂੰ ਮਿਟਿਆ ਵੇਖਣਾ ਉਸ ਦਾ ਪੰਜਾਬੀ ਨਾਵਲ ਸੰਬੰਧੀ ਸੁਪਨਾ ਹੈ। ਨਾਵਲਕਾਰ ਚਾਹੇ ਅਜੀਤ ਕੌਰ ਹੋਵੇ, ਦਲੀਪ ਕੌਰ ਟਿਵਾਣਾ ਹੋਵੇ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਸਵਰਨ ਚੰਦਨ, ਦਰਸ਼ਨ ਧੀਰ ਜਾਂ ਹਰਜੀਤ ਅਟਵਾਲ, ਜਦੋਂ ਵੀ ਇਹ ਘਟਨਾਵਾਂ ਜਾਂ ਪਾਤਰਾਂ ਰਾਹੀਂ ਆਪਣਾ ਨਜ਼ਰੀਆ ਸਪੱਸ਼ਟ ਕਰਨ ਦੀ ਬਜਾਏ ਕਹਾਣੀ ਦੀ ਚਾਲ ਨੂੰ ਰੋਕ ਕੇ ਪਾਠਕ ਅਤੇ ਪਾਤਰ ਦੇ ਵਿਚਕਾਰ ਆਣ ਖਲੋਂਦੇ ਹਨ ਤਾਂ ਉਹ ਇਸ ਨੂੰ ਕਿੰਤੂ ਦਾ ਵਿਸ਼ਾ ਬਣਾਉਂਦਾ ਹੈ। ਪਾਠਕ ਪਾਸੋਂ ਉਸਦੀ ਤਵੱਕੋ ਇਹ ਹੈ ਕਿ ਉਸ ਅੰਦਰ ਬਿਰਤਾਂਤ ਵਿਚਲੀਆਂ ਸਪੇਸਿਸ ਨੂੰ ਸਮਝਣ ਜਾਂ ਫਿਰ ਕਥਾਨਕ ਵਿਚਲੇ ਖਾਮੋਸ਼ ਛਿਣਾਂ ਦੀ ਧੁਨੀ ਨੂੰ ਗ੍ਰਹਿਣ ਕਰਨ ਦੀ ਉਤਸੁਕਤਾ ਮੌਜੂਦ ਹੋਵੇ।

ਸੰਖੇਪ ਵਿਚ ਉਸ ਦੇ ਨਾਵਲ ਪ੍ਰਤਿਮਾਨਾਂ ਵਿਚ ''ਨਾਵਲ ਦੀ ਆਰਟ ਫਾਰਮ ਦੇ ਤਕਾਜ਼ੇ'' ਪ੍ਰਥਮ ਮਹੱਤਵ ਰੱਖਦੇ ਹਨ। ਆਰਟ ਫਾਰਮ ਦੇ ਤਕਾਜ਼ਿਆਂ ਵਿਚੋਂ ਵੀ ਉਸ ਲਈ ਪਹਿਲਾ ਮਹੱਤਵ ਇਸ ਗੱਲ ਨੂੰ ਦਿੱਤਾ ਗਿਆ ਹੈ ਕਿ ਨਾਵਲਕਾਰ ਘਟਨਾਵਾਂ ਬਾਰੇ ਵਿਆਖਿਆ ਦੇਣ ਲੱਗਿਆਂ ਅਤੇ ਪਾਤਰ-ਚਿਤਰਣ ਕਰਦਿਆਂ ਹੋਇਆਂ ਆਪਣੇ ਨਿੱਜੀ ਵਿਚਾਰ, ਸਿੱਧੇ ਜਾਂ ਸੰਕੇਤਕ ਢੰਗ ਨਾਲ ਪ੍ਰਗਟ ਨਾ ਕਰੇ। ''ਬਿਰਤਾਂਤ ਦੀ ਟੋਨ'' ਉਸ ਲਈ ਮੁਕੱਦਸ ਸ਼ੈਅ ਹੈ, ਜਿਸ ਵਿਚ ਲੇਖਕ ਵੱਲੋਂ ਕੀਤੀ ਕਿਸੇ ਪ੍ਰਕਾਰ ਦੀ ਦਖ਼ਲਅੰਦਾਜ਼ੀ ਨੂੰ ਉਹ ਕਲਾ ਦੇ ਕੋਣ ਤੋਂ ਗੁਨਾਹ ਤਸੱਵੁਰ ਕਰਦਾ ਹੈ। ਆਰਟ ਫਾਰਮ ਦੇ ਤਕਾਜ਼ੇ ਨਿਰਸੰਦੇਹ ਮਹੱਤਵਪੂਰਨ ਹਨ ਪਰੰਤੂ ਇਹ ਤਕਾਜ਼ੇ ਅਧਿਐਨ-ਕਾਰਜ ਦਾ ਵਿਦਾ-ਬਿੰਦੂ ਤਾਂ ਮੰਨੇ ਜਾ ਸਕਦੇ ਹਨ, ਅੰਤਿਮ ਮਨੋਰਥ ਨਹੀਂ। ਤਸਨੀਮ ਜਦੋਂ ਇਨ੍ਹਾਂ ਤਕਾਜ਼ਿਆਂ ਨੂੰ ਨਾਵਲ ਦੇ ਅੱਥ ਤੇ ਇਤਿ ਵਜੋਂ ਸਵੀਕਾਰਦਾ ਹੈ ਅਤੇ ਇਨ੍ਹਾਂ ਦੇ ਆਧਾਰ ਉਪਰ ਹੀ ਰਚਨਾਵਾਂ ਦੀ ਪ੍ਰਮਾਣਕਤਾ / ਅਪ੍ਰਮਾਣਕਤਾ ਸੰਬੰਧੀ ਆਪਣੀ ਰਾਇ ਪ੍ਰਸਤੁਤ ਕਰਦਾ ਹੈ ਤਾਂ ਉਸ ਦੇ ਨਾਵਲ ਚਿੰਤਨ ਦਾ ਕਾਰਜ ਰੂਪ-ਦ੍ਰਿਸ਼ਟੀ ਪ੍ਰਤਿ ਉਲਾਰ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਦੇ ਅਜਿਹੇ ਪੈਂਤੜੇ ਨੂੰ ਪ੍ਰਮਾਣਕ ਪੈਮਾਨੇ ਵਜੋਂ ਵਰਤਣ ਰਾਹੀਂ ਜ਼ਿੰਦਗੀ ਦੇ ਫੌਰੀ ਮਸਲਿਆਂ ਬਾਰੇ ਵਿਗਿਆਨਕ ਜਾਂ ਯਥਾਰਥਵਾਦੀ ਜੀਵਨ ਦ੍ਰਿਸ਼ਟੀ ਨਾਲ ਲਿਖੇ ਅਤੇ ਮਨੁੱਖੀ ਹੋਂਦ ਦੇ ਬੁਨਿਆਦੀ ਮਸਲਿਆਂ ਨਾਲ ਜੂਝਦੇ ਨਾਵਲਾਂ ਨਾਲ ਬੇਇਨਸਾਫ਼ੀ ਹੋਣ ਤੋਂ ਕਦਾਚਿਤ ਨਹੀਂ ਬਚਿਆ ਜਾ ਸਕਦਾ। 000

*(95 ਕਬੀਰ ਪਾਰਕ, ਅੰਮ੍ਰਿਤਸਰ-143 002*
*ਫੋਨ: 98557-19118)*

## ਬਾਤਾਂ ਦੇਸ਼ ਵਿਦੇਸ਼ ਦੀਆਂ (ਅਨੁਵਾਦਤ ਲੋਕ ਕਹਾਣੀਆਂ) ਡਾ. ਤੇਜਿੰਦਰ ਕੌਰ

ਜਾਣੇ ਪਹਿਚਾਣੇ ਟੈਲੀਵੀਜ਼ਨ ਪ੍ਰੋਡਿਊਸਰ ਹਰਜੀਤ ਦੀ, ਵਿਸ਼ਵ ਸਾਹਿਤ ਤੇ ਸਭਿਆਚਾਰ ਨਾਲ ਜੁੜੀ ਜੀਵਨ ਸਾਥਣ ਤੇਜਿੰਦਰ ਕੌਰ, ਨੇ ਦੇਸ਼ ਦੇਸ਼ਾਂਤਰ ਦੀਆਂ ਚੋਣਵੀਆਂ ਲੋਕ ਕਹਾਣੀਆਂ ਨੂੰ ਬਾਤਾਂ ਦੇ ਰੂਪ ਵਿਚ ਉਲਥਾ ਕੇ ਤੇ ਪ੍ਰਕਾਸ਼ਤ ਕਰ ਕੇ ਪੰਜਾਬੀ ਦੀ ਸਾਹਿਤਕ ਰਚਨਾਕਾਰੀ ਨੂੰ ਇਕ ਨਵਾਂ ਮੋੜ ਦਿੱਤਾ ਹੈ। ਮੇਰੀ ਤੇ ਮੇਰੇ ਤੋਂ ਥੋੜ੍ਹੀ ਘੱਟ ਉਮਰ ਦੇ ਲੋਕ ਆਪਣੇ ਬਚਪਨ ਵਿਚ ਆਪਣੀਆਂ ਨਾਨੀਆਂ, ਦਾਦੀਆਂ, ਮਾਸੀਆਂ, ਫੂਫੀਆਂ ਅਤੇ ਗੰਵਾਂਢਣਾਂ ਤੋਂ ਪੁਸ਼ਤ ਦਰ ਪੁਸ਼ਤ ਪਾਈਆਂ ਬਾਤਾਂ ਸੁਣ ਕੇ ਹੀ ਆਪਣੇ ਜੀਵਨ ਦੇ ਸੁਪਨੇ ਘੜਦੇ ਆਏ ਹਨ। ਇਨ੍ਹਾਂ ਬਾਤਾਂ ਵਿਚ ਚੰਦ, ਤਾਰੇ, ਬਿਰਖ ਤੇ ਪਰਬਤ ਮਨੁੱਖ ਵਾਂਗ ਬੋਲਦੇ, ਹੁੰਗਾਰੇ ਭਰਦੇ ਤੇ ਵਿਚਰਦੇ ਹਨ। ਇਨ੍ਹਾਂ ਦਾ ਮੂਲ ਮੰਤਵ ਭਵਿੱਖ ਦੇ ਜੀਵਨ ਦਾ ਮਾਰਗ ਦਰਸ਼ਣ ਕਰਨਾ ਸੀ ਤੇ ਹੈ। ਮਨ ਭਾਉਂਦੇ ਬੰਦਿਆਂ ਦਾ ਸਾਥ ਦੇਣਾ ਤੇ ਉਨ੍ਹਾਂ ਦੇ ਦੁਖ ਸੁਖ ਦੇ ਸਾਂਝੀ ਹੋਣਾ ਇਨ੍ਹਾਂ ਬਾਤਾਂ ਦਾ ਮੂਲ਼ ਮੰਤਵ ਹੁੰਦਾ ਸੀ ਤੇ ਅੱਜ ਵੀ ਹੈ।

ਇਨ੍ਹਾਂ ਬਾਤਾਂ ਦੇ ਪਾਤਰ ਬੁੱਢੇ ਬੁੱਢੀਆਂ ਵੀ ਹਨ, ਪਉਣ, ਪਾਣੀ ਤੇ ਚੰਦ ਤਾਰੇ ਵੀ ਅਤੇ ਗਿਠਮੁਠੀਏ ਤੇ ਹਵਾਈ ਘੋੜੇ ਵੀ। ਨੰਨ੍ਹੇ ਮੁੰਨ੍ਹੇ ਬਾਲ ਇਨ੍ਹਾਂ ਬਾਤਾਂ ਰਾਹੀਂ ਆਪਣੇ ਵਡੇਰਿਆਂ ਵੱਲੋਂ ਦਰਰਸਾਈਆਂ ਕਦਰਾਂ-ਕੀਮਤਾਂ ਦੇ ਸੁਪਨੇ ਹੀ ਨਹੀਂ ਸੀ ਲੈਂਦੇ, ਇਨ੍ਹਾਂ ਨੂੰ ਆਪਣੇ ਤਨ ਮਨ ਵਿਚ ਰਚਾਉਂਦੇ, ਇਨ੍ਹਾਂ ਉੱਤੇ ਪਹਿਰਾ ਦਿੰਦੇ ਤੇ ਵੱਡੀ ਉਮਰਾ ਵਿਚ ਪ੍ਰਵੇਸ਼ ਕਰਨ ਪਿੱਛੋਂ ਆਪਣੇ ਪੋਤਰੇ ਪੋਤਰੀਆਂ, ਦੋਹਤਰੇ ਦੋਹਤਰੀਆਂ ਨੂੰ ਇਨ੍ਹਾਂ ਦੇ ਅੰਗ ਸੰਗ ਨਿਭਣ ਦਾ ਉਪਦੇਸ਼ ਦਿੰਦੇ ਸਨ।

ਚਾਲ਼ੀ ਸਾਲਾਂ ਤੋਂ ਕਹਾਣੀਆਂ, ਨਾਟਕ ਤੇ ਕਵਿਤਾਵਾਂ ਰਚਦੀ ਆ ਰਹੀ ਤੇਜਿੰਦਰ ਨੇ ਇਹ ਵਾਲੀ ਪੁਸਤਕ ਆਪਣੇ ਬੀ ਜੀ ਰਾਜ ਮੋਹਿੰਦਰ ਕੌਰ ਮਾਨ ਨੂੰ ਸਮਰਪਤ ਕੀਤੀ ਹੈ। ਨਿਸਚੇ ਹੀ ਮੁੱਢਲੀਆਂ ਬਾਤਾਂ, ਜਿਨ੍ਹਾਂ ਨੂੰ ਲੇਖਿਕਾ 'ਏਨੀ ਮੇਰੀ ਬਾਤ ਉਪਰੋਂ ਪੈ ਗਈ ਰਾਤ' ਦੱਸਦੀ ਹੈ, ਖੇਤੀਬਾੜੀ ਪਿਛੋਕੜ ਵਾਲੀ ਬੀ ਜੀ ਜਾਂ ਪਰਿਵਾਰ ਦੀ ਹੋਰ ਵਡੇਰੀ ਸੁਆਣੀ ਤੋਂ ਸੁਣੀਆਂ ਜਾਪਦੀਆਂ ਹਨ। ਉਂਝ ਆਪਣੇ ਵੱਲੋਂ ਲਿਖੇ ਮੁੱਢਲੇ ਸ਼ਬਦਾਂ ਵਿਚ ਤੇਜਿੰਦਰ ਨੇ ਆਪਣੇ ਦਾਦੀ ਜੀ ਅੱਛਰ ਕੌਰ ਵੱਲੋਂ ਸੁਣਾਈ ਉਸ ਸੌਦਾਗਰ ਦੀ ਗੱਲ ਕੀਤੀ ਹੈ ਜਿਹੜਾ ਆਪਣੀ ਸਾਂਢਣੀ ਉੱਤੇ ਸਵਾਰ ਹੋ ਕੇ ਦੂਰ ਨੇੜੇ ਕਮਾਈ ਕਰਨ ਜਾਂਦਾ ਹੁੰਦਾ ਸੀ। ਫੇਰ ਇਕ ਦਿਨ ਰਸਤੇ ਵਿਚ ਉਸਨੂੰ ਬੜੀ ਤੇਹ ਲੱਗੀ ਤੇ ਉਹ ਟਿੰਡਾਂ ਵਾਲੇ ਖੂਹ ਤੋਂ ਪਾਣੀ ਪੀ ਕੇ ਨੇੜਲੇ ਤੂਤ ਦੀ ਛਾਂਵੇਂ ਸੌਂ ਗਿਆ। ਜਦੋਂ ਤੇਜਿੰਦਰ ਨੇ ਆਪਣੀ ਦਾਦੀ ਕੋਲ਼ੋਂ ਇਹ ਜਾਨਣਾ ਚਾਹਿਆ ਕਿ ਅੱਗੇ ਕੀ ਹੋਇਆ ਤਾਂ ਉਸਦੀ ਦਾਦੀ ਨੇ ਉਸਨੂੰ ਪਿਆਰ ਨਾਲ ਸਮਝਾਇਆ ਕਿ ਉਸ ਤੋਂ ਅੱਗੇ ਦੀ ਗਾਥਾ ਦਾਦੀ ਉਸ ਸੌਦਾਗਰ ਦੀ ਜਾਗ ਖੁਲ੍ਹਣ ਤੋਂ ਪਿੱਛੋਂ ਹੀ ਦੱਸ ਸਕੇਗੀ। ਇਸ ਲਈ ਸੁਣਨ ਵਾਲੀ ਤੇਜਿੰਦਰ ਨੂੰ ਵੀ ਹਾਲ ਦੀ ਘੜੀ ਸੌਂ ਜਾਣਾ ਚਾਹੀਦਾ ਹੈ।

ਹੱਥਲੀ ਪੁਸਤਕ (ਬਾਤਾਂ ਦੇਸ਼ ਵਿਦੇਸ਼ ਦੀਆਂ, ਲੋਕਗੀਤ ਪ੍ਰਕਾਸ਼ਨ, ਪੰਨੇ 120, ਮੁੱਲ 195 ਰੁਪਏ) ਵਿਚ ਏਸ ਤੋਂ ਵੱਧ ਪ੍ਰਭਾਵੀ ਤੇ ਉੱਤਮ 21 ਬਾਤਾਂ ਹਨ ਜਿਨ੍ਹਾਂ ਦਾ ਧੁਰਾ ਤਿੱਬਤ, ਬਰ੍ਹਮਾ, ਪੋਲੈਂਡ, ਮੈਕਸੀਕੋ, ਆਈਸਲੈਂਡ, ਅਮਰੀਕਾ, ਅਫਰੀਕਾ, ਤਨਜ਼ਾਨੀਆ, ਇਟਲੀ, ਜਰਮਨੀ, ਚੀਨ ਤੇ ਭਾਰਤ ਦੀ ਮਿੱਟੀ ਵਿਚ ਹੈ। ਖਾਸਕਰ ਇਨ੍ਹਾਂ ਦੇਸ਼ਾਂ ਦੇ ਆਦਿਵਾਸੀਆਂ ਦੇ ਵਿਹੜੇ। ਇਕ ਥਾਂ ਦੋ ਬੁੱਢੀਆਂ ਆਪੋ ਵਿਚ ਸ਼ਰਤ ਲਾਉਂਦੀਆਂ ਹਨ ਕਿ ਉਹ ਆਪਣੀਆਂ ਗੱਲਾਂ ਦੇ ਹੁਨਰ ਨਾਲ ਆਪੋ ਆਪਣੇ ਪਤੀਆਂ ਨੂੰ ਕਿਸ ਹੱਦ ਤਕ ਕੀਲ ਸਕਦੀਆਂ ਹਨ। ਪਹਿਲੀ ਬੁੱਢੀ ਚੰਗੇ ਭਲੇ ਪਤੀ

ਨੂੰ ਵਾਰ ਵਾਰ ਇਹ ਚਿਤਾਰਦੀ ਹੈ ਕਿ ਉਹ ਕਮਜ਼ੋਰ ਹੋ ਰਿਹਾ ਹੈ, ਸੁੱਕ ਕੇ ਤੀਲ੍ਹਾ ਹੋ ਗਿਆ ਹੈ। ਉਸ ਵਿਚ ਜਾਨ ਨਹੀਂ ਰਹੀ। ਉਸਨੂੰ ਦਬਾਉਣ ਲਈ ਤਾਬੂਤ ਮੰਗਵਾ ਕੇ ਪਤੀ ਨੂੰ ਉਸ ਵਿਚ ਲਿਟਾ ਦਿੰਦੀ ਹੈ। ਏਥੋਂ ਤਕ ਕਿ ਪਤੀ ਆਪਣੇ ਆਪ ਨੂੰ ਮਰਿਆ ਅਨੁਭਵ ਕਰਦਾ ਹੈ ਤੇ ਹੀਲ ਹੁੱਜਤ ਕੀਤੇ ਬਿਨਾਂ ਲੇਟ ਜਾਂਦਾ ਹੈ।

ਦੂਜੀ ਬੁੱਢੀ ਆਪਣੇ ਸ਼ਬਦਾਂ ਦੀ ਕਲਾ ਨਾਲ ਆਪਣੇ ਘਰ ਵਾਲੇ ਨੂੰ ਅਜਿਹੀ ਉਨ ਕੱਤਦੀ ਦੱਸਦੀ ਹੈ ਜਿਹੜੀ ਝੂਠ ਬੋਲਣ ਵਾਲੇ ਪਤੀ ਨੂੰ ਵਿਖਾਈ ਨਹੀਂ ਦਿੰਦੀ। ਫੇਰ ਜਦੋਂ ਉਹ ਪਤੀ ਵਾਸਤੇ ਨਵਾਂ ਸੂਟ ਸਿਉਂ ਕੇ ਉਸਨੂੰ ਪਹਿਨਣ ਲਈ ਕਹਿੰਦੀ ਹੈ ਤਾਂ ਉਹ ਸਿਰ ਦੇ ਹੈਟ, ਤੇੜ ਦੇ ਕੱਛੇ ਤੇ ਪੈਰਾਂ ਦੇ ਬੂਟਾਂ ਤੋਂ ਬਿਨਾਂ ਸਾਰੇ ਵਸਤਰ ਉਤਾਰ ਕੇ ਪਤਨੀ ਵੱਲੋਂ ਤਿਆਰ ਕੀਤਾ ਸੂਟ ਪਹਿਨ ਲੈਂਦਾ ਹੈ ਜਿਹੜਾ ਪਤੀ ਨੂੰ ਵਿਖਾਈ ਨਹੀਂ ਦਿੰਦਾ। ਉਸ ਪਿੱਛੋਂ ਪਤੀ ਸਭ ਦੇ ਸਾਹਮਣੇ ਸਜ ਧਜ ਕੇ ਖਲੋਂਦਾ ਹੈ ਤਾਂ ਦਰਸ਼ਕ ਉਸਨੂੰ ਨਿਰਵਸਤਰ ਵੇਖਕੇ ਖਿੜ-ਖਿੜਾ ਕੇ ਹੱਸ ਪੈਂਦੇ ਹਨ। ਏਨਾ ਉੱਚਾ ਕਿ ਤਾਬੂਤ ਵਾਲੇ ਬੁੱਢੜੇ ਨੂੰ ਵੀ ਹੋਸ਼ ਆ ਜਾਂਦੀ ਹੈ ਤੇ ਉਹ ਨਿਰਵਸਤਰ ਬੁੱਢੇ ਨੂੰ ਵੇਖ ਕੇ ਖੁਦ ਹੱਸਣ ਲੱਗ ਜਾਂਦਾ ਹੈ। ਹੁਣ ਜਦੋਂ ਦੋਵੇਂ ਬੁੱਢੀਆਂ ਸ਼ਰਤ ਜਿੱਤਣ ਬਾਰੇ ਬਹਿਸ ਕਰ ਰਹੀਆਂ ਹਨ ਤਾਂ ਬਾਤ ਪਾਉਣ ਵਾਲੀ/ਵਾਲਾ ਪਾਤਰ ਆਪ ਫੈਸਲਾ ਸੁਣਾਉਣ ਦੀ ਥਾਂ ਤਾਬੂਤ ਵਿਚ ਉੱਠ ਕੇ ਬਾਹਰ ਆਏ ਬੁੱਢੇ ਦੇ ਮੂੰਹ ਵਿਚ ਇਹ ਸ਼ਬਦ ਪਾਉਂਦੀ/ਪਾਉਂਦਾ ਹੈ, 'ਮੇਰੇ ਨਾਲ ਜੋ ਹੋਈ ਸੋ ਹੋਈ ਪਰ ਉਹ ਦੂਸਰਾ ਮਰਦ ਤਾਂ ਮੈਨੂੰ ਵੀ ਮਾਤ ਪਾ ਗਿਆ।'

ਇਕ ਹੋਰ ਬਾਤ ਵਿਚ ਜਦੋਂ ਸੂਰਜ ਤੇ ਚੰਦ ਦਾ ਪਾਣੀ ਨਾਲ ਤਕਰਾਰ ਹੁੰਦਾ ਹੈ ਤਾਂ ਪਾਣੀ ਦੀ ਬਹੁਤਾਤ, ਜਲਥਲ ਇਕ ਕਰ ਕੇ ਪਰਬਤ ਨੂੰ ਵੀ ਆਪਣੇ ਪੈਰਾਂ ਥੱਲੇ ਲੈ ਆਂਦੀ ਅਤੇ ਸੂਰਜ ਤੇ ਚੰਨ ਨੂੰ ਸਦਾ ਲਈ ਆਪਣਾ ਡੇਰਾ ਆਕਾਸ਼ ਵਿਚ ਲਾਉਣ ਲਈ ਮਜਬੂਰ ਕਰ ਦਿੰਦੀ ਹੈ। ਇਕ ਹੋਰ ਬਾਤ ਵਿਚ ਸ਼ੈਤਾਨ ਨੇ ਕਿਸਾਨ ਨੂੰ ਡਰਾਉਣ ਦੀ ਭਾਵਨਾ ਨਾਲ ਇਹ ਦਾਅਵਾ ਕੀਤਾ ਕਿ ਜਿਹੜੀ ਵੀ ਫਸਲ ਕਿਸਾਨ ਬੀਜੇਗਾ ਉਸਦਾ ਧਰਤੀ ਉਤਲਾ ਭਾਗ ਸ਼ੈਤਾਨ ਦਾ ਹੋਵੇਗਾ ਤਾਂ ਕਿਸਾਨ ਨੇ ਗੋਂਗਲੂ ਬੀਜ ਦਿੱਤੇ ਜਿਸਦੇ ਨਤੀਜੇ ਵਜੋਂ ਸ਼ੈਤਾਨ ਦੇ ਹਿੱਸੇ ਕੇਵਲ ਗੋਂਗਲੂਆਂ ਦੇ ਸੁੱਕੇ ਸੜੇ ਪੱਤੇ ਹੀ ਆਏ। ਤੇ ਫੇਰ ਜਦੋਂ ਸ਼ੈਤਾਨ ਨੇ ਕਿਹਾ ਕਿ ਉਹ ਧਰਤੀ ਦੇ ਥੱਲੇ ਵਾਲੇ ਭਾਗ ਦਾ ਮਾਲਕ ਹੋਵੇਗਾ ਤਾਂ ਕਿਸਾਨ ਨੇ ਕਣਕ ਬੀਜ ਦਿੱਤੀ ਤੇ ਸ਼ੈਤਾਨ ਦੇ ਹਿੱਸੇ ਕੇਵਲ ਮਿੱਟੀ ਲਿੱਬੜੇ ਬੁੱਥੇ ਆਏ ਜਦਕਿ ਕਿਸਾਨ ਸਿੱਟੇ ਤੇ ਡੰਡੀਆਂ ਵੱਢਕੇ ਤੁਰਦਾ ਬਣਿਆ। ਤੇਜਿੰਦਰ ਨੇ ਮੈਕਸੀਕੋ ਦੇ ਕਿਸਾਨਾਂ ਦੀ ਉਹ ਬਾਤ ਵੀ ਚੁਣੀ ਹੈ ਜਿਸ ਵਿਚ ਭੁੱਖੇ ਭਾਣੇ ਕਿਸਾਨ ਤੋਂ ਰੱਬ ਰੋਟੀ ਮੰਗਣ ਆਉਂਦਾ ਹੈ। ਰੱਬ ਦੇ ਲੱਖ ਤਰਲੇ ਕਰਨ ਉੱਤੇ ਵੀ ਕਿਸਾਨ ਉਸਨੂੰ ਬੁਰਕੀ ਤਕ ਨਹੀਂ ਦਿੰਦਾ। ਦਲੀਲ ਇਹ ਕਿ ਰੱਬ ਕਿਸੇ ਨੂੰ ਅੰਤਾਂ ਦਾ ਗ਼ਰੀਬ ਬਣਾ ਦਿੰਦਾ ਹੈ ਤੇ ਕਿਸੇ ਨੂੰ ਅੰਤਾਂ ਦਾ ਅਮੀਰ। ਪਰ ਰੱਬ ਦੇ ਤੁਰ ਜਾਣ ਪਿੱਛੋਂ ਮੌਤ ਰੋਟੀ ਮੰਗਦੀ ਹੈ ਤਾਂ ਕਿਸਾਨ ਉਸਨੂੰ ਇਕ ਡੰਗ ਦੀ ਰੋਟੀ ਦੇਣਾ ਮੰਨ ਜਾਂਦਾ ਹੈ ਕਿਉਂਕਿ ਉਹ ਅਮੀਰ ਗ਼ਰੀਬ ਵਿਚ ਵਿਤਕਰਾ ਨਹੀਂ ਕਰਦੀ ਤੇ ਦੋਵਾਂ ਨਾਲ ਇਕ ਸਮਾਨ ਵਰਤਾਓ ਕਰਦੀ ਹੈ।

ਚੇਤੇ ਰਹੇ ਕਿ ਇਨ੍ਹਾਂ ਬਾਤਾਂ ਵਿਚ ਉਪਰੋਕਤ ਦਲੀਲਾਂ ਏਨੀਆਂ ਸਹਿਲ ਤੇ ਸਪਸ਼ਟ ਨਹੀਂ ਜਿੰਨੀਆਂ ਮੈਂ ਦੱਸ ਰਿਹਾ ਹਾਂ। ਇਨ੍ਹਾਂ ਵਿਚ ਅਜਿਹਾ ਕਥਾ ਰਸ ਹੈ ਜਿਹੜਾ ਗਿਣੇ ਮਿਥੇ ਸ਼ਬਦਾਂ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ। ਪ੍ਰਮਾਣ ਵਜੋਂ ਮੈਂ ਪੁਸਤਕ ਵਿਚ ਦਰਜ ਅਮਰੀਕਨ ਆਦਿਵਾਸੀਆਂ ਦੀ 'ਦੁਨੀਆਂ ਦਾ ਅੰਤ' ਨਾਂ ਦੀ ਕਹਾਣੀ ਨੂੰ ਥੋੜ੍ਹੇ ਵਿਸਥਾਰ ਤੇ ਤਰਤੀਬ ਨਾਲ ਦੱਸਣਾ ਚਾਹਾਂਗਾ। ਪੜ੍ਹੋ ਤੇ ਸੁਣੋ:

ਇਸ ਧਰਤੀ ਉੱਤੇ ਇਕ ਅਜਿਹੀ ਥਾਂ ਹੈ ਜਿਸਦੇ ਇਕ ਹੱਥ ਬੰਜਰ ਹੈ ਤੇ ਦੂਜੇ ਹੱਥ ਸਬਜ਼ਾ। ਦੋਹਾਂ ਦੇ ਅੱਧ ਵਿਚਕਾਰ ਇਕ ਗੁਫਾ ਹੈ ਜਿਸ ਵਿਚ ਇਕ ਬੁੱਢੀ ਮਾਈ ਆਦਿ ਕਾਲ ਤੋਂ ਰਹਿ ਰਹੀ ਹੈ। ਉਹਦੇ ਕੋਲ਼ ਆਪਣੇ ਗੁਜ਼ਾਰੇ ਲਈ ਇਕ ਮੱਝ ਵੀ ਹੈ ਤੇ ਰਾਖੀ ਲਈ ਕਾਲ਼ਾ ਕੁੱਤਾ ਵੀ। ਨੇੜੇ

ਤੇੜੇ ਦੇ ਜੰਗਲ਼ ਦੀ ਮਾਲਕ ਹੋਣ ਦੇ ਨਾਤੇ ਉਹ ਜੰਗਲ਼ ਦੀਆਂ ਲੱਕੜਾਂ ਬਾਲ਼ ਕੇ ਇਕ ਮਿੱਟੀ ਦੇ ਬਰਤਨ ਵਿਚ ਸੂਪ ਉਬਾਲ਼ ਕੇ ਆਪਣੇ ਢਿੱਡ ਨੂੰ ਝੁਲਕਾ ਦਿੰਦੀ ਰਹਿੰਦੀ ਹੈ। ਆਪਣੀ ਮੱਝ ਲਈ ਝੁੱਲ ਬੁਣਨਾ ਵੀ ਉਸਦੀ ਮਜਬੂਰੀ ਹੈ। ਉਹ ਆਦਿ ਕਾਲ਼ ਤੋਂ ਝੁੱਲ ਬੁਣਨ ਵਿਚ ਮਗਨ ਹੈ। ਹੁੰਦਾ ਇਹ ਹੈ ਕਿ ਜਦ ਕਦੀ ਵੀ ਬੁੱਢੀ ਔਖੀ ਸੋਖੀ ਉੱਠ ਕੇ ਸੂਪ ਵਿਚ ਕੜਛੀ ਫੇਰਨ ਜਾਂਦੀ ਹੈ ਤਾਂ ਕਾਲ਼ਾ ਕੁੱਤਾ ਸੱਜਰਾ ਧਾਗਾ ਮੂੰਹ ਵਿਚ ਲੈ ਕੇ ਏਨੀ ਦੂਰ ਚਲਾ ਜਾਂਦਾ ਹੈ ਕਿ ਬੁੱਢੀ ਦਾ ਓਦੋਂ ਤਕ ਦਾ ਬੁਣਿਆ ਝੁੱਲ ਉੱਧੜ ਜਾਂਦਾ ਹੈ। ਬੁੱਢੀ ਨਵੇਂ ਸਿਰਿਉਂ ਮੱਝ ਵਾਸਤੇ ਝੁੱਲ ਬੁਣਨ ਲਈ ਮਜਬੂਰ ਹੋ ਜਾਂਦੀ ਹੈ। ਇਹ ਝੁੱਲ ਕਦੇ ਵੀ ਪੂਰਾ ਨਹੀਂ ਬੁਣਿਆ ਗਿਆ। ਲੋਕਾਂ ਦਾ ਮੰਨਣਾ ਹੈ ਕਿ, ਬੁੱਢੀ ਮਾਈ ਨੇ ਜਿਸ ਦਿਨ ਵੀ ਇਹ ਝੁੱਲ ਪੂਰਾ ਉਣ ਲਿਆ ਤੇ ਇਸਦਾ ਆਖਰੀ ਤੋਪਾ ਭਰ ਲਿਆ, ਗੁਫਾ ਦੇ ਸੱਜੇ ਖੱਬੇ ਦੀ ਉਜਾੜ ਤੇ ਬਨਸਪਤ ਖਤਮ ਹੋ ਜਾਵੇਗੀ ਤੇ ਇਸ ਦੁਨੀਆਂ ਦਾ, ਜਿਸ ਦੇ ਅਸੀਂ ਵਸਨੀਕ ਹਾਂ, ਅੰਤ ਹੋ ਜਾਵੇਗਾ।

ਇਸ ਕਹਾਣੀ ਦਾ ਅੰਤ ਵੀ ਉਸ ਸੌਦਾਗਰ ਦੀ ਗਾਥਾ ਵਰਗਾ ਹੈ ਜਿਸਦੀ ਬਾਤ ਲੇਖਿਕਾ ਦੀ ਦਾਦੀ ਪਾਉਂਦੀ ਹੁੰਦੀ ਸੀ। ਉਹ ਸੌਦਾਗਰ ਹਾਲੀ ਵੀ ਤੂਤ ਦੀ ਛਾਵੇਂ ਸੁੱਤਾ ਪਿਆ ਹੈ। ਪਰ ਹੁਣ ਤਾਂ ਤੇਜਿੰਦਰ ਕੋਲ਼ ਦੇਸ਼ ਵਿਦੇਸ਼ ਦੀਆਂ ਬਾਤਾਂ ਮੌਜੂਦ ਹਨ। ਤੇਜਿੰਦਰ ਕੌਰ ਨੂੰ ਉਸਦਾ ਉੱਦਮ ਤੇ ਲਗਨ ਮੁਬਾਰਕ! **– ਗੁਲਜ਼ਾਰ ਸਿੰਘ ਸੰਧੂ**

## ਤਾਮ (ਕਵਿਤਾ) ਸਰਬਜੀਤ ਕੌਰ ਜੱਸ

ਕਵਿਤਾ ਦੀ ਹਮਸਫਰ ਸਰਬਜੀਤ ਕੌਰ ਜੱਸ ਆਪਣਾ ਨਵਾਂ ਕਾਵਿ-ਸੰਗ੍ਰਹਿ 'ਤਾਮ' (ਪੰਨੇ 134, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਲੈ ਕੇ ਆਈ ਹੈ। ਇਸ ਤੋਂ ਪਹਿਲਾਂ ਉਹ 'ਬਲਦੀਆਂ ਛਾਵਾਂ' (2007), 'ਰਾਹਾਂ ਦੀ ਤਪਸ਼' (2012) ਅਤੇ 'ਸ਼ਬਦਾਂ ਦੀ ਨਾਟ-ਮੰਡਲੀ' (2016) ਨਾਲ ਕਾਵਿ ਜਗਤ ਵਿਚ ਆਪਣਾ ਹਿੱਸਾ ਪਾ ਚੁੱਕੀ ਹੈ। 'ਤਾਮ' ਉਸ ਦਾ ਬਿਲਕੁਲ ਵੱਖਰਾ ਕਾਵਿ-ਸੰਗ੍ਰਹਿ ਹੈ ਅਤੇ ਉਸ ਨੇ ਪੂਰੇ ਉਚੇਚ ਨਾਲ, ਸੁਆਣੀ ਨਾਲ ਜੁੜੇ ਚੌਂਕੇ ਅੰਦਰ ਝਾਕਣ ਦੇ ਬਹਾਨੇ ਆਪਣੀ ਰਹਿਤਲ ਦੀਆਂ ਰਮਜ਼ਾਂ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਉਸ ਦੇ ਆਪ ਆਖਣ ਮੁਤਾਬਿਕ, ਉਸ ਨੇ ਇਸ ਕਿਤਾਬ ਰਾਹੀਂ "ਤੇਜ਼ ਰਫ਼ਤਾਰ ਵਕਤ ਦੀ ਉੱਡਦੀ ਧੂੜ ਅੰਦਰ ਗੁਆਚ ਰਹੇ ਮਾਣਕ-ਮੋਤੀ ਸਾਂਭਣ ਦੀ ਕੋਸ਼ਿਸ਼ ਕੀਤੀ ਹੈ"। ਵਾਕਈ ਅੱਜ ਦਾ ਵਿਕਾਸ ਮਾਡਲ ਜਿਹੜੀਆਂ ਤਰਜੀਹਾਂ ਬੰਦੇ ਅੱਗੇ ਪਰੋਸ ਰਿਹਾ ਹੈ, ਉਸ ਨੇ ਵਕਤ ਨੂੰ ਸਿਰ ਭਾਰ ਕਰ ਦਿੱਤਾ ਜਾਪਦਾ ਹੈ ਅਤੇ ਜ਼ਿੰਦਗੀ ਦੀ ਰਵਾਨੀ ਨੂੰ ਝੰਜੋੜ ਸੁੱਟਿਆ ਹੈ। ਇਹ ਕਿਤਾਬ ਉਸ ਰਵਾਨੀ ਨੂੰ ਬਾਲਕਾਂ ਨੂੰ 'ਝਾਤ' ਵਾਲਾ ਹੀ ਕੋਈ ਪ੍ਰਸੰਗ ਹੈ। ਸ਼ਬਦ ਸਿਰਜਣਾ ਦੀ ਇਹ ਉਡਾਰੀ ਬਹੁਤ ਉੱਚੀ ਅਤੇ ਮੋਹ ਖੋਰੀ ਹੈ:

*ਢਿੱਡ 'ਚ ਬਲ਼ਦੀ ਤਾਂ ਭੁੱਖ ਬਣਦੀ*
*ਦਿਲ 'ਚ ਬਲ਼ਦੀ ਤਾਂ ਪਿਆਰ ਬਣਦੀ*
*ਤਨ 'ਚ ਬਲ਼ਦੀ ਤਾਂ ਕਾਮ ਬਣਦੀ*
*ਸੋਚ 'ਚ ਬਲ਼ਦੀ ਤਾਂ ਈਰਖਾ ਬਣਦੀ*
*ਚੁੱਲ੍ਹੇ 'ਚ ਬਲ਼ਦੀ ਤਾਂ ਰਿਜ਼ਕ ਬਣਦੀ*
*ਧੁਰ ਅੰਦਰ ਮੱਚਦੀ ਤਾਂ ਸਿਰਜਣਾ ਬਣਦੀ*

ਸ਼ਬਦਾਂ ਦਾ ਇਹ ਸੇਕ ਚੁੱਲ੍ਹੇ ਚੌਂਕੇ ਅਤੇ ਸੁਆਣੀ ਨਾਲ ਜੁੜੇ ਹਰ ਪ੍ਰਸੰਗ ਬਾਰੇ ਗੱਲ ਤੋਰਦਾ ਹੈ। ਇਸ ਅੰਦਰ ਉਲਾਂਭੇ ਦਾ ਸੇਕ ਰਲ਼ਿਆ ਹੋਇਆ ਹੈ:

*ਮੁਰੱਬੇ/ਕਿੱਲੇ/ਮਰਲੇ*

*ਮਰਦਾਂ ਹਿੱਸੇ ਆਏ*
*ਔਰਤ ਹਿੱਸੇ ਆਈ*
*ਬੱਸ ਪੰਜ ਸਰਸਾਹੀ*
*ਚੌਂਕੇ ਦੀ ਭੋਇੰ*

ਇਸ ਵਿਚ ਆਰਥਿਕ, ਸਮਾਜਕ ਅਤੇ ਜ਼ਿੰਦਗੀ ਨਾਲ ਡੂੰਘੇ ਜੁੜੇ ਪ੍ਰਸੰਗ ਬੜੇ ਸਲੀਕੇ ਨਾਲ ਬੀੜੇ ਹੋਏ ਹਨ। ਸ਼ਾਇਰਾ ਆਲ਼ੇ ਦੀ ਗੱਲ ਕਰਦੀ ਹੈ ਤਾਂ 'ਆਲ਼ਾ ਕੰਧ ਦੀ ਅੱਖ ਹੁੰਦਾ ਸੀ' ਆਖ ਕੇ ਇਸ ਨੂੰ ਬਾਕਾਇਦਾ, ਵੱਖਰਾ ਰੰਗ ਦੇ ਦਿੰਦੀ ਹੈ। ਫਿਰ 'ਅਸੀਂ ਡਰਪੋਕ/ਬੁਜ਼ਦਿਲ/ਬੇਯਕੀਨੇ/ਦਰਵਾਜ਼ੇ ਖਿੜਕੀਆਂ ਰੱਖੀਏ ਬੰਦ' ਕਹਿ ਕੇ ਇਨ੍ਹਾਂ ਸ਼ਬਦਾਂ ਵਿਚ ਜ਼ਿੰਦਗੀ ਜਿੱਡਾ ਅਰਥ ਭਰ ਦਿੰਦੀ ਹੈ। ਇਨ੍ਹਾਂ ਅਰਥਾਂ ਦੀ ਵਿਰਾਟਤਾ ਦੇਖਣੀ ਹੋਵੇ ਤਾਂ ਪੜ੍ਹ ਸਕਦੇ ਹੋ:

*ਤੁਹਾਡੇ ਘੜੇ ਮੁਹਾਵਰੇ ਆਖਣ-*
*ਸਭ ਤੋਂ ਔਖਾ/ਸਭ ਤੋਂ ਮਾੜਾ*
*ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸਣਾ*
*ਪਰ ਮੈਨੂੰ ਜਾਪੇ-*
*ਸਭ ਤੋਂ ਚੰਗਾ/ਸਭ ਤੋਂ ਸੋਹਣਾ*
*ਸਭ ਤੋਂ ਮਹਿੰਗਾ ਕੰਮ ਹੈ ਹੁੰਦਾ*
*ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸਣਾ/ਆਟਾ ਬਣਨਾ*

ਇਹ ਰਿਜ਼ਕ ਲਈ ਖੁੱਲ੍ਹਦਾ ਰਾਹ ਹੈ। ਇਸ ਪੱਖ ਤੋਂ 'ਤਾਮ' ਭਰੀ ਹੋਈ ਭੜੋਲੀ ਹੈ ਜਿਸ ਅੰਦਰ ਸਾਂਭੇ ਸ਼ਬਦਾਂ ਲਈ ਸਰਬਜੀਤ ਨੇ ਪਤਾ ਨਹੀਂ ਕਿਹੜੇ-ਕਿਹੜੇ ਭੜੋਲੇ ਫਰੋਲੇ ਹਨ। 'ਤਾਮ' ਦਾ ਤਾਣਾ ਦੱਸਦਾ ਹੈ ਕਿ ਕਵਿਤਾ ਇਸ ਤਰ੍ਹਾਂ ਵੀ ਲਿਖੀ ਜਾ ਸਕਦੀ ਹੈ। ਇਹ ਅਸਲ ਵਿਚ ਅੰਬਰ ਜੇਡ ਉਡਾਣ ਹੈ ਜਿਸ ਵਿਚ ਆਪਣੇ ਇਲਾਕੇ ਦੀ ਰਹਿਤਲ ਦਾ ਇਤਿਹਾਸ ਤੇ ਮਿਥਿਹਾਸ, ਭੂਤ ਤੇ ਵਰਤਮਾਨ ਬਹੁਤ ਸਹਿਜ ਨਾਲ ਚੌਂਕੜਾ ਮਾਰ ਕੇ ਬੈਠਾ ਭਾਸਦਾ ਹੈ। ਇਸ ਦੇ ਕੇਂਦਰ ਵਿਚ ਸੁਆਣੀ ਹੈ ਜਿਹੜੀ ਜਦੋਂ ਰਸੋਈ ਅੰਦਰ ਚਾਕੂ ਫੜਦੀ ਹੈ ਤਾਂ ਮਾਈ ਭਾਗੋ ਦੀ ਭੈਣ ਲਗਦੀ ਹੈ। ਅਜਿਹੀਆਂ ਤਸ਼ਬੀਹਾਂ 'ਤਾਮ' ਦੇ ਪੰਨਿਆਂ ਉਤੇ ਸ਼ਿੰਗਾਰ ਬਣ ਕੇ ਸਜੀਆਂ ਹੋਈ ਹਨ। ਇਨ੍ਹਾਂ ਤਸ਼ਬੀਹਾਂ ਨਾਲ ਅਰਥ ਫੈਲ ਕੇ ਅੰਬਰ ਦੀ ਅੱਖ ਨਾਲ ਅੱਖ ਮੇਲ਼ਦੇ ਹਨ। ਚਕਲੇ 'ਤੇ ਪਏ ਪੇੜੇ ਉਤੇ ਵੇਲਣਾ ਫਿਰਦਾ ਹੈ ਤਾਂ ਰੋਟੀ ਬਣਦੀ ਹੈ ਪਰ ਸਰਬਜੀਤ 'ਔਰਤ ਸਿਰਫ਼ ਜਿਸਮ ਨਾ ਵੇਚੇ/ਚਕਲੇ ਉਤੇ/ਰੋਟੀ ਵੀ ਲਾਹਵੇ' ਲਿਖ ਨੇ ਹੈਰਾਨ ਕਰ ਜਾਂਦੀ ਹੈ। ਅਜਿਹਾ ਸਿਆਸੀ-ਸਮਾਜਕ ਰੰਗ 'ਤਾਮ' ਅੰਦਰ ਕੜ੍ਹਿਆ ਪਿਆ ਹੈ। ਆਮ ਮੁਹਾਵਰੇ ਵਿਚ ਖੜਕਦੇ ਭਾਂਡੇ ਲੜਾਈ ਦੇ ਸੂਚਕ ਹਨ ਪਰ ਇਸ ਕਿਤਾਬ ਵਿਚ ਖੜਕਣ ਦੀ ਥਾਂ ਖਾਲੀ ਹੁੰਦੇ ਅਤੇ ਭਰਦੇ ਭਾਂਡੇ ਜ਼ਿੰਦਗੀ ਦੇ ਸਾਜ਼ ਦਾ ਰੂਪ ਵਟਾਉਂਦੇ ਹਨ। ਰਤਾ ਕੁ ਰੁਕੋ ਭਾਈ, ਇਸ ਤਸ਼ਬੀਹ ਨੇ ਅਜੇ ਹੋਰ ਫੈਲਣਾ ਹੈ: ਭਾਂਡੇ ਖੂਹ ਦੀਆਂ ਟਿੰਡਾਂ ਵਾਂਗ ਭਰਦੇ ਤੇ ਖਾਲੀ ਹੁੰਦੇ ਹਨ! ਸਰਬਜੀਤ ਇਸ ਕਵਿਤਾ ਦੀ ਇਉਂ ਸਮਾਪਤੀ ਕਰਕੇ ਇਸ ਅੰਦਰ ਇਕ ਰੰਗ ਹੋਰ ਭਰ ਦਿੰਦੀ ਹੈ। ਇਹ ਮਨੁੱਖ ਦੇ ਸਵਾਰਥ ਨੂੰ ਝੰਜੋੜਾ ਵੀ ਹੈ:

*ਅਸੀਂ ਭਾਂਡੇ/ਜੀਆਂ ਵਾਂਗ ਨਹੀਂ ਖੜਕਦੇ*
*ਜੀਅ/ਸਾਡੇ ਵਾਂਗ ਸਾਜ਼ ਨਹੀਂ ਬਣਦੇ*
*ਭਰ-ਭਰ/ਖਾਲੀ ਨਹੀਂ ਹੁੰਦੇ*
*ਖਾਲੀ ਹੋਏ/ਵਾਰ-ਵਾਰ ਨਹੀਂ ਭਰਦੇ*

ਭਰਦੀ ਤਾਂ ਬੱਸ ਭੜੋਲੀ ਹੈ ਜਿਹੜੀ ਕਮਲ਼ਿਆਂ ਨੂੰ ਵੀ ਸਿਆਣੇ ਬਣਾ ਦਿੰਦੀ ਹੈ ਪਰ ਸ਼ਹਿਰੀਕਰਨ ਦੇ ਹਾਰਨ ਨਾਲ ਇਹ ਭਾਣਾ ਵਾਪਰਦਾ ਹੈ, 'ਉਦੋਂ ਡਰ ਕੇ ਉੱਡ ਗਏ ਸਨ/ਭੜੋਲੀਆਂ ਉੱਤੇ ਵਾਹੇ/ਮੋਰ/ਘੁੱਗੀਆਂ/ਤੇ ਤੋਤੇ'। ਤੁਸੀਂ ਕਦੀ ਛਾਬੇ/ਕੈਸਰੋਲ ਅੰਦਰ ਪਏ ਪੋਣੇ ਨੂੰ ਚੰਦੋਆ

ਕਿਆਸ ਕੀਤਾ ਹੈ? ਭੱਤਾ ਪ੍ਰਸ਼ਾਦ ਹੁੰਦਾ? ਚੁੱਲ੍ਹੇ ਅੱਗੇ ਪਈ ਫੂਕਣੀ ਦਾ ਬੰਸਰੀ/ਵੰਝਲੀ ਵਿਚ ਵਟ ਜਾਣਾ ਵਿਚਾਰਿਆ ਹੈ? ਸਰਬਜੀਤ ਅਜਿਹੀਆਂ ਉਡਾਣਾਂ ਵਾਰ-ਵਾਰ ਭਰਦੀ ਹੈ, ਜਿਵੇਂ ਵੱਸਦੇ ਘਰਾਂ ਵਿਚ ਭਾਂਡੇ ਵਾਰ-ਵਾਰ ਭਰਦੇ ਤੇ ਖਾਲੀ ਹੁੰਦੇ ਹਨ। ਇਸੇ ਕਰਕੇ ਤਾਂ ਪੀੜ੍ਹੀ ਦੇ ਪਾਵੇ ਨਵਜੰਮੇ ਬਾਲ ਦੇ ਸਿਰ ਵਰਗੇ ਜਾਪਦੇ ਹਨ ਅਤੇ ਕਾੜ੍ਹਨੀ ਕਾਲਖ਼ ਨਾਲ ਮੂੰਹ ਧੋਂਦੀ ਹੈ। ਕੂਚੀ ਜਦੋਂ ਟੱਬਰਾਂ ਵਾਂਗ ਖੁੱਲ੍ਹ-ਖਿੰਡ ਗਈ ਹੈ ਤਾਂ ਇਹ ਹੇਰਵੇ ਦਾ ਸਿਖਰ ਹੀ ਤਾਂ ਹੈ। ਇਸ ਨੂੰ ਹੇਰਵੇ ਦੀ ਹੂਕ ਆਖ ਕੇ ਇਸ ਦੀ ਹੋਰ ਵਿਆਖਿਆ ਵੀ ਸੰਭਵ ਹੈ; ਉਂਝ ਜਦੋਂ ਬੰਦਾ ਵਿਰਸੇ ਦੀ ਗੱਲ ਕਰਦਾ ਹੈ ਤਾਂ ਹੇਰਵਾ ਅਛੋਪਲੇ ਜਿਹੇ ਜ਼ਿੰਦਗੀ ਦੀ ਪਉੜੀ ਦੇ ਹਰ ਪੌਡੇ 'ਤੇ ਬੈਠਾ ਦਿਸ ਪੈਂਦਾ ਹੈ। ਠੀਕ ਹੀ ਇਹ ਵਕਤ ਦਾ ਗੇੜ ਹੈ:

*ਐਸੀ ਭੁਆਂਟਣੀ ਆਈ ਹੈ ਵਕਤ ਨੂੰ*
*ਪਹਿਲਾਂ ਘਰੋਂ ਭੱਤਾ ਜਾਂਦਾ ਸੀ*
*ਤੇ ਹੁਣ ਘਰ ਆਉਂਦਾ ਹੈ ਭੱਤਾ!*

ਬਿਨਾਂ ਸ਼ੱਕ 'ਕਿਰਤ ਦੀ ਮਾਲ਼ਾ ਫੇਰਦਾ ਫ਼ਕੀਰ' ਪਿਛਾਂਹ ਛੁੱਟ ਗਿਆ ਹੈ ਪਰ ਇਸ ਦੇ ਨਾਲ-ਨਾਲ ਕਰੂਰ ਬੰਦਿਸ਼ਾਂ ਬਰਤਰਫ਼ ਹੋ ਰਹੀਆਂ ਹਨ: ਮੈਨੂੰ ਭੀੜੇ ਕਮਰੇ ਨਾ ਡੱਕੀਂ/ਕਿਸੇ ਕੰਜਕ-ਕੁਆਰੀ ਧੀ ਦੇ ਵਾਂਗਰ'। ਇਸ ਕਵਿਤਾ ਦਾ ਨਾਂ 'ਅੰਗੀਠੀ' ਹੈ। ਹੁਣ ਧੀ-ਧਿਆਣੀ ਨੂੰ ਮਾਹੀ ਦੀ ਯਾਦ ਮੌਕੇ ਧੂੰਏਂ ਦਾ ਪੱਜ ਨਹੀਂ ਲਾਉਣਾ ਪੈਂਦਾ। ਜ਼ਾਹਿਰ ਹੈ ਕਿ ਸੁਆਣੀ ਜਦੋਂ ਚੌਂਕੇ ਤੋਂ ਬਾਹਰ ਨਿੱਕਲਦੀ ਹੈ, ਤਾਂ ਹੀ ਇਹ ਹਿੰਮਤ ਉਸ ਦੇ ਨਾਲ-ਨਾਲ ਤੁਰਨ ਲਗਦੀ ਹੈ; ਨਹੀਂ ਤਾਂ ਸੁਆਣੀ ਦਾ ਜ਼ਿਕਰ ਸਾਹ ਸੂਤਣ ਵਾਲਾ ਜਾਪਦਾ ਹੈ:

*ਮੈਂ (ਤਵੀ) 'ਸੀ' ਨਾ ਕਰਦੀ*
*ਹਉਕਾ ਨਾ ਭਰਦੀ*
*ਸੁਆਣੀ ਦੇ ਮਨ ਵਾਂਗ...*
0 0 0
*ਮੈਂ ਚੱਕੀ ਨੇ ਚੱਲਦੇ ਰਹਿਣਾ*
*ਟਿਕ ਨਾ ਬਹਿਣਾ*
*ਮੇਰੇ ਪੁੜਾਂ ਵਿਚਾਲੇ*
*ਕੁਲ ਖ਼ਲਕਤ ਦਾ ਦਾਣਾ-ਪਾਣੀ।*

ਕਿਤਾਬ ਦਾ ਇਕ ਪ੍ਰਸੰਗ ਗੰਭੀਰਤਾ ਨਾਲ ਵਿਚਾਰਨ ਵਾਲਾ ਹੈ। ਪਹਿਲੀ ਹੀ ਕਵਿਤਾ ਦੇ ਆਰੰਭ ਵਿਚ ਧੀ ਪਿਓ ਦੀ ਪੱਗ ਦਾ ਲੜ ਹੈ, ਉਹਦੀ ਇੱਜ਼ਤ ਹੈ। ਪੱਗ ਦੇ ਇਸ ਲੜ ਅਤੇ ਇੱਜ਼ਤ ਦੀ ਪਰਿਭਾਸ਼ਾ ਨੇ ਧੀਆਂ ਨੂੰ ਜਾਲ਼ ਅੰਦਰ ਫਾਹਣ ਦਾ ਕੰਮ ਹੀ ਕੀਤਾ ਹੈ। ਇਸੇ ਤਰ੍ਹਾਂ ਆਖਰੀ ਕਵਿਤਾ ਦਾ ਆਰੰਭ ਹੈ। ਸੁਆਣੀ ਤੇ ਚੌਂਕਾ ਇਕ ਦੂਜੇ ਦੇ ਪੂਰਕ ਹਨ; ਇਹ ਬਿਆਨ ਵੀ ਕਿਸੇ ਲਿਹਾਜ਼ ਜਾਲ਼ ਤੋਂ ਘੱਟ ਨਹੀਂ। ਇਹ ਬਾਹਰ ਨਿੱਕਲਣ ਲਈ ਅਹੁਲਦੀਆਂ ਅਤੇ ਉਡਾਣ ਭਰਨਾ ਲੋਚਦੀਆਂ ਧੀਆਂ ਦੇ ਪੈਰੀਂ ਪਹਾੜ ਬੱਝ ਜਾਣ ਦੀ ਤ੍ਰਾਸਦੀ ਹੈ। ਇਸੇ ਕਰਕੇ 'ਪਲੇਥਣ' ਕਵਿਤਾ ਅੰਦਰ 'ਜੀਵਨ-ਪੰਧ 'ਤੇ ਤੁਰਦਾ/ਫੁੱਲੀ ਰੋਟੀ ਬਣਦਾ/ਜਿਵੇਂ ਖਾਨਦਾਨ ਬਾਪ ਦਾ' ਸਹਿਜ ਭਾਅ ਹੀ ਆਣ ਬੈਠਦਾ ਹੈ। ਇਹ ਅਚੇਤ ਮਨ ਦੇ ਮਰਸੀਏ ਹਨ। ਇਹ ਗੱਲ ਵੱਖਰੀ ਹੈ ਕਿ ਕਿਤਾਬ ਦਾ ਅੰਤ ਕਰਨ ਮੌਕੇ ਸਰਬਜੀਤ ਬਹੁਤ ਸੁਚੇਤ ਹੋ ਕੇ ਸ਼ਬਦ ਜੋੜਦੀ ਹੈ।

ਸਰਬਜੀਤ ਕੌਰ ਜੱਸ ਨੇ ਇਹ ਕਿਤਾਬ ਪੰਜਾਬੀ ਰਹਿਤਲ ਦੇ ਨਾਂ ਸਮਰਪਿਤ ਕੀਤੀ ਹੈ। ਸੱਚਮੁੱਚ ਸਰਬਜੀਤ ਦੇ ਜੜੇ ਸ਼ਬਦਾਂ ਦੀ ਚੂਰੀ ਅੰਦਰ ਪੰਜਾਬ ਧੜਕਦਾ ਹੈ; ਉਹ ਚੂਰੀ ਜਿਸ ਨੂੰ ਕੁੱਟਣ ਲਈ ਪੰਜੇ ਉਂਗਲਾਂ ਰਲ਼ ਕੇ ਕਰਨ ਕਮਾਈ ਕਰਦੀਆਂ ਹਨ। **-ਜਸਬੀਰ**

## ਜ਼ਰਖ਼ੇਜ਼ (ਨਾਵਲ) ਭਗਵੰਤ ਰਸੂਲਪੁਰੀ

ਭਗਵੰਤ ਰਸੂਲਪੁਰੀ ਪੰਜਾਬੀ ਕਹਾਣੀ ਵਿਚ ਜ਼ਿਕਰਯੋਗ ਕਹਾਣੀਕਾਰ ਹੈ। ਹੱਥਲੇ ਪਲੇਠੇ ਨਾਵਲ 'ਜ਼ਰਖ਼ੇਜ਼' (ਪਰਵਾਜ਼ ਪ੍ਰਕਾਸ਼ਨ, ਜਲੰਧਰ, ਪੰਨੇ 144, ਮੁੱਲ 200 ਰੁਪਏ) ਨਾਲ ਉਹ ਕਹਾਣੀ ਤੋਂ ਨਾਵਲੀ ਵਿਧਾ ਵਿਚ ਪ੍ਰਵੇਸ਼ ਕਰਦਾ ਹੈ। ਇਹ ਨਾਵਲ ਮੁੱਖ ਤੌਰ 'ਤੇ ਕਨੇਡਾ ਵਿਚ ਕੱਚੇ ਕਾਮਿਆਂ, ਪੜ੍ਹਾਈ ਲਈ ਗਏ ਨੌਜਵਾਨ ਮੁੰਡੇ ਕੁੜੀਆਂ ਅਤੇ ਵਿਜ਼ਟਰ ਵੀਜ਼ੇ 'ਤੇ ਗਏ ਉਹਨਾਂ (ਨਾਵਲ) ਦੇ ਮਾਪਿਆਂ ਦੀ ਸਥਿਤੀ ਨੂੰ ਉਭਾਰਦਾ ਹੈ। ਇਸ ਲਈ ਇਸਦਾ ਸਮੁੱਚਾ ਬਿਰਤਾਂਤ ਸੇਬ ਅਤੇ ਚੈਰੀ ਦੇ ਬਾਗਾਂ ਵਿਚ ਕੰਮ ਕਰਨ ਦੇ ਢੰਗ ਤਰੀਕਿਆਂ, ਉਸਦੀ ਸਾਂਭ-ਸੰਭਾਲ ਲਈ ਵਰਤੀਆਂ ਜਾਂਦੀਆਂ ਕੀਟਨਾਸ਼ਕ ਦਵਾਈਆਂ ਤੇ ਖਾਦਾਂ ਦੇ ਵਿਸਤ੍ਰਿਤ ਵੇਰਵਿਆਂ ਦੁਆਲੇ ਬੁਣਿਆ ਹੋਇਆ ਹੈ।

ਪਰਵਾਸ ਦਾ ਮਸਲਾ ਬੇਸ਼ੱਕ ਲੰਬੇ ਸਮੇਂ ਤੋਂ ਪੰਜਾਬੀ ਜਨ ਜੀਵਨ ਦਾ ਹਿੱਸਾ ਰਿਹਾ ਹੈ। ਅੰਗਰੇਜ਼ੀ ਸਾਮਰਾਜ ਵੱਲੋਂ ਆਪਣੀਆਂ ਕਿਰਤੀ ਲੋੜਾਂ ਖਾਤਰ ਭਾਰਤੀਆਂ/ਪੰਜਾਬੀਆਂ ਨੂੰ ਆਪਣੇ ਨਾਲ ਵਿਦੇਸ਼ ਲੈ ਕੇ ਜਾਣ ਤੇ ਦੂਜੇ ਪਾਸੇ ਭਾਰਤੀਆਂ/ਪੰਜਾਬੀਆਂ ਵੱਲੋਂ ਆਪਣੀਆਂ ਆਰਥਿਕ ਸਮੱਸਿਆਵਾਂ ਦਾ ਹੱਲ ਤਲਾਸ਼ਣ ਲਈ ਪਰਵਾਸ ਹੁੰਦਾ ਰਿਹਾ ਹੈ। ਭਾਰਤ ਵਿਚ ਵਿਸ਼ਵੀਕਰਨ ਦੇ ਦੌਰ ਤੋਂ ਬਾਅਦ ਪੈਦਾ ਹੋਏ ਬਹੁਪੱਖੀ ਸੰਕਟਾਂ ਨੇ ਪੂਰੇ ਭਾਰਤ ਵਿਚੋਂ ਬਰੇਨ ਨੂੰ ਡਰੇਨ ਕੀਤਾ। ਸਮਕਾਲੀ ਦੌਰ ਵਿਚ ਪੰਜਾਬ ਸਭ ਤੋਂ ਖਤਰਨਾਕ ਪੜਾਅ ਵਿਚੋਂ ਗੁਜ਼ਰ ਰਿਹਾ ਹੈ। ਵਿਦੇਸ਼ਾਂ ਵਿਚ ਪੜ੍ਹਨ ਦੇ ਬਹਾਨੇ ਸੈੱਟ ਹੋਣ ਦੇ ਰੁਝਾਨ ਨਾਲ ਪੰਜਾਬ ਵਿਚੋਂ ਬਹੁਤ ਵੱਡੇ ਪੱਧਰ 'ਤੇ ਬਰੇਨ ਦੇ ਨਾਲ ਨਾਲ ਪੈਸਾ ਵੀ ਵਿਦੇਸ਼ਾਂ ਵਿਚ ਡਰੇਨ ਹੋ ਰਿਹਾ ਹੈ। ਪੰਜਾਬ ਦੇ ਸਕੂਲਾਂ, ਕਾਲਿਜਾਂ ਤੇ ਯੂਨੀਵਰਸਿਟੀਆਂ ਵਿਚ ਲਗਾਤਾਰ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਥਾਂ-ਥਾਂ ਖੁੱਲ੍ਹੇ ਆਈਲੈਟਸ ਸੈਂਟਰਾਂ ਵਿਚ ਗਿਣਤੀ ਵਧ ਰਹੀ ਹੈ। ਇਸ ਦੌਰ ਦੇ ਹਰ ਜੀਵ ਨੂੰ ਪੂੰਜੀ ਦਾ ਹਾਬੜਾ ਹੈ। ਇਸਦੀ ਪੂਰਤੀ ਲਈ ਉਹ ਅਨੇਕਾਂ ਤਰ੍ਹਾਂ ਦੇ ਢੰਗ ਤਰੀਕੇ ਵਰਤਦਾ ਹੈ। ਪੂੰਜੀ ਦੇ ਹਾਬੜੇ ਨੇ ਮਨੁੱਖ ਨੂੰ ਸੰਤੁਸ਼ਟੀ ਦੇਣ ਦੀ ਥਾਂ ਸੰਕਟ ਹੀ ਦਿੱਤੇ ਹਨ। ਸੱਤਾ ਨੇ ਵੀ ਹਮੇਸ਼ਾ ਪੂੰਜੀ ਲਈ ਹਾਬੜੇ ਮਨੁੱਖ ਨੂੰ ਥਾਪੜਾ ਦਿੱਤਾ ਹੈ। ਰਿਸ਼ਵਤਖੋਰੀ, ਠੱਗੀ, ਚੋਰੀ, ਨੈਤਿਕ ਗਿਰਾਵਟ ਆਦਿ ਪੂੰਜੀਵਾਦੀ ਦੌਰ ਦੀਆਂ ਅਲਾਮਤਾਂ ਹਨ। ਸਮਕਾਲੀ ਦੌਰ ਦੇ ਮਨੁੱਖਾਂ ਵਿਚ ਉਹ ਸਭ ਅਲਾਮਤਾਂ ਵੱਡੇ ਪੱਧਰ 'ਤੇ ਵੇਖਣ ਨੂੰ ਮਿਲਦੀਆਂ ਹਨ। ਇਸ ਪੱਖ ਤੋਂ ਇਸ ਨਾਵਲ ਦੀ ਪੜ੍ਹਤ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ।

ਨਾਵਲ ਦਾ ਬਿਰਤਾਂਤਕਾਰ ਇਕ ਆਰ.ਐੱਮ.ਪੀ. ਡਾਕਟਰ ਹੈ ਜਿਸਦਾ ਪੁੱਤਰ ਰਾਹੁਲ ਪੜ੍ਹਾਈ ਕਰਨ ਲਈ ਕਨੇਡਾ ਗਿਆ ਹੈ। ਪੁੱਤਰ ਨੂੰ ਕਨੇਡਾ ਭੇਜਣ ਲਈ ਉਸਨੂੰ ਮੰਗ-ਤੰਗ ਕੇ ਮਾਇਆ ਇਕੱਠੀ ਕਰਨੀ ਪਈ ਹੈ, ਜਿਸਨੂੰ ਮੋੜਨ ਲਈ ਅਤੇ ਪੁੱਤਰ ਦੀਆਂ ਫੀਸਾਂ ਇਕੱਠੀਆਂ ਕਰਨ ਖਾਤਰ ਉਸਨੂੰ ਵਿਜ਼ਟਰ ਵੀਜ਼ੇ 'ਤੇ ਕਨੇਡਾ ਜਾ ਕੇ ਕੰਮ ਕਰਨਾ ਪੈਂਦਾ ਹੈ। ਇਸ ਲਈ ਉਹ ਕਦੇ ਸੇਬਾਂ ਦੇ ਫਾਰਮ ਵਿਚ ਕੰਮ ਕਰਦਾ ਹੈ, ਕਦੇ ਚੈਰੀ ਫਾਰਮ ਵਿਚ ਤੇ ਕਦੇ ਵੇਟਰ ਦਾ ਕੰਮ ਕਰਦਾ ਹੈ। ਕਾਨੂੰਨੀ ਤੌਰ 'ਤੇ ਕੱਚਾ ਹੋਣ ਕਾਰਨ ਇਹ ਸਾਰੇ ਕੰਮ ਉਸਨੂੰ ਚੋਰੀ ਕਰਨੇ ਪੈਂਦੇ ਹਨ। ਨਾਵਲਕਾਰ ਨੇ ਇਸ ਬਿਰਤਾਂਤ ਦਾ ਵਧੇਰੇ ਫੋਕਸ ਸੇਬਾਂ ਤੇ ਚੈਰੀ ਦੇ ਬਾਗ਼ਾਂ 'ਤੇ ਵਧੇਰੇ ਕੇਂਦਰਤ ਕੀਤਾ ਹੈ। ਇਸ ਬਿਰਤਾਂਤ ਦੀ ਪਿੱਠਭੂਮੀ ਵਿਚੋਂ ਪੂੰਜੀਵਾਦ ਦੀ ਮੁਨਾਫ਼ਾਵਾਦੀ ਬਿਰਤੀ, ਮਲਟੀਨੇਸ਼ਨ ਕੰਪਨੀਆਂ ਵੱਲੋਂ ਆਮ ਲੋਕਾਂ ਦੀ ਲੁੱਟ ਲਈ ਫੈਲਾਇਆ ਮੱਕੜਜਾਲ, ਮਨੁੱਖੀ ਅਵਚੇਤਨ ਵਿਚ ਸਿਰਜਿਆ ਭੁਲਾਂਦਰੇ ਦਾ ਸੰਕਲਪ ਉਭਰਦਾ ਹੈ। ਮੰਡੀ 'ਤੇ ਮੁੱਖ ਕੰਟਰੋਲ ਵੱਡੇ ਘਰਾਣਿਆਂ ਦਾ ਹੈ। ਆਮ ਕਿਸਾਨ ਨੂੰ ਉਸਦੀ ਫਸਲ ਵਿਚੋਂ ਘੱਟ ਮੁਨਾਫ਼ਾ ਮਿਲਦਾ ਹੈ। ਨਾਵਲ ਵਿਚ ਅਸੀਂ ਦੇਖਦੇ ਹਾਂ ਕਿ ਸੇਬਾਂ ਅਤੇ ਚੈਰੀ ਫਾਰਮਾਂ ਦੇ ਮਾਲਕ ਮੰਡੀ ਵਿਚ ਆਪਣੀ ਫਸਲ ਦਾ ਬਣਦਾ ਮੁੱਲ ਪੁਆਉਣ ਲਈ ਤਰ੍ਹਾਂ-ਤਰ੍ਹਾਂ ਦੇ ਹਰਬੇ ਵਰਤਦੇ ਹਨ। ਫਿਰ ਵੀ ਮੰਡੀ ਵਿਚ ਪਹੁੰਚੀ ਫਸਲ ਦੇ ਕੁਝ ਹਿੱਸੇ ਨੂੰ ਉਸਦੀ ਕੁਆਲਟੀ ਵਿਚ ਕੋਈ ਨਾ ਕੋਈ ਨੁਕਸ ਕੱਢ ਕੇ ਰੱਦ ਕਰ ਦਿੱਤਾ

ਜਾਂਦਾ ਹੈ। ਇਕ ਪਾਸੇ ਜਿੱਥੇ ਇਹ ਕਿਸਾਨ ਆਪਣੀ ਫਸਲ ਦੇ ਘੱਟ ਭਾਅ ਮਿਲਣ ’ਤੇ ਪੀੜਤ ਹਨ ਉੱਥੇ ਦੂਜੇ ਪਾਸੇ ਇਹ ਆਪਣੇ ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਖਾਸ ਕਰਕੇ ਕੱਚੇ ਕਾਮਿਆਂ ਨੂੰ ਘੱਟ ਪੈਸੇ ਦੇ ਕੇ ਜਾਂ ਉਜਰਤਾਂ ’ਤੇ ਕੱਟ ਲਾ ਕੇ ਉਹਨਾਂ ਦੀ ਲੁੱਟ ਕਰਦੇ ਹਨ।

ਅੱਜੋਕਾ ਪੂੰਜੀਵਾਦੀ ਦੌਰ ਭੁਲਾਂਦਰੇ ਦਾ ਦੌਰ ਹੈ। ਹਾਕਮ ਜਮਾਤਾਂ ਆਪਣੇ ਕਾਰਜਾਂ ਨੂੰ ਸਹੀ ਤੇ ਵੱਡਾ ਦਰਸਾਉਣ ਲਈ ਆਮ ਲੋਕਾਂ ਦੇ ਅਵਚੇਤਨ ਵਿਚ ਸਭ ਕੁਝ ਚੰਗਾ ਹੋਣ ਦਾ ਭੁਲਾਂਦਰਾ ਸਿਰਜ ਦਿੰਦੀਆਂ ਹਨ। ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸਮਕਾਲੀ ਸਮਾਜਾਂ ਵਿਚ ਇਹ ਭੁਲਾਂਦਰਾ ਕਿਸੇ ਇਕ ਪੱਖ ਤੋਂ ਨਹੀਂ ਬਲਕਿ ਬਹੁਤ ਸਾਰੇ ਪੱਖਾਂ ਤੋਂ ਦੇਖਣ ਨੂੰ ਮਿਲਦਾ ਹੈ। ਮੰਡੀ ਨੇ ਆਪਣੀਆਂ ਵਸਤਾਂ ਦੀ ਉੱਤਮਤਾ, ਗੁਣਵੱਤਾ ਅਤੇ ਸ਼ੁੱਧਤਾ ਲਈ ਆਪਣੇ ਗਾਹਕ ਦੇ ਮਨ ਵਿਚ ਇਹ ਭਰਮ ਸਿਰਜ ਦਿੱਤਾ ਹੈ ਕਿ ਵਸਤਾਂ ਜਿੰਨੀਆਂ ਸਾਫ, ਚਮਕਦਾਰ ਤੇ ਦਿੱਖ ਪੱਖੋਂ ਸੁੰਦਰ ਹੋਣਗੀਆਂ ਉਹਨਾਂ ਦੀ ਉੱਤਮਤਾ, ਗੁਣਵੱਤਾ ਤੇ ਸ਼ੁੱਧਤਾ ਓਨੀ ਹੀ ਵਧੇਰੇ ਹੋਵੇਗੀ। ਨਾਵਲ ਵਿਚ ਇਸ ਪੱਖ ਤੋਂ ਅਹਿਮ ਬਿਰਤਾਂਤ ਦੇਖਣ ਨੂੰ ਮਿਲਦਾ ਹੈ। ਆਮ ਲੋਕਾਂ ਦੇ ਮਨ ਵਿਚ ਇਹ ਧਾਰਨਾ ਹੈ ਕਿ ਕਨੇਡਾ-ਅਮਰੀਕਾ ਵਰਗੇ ਦੇਸ਼ ਵਾਤਾਵਰਣ ਦੇ ਪੱਖ ਤੋਂ ਬਹੁਤ ਖੂਬਸੂਰਤ ਹਨ ਤੇ ਉੱਥੇ ਪੈਦਾ ਹੁੰਦੀਆਂ ਵਸਤਾਂ ਜ਼ਹਿਰ ਮੁਕਤ ਹੁੰਦੀਆਂ ਹੋਣਗੀਆਂ। ਨਾਵਲ ਦਾ ਮੁੱਖ ਵਕਤਾ ਸੁਰਿੰਦਰ ਵੀ ਇਹੀ ਸੋਚਦਾ ਹੈ, ਪਰ ਜਦੋਂ ਉਹ ਸੇਬਾਂ ਤੇ ਚੈਰੀ ਦੇ ਫਾਰਮਾਂ ਵਿਚ ਕੰਮ ਕਰਦਾ ਹੈ ਤਾਂ ਦੇਖਦਾ ਹੈ ਕਿ ਸੇਬਾਂ ਤੇ ਚੈਰੀ ਨੂੰ ਖੂਬਸੂਰਤ, ਚਮਕਦਾਰ ਤੇ ਮੋਟਾ ਕਰਨ ਲਈ, ਰੰਗਾਂ ਦੀਆਂ ਗੂੜ੍ਹੀਆਂ ਫਿੱਕੀਆਂ ਸ਼ੇਡਜ਼ ਦੇਣ ਲਈ ਵੱਖ-ਵੱਖ ਤਰ੍ਹਾਂ ਦੇ ਕੀਟਨਾਸ਼ਕ/ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਹ ਹੈਰਾਨ ਰਹਿ ਜਾਂਦਾ ਹੈ। ਉਸਦਾ ਦੋਸਤ ਸੁਰਜੀਤ ਉਸਨੂੰ ਦੱਸਦਾ ਹੈ ਕਿ ਆਪਣੀ ਫਸਲ ਨੂੰ ਮੰਡੀ ਦੇ ਮੁਕਾਬਲੇ ਯੋਗ ਬਣਾਉਣ ਲਈ ਇਹਨਾਂ ਕੀਟਨਾਸ਼ਕਾਂ ਅਤੇ ਖਾਦਾਂ ਨੂੰ ਵਰਤਣਾ ਹੀ ਪੈਂਦਾ ਹੈ। ਇਸਤੋਂ ਇਲਾਵਾ ਅੰਤਰ ਰਾਸ਼ਟਰੀ ਪੱਧਰ ’ਤੇ ਵਾਤਾਵਰਣ ਵਿਚ ਬਹੁਤ ਤਬਦੀਲੀਆਂ ਵਾਪਰ ਰਹੀਆਂ ਹਨ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਵਾਤਾਵਰਨ ਦਾ ਸੰਕਟ ਹੋਰ ਗਹਿਰਾ ਹੋ ਜਾਵੇਗਾ। ਮਨੁੱਖ ਇਸਨੂੰ ਠੀਕ ਕਰਨ ਦੀ ਥਾਂ ਆਪਣੇ ਮੁਨਾਫ਼ੇ ਨੂੰ ਮੁੱਖ ਰੱਖ ਕੇ ਇਸਨੂੰ ਹੋਰ ਖਰਾਬ ਕਰ ਰਿਹਾ ਹੈ। ਨਾਵਲ ਵਿਚ ਅਸੀਂ ਦੇਖਦੇ ਹਾਂ ਕਿ ਬਦਲਦੇ ਮੌਸਮ ਦੀ ਮਾਰ ਤੋਂ ਬਚਾਉਣ ਲਈ ਵੀ ਫਸਲਾਂ ’ਤੇ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਕੁਦਰਤ ਨਾਲ ਇਕਮਿੱਕਤਾ ਦੀ ਥਾਂ ਕੁਦਰਤ ਨਾਲ ਟੱਕਰ ਲਈ ਜਾ ਰਹੀ ਹੈ। ਇਸ ਪੱਖ ਤੋਂ ਨਾਵਲ ਵਿਚ ਪੇਸ਼ ਹੋਏ ਵੇਰਵੇ ਕਾਫ਼ੀ ਪ੍ਰਸੰਗਕ ਹਨ।

ਨਾਵਲ ਦੇ ਪਰਵਾਸੀ ਜੀਵਨ ਸੰਕਟਾਂ ਨਾਲ ਸੰਬੰਧਤ ਵੇਰਵਿਆਂ ਦੀ ਗੱਲ ਕਰਨੀ ਹੋਵੇ ਤਾਂ ਉਸ ਵਿਚ ਰਵਾਇਤੀ ਪਰਵਾਸੀ ਪੰਜਾਬੀ ਨਾਵਲ ਵਿਚ ਪੇਸ਼ ਸੰਕਟਾਂ ਨਾਲੋਂ ਵੱਖਰਾ ਤੇ ਨਵਾਂ ਕੁਝ ਵੀ ਨਹੀਂ ਹੈ। ਕੱਚੇ ਕਾਮਿਆਂ ਦੀਆਂ ਸਮੱਸਿਆਵਾਂ, ਰਿਸ਼ਤਿਆਂ ਵਿਚ ਮੋਹ ਦੀ ਰੈਲ਼ ਖਤਮ ਹੋਣਾ, ਆਪਣੇ ਹੀ ਭਾਈਚਾਰੇ ਦੇ ਲੋਕਾਂ ਵੱਲੋਂ ਆਪਣੇ ਹੀ ਲੋਕਾਂ ਦੀ ਲੁੱਟ-ਖਸੁੱਟ ਕਰਨਾ, ਪੜ੍ਹਾਈ ਲਈ ਗਏ ਨੌਜਵਾਨ ਮੁੰਡੇ-ਕੁੜੀਆਂ ਬਾਰੇ ਵੱਖ-ਵੱਖ ਤਰ੍ਹਾਂ ਦੇ ਬਿਰਤਾਂਤ ਰਵਾਇਤੀ ਵਿਸ਼ਿਆਂ ਦਾ ਦੁਹਰਾਓ ਹੀ ਹੈ। ਭਗਵੰਤ ਰਸੂਲਪੁਰੀ ਨਾਮਵਰ ਕਥਾਕਾਰ ਹੈ, ਉਸਨੂੰ ਨਾਵਲ ਦਾ ਕਲਾਤਮਕ ਤਾਣਾ-ਬਾਣਾ ਚੰਗੀ ਤਰ੍ਹਾਂ ਬੁਣਨਾ ਆਉਂਦਾ ਹੈ। ਉਕਤ ਮੁੱਖ ਬਿਰਤਾਂਤ ਦੇ ਨਾਲ-ਨਾਲ ਛੋਟੇ-ਛੋਟੇ ਉਪ ਬਿਰਤਾਂਤ ਵੀ ਸਿਰਜੇ ਹਨ। ਭਾਸ਼ਾ ਪਾਤਰਾਂ ਦੀ ਸਮਝ ਅਨੁਸਾਰ ਹੈ ਤੇ ਪਾਤਰਾਂ ਦਾ ਵਿਹਾਰ ਉਹਨਾਂ ਦੇ ਜਮਾਤੀ ਗੁਣਾਂ-ਔਗੁਣਾਂ ਵਾਲਾ ਹੈ। ਪੰਜਾਬ ਤੋਂ ਨਵੇਂ-ਨਵੇਂ ਗਏ ਪਰਵਾਸੀਆਂ ਵਿਚ ਮੋਹ ਦੀ ਰੈਲ਼ ਬਾਕੀ ਹੈ ਜਦਕਿ ਉੱਥੇ ਲੰਮੇ ਸਮੇਂ ਤੋਂ ਰਹਿ ਰਹੇ ਪੰਜਾਬੀਆਂ ’ਤੇ ਪੂੰਜੀਵਾਦ ਦਾ ਰੰਗ ਚੜ੍ਹ ਚੁੱਕਾ ਹੈ। ਨਾਵਲ ਵਿਚ ਸੇਬਾਂ ਤੇ ਚੈਰੀ ਦੇ ਬੂਟਿਆਂ ਦੀ ਸਾਂਭ-ਸੰਭਾਲ, ਸੇਬਾਂ ਦੇ ਖਰਾਬ ਹੋਣ ’ਤੇ ਕਾਟ ਕੱਟਣ, ਉਹਨਾਂ ’ਤੇ ਵਰਤੇ ਜਾਂਦੇ ਕੀਟਨਾਸ਼ਕ ਤੇ ਖਾਦਾਂ ਬਾਰੇ ਵੇਰਵਿਆਂ ਵਿਚ ਦੁਹਰਾਓ ਹੋਇਆ ਹੈ। ਸੁਰਜੀਤ ਆਪਣੀ ਗੱਲਬਾਤ ਵਿਚ ਵਾਰ-ਵਾਰ ਇਸਦਾ ਜ਼ਿਕਰ ਕਰਦਾ ਹੈ।

ਨਾਵਲਕਾਰ ਚਾਹੁੰਦਾ ਤਾਂ ਇਸ ਦੁਹਰਾਓ ਤੋਂ ਬਚਿਆ ਜਾ ਸਕਦਾ ਸੀ। ਪਹਿਲਾ ਨਾਵਲ ਹੋਣ ਕਾਰਨ ਇਹਨਾਂ ਇਕਾ-ਦੁੱਕਾ ਉਕਾਈਆਂ ਨੂੰ ਨਜ਼ਰ ਅੰਦਾਜ਼ ਕਰਦਿਆਂ ਇਸ ਵਿਚ ਦਰਜ ਪੂੰਜੀਵਾਦ ਦੇ ਭੁਲਾਂਦਰੇ, ਮੰਡੀ ਦੀ ਮੁਨਾਫ਼ਾਵਾਦੀ ਬਿਰਤੀ ਤੇ ਵਾਤਾਵਰਣ ਦੇ ਸੰਕਟ ਦੀ ਪੇਸ਼ਕਾਰੀ ਦੇ ਪੱਖ ਤੋਂ ਇਸ ਨਾਵਲ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। **-ਡਾ. ਹਰਿੰਦਰ ਸਿੰਘ**

## ਕਿਤੇ ਨਾ ਤੇਰੀ ਵਾਟ ਮੁੱਕਣੀ (ਨਾਵਲ) ਹਰਪ੍ਰੀਤ ਸਿੰਘ ਚਨੂੰ

ਹਰਪ੍ਰੀਤ ਸਿੰਘ ਚਨੂੰ ਪੰਜਾਬੀ ਸਾਹਿਤ ਵਿਚ ਕੋਈ ਨਵਾਂ ਨਾਂ ਨਹੀਂ। ਉਸ ਨੇ ਕਾਫ਼ੀ ਸਮਾਂ ਪਹਿਲਾਂ ਕਹਾਣੀ ਲਿਖਣੀ ਆਰੰਭ ਕੀਤੀ ਸੀ ਅਤੇ ਉਸਦੀ ਕਹਾਣੀ ਨੇ ਸਾਹਿਤਕ ਹਲਕਿਆਂ ਵਿਚ ਆਪਣੀ ਮੌਜੂਦਗੀ ਦਰਜ ਵੀ ਕਰਵਾਈ ਸੀ।ਲੰਮੇਂ ਸਮੇਂ ਦੇ ਵਕਫੇ ਨਾਲ ਪੰਜਾਬੀ ਕਹਾਣੀ ਜਗਤ ਵਿਚ ਮੁੜ ਪ੍ਰਵੇਸ਼ ਪਾਉਣ ਉਪਰੰਤ ਹਰਪ੍ਰੀਤ ਨੇ ਆਪਣੇ ਪਹਿਲਾ ਕਹਾਣੀ ਸੰਗ੍ਰਹਿ 'ਸੱਥਰ' ਕੁਝ ਸਮਾਂ ਪਹਿਲਾਂ ਹੀ ਛਪਵਾਇਆ ਸੀ, ਜਿਸ ਪੁਸਤਕ ਨੂੰ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਹੁਣ ਹਰਪ੍ਰੀਤ ਆਪਣਾ ਪਲੇਠਾ ਨਾਵਲ 'ਕਿਤੇ ਨਾ ਤੇਰੀ ਵਾਟ ਮੁੱਕਣੀ' (ਮੁੱਲ 150 ਰੁਪਏ, ਪੰਨੇ 132, ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ) ਲੈ ਕੇ ਪੰਜਾਬੀ ਪਾਠਕ ਦੀ ਕਚਹਿਰੀ ਵਿਚ ਹਾਜ਼ਰ ਹੋਇਆ ਹੈ।

'ਸਮੇਂ ਦਾ ਗੇੜ', 'ਅਉਧ' ਅਤੇ 'ਕਿਤੇ ਨਾ ਤੇਰੀ ਵਾਟ ਮੁੱਕਣੀ' ਤਿੰਨ ਭਾਗਾਂ ਵਿਚ ਵੰਡਿਆ ਗਿਆ ਇਹ ਨਾਵਲ ਇਕ ਤਰ੍ਹਾਂ ਨਾਲ ਕਲਾਤਮਕਤਾ ਨਾਲ ਗੁੰਦੀਆਂ ਕਹਾਣੀਆਂ ਦਾ ਜਮ੍ਹਾ ਜੋੜ ਹੈ।ਨਾਵਲ ਦੇ ਪਹਿਲੇ ਭਾਗ 'ਸਮੇਂ ਦੇ ਗੇੜ' ਵਿਚ ਛੋਟਾ ਰਾਮ ਦੇ ਪਰਿਵਾਰ ਦੀ ਕਹਾਣੀ ਨੂੰ ਕੇਂਦਰ ਵਿਚ ਰੱਖ ਕੇ ਪੇਸ਼ ਕੀਤਾ ਗਿਆ ਹੈ। ਛੋਟਾ ਰਾਮ ਆਪਣੇ ਪਿਛਲੇ ਪਿੰਡ ਤੋਂ ਬਿਰਤਾਂਤਕਾਰ ਦੇ ਪਿੰਡ ਆ ਕੇ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਲਈ ਪਿਤਾ ਪੁਰਖੀ ਕਿੱਤੇ ਨੂੰ ਅੱਗੇ ਵਧਾਉਂਦਾ ਹੋਇਆ ਭਾਂਡਿਆਂ ਦਾ ਕੰਮਕਾਰ ਆਰੰਭ ਕਰਦਾ ਹੈ। ਉਸ ਤੋਂ ਪਹਿਲਾਂ ਭਾਵੇਂ ਪਿੰਡ ਵਿਚ ਇਕ ਘੁਮਿਆਰ ਮੌਜੂਦ ਸੀ ਪਰ ਉਸ ਤੋਂ ਪਿੰਡ ਦੇ ਲੋਕਾਂ ਦੀ ਮੰਗ ਪੂਰੀ ਨਹੀਂ ਸੀ ਪੈਂਦੀ। ਛੋਟਾ ਰਾਮ ਆਪਣੀ ਮਿਹਨਤ, ਸਿਰੜ ਤੇ ਆਪਣੇ ਕਲਾ ਸਹਾਰੇ ਪਿੰਡ ਦੇ ਕੇਂਦਰ ਵਜੋਂ ਸਥਾਪਤ ਹੋ ਜਾਂਦਾ ਹੈ। ਉਸ ਦੇ ਅੱਗੋਂ ਚਾਰ ਮੁੰਡੇ ਤੇ ਇਕ ਕੁੜੀ ਹੁੰਦੀ ਹੈ। ਉਸ ਦੇ ਵੱਡੇ ਦੋ ਮੁੰਡੇ ਮੁਨਸ਼ੀ ਚੰਦ ਤੇ ਮਾਮ ਚੰਦ ਜੀਵਨ ਦੀ ਤੋਰ ਮੁਤਾਬਕ ਆਪਣੇ ਕੰਮ ਵਿਚ ਵਾਧਾ ਕਰਦੇ ਹੋਏ ਭੱਠਿਆਂ ਦਾ ਕੰਮ ਠੇਕੇ ਦੇ ਅਧਾਰ 'ਤੇ ਲੈਣਾ ਆਰੰਭ ਕਰਦਾ ਹੈ। ਛੋਟਾ ਰਾਮ ਆਪਣੇ ਵਧੇ ਕੰਮ ਸਹਾਰੇ ਆਪਣੀ ਕੁੜੀ ਦਾ ਵਿਆਹ ਚੰਗੇ ਘਰ ਵਿਚ ਕਰ ਦਿੰਦਾ ਹੈ। ਉਸ ਦੀ ਕੁੜੀ ਦੇ ਵਿਆਹ ਵੇਲੇ ਬਿਰਤਾਂਤਕਾਰ ਬੜੀ ਖ਼ੂਬਸੂਰਤੀ ਨਾਲ ਦ੍ਰਿਸ਼ ਚਿਤਰਣ ਕਰਦਾ ਹੋਇਆ, ਰਸਮਾਂ ਤੇ ਰਹੁ-ਰੀਤਾਂ ਨੂੰ ਰੂਪਮਾਨ ਕਰਦਾ ਹੈ। ਛੋਟਾ ਰਾਮ ਦਾ ਪਰਿਵਾਰ ਤਰੱਕੀ ਕਰਦਾ ਹੋਇਆ ਆਪਣੇ ਸ਼ਿਖਰ ਵੱਲ ਵੱਧਦਾ ਹੈ। ਉਸ ਦੇ ਵੱਡੇ ਬੇਟੇ ਆਪਣੇ ਕੰਮਾਂ-ਕਾਰਾਂ ਵਿਚ ਪੱਕੇ ਪੈਰੀਂ ਹੋ ਜਾਂਦੇ ਹਨ। ਪਰ ਅਗਲੀ ਪੀੜ੍ਹੀ ਆਪਣੇ ਸ਼ਿਖਰ ਦੀ ਸਥਿਤੀ ਨੂੰ ਬਰਕਰਾਰ ਨਹੀਂ ਰੱਖ ਪਾਉਂਦੀ, ਕਿਰਤ ਤੇ ਮੁਸ਼ੱਕਤ ਤੋਂ ਟੁੱਟ ਹੋਈ ਨਵੀਂ ਪੀੜ੍ਹੀ ਐਸ਼ ਪ੍ਰਸਤ ਹੋ ਜਾਂਦੀ ਹੈ। ਇਸ ਤਰ੍ਹਾਂ ਛੋਟਾ ਰਾਮ ਦਾ ਪਰਿਵਾਰ ਜੋ ਬਿਰਤਾਂਤਕਾਰ ਦੇ ਪਿੰਡ ਆ ਕੇ ਆਪਣੀ ਜੜ੍ਹ ਲਗਾਉਂਦਾ ਹੈ, ਮਿਹਨਤ ਨਾਲ ਉਸ ਪਰਿਵਾਰ ਦਾ ਬੂਟਾ ਫਲਦਾ-ਫੁੱਲਦਾ ਹੈ ਪਰ ਤੀਜੀ ਪੀੜ੍ਹੀ ਦੇ ਆਗਮਨ 'ਤੇ ਬੂਟੇ 'ਚ ਖੜੋਤ ਆ ਜਾਂਦੀ ਹੈ। ਇਸ ਭਾਗ ਦੇ ਅੰਤ ਵਿਚ ਬਿਰਤਾਂਤਕਾਰ ਪਿੰਡ ਦੀ ਰਹਿਤਲ ਵਿਚ ਆਈਆਂ ਤਬਦੀਲੀਆਂ- ਨਸ਼ਿਆਂ ਦੀ ਭਰਮਾਰ, ਲੁੱਟ-ਖੋਹ, ਨੌਜਵਾਨ ਪੀੜ੍ਹੀ ਦੇ ਨਿਘਾਰ ਨੂੰ ਮਾਰਮਿਕਤਾ ਨਾਲ ਬਿਆਨ ਕਰਦਾ ਹੈ। 'ਸਮੇਂ ਦਾ ਗੇੜ ਐ ਬਾਈ ਜੀ, ਕਦੇ ਸਿੱਧਾ ਕਦੇ ਪੁੱਠਾ। ਚਲੋ ਥੋਨੂੰ ਘਰੇ ਛੱਡ ਆਵਾਂ, ਐਸ ਵੇਲੇ ਬੀਹੀਆਂ 'ਚ ਸ਼ਰਾਬੀ ਕਬਾਬੀ, ਕੁੱਤੇ ਬਿੱਲੇ ਵਾਧੂ ਫਿਰਦੇ ਐ, ਐਵੇਂ ਹਵਾ ਨੂੰ ਗਾਲ੍ਹਾਂ ਕੱਢੀ ਜਾਂਦੇ ਐ, ਵਾਅ ਨੂੰ ਭੌਂਕੀ ਜਾਂਦੇ ਐ, ਭੁੱਖ ਮਰੀ ਦੇ ਜਾਏ।'

ਪੁਸਤਕ ਦੇ ਦੂਜੇ ਭਾਗ 'ਅਉਧ' ਵਿਚ ਲੇਖਕ ਸਮਕਾਲੀਨ ਕਰੋਨਾ ਵਾਇਰਸ ਦੇ ਫੈਲਾਅ ਕਾਰਨ ਪੈਦਾ ਹੋਈਆਂ ਭਿਆਨਕ ਸਥਿਤੀਆਂ ਨੂੰ ਉਜਾਗਰ ਕਰਦਾ ਹੈ। ਇਸ ਭਾਗ ਵਿਚ ਬਿਰਤਾਂਤਕਾਰ ਕਰੋਨਾ ਕਾਲ 'ਚ ਪੈਦਾ ਹੋਈਆਂ ਮਨੁੱਖੀ ਸੁਭਾਅ ਵਿਚਲੀਆਂ ਰੁਚੀਆਂ, ਡਰਾਂ, ਖਦਸ਼ਿਆਂ, ਸ਼ੰਕਿਆਂ, ਤੌਖਲਿਆਂ ਨੂੰ ਅਗਰਭੂਮਿਤ ਕਰਦਾ ਹੋਇਆ ਜਨ ਮਾਨਸ ਦੀ ਮਾਨਸਿਕਤਾ ਦੀਆਂ ਬਾਰੀਕ ਤੰਦਾਂ ਨੂੰ ਸਫ਼ਲਤਾ ਪੂਰਵਕ ਚਿਤਰਦਾ ਹੈ। 'ਅਉਧ' ਵਿਚ ਉਹ ਸਰੂਪੋ, ਸੂਪੋ ਦੇ ਸੰਦਰਭ ਵਿਚ ਪੇਂਡੂ ਸਮਾਜ ਵਿਚਲੀ ਮਹਿਰਾ ਜਾਤੀ ਦੀ ਜੀਵਨ ਚਾਲ ਵਿਚ ਆਏ ਪਰਿਵਰਤਨਾਂ ਦੇ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ।

ਪੁਸਤਕ ਦੇ ਤੀਜੇ ਭਾਗ 'ਕਿਤੇ ਨਾ ਤੇਰੀ ਵਾਟ ਮੁੱਕਣੀ' ਵਿਚ ਲੇਖਕ ਪੰਜਾਬ ਤੋਂ ਪਲੇਗ ਦੀ ਭਿਆਨਕ ਬਿਮਾਰੀ ਵੇਲੇ ਉਜੜ ਕੇ ਰਾਜਸਥਾਨ ਆ ਕੇ ਵਸੇ ਕਿਸਾਨ ਪਰਿਵਾਰਾਂ ਦੀ ਬਾਤ ਪਾਉਂਦਾ ਹੈ। ਇਸ ਵਿਚ ਪਹਿਲੇ ਭਾਗਾਂ ਦੀ ਤਰ੍ਹਾਂ ਹੀ ਥੀਮ ਕਹਾਣੀ ਦੇ ਨਾਲ-ਨਾਲ ਰੀਮ ਕਹਾਣੀਆਂ (ਬੱਸ ਵਿਚਲਾ ਮੁਸਾਫ਼ਰ ਬਾਬਾ) ਵੀ ਚੱਲਦੀਆਂ ਹਨ ਜੋ ਪਾਠਕ ਦੀ ਇਕਾਗਰਤਾ ਭੰਗ ਕਰਨ ਦੀ ਥਾਂ ਥੀਮ ਕਹਾਣੀ ਦੇ ਪ੍ਰਭਾਵ ਨੂੰ ਤਿੱਖਾ ਕਰਦੀਆਂ ਹਨ। ਇਸ ਭਾਗ ਵਿਚ ਬਿਰਤਾਂਤਕਾਰ ਆਪਣੀ ਮਾਂ ਦੇ ਨਾਨਕੇ ਪਰਿਵਾਰ ਨੂੰ ਮਿਲਣ ਜਾਂਦਾ ਹੈ ਅਤੇ ਰਸਤੇ ਵਿਚ ਆਉਂਦੇ ਪਿੰਡਾਂ, ਖੇਤਾਂ ਤੇ ਸ਼ਹਿਰਾਂ ਬਾਰੇ ਸੰਖੇਪ ਪਹਿਚਾਣ ਕਰਵਾਉਂਦਾ ਜਾਂਦਾ ਹੈ। ਉਹ ਆਪਣੀ ਮਾਂ ਦੇ ਨਾਨਕਾ ਪਰਿਵਾਰ ਦੀ ਵਿਰਾਸਤ 'ਬੁੱਢਾ ਕੋਠਾ' ਨੂੰ ਵਿਸ਼ੇਸ਼ ਤੌਰ 'ਤੇ ਉਘਾੜਦਾ ਹੋਇਆ, ਉਨ੍ਹਾਂ ਪਿੰਡਾਂ ਦੇ ਖੇਤਾਂ ਤੇ ਫਸਲੀ ਵਿਭਿੰਨਤਾ ਦੀ ਰੰਗਦਾਰ ਤਸਵੀਰ ਚਿਤਰਦਾ ਹੈ। ਲੇਖਕ ਉੱਥੋਂ ਦੇ ਲੋਕਾਂ ਦੇ ਖ਼ਲੂਸ, ਪਿਆਰ, ਅਪਣੱਤ ਦੇ ਨਾਲ-ਨਾਲ ਉਹਨਾਂ ਦੇ ਸਾਦਾ ਖਾਣ-ਪੀਣ ਤੇ ਰਹਿਣ-ਸਹਿਣ ਨੂੰ ਰੇਖਾਂਕਿਤ ਕਰਦਾ ਜਾਂਦਾ ਹੈ, ਜਿਸ ਨਾਲ ਪਾਠ ਦੀ ਰੌਚਿਕਤਾ ਵਿਚ ਵਾਧਾ ਹੁੰਦਾ ਹੈ। ਇਸ ਵਿਚ ਉਹ ਮੁਕਤਸਰ ਦੇ ਪਿੰਡ ਬੁੱਟਰ ਸਰੀਂਹ ਤੋਂ ਰਾਜਸਥਾਨ ਆ ਕੇ ਬੁੱਟਰਸਰ ਪਿੰਡ ਵਸਾਉਣ ਦੀ ਕਥਾ ਨੂੰ ਰਸਦਾਇਕਤਾ ਨਾਲ ਪੇਸ਼ ਕਰਦਾ ਹੈ। ਨਾਲ ਹੀ ਉਹ ਰਾਜਸਥਾਨ ਵਿਚ ਨਹਿਰ ਨਿਕਲਣ ਨਾਲ ਧਰਤੀ ਆਬਾਦ ਹੋਣ ਦੀ ਵਾਰਤਾ ਵੀ ਪੇਸ਼ ਕਰਦਾ ਜਾਂਦਾ ਹੈ। ਨਹਿਰ ਨਿਕਲਣ ਨਾਲ ਕਿਵੇਂ ਟਿੱਬਿਆਂ 'ਤੇ ਪਾਣੀ ਚੜ੍ਹਦਾ ਹੈ ਅਤੇ ਮਾਝੇ, ਮਾਲਵੇ, ਦੁਆਬੇ ਤੇ ਪੁਆਧ ਤੋਂ ਲੋਕ ਆ ਕੇ ਰਾਜਸਥਾਨ ਦੇ ਰੇਗਿਸਤਾਨ ਵਿਚ ਵੀ ਆਪਣੀ ਮਿਹਨਤ-ਮੁਸ਼ੱਕਤ ਨਾਲ ਮੰਗਲ ਕਰ ਦਿੰਦੇ ਹਨ। ਭਾਵੇਂ ਬਿਰਤਾਂਤਕਾਰ ਆਪਣੇ ਦੂਰ-ਨੇੜੇ ਦੀਆਂ ਰਿਸ਼ਤੇਦਾਰੀਆਂ ਵਿਚ ਘੁੰਮਦਾ, ਉਹਨਾਂ ਦੇ ਆਉ-ਭਗਤ ਤੇ ਅਪਣੱਤ ਦੀ ਨਿੱਘ ਮਾਣਦਾ ਹੈ ਪਰ ਨਾਲ ਹੀ ਉਹ ਉਹਨਾਂ ਦੇ ਆਪਣੇ ਕੋਲ ਲੁਧਿਆਣਾ ਆਉਣ ਦੀ ਸੋਚ ਕੇ ਪਹਿਲਾਂ ਹੀ ਘਬਰਾ ਜਾਂਦਾ ਹੈ ਕਿ ਉਹ ਉਹਨਾਂ ਦੀਆਂ ਉਮੀਦਾਂ 'ਤੇ ਕਿਵੇਂ ਖਰਾ ਉਤਰੇਗਾ? ਇਸ ਤਰ੍ਹਾਂ ਲੇਖਕ ਪੂੰਜੀਵਾਦੀ ਯੁੱਗ ਵਿਚ ਰਹਿ ਰਹੇ ਮਨੁੱਖ ਦੇ ਸੁਭਾਅ ਅਤੇ ਪਿੰਡ ਦੇ ਜੀਵਨ ਵਿਚਲੀਆਂ ਅੰਤਰ ਵਿਰੋਧਤਾਈਆਂ ਤੇ ਅੰਤਰ ਦਵੰਦਾਂ ਨੂੰ ਸਹਿਜੇ ਹੀ ਪ੍ਰਤੀਪਾਦਤ ਕਰ ਜਾਂਦਾ ਹੈ। ਲੇਖਕ ਹਰੀ ਕ੍ਰਾਂਤੀ ਤੇ ਪੂੰਜੀਵਾਦ ਦੇ ਪ੍ਰਭਾਵ ਸਦਕਾ ਪੰਜਾਬੀ ਸਮਾਜ ਤੇ ਪੇਂਡੂ ਜੀਵਨ ਵਿਚ ਵਿਸ਼ੇਸ਼ ਰੂਪ ਵਿਚ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦੀ ਜ਼ਿੰਦਗੀ ਦੀ ਤੋਰ 'ਚ ਆ ਰਹੇ ਪਰਿਵਰਤਨਾਂ ਦੇ ਰੂਪਾਂਤਰਣ ਨੂੰ ਚਿਤਰਪਟ 'ਤੇ ਉਘਾੜਦਾ ਹੈ। ਹਰਪ੍ਰੀਤ ਨੇ ਆਪਣੀ ਸ਼ੈਲੀਗਤ ਵਿਲੱਖਣਤਾ ਨਾਲ ਇੰਨ੍ਹਾਂ ਰੂਪਾਂਤਰਣਾਂ ਨੂੰ ਜ਼ਮੀਨੀ ਪੱਧਰ 'ਤੇ ਪਕੜਦਿਆਂ ਕਮਾਲ ਦੀ ਬਾਰੀਕਬੀਨੀ ਤੇ ਸੂਖਮਤਾ ਨਾਲ ਚਿਤਰਿਆ ਹੈ।

ਨਾਵਲ ਦੀ ਭਾਸ਼ਾ ਸਰਲ ਹੈ ਅਤੇ ਪਾਤਰਾਂ ਦੇ ਸੰਵਾਦ ਦੀ ਭਾਸ਼ਾ ਵਿਚ ਆਂਚਿਲਕਤਾ ਦਾ ਪ੍ਰਭਾਵ ਮਿਲਦਾ ਹੈ ਜਿਸ ਨਾਲ ਪਾਠ ਦੀ ਪੜ੍ਹਨ ਯੋਗਤਾ 'ਚ ਵਾਧਾ ਹੁੰਦਾ ਹੈ। ਲੇਖਕ ਛੋਟੇ ਤੇ ਸਰਲ ਵਾਕਾਂ ਦੀ ਵਰਤੋਂ ਵਧੇਰੇ ਕਰਦਾ ਹੈ। ਨਾਵਲ ਵਿਚ ਪਾਤਰਾਂ ਦੀ ਚੋਖੀ ਭਰਮਾਰ ਹੈ ਪਰ ਪਾਠਕ ਖਿਲਾਰਾ ਮਹਿਸੂਸ ਨਹੀਂ ਕਰਦਾ ਬਲਕਿ ਹਰ ਪਾਤਰ ਪਾਠਕ ਦਾ ਧਿਆਨ ਖਿੱਚਦਾ ਹੋਇਆ ਸਹਿਜੇ ਹੀ ਉਸ ਦੀ ਸਿਮਰਤੀ ਦਾ ਹਿੱਸਾ ਬਣ ਜਾਂਦਾ ਹੈ, ਜੋ ਲੇਖਕ ਦੀ ਕਲਾ ਕੌਸ਼ਲਤਾ ਦਾ ਪੁਖਤਾ ਪ੍ਰਮਾਣ ਹੈ। ਉਹ ਆਪਣੇ ਪਲੇਠੇ ਨਾਵਲ ਵਿਚ ਵੀ ਪੰਜਾਬੀ ਸਮਾਜ ਦੇ ਸਮੁੱਚ ਨੂੰ ਪਕੜਨ ਤੇ ਚਿਤਰਨ ਵੱਲ

ਅਗਰਸਰ ਹੈ ਜੋ ਉਸ ਦੀ ਸਮਰੱਥਾ ਤੇ ਸੰਭਾਵਨਾ ਵੱਲ ਸੰਕੇਤ ਕਰਦਾ ਹੈ। ਉਸ ਵਿਚ ਸਮਰੱਥ ਨਾਵਲਕਾਰ ਦੀਆਂ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ। ਪੰਜਾਬ ਦੇ ਜਨ ਜੀਵਨ 'ਚ ਆਏ ਪਰਿਵਰਤਨਾਂ ਦੇ ਰੂਪਾਂਤਰਣ ਨੂੰ ਵਾਚਣ ਲਈ 'ਕਿਤੇ ਨਾ ਤੇਰੀ ਵਾਟ ਮੁੱਕਣੀ' ਨਾਵਲ ਮਹੱਤਵਪੂਰਨ ਰਚਨਾ ਹੈ ਅਤੇ ਇਸ ਦਾ ਸਵਾਗਤ ਕਰਨਾ ਬਣਦਾ ਹੈ। **–ਪਰਗਟ ਸਿੰਘ ਬਰਾੜ**

## ਮਣ੍ਹੇ (ਨਾਵਲ) ਧਰਮਪਾਲ ਸਾਹਿਲ

ਧਰਮਪਾਲ ਸਾਹਿਲ ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਲਗਾਤਾਰ ਲਿਖਦੇ ਰਹਿਣ ਵਾਲਾ ਰਚਨਾਕਾਰ ਹੈ। ਉਸਨੇ ਕਹਾਣੀ, ਸਫਰਨਾਮਾ, ਬਾਲ ਸਾਹਿਤ, ਕਵਿਤਾ, ਨਾਵਲ ਵਰਗੇ ਰੂਪਾਕਾਰਾਂ ਦੇ ਨਾਲ ਨਾਲ ਸਭਿਆਚਾਰਕ ਖੋਜ ਦੇ ਖੇਤਰ ਵਿਚ ਵੀ ਆਪਣੀ ਰਚਨਾਤਮਕ ਪ੍ਰਤਿਭਾ ਦਿਖਾਈ ਹੈ। ਪਿਛਲੇ ਕੁੱਝ ਸਾਲਾਂ ਤੋਂ ਕੰਢੀ ਇਲਾਕੇ ਦੇ ਵੱਖਰੇ ਸੰਸਕ੍ਰਿਤਕ ਪਰਿਵੇਸ਼ ਨੂੰ ਉਸਨੇ ਆਪਣੀਆਂ ਖੋਜ ਪੁਸਤਕਾਂ ਅੰਦਰ ਅਤੇ ਆਪਣੇ ਨਾਵਲ ਸੰਸਾਰ ਵਿਚ ਰਜਿਸਟਰ ਕਰਨ ਪੱਖੋਂ ਕਈ ਪਹਿਲਕਦਮੀਆਂ ਕੀਤੀਆਂ ਹਨ। ਕੰਢੀ ਇਲਾਕੇ ਦੀ ਜਿਹੜੀ ਪਹਾੜੀ ਤਬੀਅਤ ਪੰਜਾਬ ਦੀ ਮੁੱਖ ਧਾਰਾ ਤੋਂ ਨਦਾਰਦ ਹੈ, ਧਰਮਪਾਲ ਸਾਹਿਲ ਦੀ ਲੇਖਣੀ ਇਸਦੇ ਸਰੂਪ ਨੂੰ ਸਾਂਭਣ ਤੇ ਸੰਚਾਰਨ ਕਰਕੇ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ। ਸਾਹਿਲ ਦੀਆਂ ਰਚਨਾਵਾਂ ਵਿਚ ਇਸ ਨੀਮ ਪਹਾੜੀ ਖੇਤਰ ਦੇ ਆਂਚਲਿਕ ਸਰੂਪ ਨੂੰ ਆਦਰਸ਼ਵਾਦ ਅਤੇ ਮਾਨਵਵਾਦ ਦੀ ਮਿੱਸੀ ਗਲਪ ਦ੍ਰਿਸ਼ਟੀ ਤੋਂ ਰੂਪਮਾਨ ਕੀਤਾ ਮਿਲਦਾ ਹੈ। ਇਸ ਤਰ੍ਹਾਂ ਧਰਮਪਾਲ ਸਾਹਿਲ ਦੀ ਰਚਨਾਵੀ ਪਛਾਣ ਦੇ ਖੇਤਰ ਵੰਨ ਸੁਵੰਨੇ ਹਨ ਜਿਨ੍ਹਾਂ ਵਿੱਚੋਂ ਨਾਵਲਕਾਰ ਵਜੋਂ ਉਹ ਪਾਠਕਾਂ ਵਿਚ ਮੁਕਾਬਲਤਨ ਵੱਧ ਮਕਬੂਲ ਹੈ। ਨਾਵਲ ਦੇ ਖੇਤਰ ਵਿਚ ਦੋ ਰਚਨਾਵਾਂ 'ਪਥਰਾਟ' ਅਤੇ 'ਕੁਆਰ ਝਾਤ' ਉਸਦੀਆਂ ਅਹਿਮ ਕ੍ਰਿਤਾਂ ਹਨ। ਪਿਛਲੇ ਵਰ੍ਹੇ 'ਖਿੜਨ ਤੋਂ ਪਹਿਲਾਂ' ਨਾਵਲ ਦੁਆਰਾ ਉਸਨੇ ਸੂਚਨਾ ਸੰਚਾਰ ਦੇ ਨਵੇਂ ਸਾਧਨਾਂ ਦੀ ਕੈਦ ਵਿਚ ਦਿਸ਼ਾਹੀਣ ਹੋ ਕੇ ਵਿਚਰਦੇ ਅੱਲ੍ਹੜ ਵਰੇਸ ਦੇ ਕੁੜੀਆਂ ਮੁੰਡਿਆਂ ਦੀ ਹੋਣੀ ਨੂੰ ਚਿਤਰਨ ਦਾ ਯਤਨ ਕੀਤਾ। ਇਸ ਸਾਲ ਉਸਦਾ ਨਵਾਂ ਨਾਵਲ 'ਮਣ੍ਹੇ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 272 ਮੁੱਲ 350 ਰੁਪਏ) ਪ੍ਰਕਾਸ਼ਤ ਹੋਇਆ ਹੈ ਜਿਸ ਵਿਚ ਕੰਢੀ ਇਲਾਕੇ ਦੇ ਰਵਾਇਤੀ ਜੀਵਨ ਯਥਾਰਥ ਵਿਚਲੇ ਸਾਮੰਤਵਾਦੀ ਰੁਝਾਨਾਂ ਅੰਦਰ ਉਸਾਰੂ ਮਨੁੱਖੀ ਹੋਂਦ ਨੂੰ ਦਰਪੇਸ਼ ਚੁਣੌਤੀਆਂ ਦਾ ਚਿਤਰਨ ਕਰਦਿਆਂ ਵਿੱਦਿਆ ਦੇ ਫੈਲਾਅ ਨਾਲ ਲੋਕ ਜੀਵਨ ਵਿਚ ਆ ਰਹੀ ਜਾਗਰੂਕਤਾ ਨੂੰ ਪੇਸ਼ ਕੀਤਾ ਹੈ। ਕੰਢੀ ਇਲਾਕਾ ਜਿੱਥੇ ਕੁਦਰਤ ਨਾਲ ਇਕਮਿੱਕਤਾ ਵਾਲੀ ਸਹਿਜ ਤੇ ਸ਼ਾਂਤ ਜੀਵਨ ਸ਼ੈਲੀ ਨਾਲ ਜਾਣਿਆ ਪਛਾਣਿਆ ਨੀਮ ਪਹਾੜੀ ਖੇਤਰ ਹੈ ਉੱਥੇ ਹੀ ਆਧੁਨਿਕ ਚੇਤਨਾ ਨਾਲ ਵਰੋਸਾਈ ਜਾਗਰੂਕਤਾ ਤੋਂ ਪਛੜਿਆ ਵੀ ਰਿਹਾ ਹੈ। ਕੁਦਰਤ 'ਤੇ ਆਸ਼ਰਿਤ ਇੱਥੋਂ ਦੀ ਜੀਵਨ ਸੈਲੀ ਅਨੇਕਾਂ ਰੂੜ੍ਹੀਵਾਦੀ ਵਿਚਾਰਾਂ ਅਤੇ ਪਰੰਪਰਕ ਵਿਸ਼ਵਾਸ ਪ੍ਰਬੰਧ ਵਾਲੀ ਹੈ, ਜਿਸ ਕਰਕੇ ਮਰਦਾਵੀਂ ਪਿਤਰ ਸੱਤਾ ਅਤੇ ਸਾਮੰਤਵਾਦੀ ਅਵਚੇਤਨ ਵਾਲੇ ਅਨੇਕਾਂ ਸਭਿਆਚਾਰਕ ਪ੍ਰਤਿਮਾਨ ਇੱਥੋਂ ਦੀ ਰਹਿਤਲ ਬਹਿਤਲ ਵਿਚ ਉਭਰਵੇਂ ਰੂਪ ਵਿਚ ਪਏ ਮਿਲਦੇ ਹਨ। ਪੂੰਜੀਵਾਦ ਦੇ ਪਾਸਾਰ, ਲੋਕਤੰਤਰਕ ਚੇਤਨਾ ਅਤੇ ਸਿੱਖਿਆ ਦੇ ਪਾਸਾਰ ਨਾਲ ਬੇਸ਼ੱਕ ਅਨੇਕਾਂ ਪਰੰਪਰਕ ਕਦਰਾਂ ਕੀਮਤਾਂ ਤੇ ਪਿਛਾਂਹ ਖਿੱਚੂ ਮੁੱਲ ਪ੍ਰਬੰਧ ਨੂੰ ਖੋਰਾ ਲੱਗਾ ਹੈ ਪਰ ਜਾਗੀਰਦਾਰੀ ਰਹਿੰਦ ਖੂੰਹਦ ਦੇ ਅਨੇਕਾਂ ਵਰਤ ਵਰਤਾਰੇ ਕੰਢੀ ਇਲਾਕੇ ਵਿਚ ਦੂਜੇ ਖੇਤਰਾਂ ਤੋਂ ਜ਼ਿਆਦਾ ਪ੍ਰਭਾਵੀ ਦਿਸਦੇ ਹਨ। ਧਰਮਪਾਲ ਸਾਹਿਲ ਜਗੀਰਦਾਰੀ ਮੁੱਲ ਪ੍ਰਬੰਧ ਅਤੇ ਪੂੰਜੀਵਾਦੀ ਕਦਰਾਂ ਕੀਮਤਾਂ ਦੇ ਤਣਾਅ ਵਿਚੋਂ ਉਦੇਸ਼ ਮੂਲਕ ਬਿਰਤਾਂਤ ਦੀ ਸਿਰਜਣਾ ਕਰਕੇ ਜਿੱਥੇ ਜਗੀਰੂ ਅਵਚੇਤਨ ਵਾਲੇ ਵਿਚਾਰ ਪ੍ਰਬੰਧ ਨੂੰ ਨਕਾਰਦਾ ਹੈ ਉੱਥੇ ਹੀ ਆਧੁਨਿਕ ਬੋਧ ਦੇ ਤਰੱਕੀਪਸੰਦ ਖ਼ਾਸੇ ਵੱਲ ਤਵੱਜੋ ਦਿੰਦਾ ਹੈ। ਅਜਿਹਾ ਕਰਦਿਆਂ ਉਹ ਕੰਢੀ ਇਲਾਕੇ ਦੇ ਆਂਚਲਿਕ ਸਰੂਪ ਨੂੰ ਪੰਜਾਬੀ ਨਾਵਲ ਪਰੰਪਰਾ ਵਿਚ ਦਰਜ ਕਰਕੇ ਇਸ ਇਲਾਕੇ ਦੀ ਤਾਸੀਰ ਨਾਲ ਪੰਜਾਬੀ ਪਾਠਕਾਂ ਦਾ ਤੁਆਰਫ ਵੀ ਕਰਾ ਰਿਹਾ ਹੈ।

ਵਿਚਾਰ ਅਧੀਨ ਨਾਵਲ 'ਮਣ੍ਹੇ' ਦੀ ਪੜ੍ਹਤ ਦਾ ਪਹਿਲਾ ਪ੍ਰਭਾਵ ਇਨ੍ਹਾਂ ਪਹਾੜੀ ਇਲਾਕਿਆਂ ਵਿਚ ਮੀਂਹ 'ਤੇ ਆਧਾਰਿਤ ਖੇਤੀ ਨੂੰ ਜੰਗਲੀ ਜਾਨਵਰਾਂ ਤੋਂ ਬਚਾਉਣ ਲਈ ਖੇਤਾਂ ਵਿਚ ਬਣਾਏ ਜਾਂਦੇ ਮਣ੍ਹਿਆਂ 'ਤੇ ਕਿਸਾਨਾਂ ਵੱਲੋਂ ਦਿਨ ਰਾਤ ਦੀ ਕੀਤੀ ਜਾਂਦੀ ਰਾਖੀ ਵਾਲੇ ਸੰਘਰਸ਼ ਨਾਲ ਸੰਬੰਧਤ ਬਣਦਾ ਹੈ। ਇਸ ਸੰਘਰਸ਼ ਅਧੀਨ ਕਿਸਾਨਾਂ ਨੂੰ ਆਪਣੀ ਫਸਲ ਬਚਾਉਣ ਲਈ ਅਨੇਕਾਂ ਚਾਰਾਜੋਈਆਂ ਕਰਨੀਆਂ ਪੈਂਦੀਆਂ ਹਨ ਤੇ ਹਾੜ੍ਹੀ ਸਾਉਣੀ ਦੀ ਮਿਹਨਤ ਬੜੀ ਮੁਸ਼ਕਿਲ ਨਾਲ ਘਰ ਪੁੱਜਦੀ ਹੈ। ਨਾਵਲੀ ਪਾਠ ਦੀ ਪੜ੍ਹਤ ਦਾ ਦੂਜਾ ਪ੍ਰਭਾਵ ਇਸਦੇ ਬਿਰਤਾਂਤਕ ਜੁੱਸੇ ਅੰਦਰ ਨਿਹਿਤ ਹੈ ਜਿਸ ਤਹਿਤ 'ਮਣ੍ਹੇ' ਦੁਆਰਾ ਖੇਤਾਂ ਦੀ ਰਾਖੀ ਦੇ ਸਮਾਨਅੰਤਰ ਆਪਣੇ ਹੱਕਾਂ, ਅਧਿਕਾਰਾਂ ਅਤੇ ਆਪਣੀ ਅਜ਼ਮਤ ਲਈ ਮਨੁੱਖ ਰੂਪੀ ਜੰਗਲੀ ਜਾਨਵਰਾਂ ਤੋਂ ਰਾਖੀ ਕਰਨਾ ਵੀ ਹੈ। ਨਾਵਲ ਵਿਚ ਦਿਲਾਵਰ ਅਤੇ ਜਗਦੀਸ਼ ਪਿੰਡ ਦੇ ਦੋ ਪਹਿਲਵਾਨ ਪਾਤਰ ਹਨ ਜਿਹੜੇ ਕ੍ਰਮਵਾਰ ਬੁਰੇ ਤੇ ਨੇਕ ਪਾਤਰਾਂ ਦੇ ਰੂਪ ਵਿਚ ਪੇਸ਼ ਹੁੰਦੇ ਹਨ।ਇਕ ਸਵੰਬਰੀ ਘੋਲ ਵਿਚ ਜਗਦੀਸ਼ ਨੂੰ ਚਿੱਤ ਕਰਕੇ ਦਿਲਾਵਰ ਹਰੀਪੁਰ ਪਿੰਡ ਦੇ ਚੌਧਰੀ ਮਹਾਂਵੀਰ ਦੀ ਧੀ ਚੰਚਲੋ ਨਾਲ ਵਿਆਹ ਕਰਾ ਲੈਂਦਾ ਹੈ। ਜਗਦੀਸ਼ ਪੁਲੀਸ 'ਚ ਭਰਤੀ ਹੁੰਦਾ ਹੈ ਅਤੇ ਦਿਲਾਵਰ ਤੇ ਚੰਚਲੋ ਦੇ ਸੁਖੀ ਵਿਆਹੁਤਾ ਜੀਵਨ ਤੋਂ ਖਾਰ ਖਾਂਦਾ ਅਨੇਕਾਂ ਸਾਜ਼ਿਸ਼ਾਂ ਰਚਦਾ ਹੈ। ਇੱਥੋਂ ਤਕ ਕਿ ਰਾਤ ਸਮੇਂ ਖੇਤਾਂ ਦੀ ਰਾਖੀ ਲਈ ਜਾਂਦੇ ਦਿਲਾਵਰ ਨੂੰ ਜਗਦੀਸ਼ ਭਾੜੇ ਦੇ ਗੁੰਡਿਆਂ ਤੋਂ ਮਰਵਾ ਦਿੰਦਾ ਹੈ। ਚੰਚਲੋ ਰੋਣ ਧੋਣ ਦੀ ਥਾਂ ਇਕ ਸੰਘਰਸ਼ਸ਼ੀਲ ਔਰਤ ਪਾਤਰ ਦੇ ਰੂਪ ਵਿਚ ਤਾਉਮਰ ਆਪਣੀਆਂ ਮੁਸ਼ਕਿਲਾਂ ਨਾਲ ਜੂਝਦੀ ਅੰਤ ਵਿਚ ਜਗਦੀਸ਼ ਦੀਆਂ ਕਰਤੂਤਾਂ ਦਾ ਭਾਂਡਾ ਭੰਨਦੀ ਹੈ। ਚੰਚਲੋ ਲਈ ਵੱਡੀ ਰਾਹਤ ਪਿੰਡ ਦਾ ਆਦਰਸ਼ਵਾਦੀ ਮਾਸਟਰ ਤੇ ਲੇਖਕ ਕੁੰਜ ਕੁਮਾਰ ਅਤੇ ਉਸਦੀ ਮੂੰਹ ਬੋਲੀ ਭੈਣ ਰੌਸ਼ਨੀ ਬਣਦੇ ਹਨ, ਜਿਹੜੇ ਤਰਕਸ਼ੀਲ, ਅਗਾਂਹਵਧੂ ਅਤੇ ਰੌਸ਼ਨ ਖਿਆਲਾਂ ਦੇ ਹੋਣ ਕਰਕੇ ਜਗਦੀਸ਼ ਨੂੰ ਦਿਲਾਵਰ ਕਤਲ ਕਾਂਡ ਦਾ ਦੋਸ਼ੀ ਸਿੱਧ ਕਰ ਦਿੰਦੇ ਹਨ। ਜਗਦੀਸ਼ ਮਾਸਟਰ ਕੁੰਜ ਕੁਮਾਰ 'ਤੇ ਸਕੂਲ ਦੀ ਕੁੜੀ ਨਾਲ ਛੇੜਖਾਨੀ ਦਾ ਝੂਠਾ ਕੇਸ ਦਰਜ ਕਰਾ ਦਿੰਦਾ ਹੈ ਪਰ ਰੌਸ਼ਨੀ ਤੇ ਚੰਚਲੋ ਆਪਣੀ ਬੌਧਿਕ ਸਮਰੱਥਾ ਅਤੇ ਹਿੰਮਤ ਨਾਲ ਇਸ ਕੇਸ ਨੂੰ ਖਾਰਜ ਕਰਾ ਦਿੰਦੀਆਂ ਹਨ ਅਤੇ ਜਗਦੀਸ਼ ਦੀ ਰਖੇਲ ਸੁਰੰਜਣਾ 'ਤੇ ਦਬਾਅ ਬਣਾ ਕੇ ਉਸਦੇ ਸਾਰੇ ਕਾਲੇ ਚਿੱਠੇ ਫਰੋਲ ਦਿੰਦੀਆਂ ਹਨ। ਅੰਤ ਵਿਚ ਜਗਦੀਸ਼ ਚਾਰੋਂ ਖਾਨੇ ਚਿੱਤ ਹੋ ਕੇ ਮਾਨਸਿਕ ਪ੍ਰੇਸ਼ਾਨੀ ਵਿਚ ਖੁਦਕੁਸ਼ੀ ਕਰ ਜਾਂਦਾ ਹੈ। ਨਾਵਲ ਵਿਚ ਬਦ ਅਤੇ ਨੇਕ ਪਾਤਰਾਂ ਦੀ ਸਿੱਧੀ ਟੱਕਰ ਪੇਸ਼ ਹੋਈ ਹੈ ਜਿਹੜੀ ਰਵਾਇਤੀ ਨਾਵਲ ਨਿਗਾਰੀ ਦਾ ਅਹਿਮ ਪਛਾਣ ਚਿੰਨ੍ਹ ਹੈ। ਇਸ ਨਾਲ ਨਾਵਲ ਵਿਚ ਪਾਠਕੀ ਅਨੁਕ੍ਰਿਯਾ ਖਤਮ ਹੋ ਜਾਂਦੀ ਹੈ ਅਤੇ ਪਾਤਰੀ ਸੁਭਾਅ ਦੀਆਂ ਵਿਭਿੰਨਤਾਵਾਂ ਦੀ ਥਾਂ ਸਾਰਾ ਕੁੱਝ ਨਾਵਲਕਾਰ ਦੀ ਕੱਠਪੁਤਲੀ ਬਣ ਕੇ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਸਵੰਬਰ ਦੀ ਪ੍ਰਥਾ ਸਮੇਤ ਜਗਦੀਸ਼ ਦਾ ਦਿਲਾਵਰ 'ਤੇ ਭਾਰੂ ਰਹਿਣਾ, ਰੌਸ਼ਨੀ ਵਰਗੀ ਨਾਰੀ ਪਾਤਰ ਦਾ ਸਭ ਕੁੱਝ ਬਾਰੇ ਜਾਣੂੰ ਹੋ ਕੇ ਚੰਚਲੋ ਲਈ ਸੰਕਟ ਮੋਚਨ ਬਣਨਾ ਵੀ ਸੁਭਾਵਕ ਅਤੇ ਯਥਾਰਥਕ ਨਹੀਂ ਲੱਗਦਾ। ਮਾਸਟਰ ਕੁੰਜ ਕੁਮਾਰ ਦਾ ਨਾਵਲ ਦੇ ਅੰਤ 'ਤੇ ਵਿਧਵਾ ਚੰਚਲੋ ਨਾਲ ਵਿਆਹ ਵੀ ਫਿਲਮੀ ਕਥਾ ਦੇ ਅੰਤ ਵਰਗਾ ਹੈ। ਸਾਹਿਲ ਦਾ ਇਹ ਨਾਵਲ ਸੁਖਾਂਤ ਤੋਂ ਦੁਖਾਂਤ ਅਤੇ ਕਲਾਈਮੈਕਸ ਵਿਚ ਬਦ ਪਾਤਰਾਂ ਦੇ ਅੰਤ ਨਾਲ ਸਭ ਕੁੱਝ ਸੁੱਖੀ ਤੇ ਸ਼ਾਂਤ ਹੋ ਜਾਣ ਵਾਲੀ ਰਵਾਇਤੀ ਬਿਰਤਾਂਤਕ ਗੋਲਾਈ ਵਾਲਾ ਹੈ। ਨਾਵਲ ਵਿਚ ਕੰਢੀ ਜੀਵਨ ਦੇ ਸੰਘਰਸ਼ ਦੀਆਂ ਅਨੇਕਾਂ ਝਾਕੀਆਂ ਹਨ ਜਿਨ੍ਹਾਂ ਤਹਿਤ ਕੁਦਰਤੀ ਚੁਣੌਤੀਆਂ ਦੇ ਨਾਲ ਨਾਲ ਅਨਪੜ੍ਹਤਾ ਕਰਕੇ ਲੋਕਾਂ ਨੂੰ ਦਰਪੇਸ਼ ਸੰਕਟਾਂ ਦਾ ਵੀ ਭਰਵਾਂ ਵਰਨਣ ਹੈ। ਮਰਦਾਵੇਂ ਦਾਬੇ ਤਹਿਤ ਜਗਦੀਸ਼ ਵਰਗੇ ਪਾਤਰ ਆਪਣੀ ਪਤਨੀ ਸੁਨੈਨਾ ਸਮੇਤ ਆਪਣੇ ਸੰਪਰਕ ਵਿਚ ਆਉਣ ਵਾਲੀਆਂ ਹੋਰ ਔਰਤਾਂ ਨਾਲ ਬੁਰਾ ਵਿਹਾਰ ਕਰਦੇ ਹਨ। ਜਾਗਰੂਕਤਾ ਦੀ ਕਮੀ ਕਾਰਨ ਗ਼ਰੀਬ ਕਿਸਾਨ ਅਤੇ ਵਿਧਵਾ ਜੀਵਨ ਜੀਉਣ ਵਾਲੀਆਂ ਔਰਤਾਂ ਦਿਹਾਤੀ ਜੀਵਨ ਵਿਚ ਹਾਸ਼ੀਅਤ ਜੀਵਨ ਭੋਗਦੇ ਹਨ। ਉਜਾਗਰ ਸਿੰਘ ਅਤੇ ਮਾਸਟਰ ਕੁੰਜ ਕੁਮਾਰ ਵਰਗੇ ਲੋਕ ਸੰਘਰਸ਼ਸ਼ੀਲ ਧਿਰਾਂ ਵਾਲੇ ਹਨ ਪਰ ਲੋਕਾਂ ਨੂੰ ਉਨ੍ਹਾਂ ਦੇ

ਪਿਛਾਂਹਖਿਚੂ ਅਵਚੇਤਨ ਤੋਂ ਤੋੜਨ ਲਈ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ। ਸਾਹਿਲ ਦਾ ਇਹ ਨਾਵਲ ਚੰਚਲੋ ਵਰਗੀ ਪੇਂਡੂ ਅਨਪੜ੍ਹ ਔਰਤ ਦੇ ਮਾਧਿਅਮ ਨਾਲ ਸਿੱਖਿਆ ਦੁਆਰਾ ਮਨੁੱਖ ਦੇ ਸਸ਼ਕਤੀਕਰਨ ਹੋਣ ਦੀ ਗਲਪ ਦ੍ਰਿਸ਼ਟੀ ਨੂੰ ਸੰਚਾਰਤ ਕਰਦਾ ਹੈ। ਚੰਚਲੋ ਅਤੇ ਰੌਸ਼ਨੀ ਦਾ ਜਾਗਰੂਕ ਹੋ ਕੇ ਸਮਾਜਕ ਦਾਬੇ ਅਤੇ ਮਰਦਾਵੇਂ ਪ੍ਰਬੰਧ ਖ਼ਿਲਾਫ਼ ਨਾਬਰ ਹੋਣਾ ਇਸ ਨਾਵਲ ਦੀ ਖੂਬਸੂਰਤੀ ਹੈ। ਕੰਢੀ ਇਲਾਕੇ ਦੇ ਸਭਿਆਚਾਰਕ ਸੰਸਾਰ ਨੂੰ ਨਾਵਲ ਵਿਚ ਵੱਡੀ ਸਪੇਸ ਦਿੱਤੀ ਗਈ ਹੈ। ਲੋਕਾਂ ਦੇ ਵਰਤ ਵਿਵਹਾਰ, ਰਸਮਾਂ ਰੀਤਾਂ, ਲੋਕ ਵਿਸ਼ਵਾਸ ਅਤੇ ਸਮਾਜਕ ਤਾਣਾ ਬਾਣਾ ਪਾਠਕਾਂ ਲਈ ਗਿਆਨਵਰਧਕ ਹੈ। ਸਾਹਿਲ ਕੋਲ਼ ਬਿਰਤਾਂਤ ਨੂੰ ਚੁਸਤ ਰੱਖਣ ਅਤੇ ਹਲਕੇ ਫੁਲਕੇ ਬਿਰਤਾਂਤਕ ਉਹਲੇ ਰੱਖ ਕੇ ਕਹਾਣੀ ਨੂੰ ਰੌਚਿਕ ਬਣਾਉਣ ਦਾ ਹੁਨਰ ਹੈ ਜਿਹੜਾ ਇਸ ਨਾਵਲ ਦੀ ਪੜ੍ਹਨਯੋਗਤਾ ਬਰਕਰਾਰ ਰੱਖਦਾ ਹੈ। ਨਾਵਲ ਵਿਚ ਕੰਢੀ ਇਲਾਕੇ ਦੇ ਭਾਸ਼ਾਈ ਸਰੂਪ ਨੂੰ ਹੂ-ਬ-ਹੂ ਸਾਂਭਣ ਨਾਲ ਇਹ ਰਚਨਾ ਹੋਰ ਮਹੱਤਵਪੂਰਨ ਬਣ ਜਾਂਦੀ ਹੈ। ਪਾਤਰਾਂ ਦੇ ਸਾਰੇ ਵਾਰਤਾਲਾਪ ਪੰਜਾਬੀ ਦੀ ਪਹਾੜੀ ਉਪ-ਭਾਸ਼ਾ ਵਾਲੇ ਹਨ ਜਿਹੜੇ ਕਿ ਰਚਨਾ ਨੂੰ ਵੱਖਰਾ ਸੁਹਜ ਸੰਚਾਰ ਪ੍ਰਦਾਨ ਕਰਦੇ ਹਨ। ਇਸਦੀ ਇਕ ਮਿਸਾਲ ਵਿਚ ਚੰਚਲੋ ਦੇ ਪਤੀ ਦਿਲਾਵਰ ਦੀ ਮੌਤ ਤੋਂ ਬਾਅਦ ਬਦਮਾਸ਼ ਜਗਦੀਸ਼ ਦਾ ਚੰਚਲੋ ਅਤੇ ਉਸਦੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਉਦੇਸ਼ ਨਾਲ ਉਸਨੂੰ ਵਰਗਲਾਉਣ ਮੌਕੇ ਚੰਚਲੋ ਦਾ ਜੁਝਾਰੂ ਵਾਰਤਾਲਾਪ ਪੇਸ਼ ਹੈ: *"ਫਿਰੀ ਮੈਂ ਤੇਰੀ ਰਖੇਲੀ ਜਾਂ ?... ਤੁਸਾਂ ਜੋ ਚੋਰੀਆਂ ਚੋਰੀਆਂ ਮੇਰੇ ਨਾਲੇ ਮੇਰੀਆਂ ਜ਼ਮੀਨਾਂ 'ਤੇ ਕਬਜ਼ਾ ਕਰਨਾ ਸੋਚਾਂ ਦੇ ਓ।... ਮਿੰਨੂੰ ਨੀ ਇਹ ਮੰਜੂਰ। ਜੇ ਮਰਦ ਹੋ ਤਾਂ ਵਿਖਾਓ ਆਪਣੀ ਮਰਦਾਨਗੀ। ਛਾਤੀ ਠੋਕ ਕੇ ਜੇ ਸਾਰੇ ਪਿੰਡੇ ਸਾਹਮਣੇ ਨੂੰ ਮਿਨੂੰ ਲਜਾਈ ਸਕਦੇ ਓ ਤਾਂ ਫਿਰੀ ਮੈਂ ਬੀ ਤਿਆਰ ਹਾਂ। ਈਆ ਤਾਂ ਮੈਂ ਲੁਕਵਾਂ ਕੋਈ ਰਿਸ਼ਤਾ ਨੀ ਰੱਖਣਾ ਤੇਰੇ ਨਾਲ। ਜੇ ਤਿੰਨੂੰ ਪਿੰਡੇ ਦੀ ਸ਼ਰਮ ਖਾਂਦੀ ਤਾਂ ਮੈਂ ਬੀ ਤਾਂ ਇਸੇ ਪਿੰਡੇ ਬਿੱਚ ਕੱਟਣੀ ਐ ਜ਼ਿੰਦਗੀ ... ।"*

ਕੁੱਲ ਮਿਲਾ ਕੇ ਕੁੱਝ ਬਿਰਤਾਂਤਕ ਉਕਾਈਆਂ ਵਾਲੇ ਅਤੇ ਕਈ ਖੂਬੀਆਂ ਵਾਲੇ ਇਸ ਨਾਵਲ ਦਾ ਵਰਤਮਾਨ ਪੰਜਾਬੀ ਨਾਵਲ ਵਿਚ ਆਪਣਾ ਸਥਾਨ ਹੈ। ਧਰਮਪਾਲ ਸਾਹਿਲ ਨੂੰ ਇਸ ਰਚਨਾ ਲਈ ਵਧਾਈ।

**-ਡਾ. ਜੇ.ਬੀ. ਸੇਖੋਂ**

## ਓਟ (ਨਾਵਲ) ਅਮਰਜੀਤ ਚਾਹਲ

ਅਮਰਜੀਤ ਚਾਹਲ ਪੰਜਾਬੀ ਨਾਵਲ ਜਗਤ ਵਿਚ ਨਵਾਂ ਹਸਤਾਖਰ ਹੈ। ਉਹ ਸਿੰਗਾਪੁਰ ਦਾ ਜੰਮਪਲ ਹੈ ਅਤੇ ਪਿਛਲੇ ਲੰਮੇ ਅਰਸੇ ਤੋਂ ਕੈਨੇਡਾ ਰਹਿ ਰਿਹਾ ਹੈ। ਇਸ ਲਈ ਉਸ ਕੋਲ ਕੈਨੇਡਾ ਦਾ ਵਿਸ਼ਾਲ ਅਨੁਭਵ ਹੈ। ਉਸ ਨੇ ਆਪਣੇ ਅਨੁਭਵ ਨੂੰ ਕਲਮਬੱਧ ਕੀਤਾ ਹੈ ਅਤੇ ਆਪਣਾ ਪਲੇਠਾ ਨਾਵਲ 'ਓਟ' (ਪੰਨੇ 232, ਮੁੱਲ 200 ਰੁਪਏ, ਪੀਪਲਜ਼ ਫੋਰਮ, ਬਰਗਾੜੀ) ਲੈ ਕੇ ਪਾਠਕਾਂ ਦੇ ਸਨਮੁੱਖ ਹੋਇਆ ਹੈ। ਉਸ ਨੇ ਆਪਣੇ ਅਨੁਭਵਾਂ ਨੂੰ ਨਾਵਲ ਵਿਚ ਬਾਖੂਬੀ ਪ੍ਰਸਤੁਤ ਕੀਤਾ ਹੈ, ਵਿਸ਼ੇਸ਼ ਤੌਰ 'ਤੇ ਭੂਗੋਲਕ ਜਾਣਕਾਰੀ ਨੂੰ। ਨਾਵਲ ਦਾ ਸਿਰਲੇਖ ਪਾਠਕ ਨੂੰ ਆਪਣੇ ਵੱਲ ਆਕਰਸ਼ਤ ਕਰਨ ਵਾਲਾ ਹੈ। ਸਿਰਲੇਖ ਪੂਰੇ ਨਾਵਲੀ ਬਿਰਤਾਂਤ ਦੀ ਕੇਂਦਰੀ ਸੁਰ ਨੂੰ ਵੀ ਉਜਾਗਰ ਕਰਦਾ ਹੈ। ਓਟ ਦਾ ਅਰਥ ਹੈ ਸਹਾਰਾ। ਨਾਵਲ ਵੀ ਪਰਵਾਸੀ ਪੰਜਾਬੀਆਂ ਦੀ ਮਾਨਸਿਕ ਅਤੇ ਸਮਾਜਕ ਸਥਿਤੀਆਂ ਨੂੰ ਨਸ਼ਰ ਕਰਦਾ ਹੋਇਆ ਉਹਨਾਂ ਲਈ ਓਟ ਦੇ ਮਾਇਨਿਆਂ ਨੂੰ ਪ੍ਰਗਟ ਕਰਦਾ ਹੈ।

ਕਥਾ ਟਰੱਕ ਡਰਾਈਵਰ ਤੇ ਮੰਦਾਕਿਨੀ ਨਾਂ ਦੀ ਔਰਤ ਦੇ ਵੈਨਕੂਵਰ ਤੋਂ ਕੈਲਗਿਰੀ ਤਕ ਦੇ ਸਫ਼ਰ ਨੂੰ ਬਿਆਨ ਕਰਦੀ ਹੈ। ਪਰ ਵਾਸਤਵ ਵਿਚ ਇਸ ਸਫ਼ਰ ਦੌਰਾਨ ਦੋਨੋਂ ਪਾਤਰਾਂ ਦੀਆਂ ਸਮਾਜਕ, ਆਰਥਿਕ ਤੇ ਵਿਸ਼ੇਸ਼ ਤੌਰ 'ਤੇ ਮਾਨਸਿਕ ਸਥਿਤੀਆਂ ਨੂੰ ਉਘਾੜਿਆ ਗਿਆ ਹੈ।

ਮੁਖਤਾਰ ਸਿੰਘ ਨਾਂ ਦਾ ਟਰੱਕ ਡਰਾਈਵਰ ਜੋ ਪੰਜਾਬ ਵਿਚ ਗ਼ਰੀਬੀ ਵਿਚ ਆਪਣੀ ਜ਼ਿੰਦਗੀ ਗੁਜ਼ਰ-ਬਸਰ ਕਰ ਰਿਹਾ ਹੁੰਦਾ ਹੈ, ਕੈਨੇਡਾ ਦੀ ਕੁੜੀ ਨਾਲ ਵਿਆਹ ਕਰਵਾ ਕੇ ਕੈਨੇਡਾ ਪਹੁੰਚ ਜਾਂਦਾ ਹੈ ਪਰ ਪਹਿਲੀ ਰਾਤ ਹੀ ਉਸ ਦੀਆਂ ਅੱਖਾਂ ਤੋਂ ਚਕਾਚੌਂਧ ਦੀ ਪੱਟੀ ਉਤਰ ਜਾਂਦੀ ਹੈ ਜਦੋਂ ਉਸ ਦੀ ਪਤਨੀ ਆਪਣੇ ਇਸ਼ਕ ਬਾਰੇ ਉਸ ਨੂੰ ਦੱਸਦੀ ਹੈ ਅਤੇ ਉਹਨਾਂ ਵਿਚਕਾਰ ਪਤੀ-ਪਤਨੀ ਵਰਗਾ ਕੋਈ ਰਿਸ਼ਤਾ ਸਥਾਪਤ ਹੀ ਨਹੀਂ ਹੁੰਦਾ।

ਰਚਨਾ ਵਿਚ ਦੂਜੀ ਅਹਿਮ ਪਾਤਰ ਤਰਨਜੀਤ ਉਰਫ਼ ਟੈਰੀ ਹੈ ਜੋ ਨਾਵਲ ਦੇ ਆਰੰਭ ਵਿਚ ਬੁਝਾਰਤ ਵਾਂਗ ਸਾਹਵੇਂ ਆਉਂਦੀ ਹੈ ਅਤੇ ਪਾਠਕ ਅੰਦਰ ਖੁਤਖੁਤੀ ਰੂਪੀ ਜਗਿਆਸਾ ਪੈਦਾ ਕਰ ਦਿੰਦੀ ਹੈ। ਤਰਨਜੀਤ ਵੀ ਮੁਖਤਾਰ ਟਰੱਕ ਡਰਾਈਵਰ ਦੀ ਤਰ੍ਹਾਂ ਵਿਆਹ ਕਰਵਾ ਕੇ ਇੱਥੇ ਪਹੁੰਚੀ ਹੈ। ਪਰ ਉਸਦਾ ਸਹੁਰਾ ਲਾਲਚੀ ਅਤੇ ਪਤੀ ਦੀ ਲੱਤ ਵਿਚ ਕੱਜ ਹੈ। ਇਸ ਦੇ ਬਾਵਜੂਦ ਉਹ ਪੰਜਾਬੀ ਕੁੜੀਆਂ ਵਾਂਗ ਆਪਣੇ ਸਹੁਰੇ ਪਰਿਵਾਰ ਦੇ ਅਧੀਨ ਰਹਿੰਦੀ ਹੈ ਅਤੇ ਦਿਨ ਰਾਤ ਮਿਹਨਤ ਕਰਦੀ ਹੈ। ਪੰਜਾਬ ਜਾ ਕੇ ਉਸ ਦੇ ਪਤੀ ਰਵੀ ਨੂੰ ਦਿਲ ਦਾ ਦੌਰਾ ਪੈ ਜਾਂਦਾ ਹੈ ਅਤੇ ਉਸ ਦੀ ਉੱਥੇ ਮੌਤ ਹੋ ਜਾਂਦੀ ਹੈ। ਉਸ ਦਾ ਸਹੁਰਾ ਆਪਣੇ ਮਰੇ ਪੁੱਤ ਦੇ ਇੰਸ਼ੋਰੈਂਸ ਦੇ ਰੁਪਏ ਲੈਣ ਲਈ ਟੈਰੀ ਉਪਰ ਦੂਜਾ ਵਿਆਹ ਕਰਵਾਉਣ ਲਈ ਦਬਾਅ ਪਾਉਂਦਾ ਹੈ ਜੋ ਉਸ ਦੀ ਜ਼ਿੰਦਗੀ ਦੇ ਦੁਖਾਂਤ ਦਾ ਕਾਰਨ ਬਣਦਾ ਹੈ।

ਮੰਦਾਕਿਨੀ ਜੋ ਨਾਵਲ ਦਾ ਪ੍ਰਮੁੱਖ ਪਾਤਰ ਹੈ ਅਤੇ ਆਰੰਭ ਤੋਂ ਅੰਤ ਤਕ ਬਿਰਤਾਂਤਕਾਰ ਨਾਲ ਕਰਮਸ਼ੀਲ ਹੈ, ਪੰਜਾਬ 'ਚ ਸਕੂਲ ਅਧਿਆਪਕਾ ਹੈ। ਆਪਣੀ ਤੇ ਆਪਣੇ ਬੱਚੇ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਲਾਲਚ ਵੱਸ ਉਹ ਗਿੰਦਰ ਦੇ ਧੋਖੇ ਦਾ ਸ਼ਿਕਾਰ ਹੁੰਦੀ ਹੈ। ਗਿੰਦਰ ਉਸ ਨੂੰ ਕੈਨੇਡਾ ਬੁਲਾ ਕੇ ਆਪਣੇ ਘਰ ਤੋਂ ਵੱਖ ਪਰਿਵਾਰ ਤੋਂ ਚੋਰੀ ਰੱਖਦਾ ਹੈ। ਪਹਿਲਾਂ ਤਾਂ ਗਿੰਦਰ ਉਸ ਨੂੰ ਕਾਮ ਪੂਰਤੀ ਲਈ ਵਰਤਦਾ ਹੈ ਅਤੇ ਆਪਣੇ ਦੋਸਤਾਂ ਦੇ ਸਾਹਵੇਂ ਵੀ ਪੇਸ਼ ਕਰਦਾ ਹੈ। ਮੰਦਾਕਿਨੀ ਚੰਗੀ-ਭਲੀ ਸੁਆਣੀ ਕੈਨੇਡਾ ਪਹੁੰਚਣ ਉਪਰੰਤ ਵੇਸਵਾ ਦੀ ਜੂਨ ਹੰਢਾਉਣ ਲਈ ਮਜਬੂਰ ਹੋ ਜਾਂਦੀ ਹੈ। ਇਸ ਤਰ੍ਹਾਂ ਨਾਵਲ ਵਿਚ ਆਏ ਤਿੰਨੇ ਪਾਤਰ ਕੈਨੇਡਾ ਜਾ ਕੇ ਧੋਖੇ ਦਾ ਸ਼ਿਕਾਰ ਹੁੰਦੇ ਹਨ ਅਤੇ ਨਰਕ ਵਰਗੀ ਜ਼ਿੰਦਗੀ ਜਿਉਂਦੇ ਹਨ। ਮੈਂ ਪਾਤਰ ਆਪਣੇ ਦੋਸਤਾਂ ਦੇ ਮਜ਼ਾਕ ਦਾ ਪਾਤਰ ਬਣਦਾ ਹੈ ਅਤੇ ਆਪਣੀ ਮਰਦਾਨਗੀ ਸਾਬਤ ਕਰਨ ਲਈ ਸੈਕਸ ਵਰਕਰਾਂ ਦਾ ਸਹਾਰਾ ਲੈਂਦਾ ਹੈ।

ਵਾਸਤਵ ਵਿਚ ਪਰਵਾਸੀ ਪੰਜਾਬੀ ਆਪਣਿਆਂ ਦੀ ਬੇਵਿਸਾਹੀ ਦਾ ਸ਼ਿਕਾਰ ਬਣਦੇ ਹਨ। ਤਰਨਜੀਤ ਦੇ ਸਹੁਰੇ ਪ੍ਰੇਮ ਸਿੰਘ ਵਰਗੇ ਲਾਲਚੀ ਪੰਜਾਬੀ ਆਪਣੇ ਰਿਸ਼ਤਦਾਰਾਂ ਤੇ ਪੁੱਤਰਾਂ-ਧੀਆਂ ਨੂੰ ਆਪਣੇ ਮੁਨਾਫ਼ੇ ਲਈ ਵਰਤਦੇ ਹਨ। ਪਰਵਾਸ ਵਿਚ ਗਏ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਆਪਣੀ ਅਗਲੀ ਪੀੜ੍ਹੀ ਨੂੰ ਹਰ ਹੀਲੇ ਆਪਣੇ ਵੱਸ ਵਿਚ ਰੱਖਣਾ ਲੋਚਦੀ ਹੈ। ਨਾਵਲ ਵਿਚ ਮੈਂ ਪਾਤਰ ਦੀ ਪਤਨੀ, ਰਵੀ ਆਦਿ ਇਸੇ ਤਰ੍ਹਾਂ ਦੇ ਹਾਲਾਤ ਦੇ ਸਿੱਟੇ ਭੁਗਤਦੇ ਹਨ। ਜਿੱਥੇ ਇਕ ਪਾਸੇ ਪ੍ਰੇਮ ਸਿੰਘ ਵਰਗੇ ਚਲਾਕ ਮਾਪੇ ਹਨ ਜੋ ਆਪਣੇ ਬੱਚਿਆਂ ਉੱਤੇ ਆਪਣਾ ਪ੍ਰਭਾਵ ਬਣਾ ਕੇ ਰੱਖਦੇ ਹਨ, ਉੱਥੇ ਕੁਝ ਮਾਪੇ ਪੰਜਾਬ 'ਚ ਜਾਂ ਆਪਣੇ ਭਾਈਚਾਰੇ 'ਚ ਵਿਆਹ ਕਰਵਾਉਣ ਲਈ ਬੱਚਿਆਂ ਨੂੰ ਮਰਨ ਜਾਂ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਹਨ।

ਤਰਨਜੀਤ ਅਜਿਹੀ ਪਾਤਰ ਹੈ ਜੋ ਪ੍ਰਤੀਕੂਲ ਸਥਿਤੀਆਂ ਵਿਚ ਆਪਣੀ ਹੋਂਦ ਬਣਾਈ ਰੱਖਣ ਲਈ ਸੰਘਰਸ਼ਸ਼ੀਲ ਹੈ। ਉਹ ਆਪਣੇ ਦੂਜੇ ਪਤੀ ਨੂੰ ਆਪਣੇ 'ਤੇ ਹਾਵੀ ਨਹੀਂ ਹੋਣ ਦਿੰਦੀ ਅਤੇ ਉਸ ਦੀਆਂ ਧੱਕੇਸ਼ਾਹੀਆਂ ਦੇ ਹੱਦ ਤੋਂ ਲੰਘ ਜਾਣ ਬਾਅਦ ਪੁਲਿਸ ਨੂੰ ਬੁਲਾ ਕੇ ਉਸਨੂੰ ਚੁਕਵਾ ਦਿੰਦੀ ਹੈ।ਉਹ ਪਰਵਾਸ ਵਿਚ ਆਪਣੇ ਅਧਿਕਾਰਾਂ ਤੋਂ ਜਾਣੂ ਹੈ ਅਤੇ ਉਹਨਾਂ ਦੀ ਵਰਤੋਂ ਵੀ ਕਰਦੀ ਹੈ। ਦੂਜੇ ਪਾਸੇ ਮੰਦਾਕਿਨੀ ਤੇ ਮੈਂ ਪਾਤਰ ਅਜਿਹੇ ਯਤਨ ਕਰਦੇ ਦਿਖਾਈ ਨਹੀਂ ਦਿੰਦੇ ਹਾਲਾਂਕਿ ਮੰਦਾਕਿਨੀ ਗਿੰਦਰ ਦੀ ਗ੍ਰਿਫ਼ਤ 'ਚੋਂ ਭੱਜ ਜਾਂਦੀ ਹੈ ਪਰ ਉਹ ਪੁਲਿਸ ਰਿਪੋਰਟ ਕਰਨ ਦਾ ਹੀਆ ਨਹੀਂ ਕਰਦੀ।

ਨਾਵਲ ਦੇ ਕਥਾਨਕ ਵਿਚ ਕੈਨੇਡਾ ਦੇ ਭੂਗੋਲਕ ਵਾਤਾਵਰਣ ਨੂੰ ਬੜੀ ਖ਼ੂਬਸੂਰਤੀ ਨਾਲ ਰੂਪਮਾਨ ਕੀਤਾ ਗਿਆ ਹੈ। ਨਾਵਲਕਾਰ ਕੋਲ ਖੇਤਰੀ ਤੇ ਧਰਾਤਲੀ ਜਾਣਕਾਰੀ ਦੇ ਨਾਲ-ਨਾਲ ਸ਼ਹਿਰਾਂ ਦੇ ਨਾਵਾਂ ਬਾਰੇ ਇਤਿਹਾਸਕ ਜਾਣਕਾਰੀ ਦਾ ਵੱਡਾ ਭੰਡਾਰ ਹੈ, ਜੋ ਉਸਨੇ ਖ਼ੂਬਸੂਰਤੀ ਨਾਲ ਗੁੰਦਿਆ ਹੈ। ਪਰ ਨਾਵਲ ਵਿਚ ਪਰਵਾਸ ਤੇ ਪਰਵਾਸੀ ਜੀਵਨ ਦੀ ਕੋਈ ਐਸੀ ਨਵੀਂ ਤੰਦ ਨਹੀਂ ਛੋਹੀ ਗਈ ਜਿਸਤੋਂ ਪਾਠਕ ਪਹਿਲਾਂ ਜਾਣੂੰ ਨਾ ਹੋਵੇ। ਪਰਵਾਸੀ ਪੰਜਾਬੀਆਂ 'ਚ ਪੀੜ੍ਹੀ ਪਾੜਾ, ਅੰਤਰ-ਜਾਤੀ ਵਿਆਹਾਂ ਜਾਂ ਪ੍ਰੇਮ ਸੰਬੰਧਾਂ ਕਾਰਨ ਕਤਲ ਕਰਨੇ, ਡਰਾਈਵਰੀ ਨਾਲ ਜੁੜੀਆਂ ਦੁਸ਼ਵਾਰੀਆਂ ਆਦਿ ਵਿਸ਼ਿਆਂ ਦਾ ਦੁਹਰਾਅ ਹੈ। ਅਵੱਸ਼ ਹੀ ਨਾਵਲਕਾਰ ਕੋਲ ਦ੍ਰਿਸ਼ ਚਿਤਰਨ ਤੇ ਬਿੰਬ ਉਸਾਰਨ ਦੀ ਕਮਾਲ ਦੀ ਕਲਾ ਹੈ। ਪਰ ਬਹੁਤੀਆਂ ਥਾਵਾਂ 'ਤੇ ਰਚਨਾ ਵਿਚ ਦੁਹਰਾਅ ਹੈ ਜਿਸ ਤੋਂ ਬਚਿਆ ਜਾ ਸਕਦਾ ਸੀ। ਵੈਸੇ ਵੀ ਸਮੁੱਚੇ ਤੌਰ 'ਤੇ 'ਓਟ' ਨਾਵਲ ਦੇ ਵਿਧਾਗਤ ਤੇ ਰੂਪਗਤ ਮਾਪਦੰਡਾਂ ਤੋਂ ਤਿਲਕਦੀ ਦਿਖਾਈ ਦਿੰਦੀ ਹੈ। ਇਹ ਰਚਨਾ ਨਾਵਲ ਦੀ ਥਾਂ ਸਫ਼ਰਨਾਮੇ ਦੇ ਵਧੇਰੇ ਨਜ਼ਦੀਕ ਜਾਪਦੀ ਹੈ। ਕੈਨੇਡਾ ਦੇ ਭੂਗੋਲਕ ਧਰਾਤਲ ਦੀ ਥਾਹ ਪਾਉਣ ਲਈ 'ਓਟ' ਇਤਿਹਾਸਕ ਦਸਤਾਵੇਜ਼ ਦੀ ਭੂਮਿਕਾ ਨਿਭਾਉਣ ਯੋਗ ਕਿਰਤ ਹੈ। ਉਮੀਦ ਹੈ, ਲੇਖਕ ਆਪਣੀਆਂ ਅਗਲੀਆਂ ਰਚਨਾਵਾਂ ਵਿਚ ਨਾਵਲ ਦੀਆਂ ਵਿਧਾਗਤ ਤੇ ਰੂਪਗਤ ਊਣਤਾਈਆਂ ਤੋਂ ਪਾਰ ਜਾਣ ਦੇ ਸਮਰੱਥ ਹੋਵੇਗਾ। ਇਸ ਆਸ ਨਾਲ 'ਓਟ' ਦਾ ਸਵਾਗਤ ਕਰਨਾ ਬਣਦਾ ਹੈ।

**-ਪਰਗਟ ਸਿੰਘ ਬਰਾੜ**

## ਮੇਰੇ ਮਿਹਰਬਾਨ (ਵਾਰਤਕ) ਸਾਧੂ ਸਿੰਘ

ਬੋਲ ਅਤੇ ਲਿਖਤ ਵਿਚ ਅਦੁਤੀ ਭਾਸ਼ਾਈ ਪਰਬੀਨਤਾ ਵਾਲਾ, ਇਕ ਵੱਡੇ ਘੇਰੇ ਵਿਚ 'ਸਾਧੂ ਭਾਅ ਜੀ' ਦੇ ਸਤਿਕਾਰ ਵਾਲੇ ਸੰਬੋਧਨ ਨਾਲ ਜੁੜਿਆ ਨਾਂ, ਡਾ. ਸਾਧੂ ਸਿੰਘ, ਪੰਜਾਬੀ ਸਾਹਿਤ ਜਗਤ ਵਿਚ ਜਾਣੀ ਪਛਾਣੀ ਸ਼ਖਸੀਅਤ ਹੈ, ਜਿਸਨੇ ਅਗਾਂਹਵਧੂ ਚਿੰਤਕ ਤੇ ਆਲੋਚਕ ਦੀ ਹੈਸੀਅਤ ਵਿਚ ਆਪਣੇ ਨਾਂ ਦਾ ਸਿੱਕਾ ਤਾਂ ਮੰਨਵਾਇਆ ਹੀ ਹੈ, ਕਹਾਣੀਕਾਰ ਅਤੇ ਨਾਟਕਕਾਰ ਵਜੋਂ ਸਿਰਜਣਾ ਦੇ ਖੇਤਰ ਵਿਚ ਵੀ ਨਿਵੇਕਲੀ ਪੈੜ ਛਾਪ ਛੱਡੀ ਹੈ। ਅਨੁਵਾਦ ਕਾਰਜ, ਅਗਾਂਹਵਧੂ ਚਿੰਤਨ ਅਤੇ ਹੋਰ ਕਈ ਭਾਂਤ ਦੇ ਅਰਥਪੂਰਨ ਕਾਰਜਾਂ ਵਿਚ ਸਰਗਰਮ ਰਹਿਣ ਦੇ ਬਾਵਜੂਦ ਸੂਫੀਆਨਾ ਤਬੀਅਤ ਸਦਕਾ ਮੰਚ ਉੱਤੇ ਅਗਰਭੂਮੀ ਵਿਚ ਵਿਚਰਨ ਤੋਂ ਅਤੇ ਆਪਣੇ ਬਾਰੇ ਵਾਧੂ ਦਾ ਰੌਲਾ ਪਾਉਣ ਤੋਂ ਭਾਵੇਂ ਉਹ ਗੁਰੇਜ਼ ਹੀ ਕਰਦਾ ਹੈ ਪਰ ਸਹਿਜ ਰਵਾਨੀ ਵਾਲੇ ਉਸਦੇ ਬੋਲਾਂ ਅਤੇ ਭਾਸ਼ਾਈ ਕੁਸ਼ਲਤਾ ਦੀ ਅਮੀਰੀ ਨਾਲ ਵਰੋਸਾਈ ਉਸਦੀ ਲਿਖਤ ਦੀ ਖੁਸ਼ਬੋ ਛੁਪਾਇਆਂ ਛੁਪੀ ਨਹੀਂ ਰਹਿੰਦੀ ਸਗੋਂ ਆਪਣਾ ਜਲਵਾ ਬਖੇਰਦੀ ਫੈਲਦੀ ਰਹਿੰਦੀ ਹੈ। ਸ਼ਬਦ-ਚਿੱਤਰਾਂ ਵਾਲੀ ਉਸਦੀ ਸੱਜਰੀ ਹੱਥਲੀ ਵਾਰਤਕ ਪੁਸਤਕ 'ਮੇਰੇ ਮਿਹਰਬਾਨ' (ਪੰਨੇ 160, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਵੀ ਕੋਈ ਅਪਵਾਦ ਨਹੀਂ, ਇਹ ਵੀ ਡਾ. ਸਾਧੂ ਸਿੰਘ ਦੀਆਂ ਬਾਕੀ ਲਿਖਤਾਂ ਵਾਂਗ ਉਸਦੀ ਸਹਿਜ ਕਲਾਤਮਕ ਕੁਸ਼ਲਤਾ ਨੂੰ ਸਾਕਾਰ ਕਰਦੀ ਹੈ।

ਇਸ ਵਾਰਤਕ ਪੁਸਤਕ ਦਾ ਡਾ. ਸਾਧੂ ਸਿੰਘ ਨੇ ਨਾਮਕਰਨ ਤਾਂ ਕੀਤਾ ਹੈ 'ਮੇਰੇ ਮਿਹਰਬਾਨ' ਪਰ ਇਸ ਰੀਵੀਊਕਾਰ ਨੂੰ ਪ੍ਰਤੀਤ ਹੁੰਦਾ ਹੈ ਜਿਵੇਂ 'ਮਿਹਰਬਾਨ' ਵਾਲਾ ਵਿਸ਼ੇਸ਼ਣ ਉਸਨੇ ਆਪਣੇ ਮਿੱਤਰ ਪਿਆਰਿਆਂ ਲਈ ਉਦਾਰਤਾ ਦੇ ਭਾਵ ਨਾਲ ਹੀ ਜੋੜ ਦਿੱਤਾ ਹੈ। ਪੁਸਤਕ ਵਿਚ ਜਿਨ੍ਹਾਂ ਇਕ ਦਰਜਨ ਸ਼ਖਸੀਅਤਾਂ ਦਾ ਜ਼ਿਕਰ ਹੋਇਆ ਹੈ, ਉਨ੍ਹਾਂ ਨਾਲ ਅਵੱਸ਼ ਲੇਖਕ ਦਾ ਡੂੰਘਾ ਮੋਹਵੰਤਾ ਰਿਸ਼ਤਾ ਹੈ। ਅਜਿਹਾ ਦੁਵੱਲਾ ਰਿਸ਼ਤਾ ਜਿਸ ਵਿਚ ਲੇਖਕ ਦੇ ਕਹਿਣ ਅਨੁਸਾਰ 'ਸ਼ਾਮਲ ਧਿਰਾਂ ਵਿਚਕਾਰਲੇ ਸਭ ਫਰਕ ਮਿਟਦੇ ਮਿਟਦੇ ਲੋਪ ਹੋ ਜਾਂਦੇ ਹਨ...ਉਨ੍ਹਾਂ ਦੀਆਂ ਅੱਖਾਂ ਇਕ ਦੂਜੇ ਦੀ ਰਮਜ਼ ਪਛਾਨਣ ਲੱਗ ਜਾਂਦੀਆਂ ਹਨ। ਇਕ ਦੂਜੇ ਦੇ ਚਿਹਰੇ ਇਸ ਕਦਰ ਸ਼ਫਾਫ ਹੋ ਜਾਂਦੇ ਹਨ ਕਿ ਉਨ੍ਹਾਂ ਤੋਂ ਕੁਝ ਛੁਪਾਇਆ ਹੀ ਨਹੀਂ ਜਾ ਸਕਦਾ ਹੁੰਦਾ...ਤੁਸੀਂ ਇਕ ਦੂਜੇ ਲਈ ਕੁਝ ਕਰਨ ਦੀ

ਕੋਸ਼ਿਸ਼ ਨਹੀਂ ਕਰਦੇ, ਤੁਹਾਥੋਂ ਸੁਤੇ ਸਿੱਧ ਜਾਂਦਾ ਹੈ।' ਸਹਿਜ ਪ੍ਰੀਤ ਦੇ ਅਜਿਹੇ ਰਿਸ਼ਤੇ ਵਿਚ ਤਾਂ ਕਿਸੇ ਇਕ ਦੂਜੇ ਉੱਤੇ 'ਮਿਹਰਬਾਨੀ' ਕਰਨ ਕਰਾਉਣ ਦੀ ਕੋਈ ਗੁੰਜਾਇਸ਼ ਹੀ ਨਹੀਂ ਹੁੰਦੀ। ਪੁਸਤਕ ਵਿਚ ਆਏ ਇਨ੍ਹਾਂ ਮੋਹਵੰਤੇ ਜੀਵਾਂ ਵਿਚੋਂ ਕੁਝ ਲੇਖਕ ਤੋਂ ਵਡੇਰੇ ਜਾਂ ਸੀਨੀਅਰ ਹਨ ਜਦਕਿ ਕੁਝ ਯਕੀਨਨ ਸਮਾਜਕ ਪੁਜ਼ੀਸ਼ਨ ਜਾਂ ਉਮਰ ਪੱਖੋਂ ਉਸਦੇ ਹਾਣੀ ਜਾਂ ਛੋਟੀ ਥਾਂ ਉੱਤੇ ਹਨ, ਜਿਨ੍ਹਾਂ ਪ੍ਰਤੀ ਮਿਹਰਬਾਨੀ ਦਾ ਅਮਲ ਜੇ ਕੋਈ ਹੈ ਤਾਂ ਲੇਖਕ ਵੱਲੋਂ ਹੈ, ਦੂਜੇ ਬੰਨਿਉਂ ਨਹੀਂ ਹੋ ਸਕਦਾ।ਖੈਰ!

ਇਹਨਾਂ ਮੋਹਵੰਤੇ, ਮਿਹਰਬਾਨ ਜਾਂ ਆਦਰਯੋਗ 12 ਜੀਵਾਂ ਵਿਚੋਂ ਛੇ ਦਾ ਸੰਬੰਧ ਸਾਹਿਤ ਤੇ ਅਕਾਦਮਿਕਤਾ ਨਾਲ ਹੈ, ਚਾਰ ਰਾਜਨੀਤਕ ਸਰਗਰਮੀ ਨਾਲ ਜੁੜੇ ਹੋਏ ਹਨ, ਜਦਕਿ ਦੋ ਨਿਰੋਲ ਨਿੱਜੀ ਭਾਈਚਾਰਕ ਰਿਸ਼ਤੇ ਵਿਚ ਬੱਝੇ ਹੋਏ ਲੇਖਕ ਦੇ ਨਿਕਟਵਰਤੀ ਹਨ। ਇਹਨਾਂ ਸਭਨਾਂ ਦੀ ਆਮ ਦਿੱਖ ਵਜੋਂ ਸਹਿਜ ਸਾਧਾਰਨਤਾ ਵਾਲੀ ਸ਼ਖਸੀਅਤ ਵਿਚ ਜੋ ਖੂਬਸੂਰਤੀ ਤੇ ਚੰਗਿਆਈ ਨਿਹਿਤ ਹੈ, ਉਸ ਨੂੰ ਕਲਾਤਮਕ ਰੂਪ ਵਿਚ ਸਾਹਮਣੇ ਲਿਆਉਣਾ ਹੀ ਜਿਵੇਂ ਪੁਸਤਕ ਦਾ ਮਨੋਰਥ ਹੈ। ਅਜਿਹਾ ਕੁਝ ਕਰਦਿਆਂ ਹੋਇਆਂ ਆਦਰਸ਼ਵਾਦੀ ਭਾਂਤ ਦੀ ਪਹੁੰਚ ਨਾਲ ਡਾ.ਸਾਧੂ ਸਿੰਘ ਉਨ੍ਹਾਂ ਨੂੰ ਕਿਸੇ ਉੱਚੇ ਪੈਡਸਟਲ 'ਤੇ ਵੀ ਬਿਰਾਜਮਾਨ ਨਹੀਂ ਕਰਦਾ, ਸਗੋਂ ਉਨ੍ਹਾਂ ਦੇ ਸਾਧਾਰਨ ਮਨੁੱਖ ਹੋਣ ਦਾ ਬਿੰਬ ਬਰਕਰਾਰ ਰੱਖਦਾ ਹੈ।

ਫਾਰਸੀ ਜ਼ੁਬਾਨ, ਸੂਫੀ, ਗੁਰਮਤਿ ਅਤੇ ਕਿੱਸਾ ਸਾਹਿਤ ਦੇ ਭਰਪੂਰ ਗਿਆਨ ਵਾਲੇ ਆਪਣੇ ਵੇਲਿਆਂ ਦੇ ਅਦੁਤੀ ਵਿਦਵਾਨ, ਸਰਕਾਰੀ ਕਾਲਿਜ ਲੁਧਿਆਣਾ ਵਿਚ ਐੱਮ ਏ ਦੀ ਪੜ੍ਹਾਈ ਸਮੇ ਰਹੇ ਆਪਣੇ ਅਧਿਆਪਕ ਪ੍ਰੋਫੈਸਰ ਗੁਲਵੰਤ ਸਿੰਘ ਨੂੰ ਉਹ ਉਚੇਚੀ ਆਦਰ-ਭਾਵੀ ਸ਼ਖਸੀਅਤ ਵਜੋਂ ਉਭਾਰਦਾ ਹੈ। ਮਗਰੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਜਾ ਪਹੁੰਚੇ ਪੰਜਾਬੀ ਦੇ ਅਕਾਦਮਿਕ ਜਗਤ ਵਿਚ ਚੋਖੇ ਨਾਮਣੇ ਵਾਲੇ ਇਸ ਛੜੇ ਛਾਂਟ ਬੁੱਧੀਮਾਨ ਦੀ ਬਹੁਤ ਸਾਦਾ ਤੇ ਰੁੱਖੀ ਜਿਹੀ ਰਹਿਣੀ ਬਹਿਣੀ ਬਾਰੇ ਅਨੇਕਾਂ ਦੰਤ ਕਥਾਵਾਂ ਪ੍ਰਚੱਲਤ ਹਨ, ਪਰ ਡਾ. ਸਾਧੂ ਸਿੰਘ ਇਸ ਰੁੱਖੇ ਜਿਹੇ ਮਨੁੱਖ ਦਾ ਉਹ ਮੋਹ ਭਿੱਜਿਆ ਮਾਨਵੀ ਸਰੂਪ ਸਾਹਵੇਂ ਲਿਆਉਂਦਾ ਹੈ ਜਿਸ ਅਨੁਸਾਰ ਗੁਲਵੰਤ ਸਿੰਘ ਆਪਣੇ ਵਿਦਿਆਰਥੀ ਨੂੰ ਭਰ ਸਰਦੀਆਂ ਵਿਚ ਵੀ ਸਿਰਫ ਕੁਰਤੇ ਪਜਾਮੇ ਵਿਚ ਕਾਲਿਜ ਆਉਂਦਾ ਵੇਖ ਉਸ ਲਈ ਚੁੱਪ ਚਾਪ ਗਰਮ ਸੁਆਟਰ ਖਰੀਦਕੇ ਦਿੰਦਾ ਹੈ।

ਅੰਮ੍ਰਿਤਾ ਪ੍ਰੀਤਮ ਸਾਡੀ ਜ਼ੁਬਾਨ ਦੀ ਸ੍ਰੇਸ਼ਟ ਲੇਖਿਕਾ ਰਹੀ ਹੈ ਜਿਸਨੂੰ ਜੇ ਭਰਵਾਂ ਆਦਰ ਸਤਿਕਾਰ ਮਿਲਿਆ ਹੈ, ਤਾਂ ਲੀਹ ਤੋਂ ਹਟਵੀਂ ਜ਼ਿੰਦਗੀ ਜੀਣ ਕਰਕੇ ਵਿਭਿੰਨ ਹਲਕਿਆਂ ਦੀ ਤਿੱਖੀ ਆਲੋਚਨਾ ਦਾ ਸ਼ਿਕਾਰ ਵੀ ਹੋਣਾ ਪਿਆ ਹੈ। ਅੰਮ੍ਰਿਤਾ ਦੇ ਵੱਡੇ ਸ਼ਰਧਾਲੂਆਂ ਵਿਚੋਂ ਹੋਣ ਕਰਕੇ ਡਾ. ਸਾਧੂ ਸਿੰਘ ਆਪਣੀ ਲਿਖਤ ਵਿਚ ਅੰਮ੍ਰਿਤਾ ਦਾ ਵੱਡਾ ਵਕੀਲ ਬਣਕੇ ਉਭਰਦਾ ਹੈ, ਜੋ ਉਸ ਦੇ ਪ੍ਰਤੱਖ ਵਿਰੋਧੀਆਂ ਤੇ ਲੁਕਵੇਂ ਦੋਖੀਆਂ ਸਭ ਨੂੰ ਆੜੇ ਹੱਥੀਂ ਲੈਂਦਾ ਹੈ। ਔਰਤ ਦੇ ਹੱਕ ਵਿਚ ਹੋਣ ਕਰਕੇ ਅਤੇ ਬੰਧਨ ਰਹਿਤ ਸੁੱਚੇ ਪਿਆਰ ਦੀ ਖੁਲ੍ਹ ਦੇ ਅਲਮਬਰਦਾਰ ਵਜੋਂ ਡਾ. ਸਾਧੂ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਦੇ ਆਚਾਰ-ਵਿਹਾਰ ਤੇ ਇਮਰੋਜ਼ ਨਾਲ ਉਸਦੇ ਰਿਸ਼ਤੇ ਦਾ ਜ਼ਬਰਦਸਤ ਡੀਫੈਂਸ ਪੇਸ਼ ਕੀਤਾ ਹੈ। ਇੰਝ ਹੀ ਪੰਜਾਬੀ ਕਹਾਣੀ ਦੇ ਸ੍ਰੇਸ਼ਟ ਹਸਤਾਖਰ ਕੁਲਵੰਤ ਸਿੰਘ ਵਿਰਕ ਨਾਲ ਆਪਣੀ ਸਾਂਝ ਤੇ ਨੇੜਤਾ ਦੀ ਬਾਤ ਦੇ ਹਵਾਲੇ ਨਾਲ ਡਾ. ਸਾਧੂ ਸਿੰਘ ਨੇ ਉਹ ਗੱਲਾਂ ਕੀਤੀਆਂ ਹਨ ਜੋ ਇਕ ਲੇਖਕ ਤੇ ਇਨਸਾਨ ਵਜੋਂ ਵਿਰਕ ਦੀ ਵਡਿਆਈ ਉਜਾਗਰ ਕਰਦੀਆਂ ਹੋਈਆਂ ਪਰੰਪਕ ਸਮਾਜਕ ਨੁਕਤਾ ਨਿਗਾਹ ਤੋਂ ਉਸਦੀਆਂ ਵਿਹਾਰਗਤ ਸੀਮਾਵਾਂ ਦਾ ਅਜਿਹੀ ਖੂਬਸੂਰਤੀ ਨਾਲ ਵੇਰਵਾ ਦਿੰਦੀਆਂ ਹਨ ਕਿ ਇਕ ਸਾਂਵਲੀ ਸੁੰਦਰੀ ਦੀ ਟੂਣੇਮਈ ਸ਼ਕਲ ਸੂਰਤ ਦੇ ਚੱਕਰ ਵਿਚ ਫਸ ਕੇ ਦਿਲ ਦਾ ਰੋਗ ਸਹੇੜ ਬੈਠੇ ਸਾਡੇ ਸ੍ਰੇਸ਼ਟ ਕਹਾਣੀਕਾਰ ਦੀ ਸਾਦ ਮੁਰਾਦਾ ਸ਼ਖਸੀਅਤ ਹੋਰ ਵੀ ਨਿਖਰਕੇ ਸਾਹਵੇਂ ਆਉਂਦੀ ਹੈ।

ਦੇਵ, ਤੇਰਾ ਸਿੰਘ ਚੰਨ ਅਤੇ ਇਕਬਾਲ ਮਾਹਲ ਸਾਹਿਤ ਤੇ ਕਲਾ ਦੇ ਜਗਤ ਦੀਆਂ ਤਿੰਨ ਹੋਰ ਸ਼ਖਸੀਅਤਾਂ ਹਨ ਜਿਨ੍ਹਾਂ ਲਈ ਲੇਖਕ ਦੇ ਮੋਹ ਅਤੇ ਸ਼ਰਧਾ ਭਾਵ ਦਾ ਕੋਈ ਲੇਖਾ ਨਹੀਂ। ਬਹੁਤ ਨੇੜਿਉਂ ਵੇਖੇ ਅਤੇ ਗੂੜ੍ਹੇ ਮਿੱਤਰ ਸਵਿਟਜ਼ਰਲੈਂਡ ਵਸਦੇ ਚਿੱਤਰਕਾਰ ਤੇ ਕਵੀ ਦੇਵ ਬਾਰੇ ਉਹ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਜਾਣਦਾ ਹੈ ਜਿਨ੍ਹਾਂ ਦੀ ਕਿਸੇ ਹੋਰ ਨੂੰ ਕੋਈ ਪ੍ਰਮਾਣਿਕ ਜਾਣਕਾਰੀ ਨਹੀਂ। ਡਾ. ਸਾਧੂ ਸਿੰਘ ਕਿਸੇ ਵੀ ਰਵਾਇਤੀ ਚੌਖਟੇ ਵਿਚ ਫਿੱਟ ਨਾ ਹੋਣ ਵਾਲੀ ਦੇਵ ਦੀ ਸ਼ਖਸੀਅਤ ਦੀਆਂ ਅੰਤਰੀਵ ਪਰਤਾਂ ਵੀ ਖੋਲ੍ਹਦਾ ਹੈ ਅਤੇ ਪਰੰਪਰਕ ਸਮਾਜ ਨਾਲ ਇਸ ਅਲਬੇਲੇ ਕਲਾਕਾਰ ਦੇ ਸੰਬਾਦਕ ਰਿਸ਼ਤੇ ਦਾ ਤਰਕ ਵੀ ਉਸਾਰਦਾ ਹੈ। ਇਉਂ ਪਤਾ ਚੱਲਦਾ ਹੈ ਕਿ ਜਵਾਨੀ ਪਹਿਰੇ ਅਨੇਕਾਂ ਕੁੜੀਆਂ ਦੀ ਚਾਹਤ ਬਣੇ ਰਹੇ ਇਸ ਕਲਾਕਾਰ ਨੇ ਆਪਣੇ ਤੋਂ ਕਿਤੇ ਵਡੇਰੀ ਉਮਰ ਵਾਲੀ ਔਰਤ ਨੂੰ ਹੀ ਕਿਉਂ ਜੀਵਨ ਸਾਥਣ ਬਣਾਇਆ ਸੀ। ਤੇਰਾ ਸਿੰਘ ਚੰਨ ਨਾਲ ਡਾ. ਸਾਧੂ ਸਿੰਘ ਬਹੁਤ ਨੇੜਤਾ ਦਾ ਦਾਅਵਾ ਤਾਂ ਭਾਵੇਂ ਨਾ ਕਰ ਸਕਦਾ ਹੋਵੇ ਪਰ ਪੰਜਾਬੀ ਸਾਹਿਤ ਤੇ ਕਲਾ ਜਗਤ 'ਤੇ ਕਈ ਦਹਾਕਿਆਂ ਤਕ ਛਾਏ ਰਹੇ ਇਸ ਲੋਕ ਕਵੀ, ਨਾਟਕਰਮੀ ਤੇ ਸੰਗਰਾਮੀਏ ਦਾ ਸਾਧੂ ਸਿੰਘ ਦੀ ਜ਼ਿੰਦਗੀ ਦੇ ਮੁੱਢਲੇ ਪੜਾਅ ਉੱਤੇ ਹੀ ਜੋ ਪ੍ਰਭਾਵ ਪਿਆ ਸੀ, ਉਸਦਾ ਬਹੁਤ ਮੋਹ-ਭਿੱਜਿਆ ਆਦਰ ਭਰਪੂਰ ਸੰਖੇਪ ਜਿਹਾ ਵੇਰਵਾ ਇਸ ਪੁਸਤਕ ਦੀ ਲਿਖਤ ਵਿਚੋਂ ਮਿਲਦਾ ਹੈ।

ਪੁਸਤਕ ਵਿਚ ਚਾਰ ਸ਼ਬਦ-ਚਿੱਤਰਾਂ ਦਾ ਕੇਂਦਰੀ ਕਿਰਦਾਰ ਬਣਨ ਵਾਲੇ ਦਰਸ਼ਨ ਸਿੰਘ ਕਨੇਡੀਅਨ, ਜਗਜੀਤ ਸਿੰਘ ਆਨੰਦ, ਕਰਮ ਸਿੰਘ ਮਾਨ ਅਤੇ ਨੌਨਿਹਾਲ ਬਾਈ ਪੰਜਾਬ ਦੇ ਜਾਣੇ ਪਛਾਣੇ ਕਮਿਊਨਿਸਟ ਰਾਜਨੀਤੀਵਾਨ ਜਾਂ ਸਾਬਕਾ ਸਿਆਸੀ ਕਾਰਕੁਨ ਹਨ ਜਿਨ੍ਹਾਂ ਨਾਲ ਡਾ. ਸਾਧੂ ਸਿੰਘ ਦੇ ਬਹੁਤ ਨੇੜਲੇ ਸੰਬੰਧ ਹਨ। ਕ੍ਰਮਵਾਰ ਪੰਜਾਬ ਵਿਧਾਨ ਸਭਾ ਅਤੇ ਭਾਰਤ ਦੀ ਰਾਜ ਸਭਾ ਵਿਚ ਸੀ.ਪੀ.ਆਈ. ਦੇ ਨੁਮਾਇੰਦਿਆਂ ਵਜੋਂ ਮੈਂਬਰ ਰਹਿ ਚੁੱਕੇ ਕੈਨੇਡੀਅਨ ਅਤੇ ਆਨੰਦ ਦੇ ਰਾਜਸੀ ਆਗੂ ਹੋਣ ਦੇ ਬਿੰਬ ਤੋਂ ਇਲਾਵਾ ਉਹਨਾਂ ਦੀ ਸ਼ਖਸੀਅਤ ਦੇ ਹੋਰ ਜੋ ਪਾਸਾਰ ਹਨ, ਉਨ੍ਹਾਂ ਨੂੰ ਡਾ. ਸਾਧੂ ਸਿੰਘ ਨੇ ਉਚੇਚ ਨਾਲ ਸਾਹਮਣੇ ਲਿਆਂਦਾ ਹੈ। ਆਪਣੇ ਰਾਜਨੀਤਕ ਪੈਂਤੜੇ ਉੱਤੇ ਬਹੁਤ ਸਖਤੀ ਨਾਲ ਡਟਣ ਲਈ ਮਸ਼ਹੂਰ 'ਨਵਾਂ ਜ਼ਮਾਨਾ' ਦਾ ਸੰਪਾਦਕ ਜਗਜੀਤ ਸਿੰਘ ਆਨੰਦ ਕਿੰਨਾ ਕੋਮਲ ਚਿੱਤ ਮਨੁੱਖ ਸੀ ਅਤੇ ਰਾਜਨੀਤਕ ਸ਼ਖਸੀਅਤ ਦੇ ਪਿੱਛੇ ਕਿਵੇਂ ਉਸਦੀ ਸਾਹਿਤਕ ਪ੍ਰਤਿਭਾ ਲੁਕੀ ਰਹੀ, ਇਸਦਾ ਵੇਰਵਾ ਦਿੰਦਿਆਂ ਠੇਠ ਪੰਜਾਬੀ ਜੁਬਾਨ ਅਤੇ ਮੁਹਾਵਰੇ ਦੀ ਵਰਤੋਂ ਦੇ ਮਾਮਲੇ ਵਿਚ ਆਨੰਦ ਦੀ ਅਸਾਧਾਰਨ ਯੋਗਤਾ ਨੂੰ ਸਾਧੂ ਸਿੰਘ ਨੇ ਸਹਿਜ ਵਿਚ ਹੀ ਸਾਹਵੇਂ ਲੈ ਆਂਦਾ ਹੈ। ਨਾਲ ਦੀ ਨਾਲ ਸਾਂਝਾਂ ਬਣਾਉਣ ਤੇ ਰਿਸ਼ਤਿਆਂ ਦੀਆਂ ਤੰਦਾਂ ਨੂੰ ਸਮਝਣ ਵਾਲੇ ਸ਼ਖਸ ਵਜੋਂ ਆਨੰਦ ਦੇ ਭਰਪੂਰ ਦੀਦਾਰ ਹੋ ਜਾਂਦੇ ਹਨ। ਇੰਝ ਹੀ ਅਤਿਵਾਦ ਦੇ ਦੌਰ ਵਿਚ ਖਾਲਿਸਤਾਨੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਬਹੁਤ ਹਰਮਨ ਪਿਆਰੇ ਜਨਤਕ ਆਗੂ ਦਰਸ਼ਨ ਸਿੰਘ ਕਨੇਡੀਅਨ ਦੀ ਬਹੁਤ ਸਾਦਾ ਜੀਵਨ ਸ਼ੈਲੀ ਦੇ ਨਾਲ ਨਾਲ ਭਾਸ਼ਨ ਦੀ ਕਲਾ ਅਤੇ ਪੰਜਾਬੀ ਦੀ ਸ਼ਬਦਾਵਲੀ ਦੇ ਮਾਮਲੇ ਵਿਚ ਉਸਦੀ ਜਾਣਕਾਰੀ ਨੂੰ ਵੀ ਸਾਧੂ ਸਿੰਘ ਨੇ ਬਾਖੂਬੀ ਸਾਹਮਣੇ ਲਿਆਂਦਾ ਹੈ। ਸੰਤਾਲੀ ਤੋਂ ਪਹਿਲਾਂ ਇੰਗਲੈਂਡ ਤੋਂ ਬੈਰਿਸਟਰ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਦੇਸ਼ ਪਰਤ ਕੇ ਕੁਲਵਕਤੀ ਕਮਿਊਨਿਸਟ ਕਾਰਕੁਨ ਬਣਨ ਅਤੇ ਆਜ਼ਾਦੀ ਦੀ ਲੜਾਈ ਵਿਚ ਕੁੱਦਣ ਵਾਲੇ ਕਰਮ ਸਿੰਘ ਮਾਨ ਅਤੇ ਟਰੇਡ ਯੂਨੀਅਨ ਵਕਰਰ ਵਜੋਂ ਕੰਮ ਕਰਦੇ ਰਹੇ, ਖਾਂਦੇ ਪੀਂਦੇ ਘਰ ਦੇ ਆਪਣੇ ਹਾਣੀ ਨੌਨਿਹਾਲ, ਨਾਲ ਪਰਿਵਾਰਕ ਭਾਂਤ ਦਾ ਰਿਸ਼ਤਾ ਹੋਣ ਸਦਕਾ ਡਾ. ਸਾਧੂ ਸਿੰਘ ਨੇ ਅਗਾਂਹਵਧੂ ਸੋਚ ਵਾਲੇ ਮਧਵਰਗੀ ਪਰਿਵਾਰਾਂ ਦੀ ਰਹਿਣੀ ਬਹਿਣੀ ਤੇ ਸਮਾਜਕ ਵਰਤ-ਵਰਤਾਉ ਉੱਤੇ ਝਾਤ ਪੁਆਈ ਹੈ। ਨਾਲ ਹੀ ਉਨ੍ਹਾਂ ਦੇ ਹਵਾਲੇ ਨਾਲ ਪੰਜਾਬ ਵਿਚ ਕਮਿਊਨਿਸਟ ਲਹਿਰ ਦੇ ਉਭਾਰ ਤੇ ਉਤਰਾਅ ਦੀ ਝਲਕ ਵੀ ਮਿਲਦੀ ਹੈ, ਜਿਸ ਅਨੁਸਾਰ ਕਿਸੇ ਸਮੇਂ ਪ੍ਰਮੁਖ ਕਮਿਊਨਿਸਟ ਆਗੂ ਰਿਹਾ ਵਿਅਕਤੀ ਸਮਾਜਕ ਆਰਥਿਕ ਸਮੱਸਿਆਵਾਂ ਵਿਚ ਫਸਿਆ ਜਿਉਤਸ਼ ਜਾਂ ਟੂਣੇ ਦਾ ਆਸਰਾ

ਲੈਂਦਾ ਵੀ ਨਜ਼ਰ ਆਉਂਦਾ ਹੈ।

ਗੁਰਮੇਲ ਬਾਈ ਅਤੇ ਭੈਣ ਚਰਨੀ ਅਸਲ ਜ਼ਿੰਦਗੀ ਵਿਚੋਂ ਆਉਣ ਵਾਲੇ ਸਾਧਾਰਨ ਜੀਵ ਹਨ ਜਿਨ੍ਹਾਂ ਦੀ ਜ਼ਿੰਦਗੀ ਵਿਚ ਵਾਪਰਨ ਵਾਲੀਆਂ ਘਟਨਾਵਾਂ ਉਨ੍ਹਾਂ ਦੇ ਚਰਿੱਤਰ ਦੀ ਖੂਬਸੂਰਤੀ ਨੂੰ ਉਭਾਰਦੀਆਂ ਹਨ। ਪਿਆਰ ਨਾਲ ਮੋਮ ਬਣ ਜਾਣ ਵਾਲਾ ਫੁਰਤੀਲਾ ਤੀਜਾ ਚੌਥਾ ਦਰਜਾ ਕਰਮਚਾਰੀ ਬਾਈ ਗੁਰਮੇਲ ਕਿਸੇ ਦੀ ਟੈਂਅ ਨਹੀਂ ਮੰਨਦਾ ਅਤੇ ਖੇਤੀਬਾੜੀ ਯੂਨੀਵਰਸਟੀ ਦੇ ਪਸ਼ੂ ਪਾਲਣ ਵਿਭਾਗ ਤੋਂ ਇਸ ਕਰਕੇ ਬਦਲੀ ਕਰਵਾਉਂਦਾ ਹੈ ਕਿ 'ਸਾਲ਼ਾ ਪਸ਼ੂ-ਪਾਲਣ ਵਿਭਾਗ ਕਾਹਦਾ। ਉਹ ਕਿਸੇ ਨੂੰ ਬੰਦਾ ਹੀ ਨਹੀਂ ਸਮਝਦੇ। ਆਪ ਵੀ ਅਗਲੇ ਨੂੰ ਪਸ਼ੂਆਂ ਵਾਂਗ ਖੁਰ ਚੁੱਕ ਚੁੱਕ ਕੇ ਪੈਂਦੇ ਹਨ।' ਇਵੇਂ ਹੀ ਬਹੁਤ ਸਾਧਾਰਨ ਜਿਹੀ ਘਰੇਲੂ ਬਜ਼ੁਰਗ ਔਰਤ ਭੈਣ ਚਰਨੀ ਦਾ ਕਿਰਦਾਰ ਪੇਸ਼ ਹੋਇਆ ਹੈ ਜਿਸਨੇ ਭਾਈਚਾਰਕ ਸਾਂਝ ਵਿਚੋਂ ਧੀ ਦੇ ਵਿਆਹ ਲਈ ਗੁਆਂਢੀ ਪਰਿਵਾਰ ਦੀ ਮਦਦ ਕੀਤੀ ਹੈ।

ਸਾਰੇ ਦੇ ਸਾਰੇ ਸ਼ਬਦ-ਚਿੱਤਰ ਇਸ ਕਲਾਤਮਕਤਾ ਨਾਲ ਲਿਖੇ ਗਏ ਹਨ ਕਿ ਇਨ੍ਹਾਂ ਵਿਚੋਂ ਬਹੁਤ ਨਿਪੁੰਨਤਾ ਨਾਲ ਗੁੰਦੀ ਗਈ ਨਿੱਕੀ ਕਹਾਣੀ ਦਾ ਆਭਾਸ ਹੁੰਦਾ ਹੈ। ਸਭ ਵਿਅਕਤੀ ਤੇ ਉਨ੍ਹਾਂ ਨਾਲ ਜੁੜੀਆਂ ਅਸਲੀ ਘਟਨਾਵਾਂ ਆਪੋ ਆਪਣੀ ਥਾਂ ਲਿਖਤ ਵਿਚ ਬਹੁਤ ਖੂਬਸੂਰਤੀ ਨਾਲ ਬਿਰਾਜਮਾਨ ਹਨ। ਸਭ ਤੋਂ ਵੱਡੀ ਖੂਬਸੂਰਤੀ ਹੈ ਭੁੱਲੇ ਵਿਸਰੇ ਸ਼ਬਦਾਂ ਅਤੇ ਮੁਹਾਵਰਿਆਂ ਦੀ ਵਰਤੋਂ ਸਹਿਤ ਠੁੱਕਦਾਰ ਭਾਸ਼ਾ ਸ਼ੈਲੀ ਦਾ ਚਮਤਕਾਰ। ਸਾਡੇ ਸਭ ਦੇ 'ਭਾਅ ਜੀ' ਨੇ ਸੋਹਣੇ ਸੁਚੱਜੇ ਲੋਕਾਂ ਦੇ ਸੁਹੱਪਣ ਤੇ ਚੰਗਿਆਈ ਨੂੰ ਤਾਂ ਉਭਾਰਿਆ ਹੀ ਹੈ, ਸਹਿਜੇ ਹੀ ਸੱਚੇ ਸੁੱਚੇ ਵਿਚਾਰਾਂ ਦਾ ਸੰਚਾਰ ਕਰਨ ਵਾਲੀ ਰਸਦਾਇਕ ਵਾਰਤਕ ਦਾ ਤੁਹਫਾ ਵੀ ਦਿੱਤਾ ਹੈ। ਮੁਬਾਰਕਬਾਦ।

**-ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਬਲ਼ਦੇ ਦਰਿਆ** (ਨਾਵਲ) ਬਲਦੇਵ ਸਿੰਘ
ਪੰਨੇ332, ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਟੀਅਲ ਏਰੀਆ ਮੁਹਾਲੀ

**ਸਹਿਜ ਗੁਫਾ ਮਹਿ ਆਸਣੁ** (ਨਾਵਲ) ਮਨਮੋਹਨ
ਪੰਨੇ 216, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਪ੍ਰਕਿਰਤੀ ਦੇ ਰੰਗ ਹਜ਼ਾਰ** (ਨਾਵਲ) ਮਨਮੋਹਨ ਬਾਵਾ
ਪੰਨੇ 176, ਮੁੱਲ 275 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਕਿੱਸਾ ਰੌਕੀ ਰੇਸ਼ਮਾ** (ਨਾਵਲ) ਪਾਲੀ ਭੁਪਿੰਦਰ ਸਿੰਘ
ਪੰਨੇ 428, ਮੁੱਲ 425 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਚਿੱਟਾ ਪਰਬਤ** (ਨਾਵਲ) ਸੁਰਜੀਤ ਬਰਾੜ
ਪੰਨੇ 232, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਸੁਲਗਦੀ ਅੱਗ** (ਨਾਵਲ) ਗ.ਸ.ਨਕਾਸ਼ਦੀਪ ਪੰਜਕੋਹਾ
ਪੰਨੇ 112, ਮੁੱਲ 225 ਰੁਪਏ, ਕੇ.ਜੀ.ਗਰਾਫਿਕਸ, ਅੰਮ੍ਰਿਤਸਰ

**ਮਿੱਟੀ ਦੀ ਚਿੜੀ** (ਨਾਵਲ)) ਮੁਖਤਾਰ ਗਿੱਲ
ਪੰਨੇ 80, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ

**ਸਤਲੁਜ ਦੇ ਆਰ ਪਾਰ** (ਨਾਵਲ) ਧਰਮ ਕੰਮੇਆਣਾ
ਪੰਨੇ 110, ਮੁੱਲ 150 ਰੁਪਏ, ਸਨਾਵਰ ਪਬਲੀਕੇਸ਼ਨਜ਼, ਪਟਿਆਲਾ

**ਧੁੰਦੂਕਾਰਾ** (ਨਾਵਲ) ਡਾ. ਜਗਜੀਤ ਸਿੰਘ ਕੋਮਲ
ਪੰਨੇ 555, ਮੁੱਲ 600 ਰੁਪਏ, ਗਰੇਸ਼ੀਅਸ ਬੁਕਸ, ਅਰਬਨ ਐਸਟੇਟ, ਫੇਜ਼ 1, ਪਟਿਆਲਾ

**ਬੇਨਾਮ ਰਿਸ਼ਤੇ** (ਨਾਵਲ) ਪ੍ਰਕਾਸ਼ ਸੋਹਲ ਯੂ.ਕੇ.
ਪੰਨੇ 305, ਮੁੱਲ 600 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

**ਗੁੰਝਲ** (ਰਾਜਸਥਾਨੀ ਨਾਵਲ) ਭਰਤ ਓਲਾ, ਅਨੁਵਾਦਕ ਕੇਸਰਾ ਰਾਮ
ਪੰਨੇ 131, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

**ਸਿਦਕ** (ਨਾਵਲ) ਜਸਵਿੰਦਰ ਜਸ
ਪੰਨੇ 72, ਮੁੱਲ 100 ਰੁਪਏ, ਲੋਕਗੀਤ ਪ੍ਰਕਾਸ਼ਨ, ਫੇਜ਼ 9, ਸ.ਅ.ਸ ਨਗਰ-ਮੁਹਾਲੀ

**ਝਾਂਜਰ ਦੀ ਚੀਸ** (ਨਾਵਲ) ਸੰਦੀਪ ਕੌਰ ਸੇਖੋਂ
ਪੰਨੇ 176, ਮੁੱਲ 275 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਸਭ ਕਾਸੇ ਆਲੇ** (ਨਾਵਲ) ਰਾਮ ਸਿੰਘ
ਪੰਨੇ 176, ਮੁੱਲ 275 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਸੀਤੇ ਬੁੱਲ੍ਹਾਂ ਦਾ ਸੁਨੇਹਾ** (ਨਾਵਲ) ਬਲਦੇਵ ਸਿੰਘ ਗਰੇਵਾਲ
ਪੰਨੇ 224, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਅਸੀਂ ਨੀ ਜਾਣਾ ਪਤਾਲ ਲੋਕ** (ਨਾਵਲ) ਹਰਮੇਸ਼ ਮਾਲੜੀ
ਪੰਨੇ 136, ਮੁੱਲ 130 ਰੁਪਏ, ਪੰਜ ਆਬ ਪ੍ਰਕਾਸ਼ਨ,ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
**ਸੁੰਦਰੈਲਾ** (ਨਾਵਲ) ਜਸਵਿੰਦਰ ਸਿੰਘ ਛਿੰਦਾ
ਪੰਨੇ 96, ਮੁੱਲ 200 ਰੁਪਏ, ਲੋਕ ਰੰਗ ਪ੍ਰਕਾਸ਼ਨ, ਬਰਨਾਲਾ
**ਹਵਾਲਾਤ** (ਨਾਵਲ) ਜਸਵਿੰਦਰ ਸਿੰਘ ਛਿੰਦਾ
ਪੰਨੇ 140, ਮੁੱਲ 200 ਰੁਪਏ, ਕੈਫੇ ਵਰਲਡ, ਜਲੰਧਰ, ਬਠਿੰਡਾ, ਕਪੂਰਥਲਾ
**ਇਕ ਦੂਜੇ ਦਾ ਰੱਬ** (ਨਾਵਲ) ਗੁਰਿੰਦਰ ਸਿੰਘ ਕਲਸੀ
ਪੰਨੇ 127, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਟੀਅਲ ਏਰੀਆ ਮੁਹਾਲੀ
**ਦਲਿਤ** (ਨਾਵਲ) ਮੂਲ ਲੇਖਕ ਵਿਜੈ ਸੌਦਾਈ, ਅਨੁਵਾਦਕ: ਮਲਕੀਅਤ ਬਸਰਾ
ਪੰਨੇ 400, ਮੁੱਲ 500 ਰੁਪਏ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਰਿਸ਼ਮਾਂ ਦੀ ਰਿਮ ਝਿਮ** (ਨਾਵਲ) ਹਰਨਾਮ ਸਿੰਘ ਹਰਲਾਜ
ਪੰਨੇ 336, ਮੁੱਲ 425 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਡੱਗੀ** (ਕਹਾਣੀ ਸੰਗ੍ਰਹਿ) ਹਰਪ੍ਰੀਤ ਸੇਖਾ
ਪੰਨੇ 416, ਮੁੱਲ 595 ਰੁਪਏ, ਗਰੇਸ਼ੀਅਸ ਬੁਕਸ, ਅਰਬਨ ਐਸਟੇਟ, ਫੇਜ਼ 1, ਪਟਿਆਲਾ
**ਲੋਕ ਕਹਾਣੀ ਦਾ ਅੰਤ** (11 ਚੋਣਵੀਆਂ ਕਹਾਣੀਆਂ) ਸਿਮਰਨ ਧਾਲੀਵਾਲ
ਪੰਨੇ 104, ਮੁੱਲ 225 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ
**ਮੇਰੀਆਂ ਚੋਣਵੀਆਂ ਕਹਾਣੀਆਂ** ( ਕਹਾਣੀ ਸੰਗ੍ਰਹਿ) ਮੁਖਤਿਆਰ ਸਿੰਘ
ਪੰਨੇ 408, ਮੁੱਲ 550 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ
**ਸੱਥਰ** (ਕਹਾਣੀ ਸੰਗ੍ਰਹਿ) ਹਰਪ੍ਰੀਤ ਸਿੰਘ ਚਨੂੰ
ਪੰਨੇ 144, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ
**ਝਾਂਜਰਾਂ ਵਾਲੇ ਪੈਰ** (ਕਹਾਣੀ ਸੰਗ੍ਰਹਿ) ਅਰਵਿੰਦਰ ਕੌਰ ਧਾਲੀਵਾਲ
ਪੰਨੇ 120, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਤੁਮ ਕਿਉਂ ਉਦਾਸ ਹੋ?** (ਕਹਾਣੀ ਸੰਗ੍ਰਹਿ) ਕੁਲਬੀਰ ਬਡੇਸਰੋਂ
ਪੰਨੇ 136, ਮੁੱਲ 295 ਰੁਪਏ,ਆਰਸੀ ਪਬਲਿਸ਼ਰਜ਼,ਪਰਦਾ ਬਾਗ਼,ਦਰਿਆ ਗੰਜ, ਨਵੀਂ ਦਿੱਲੀ
**ਬੰਦਾ ਸਮੁੰਦਰ ਨਹੀਂ ਹੁੰਦਾ** (ਕਹਾਣੀ ਸੰਗ੍ਰਹਿ) ਜੋਗੇ ਭੰਗਲ
ਪੰਨੇ 128, ਮੁੱਲ 175 ਰੁਪਏ, ਅਜ਼ੀਜ਼ ਬੁੱਕ ਹਾਊਸ, ਪਿੰਡ ਰਾਮਨਗਰ, ਜ਼ਿਲ੍ਹਾ ਬਠਿੰਡਾ
**ਤੇਰਾਂ ਚਿਰਾਗ਼** (ਕਹਾਣੀ ਸੰਗ੍ਰਹਿ) ਡਾ. ਬਲਜੀਤ ਸਿੰਘ ਢਿੱਲੋਂ
ਪੰਨੇ 128, ਮੁੱਲ 225 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ
**ਨੀਮ ਪਿਆਜ਼ੀ ਰੁੱਤ** (ਕਹਾਣੀ ਸੰਗ੍ਰਹਿ) ਡਾ. ਬਲਜੀਤ ਸਿੰਘ ਢਿੱਲੋਂ
ਪੰਨੇ 127, ਮੁੱਲ 225 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ
**ਆਂਦਰਾਂ ਦਾ ਸੇਕ** (ਕਹਾਣੀ ਸੰਗ੍ਰਹਿ) ਹਰਬੰਸ ਸਿੰਘ ਅਖਾੜਾ
ਪੰਨੇ 112, ਮੁੱਲ 200 ਰੁਪਏ, ਗੋਰਕੀ ਪ੍ਰਕਾਸ਼ਨ, ਲੁਧਿਆਣਾ
**ਤਰੇੜ** (ਕਹਾਣੀ ਸੰਗ੍ਰਹਿ) ਅਜਾਇਬ ਸਿੰਘ, ਸੰਪਾਦਕ: ਮੁਖਤਿਆਰ ਸਿੰਘ
ਪੰਨੇ 72, ਮੁੱਲ 150 ਰੁਪਏ, ਦਿਲਦੀਪ ਪ੍ਰਕਾਸ਼ਨ, ਸਮਰਾਲਾ, ਜ਼ਿਲ੍ਹਾ ਲੁਧਿਆਣਾ
**ਪਾਪਾ ਮੈਂ ਲੜਾਂਗੀ** (ਕਹਾਣੀ ਸੰਗ੍ਰਹਿ) ਮਨਦੀਪ ਕੁੰਦੀ ਤਖਤੂਪੁਰਾ
ਪੰਨੇ 96, ਮੁੱਲ 140 ਰੁਪਏ, ਸੂਰਜਾਂ ਦੇ ਵਾਰਿਸ ਪਬਲੀਕੇਸ਼ਨਜ਼, ਬਠਿੰਡਾ,ਪਟਿਆਲਾ,ਜ਼ੀਰਕਪੁਰ
**ਗਾਉਣ ਵਾਲਾ ਫੁੱਲ** (ਬਾਲ ਕਹਾਣੀਆਂ) ਸੁਖਬੀਰ
ਪੰਨੇ 139, ਮੁੱਲ 275 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਛੱਪੜ ਤੇ ਅਸਮਾਨ** (ਬਾਲ ਕਹਾਣੀਆਂ) ਸੁਖਬੀਰ
ਪੰਨੇ 81, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕੰਧਾਂ ਤੇ ਉੱਡਣ ਵਾਲਾ ਘੋੜਾ** (ਬਾਲ ਕਹਾਣੀਆਂ) ਸੁਖਬੀਰ
ਪੰਨੇ 103, ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕਦੇ ਨਾ ਬੁਝਣ ਵਾਲਾ ਦੀਵਾ** (ਬਾਲ ਕਹਾਣੀਆਂ) ਸੁਖਬੀਰ
ਪੰਨੇ 104, ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਮਾਸੂਮ ਸੰਗੀਤਕਾਰ ਅਤੇ ਹੋਰ ਵਿਸ਼ਵ ਪ੍ਰਸਿੱਧ ਬਾਲ ਕਹਾਣੀਆਂ** ਅਨੁਵਾਦਕ ਜੈ ਪਾਲ
ਪੰਨੇ 44, ਮੁੱਲ 95 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ
**ਉਪਰੇਸ਼ਨ ਬਲਿਊ ਸਟਾਰ 84** (ਵਾਰਤਕ) ਨ੍ਰਿਪਇੰਦਰ ਰਤਨ
ਪੰਨੇ 288, ਮੁੱਲ 395 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮਨੁੱਖ ਦਾ ਸੰਘਰਸ਼** (ਸਵੈਜੀਵਨੀ) ਸਬਿੰਦਰਜੀਤ ਸਿੰਘ ਸਾਗਰ
ਪੰਨੇ 128+4, ਮੁੱਲ 250 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ
**ਲਾਹੌਰ ਕਿੰਨੀ ਦੂਰ** (ਸਵੈਜੀਵਨੀ) ਸੁਲਤਾਨਾ ਬੇਗਮ
ਪੰਨੇ 96, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਕਹਾਣੀਕਾਰ ਲਾਲ ਸਿੰਘ : ਵਿਚਾਰਧਾਰਾ ਤੇ ਬਿਰਤਾਂਤ** (ਵਾਰਤਕ) ਸੰਪਾਦਕ: ਡਾ.ਕਰਮਜੀਤ ਸਿੰਘ
ਪੰਨੇ 320, ਮੁੱਲ 400 ਰੁਪਏ, ਪੰਜ ਆਬ ਪ੍ਰਕਾਸ਼ਨ,ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
**ਨਕਸਲਵਾਦ ਅਤੇ ਪੰਜਾਬੀ ਨਾਵਲ - ਸਿਆਸੀ ਅਵਚੇਤਨ** (ਆਲੋਚਨਾ) ਸਤਿੰਦਰਪਾਲ ਸਿੰਘ ਬਾਵਾ
ਪੰਨੇ 240, ਮੁੱਲ 350 ਰੁਪਏ, ਨਵਰੰਗ ਪਬਲੀਕੇਸ਼ਨਜ਼,ਚੱਕ ਅੰਮ੍ਰਿਤਸਰੀਆ, ਪਾਤੜਾਂ ਰੋਡ, ਸਮਾਣਾ
**ਬਰਤਾਨਵੀ ਪੰਜਾਬੀ ਕਵਿਤਾ** (ਅਧਿਐਨ ਤੇ ਮੁੱਲਾਂਕਣ) ਪ੍ਰੀਤਮ ਸਿੰਘ ਕੈਂਬੋ
ਪੰਨੇ 216, ਮੁੱਲ 350 ਰੁਪਏ, ਸਾਤਵਿਕ ਬੁਕਸ, ਅੰਮ੍ਰਿਤਸਰ
**ਆਓ ਸੱਚ ਜਾਣੀਏਂ** (ਵਾਰਤਕ) ਸੁਰਜਨ ਜ਼ੀਰਵੀ
ਪੰਨੇ 256, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਪਰਤਾਪ ਸਿੰਘ ਕੈਰੋਂ: ਦੂਰਦਰਸ਼ੀ ਸਿਆਸਤਦਾਨ** (ਵਾਰਤਕ) ਗੁਰਿੰਦਰ ਸਿੰਘ ਕੈਰੋਂ, ਮੀਤਾ ਤੇ ਐੱਮ ਰਾਜੀਵਲੋਚਨ
ਪੰਨੇ 316, ਮੁੱਲ 595 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਨਾਨਕ ਏਵੈ ਜਾਣੀਐ** (ਨਿਬੰਧ) ਜਸਵੰਤ ਸਿੰਘ ਜ਼ਫਰ
ਪੰਨੇ 142, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਔਰਤ ਤੇ ਸਮਾਜ** (ਵਿਚਾਰ ਚਰਚਾ) ਗੁਰਬਚਨ ਸਿੰਘ ਭੁੱਲਰ
ਪੰਨੇ 264, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੁਖਬੀਰ ਤੇ ਸਾਹਿਤ-ਕੁਝ ਰੰਗ** (ਵਾਰਤਕ) ਡਾ. ਸ਼ਿਆਮ ਸੁੰਦਰ ਦੀਪਤੀ
ਪੰਨੇ 40, ਮੁੱਲ 30 ਰੁਪਏ, ਪ੍ਰੇਰਣਾ ਪ੍ਰਕਾਸ਼ਨ, ਅੰਮ੍ਰਿਤਸਰ
**ਸਿਰਜਕਾਂ ਸੰਗ ਸੰਵਾਦ** (ਮੁਲਾਕਾਤਾਂ) ਧਰਵਿੰਦਰ ਸਿੰਘ ਔਲਖ
ਪੰਨੇ 144, ਮੁੱਲ 200 ਰੁਪਏ, ਸਾਹਿਬਦੀਪ ਪਬਲੀਕੇਸ਼ਨ, ਮਾਨਸਾ
**ਓੜਕਿ ਸਚਿ ਰਹੀ** (ਸਵੈਜੀਵਨੀ ਮੂਲਕ ਲੇਖ) ਗੁਰਨਾਮ ਢਿੱਲੋਂ
ਪੰਨੇ 139, ਮੁੱਲ 225 ਰੁਪਏ,15 ਪੌਂਡ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ
**ਨੈਤਕਤਾ** (ਵਾਰਤਕ) ਪੂਰਨ ਸਿੰਘ
ਪੰਨੇ 144, ਮੁੱਲ 200 ਰੁਪਏ, ਸਾਤਵਿਕ ਬੁਕਸ, ਅੰਮ੍ਰਿਤਸਰ
**ਪੰਜਾਬੀਆਂ ਦੀ ਮਰਨ-ਮਿੱਟੀ** (ਵਾਰਤਕ) ਹਰਵਿੰਦਰ ਭੰਡਾਲ
ਪੰਨੇ 176, ਮੁੱਲ 275 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੋਚ ਦਾ ਸਫਰ-5** (ਵਾਰਤਕ) ਪੂਰਨ ਸਿੰਘ
ਪੰਨੇ 192, ਮੁੱਲ 300 ਰੁਪਏ, ਸਾਤਵਿਕ ਬੁਕਸ, ਸਿਟੀ ਸੈਂਟਰ, ਅੰਮ੍ਰਿਤਸਰ
**ਬਿਖੜੇ ਰਾਹਾਂ ਦਾ ਪਾਂਧੀ** (ਸਵੈਜੀਵਨੀ ਮੂਲਕ ਲੇਖ) ਧਿਆਨ ਸਿੰਘ ਸ਼ਾਹ ਸਿਕੰਦਰ
ਪੰਨੇ 220, ਮੁੱਲ 250 ਰੁਪਏ, ਆਟਮ ਆਰਟ ਪਬਲਿਸ਼ਰਜ਼, ਪਟਿਆਲਾ
**ਗ਼ਜ਼ਲ** (ਗ਼ਜ਼ਲ ਲਿਖਣ ਬਾਰੇ ਮੁੱਢਲੀ ਜਾਣਕਾਰੀ) ਸਿਰੀ ਰਾਮ ਅਰਸ਼
ਪੰਨੇ 72, ਮੁੱਲ 100 ਰੁਪਏ, ਭੰਡਾਰੀ ਅਦਬੀ ਟਰਸਟ, 604, ਸੈਕਟਰ-6, ਪੰਚਕੂਲਾ
**ਲੱਸੀ ਵਾਲੀ ਚਾਟੀ** (ਲੇਖ ਸੰਗ੍ਰਿਹ) ਰਾਜਿੰਦਰ ਸਿੰਘ ਪੰਧੇਰ
ਪੰਨੇ 168, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਜ਼ਿੰਦਗੀ ਕਲਾ ਤੇ ਸਾਹਿਤ** (ਸਵਾਲਾਂ ਦੇ ਰੂਬਰੂ) ਪਰਮਿੰਦਰ ਸੋਢੀ
ਪੰਨੇ 239, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਬੂੰਦਾਂ ਬਣਨ ਸਮੁੰਦਰ** ( ਲੇਖ ਸੰਗ੍ਰਿਹ) ਪ੍ਰੋ. ਕੁਲਜੀਤ ਕੌਰ
ਪੰਨੇ 104, ਮੁੱਲ 225 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ
**ਸਿਨੇਮਾ: ਵਿਧਾ ਤੇ ਵਿਕਾਸ** (ਵਾਰਤਕ) ਹਰਪ੍ਰੀਤ ਕੌਰ
ਪੰਨੇ 83, ਮੁੱਲ 200 ਰੁਪਏ, ਸ਼ਿਲਾਲੇਖ ਪਬਲਿਸ਼ਰਜ਼,ਸ਼ਾਹਦਰਾ,ਦਿੱਲੀ 110 032
**ਜਿਉ ਕਰਿ ਸੂਰਜੁ ਨਿਕਲਿਆ** (ਨਾਟਕ) ਕੇਵਲ ਧਾਲੀਵਾਲ
ਪੰਨੇ 76, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੀਸ** (ਨਾਟਕ) ਕੇਵਲ ਧਾਲੀਵਾਲ
ਪੰਨੇ 78, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸਾਂਦਲ ਬਾਰ** (ਨਾਟਕ ਸੰਗ੍ਰਿਹ) ਡਾ.ਹਰਜੀਤ ਸਿੰਘ
ਪੰਨੇ 112, ਮੁੱਲ 125 ਰੁਪਏ, ਕੁਕਨਸ ਪ੍ਰਕਾਸ਼ਨ, ਐੱਨ ਐੱਮ 451, ਮੁਹੱਲਾ ਕਰਾਰ ਖਾਂ, ਜਲੰਧਰ
**ਲੇਬਰ ਚੌਂਕ ਦੀਆਂ ਅੱਖਾਂ** (ਨਾਟ-ਸੰਗ੍ਰਿਹ) ਸੁਖਮਿੰਦਰ ਸੇਖੋਂ
ਪੰਨੇ 104, ਮੁੱਲ 200 ਰੁਪਏ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਕੋਈ ਲੀਕ ਮੇਰੀ ਵੀ** (ਕਾਵਿ ਸੰਗ੍ਰਿਹ) ਮੋਹਨਜੀਤ
ਪੰਨੇ 112, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਰਾਹਕ** (ਕਾਵਿ ਸੰਗ੍ਰਿਹ) ਗੁਰਪ੍ਰੀਤ
ਪੰਨੇ 126, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮ੍ਰਿਤ ਦਾ ਸੁਪਨਾ** (ਕਾਵਿ ਸੰਗ੍ਰਿਹ) ਸੁਰਜੀਤ ਹਾਂਸ
ਪੰਨੇ 96, ਮੁੱਲ 150 ਰੁਪਏ, ਟਵੈਂਟੀਅਥ ਸੈਂਚੁਰੀ ਪਬਲੀਕੇਸ਼ਨਜ਼, ਸ਼ੇਖੂਪੁਰਾ ਪਟਿਆਲਾ
**ਸੁਰਤਾਲ** (ਗ਼ਜ਼ਲ ਸੰਗ੍ਰਿਹ) ਗੁਰਭਜਨ ਗਿੱਲ
ਪੰਨੇ 168, ਮੁੱਲ 200 ਰੁਪਏ, ਪੰਜਾਬੀ ਲੋਕ ਵਿਰਾਸਤ ਅਕੈਡਮੀ, ਲੁਧਿਆਣਾ

**ਚਰਖੜੀ** ( ਕਾਵਿ ਸੰਗ੍ਰਹਿ) ਗੁਰਭਜਨ ਗਿੱਲ
ਪੰਨੇ 232, ਮੁੱਲ 300 ਰੁਪਏ, ਸਾਤਵਿਕ ਬੁਕਸ, ਅੰਮ੍ਰਿਤਸਰ, ਸਵੀਨਾ ਪ੍ਰਕਾਸ਼ਨ, ਕਰਮਨ, ਕੈਲੇਫੋਰਨੀਆ
**ਪਾਰ ਗਾਥਾ** (ਕਾਵਿ ਸੰਗ੍ਰਹਿ) ਰਵਿੰਦਰ ਰਵੀ
ਪੰਨੇ 156, ਮੁੱਲ 300 ਰੁਪਏ, ਨੈਸ਼ਨਲ ਬੁੱਕ ਸ਼ਾਪ. ਚਾਂਦਨੀ ਚੌਕ, ਦਿੱਲੀ
**ਦਰਪਨ ਤੇ ਦਰਸ਼ਨ** (ਕਾਵਿ ਸੰਗ੍ਰਹਿ) ਰਵਿੰਦਰ ਰਵੀ
ਪੰਨੇ 208, ਮੁੱਲ 395 ਰੁਪਏ, ਨੈਸ਼ਨਲ ਬੁੱਕ ਸ਼ਾਪ. ਚਾਂਦਨੀ ਚੌਕ, ਦਿੱਲੀ
**ਅਨੰਦੁ ਭਇਆ...** (ਕਾਵਿ ਸੰਗ੍ਰਹਿ) ਬੀਬਾ ਬਲਵੰਤ
ਪੰਨੇ 544, ਮੁੱਲ 600 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ
**ਦੁਪਹਿਰ ਖਿੜੀ** (ਕਾਵਿ ਸੰਗ੍ਰਹਿ) ਨਵਰੂਪ ਕੌਰ
ਪੰਨੇ 112, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਸੈਂਟਰ, ਅੰਮ੍ਰਿਤਸਰ
**ਰਾਗ-ਵੈਰਾਗ** (ਕਾਵਿ ਸੰਗ੍ਰਹਿ) ਗੁਰਿੰਦਰ ਸਿੰਘ ਕਲਸੀ
ਪੰਨੇ 73, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਟੀਅਲ ਏਰੀਆ ਮੁਹਾਲੀ
**ਲੌਕਡਾਊਨ** (ਕਾਵਿ ਸੰਗ੍ਰਹਿ) ਸੁਖਿੰਦਰ
ਪੰਨੇ 184, ਮੁੱਲ 100 ਰੁਪਏ, $10, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ
**ਬਿਰਹਾ ਦੀਆਂ ਬਰੂਹਾਂ** (ਕਾਵਿ ਸੰਗ੍ਰਹਿ) ਅਜੀਤ ਪਿਆਸਾ
ਪੰਨੇ 120, ਮੁੱਲ 125 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਹਰੇ ਰੰਗ ਦੀ ਕਵਿਤਾ** (ਕਾਵਿ ਸੰਗ੍ਰਹਿ) ਗੁਲ ਚੌਹਾਨ
ਪੰਨੇ 160, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸਭ ਕਾ ਮੰਗਲ ਹੋਇ....** (ਕਾਵਿ ਸੰਗ੍ਰਹਿ) ਪਰਮਿੰਦਰ ਸੋਢੀ, ਤਨਦੀਪ ਤਮੰਨਾ
ਪੰਨੇ 123, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਗ਼ਜ਼ਲ ਅਸਰਫੀਆਂ** (ਗ਼ਜ਼ਲ ਸੰਗ੍ਰਹਿ) ਡਾ. ਗੁਰਚਰਨ ਕੌਰ ਕੋਚਰ
ਪੰਨੇ 407, ਮੁੱਲ 595 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੈਂ ਨਦੀਆਂ ਦਾ ਪਾਣੀ** (ਕਾਵਿ ਸੰਗ੍ਰਹਿ) ਦੇਵਿੰਦਰ ਬਿਮਰਾ
ਪੰਨੇ 96, ਮੁੱਲ 175 ਰੁਪਏ,10$, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮਾਂ ਵਰਗੀ ਕਵਿਤਾ** (ਕਾਵਿ ਸੰਗ੍ਰਹਿ) ਕੁਲਵੰਤ ਸਿੰਘ ਔਜਲਾ
ਪੰਨੇ 144, ਮੁੱਲ 300 ਰੁਪਏ, ਸਾਂਝ ਪ੍ਰਕਾਸ਼ਨ, ਪਿੱਛੇ ਟੀ ਵੀ ਟਾਵਰ, ਟਾਵਰ ਟਾਊਨ,ਜਲੰਧਰ
**ਸੁਪਨੇ ਉਲੀਕਦੀ ਹਵਾ** (ਕਾਵਿ ਸੰਗ੍ਰਹਿ) ਹਰਬੰਸ ਮਾਲਵਾ
ਪੰਨੇ 120, ਮੁੱਲ 200 ਰੁਪਏ, ਗੋਰਕੀ ਪ੍ਰਕਾਸ਼ਨ, ਲੁਧਿਆਣਾ
**ਲਕੀਰਾਂ ਦੇ ਪਾਰ** (ਕਾਵਿ ਸੰਗ੍ਰਹਿ) ਗੁਰਚਰਨ
ਪੰਨੇ 112, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ
**ਖੁਣੇ ਹੋਏ ਨਕਸ਼** (ਕਾਵਿ ਸੰਗ੍ਰਹਿ) ਮਲਕੀਤ ਜੌੜਾ
ਪੰਨੇ 120, ਮੁੱਲ 250 ਰੁਪਏ,ਆਰਸੀ ਪਬਲਿਸ਼ਰਜ਼,ਪਰਦਾ ਬਾਗ਼,ਦਰਿਆ ਗੰਜ, ਨਵੀਂ ਦਿੱਲੀ
**ਖਾਨਾਬਦੋਸ਼ੀ ਭਟਕਣਾ ਦੇ ਪੈਰ ਚਿੰਨ੍ਹ** (ਕਾਵਿ ਸੰਗ੍ਰਹਿ) ਮੋਹਣ ਮਤਿਆਲਵੀ
ਪੰਨੇ 168, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕਵਿਤਾ ਅਕਵਿਤਾ** (ਕਾਵਿ ਸੰਗ੍ਰਹਿ) ਸੁਰਿੰਦਰ ਮਕਸੂਦਪੁਰੀ
ਪੰਨੇ 168, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਖੁਸ਼ਬੂ ਕੈਦ ਨਹੀਂ ਹੁੰਦੀ** (ਕਾਵਿ ਸੰਗ੍ਰਹਿ) ਗੁਰਪ੍ਰੀਤ ਕੌਰ
ਪੰਨੇ 104, ਮੁੱਲ 150 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ
**ਕਾਵਿ ਰੰਗ** (ਕਾਵਿ ਸੰਗ੍ਰਹਿ) ਧਿਆਨ ਸਿੰਘ ਸ਼ਾਹ ਸਿਕੰਦਰ
ਪੰਨੇ 103, ਮੁੱਲ 200 ਰੁਪਏ, ਸਾਤਵਿਕ ਬੁਕਸ, ਅੰਮ੍ਰਿਤਸਰ
**ਸੁਪਨ-ਸਕੀਰੀ** (ਕਾਵਿ ਸੰਗ੍ਰਹਿ) ਤਰਨਦੀਪ ਬਿਲਾਸਪੁਰ
ਪੰਨੇ 96, ਮੁੱਲ 130 ਰੁਪਏ, $5 ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ
**ਖਾਬਾਂ ਦਾ ਅੰਬਰ** (ਕਾਵਿ ਸੰਗ੍ਰਹਿ) ਪ੍ਰਿੰਸ ਧੁੰਨਾ
ਪੰਨੇ 92, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੂਲ਼ਾਂ ਨਾਲ ਟਰਕਾਈ ਹਵਾ** (ਕਾਵਿ ਸੰਗ੍ਰਹਿ) ਜਸਵੀਰ ਚੋਟੀਆਂ
ਪੰਨੇ 80, ਮੁੱਲ 100 ਰੁਪਏ, ਅਨਹਦ ਪਬਲੀਕੇਸ਼ਨਜ਼, ਸੰਗਰੂਰ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਕਤੂਬਰ, 2021

---

## ਨਵੀਂ ਪੰਜਾਬੀ ਕਹਾਣੀ ਦੇ ਮੂਹਰਲੀ ਕਤਾਰ ਦੇ ਰਚਨਾਕਾਰ
## ਸਿਮਰਨ ਧਾਲੀਵਾਲ ਦੀਆਂ ਚੋਣਵੀਆਂ ਕਹਾਣੀਆਂ




ਸਿਮਰਨ ਧਾਲੀਵਾਲ ਨਵੀਂ ਪੰਜਾਬੀ ਕਹਾਣੀ ਦਾ ਸਮਰੱਥ ਕਥਾਕਾਰ ਹੈ। ਉਹ ਆਪਣੀਆਂ ਕਹਾਣੀਆਂ ਵਿਚ ਅੱਜ ਦੇ ਮਨੁੱਖ ਦੀਆਂ ਮਾਨਸਿਕ ਸਮਾਜਕ ਗੰਢਾਂ ਦਾ ਜਿਹੜਾ ਚਿੱਤਰ ਉਲੀਕ ਰਿਹਾ ਹੈ, ਉਹ ਯਥਾਰਥ ਦੇ ਬਹੁਤ ਨੇੜੇ ਹੈ। ਉਹਦੀਆਂ ਰਚਨਾਵਾਂ ਦੇ ਪਾਤਰ ਕਰੂਰ ਹਾਲਾਤ ਨਾਲ ਲਗਾਤਾਰ ਜੂਝਦੇ ਨਜ਼ਰੀਂ ਪੈਂਦੇ ਹਨ।

**ਪੰਨੇ 104** **ਸੁੰਦਰ ਦਿੱਖ** **ਮੁੱਲ 225 ਰੁਪਏ**

**ਰਵੀ ਸਾਹਿਤ ਪ੍ਰਕਾਸ਼ਨ** ਅੰਮ੍ਰਿਤਸਰ-143002

**SIRJANA** Literary Punjabi Quarterly Chandigarh
No. 202 ISSN 2455-1058 October-December 2021
Registered with the Registrar of Newspapers for India vide R.N. 10215/65

## ਕੈਨੇਡਾ ਵੱਸਦੇ ਨਵੀਂ ਪੀੜ੍ਹੀ ਦੇ ਸਮਰੱਥ ਕਹਾਣੀਕਾਰ ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ 'ਹਨੇਰੇ ਰਾਹ'




ਹਰਪ੍ਰੀਤ ਸੇਖਾ ਨੇ ਆਪਣੀਆਂ ਜਾਨਦਾਰ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਮਾਲਾਮਾਲ ਕੀਤਾ ਹੈ। ਉਸ ਦਾ ਪਲੇਠਾ ਨਾਵਲ 'ਹਨੇਰੇ ਰਾਹ' ਟਰੱਕ ਡਰਾਈਵਰਾਂ ਨੂੰ ਕੇਂਦਰ ਵਿਚ ਰੱਖ ਕੇ ਨਵੇਂ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦੀ ਬਾਤ ਪਾਉਂਦਾ ਹੈ। ਨਾਵਲ ਵਿਚ ਇੰਮੀਗਰੇਸ਼ਨ, ਖ਼ਾਸਕਰ ਪੰਜਾਬੀ ਪਰਵਾਸੀਆਂ ਦੇ ਦੁੱਖਾਂ-ਦੁਸ਼ਵਾਰੀਆਂ ਬਾਰੇ ਵੇਰਵੇ ਸੂਖ਼ਮ ਰੂਪ ਵਿਚ ਪੇਸ਼ ਹੋਏ ਹਨ।

**ਪੰਨੇ 198** **ਸੁੰਦਰ ਦਿੱਖ** **ਮੁੱਲ 350 ਰੁਪਏ**

**ਗਰੇਸ਼ੀਅਸ ਬੁੱਕਸ** ਪਟਿਆਲਾ